੧ੴ ਸਤਿਗੁਰ ਪ੍ਰਸਾਦਿ॥

# ਨਾਮ ਹੀ ਜੀਵਨ ਦਾ ਆਧਾਰ ਹੈ

ਲੇਖਕ :
ਸਿੰਘ ਸਾਹਿਬ ਗਿ.ਜਸਵੰਤ ਸਿੰਘ ਜੀ

ISO 9001:2000 Certified Publishing House

ਪ੍ਰਕਾਸ਼ਕ :-
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

© ਪ੍ਰਕਾਸ਼ਕ

ISBN : 81-7601-728-0

ਪਹਿਲੀ ਐਡੀਸ਼ਨ ਦਸੰਬਰ 2005

ਭੇਟਾ : 100-00

ਪ੍ਰਕਾਸ਼ਕ:-

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ/ਫੈਕਸ : 91-183-2542346, 2547974, 2557973

E.Mail : csjsexpcrts@vsnl.com, csjs@vsnl.com

Web site: www csjs.com

*Printed in India*

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774*

# ਤਤਕਰਾ


| | |
|---|---|
| ਨਾਮ ਹੀ ਜੀਵਨ ਦਾ ਆਧਾਰ ਹੈ | 7 |
| ਕੇਸਾਂ ਦੀ ਮਹਾਨਤਾ | 22 |
| ਪਰਮਾਤਮਾ ਨੂੰ ਹਰ ਵਕਤ ਯਾਦ ਰੱਖੋ | 50 |
| ਮਨ ਨੂੰ ਕਾਬੂ ਕਰਨਾ | 65 |
| ਨਾਮ ਦੀ ਦਾਤ ਮੰਗਣੀ | 84 |
| ਚਾਰ ਕੁਰਹਿਤਾਂ | 99 |
| ਪੰਜ ਕਕਾਰਾਂ ਦੀ ਮਹਾਨਤਾ | 118 |
| ਗੁਰ ਸੇਵਾ ਤੇ ਸੁਖੁ ਊਪਜੈ | 135 |
| ਵਿੱਦਿਆ ਮਨੁੱਖ ਦਾ ਤੀਜਾ ਨੇਤਰ | 150 |
| ਗੁਰੂ ਦਾ ਉਪਦੇਸ਼ | 167 |


☆☆☆

# ਦੋ ਸ਼ਬਦ

ਗੁਰੂ-ਪਾਤਿਸ਼ਾਹਾਂ ਨੇ ਗੁਰਬਾਣੀ ਦਾ ਜੋ ਅਮੋਲਕ ਖਜ਼ਾਨਾ ਮਨੁੱਖ-ਮਾਤਰ ਵਾਸਤੇ ਬਖਸ਼ਿਸ਼ ਕੀਤਾ, ਉਹ ਉਦੋਂ ਤੋਂ ਹੀ ਵਰਤਦਾ ਆ ਰਿਹਾ ਹੈ। ਲੋਕ-ਪ੍ਰਲੋਕ ਵਿਚ ਸਹਾਈ ਗੁਰਬਾਣੀ ਵਿਚ ਵਿਦਮਾਨ ਗੁਰਮਤਿ ਫਲਸਫੇ ਤੇ ਅਨੁਭਵ ਨੂੰ ਗੁਰੂ-ਘਰ ਦੇ ਗ੍ਰੰਥੀ-ਪਾਠੀ-ਜਨ, ਗੁਰਮਤਿ, ਕੀਰਤਨੀਏਂ, ਲੈਕਚਰ ਕਰਨ ਵਾਲੇ ਗੁਰੂ ਪਿਆਰੇ, ਲਿਖਾਰੀ, ਲੇਖਕ ਤੇ ਕਵੀ-ਜਨ, ਸਟੀਕ-ਕਰਤਾ ਭਾਵ ਟੀਕਾਕਾਰ, ਕਥਾਕਾਰ ਤੇ ਵਖਿਆਨ ਦੇਣ ਵਾਲੇ ਗੁਰਮੁਖ ਪਿਆਰੇ ਆਪਣੇ-ਆਪਣੇ ਢੰਗ ਅਥਵਾ ਜੁਗਤ ਦਾ ਸਦਕਾ ਗੁਰੂ-ਪਿਆਰੀਆਂ ਸਿੱਖ ਸੰਗਤਾਂ ਨਾਲ ਸਾਂਝਾ ਕਰ ਰਹੇ ਹਨ। ਗੁਰੂ-ਘਰ ਦੇ ਪ੍ਰਵਾਨਿਤ ਵਖਿਆਨ ਦੇਣ ਵਾਲੇ ਕਥਾਕਾਰ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਗੁਰੂ-ਘਰ ਦੇ ਆਕਾਸ਼ ਦੇ ਐਸੇ ਹੀ ਇਕ ਟਿਮਟਿਮਾਉਂਦੇ ਤਾਰੇ ਕਹੇ ਜਾ ਸਕਦੇ ਹਨ। ਗਿਆਨੀ ਜੀ ਦੀ ਕਥਾ ਤੇ ਵਖਿਆਨ ਦਾ ਗੁਰੂ-ਕਿਰਪਾ ਸਦਕਾ ਮੌਲਿਕ ਢੰਗ ਹੈ। ਪਰਮ ਪਾਵਨ ਗੁਰਬਾਣੀ ਦੀ ਟੇਕ ਲੈਂਦਿਆਂ ਗੁਰੂ-ਘਰ ਦੇ ਚੋਟੀ ਦੇ ਸਰਵ ਪ੍ਰਵਾਨਿਤ ਵਿਦਵਾਨਾਂ, ਜੈਸੇ ਕਿ ਭਾਈ ਗੁਰਦਾਸ ਜੀ ਦਵਾਰਾ ਰਚੀਆਂ ਵਾਰਾਂ ਤੇ ਕਬਿੱਤ ਸਵੱਈਆਂ ਆਦਿ ਦੇ ਗੁਰਮਤਿ ਅੰਤਰੀਵ ਭਾਵ ਨੂੰ ਵੀ ਸਿੱਖ ਸੰਗਤਾਂ ਤਕ ਪਹੁੰਚਾਉਣਾ ਤੇ ਦ੍ਰਿੜ੍ਹਾਉਣਾ ਆਪ ਜੀ ਦੀ ਕਥਾ ਤੇ ਵਖਿਆਨ ਦਾ ਮੂਲ ਖਾਸਾ ਹੈ। ਇਨ੍ਹਾਂ ਦਾ ਵਿਆਪਕ ਜੀਵਨ-ਤਜਰਬਾ ਤੇ ਡੂੰਘਾ ਅਨੁਭਵ, ਉਰਦੂ ਦੀ ਚੋਣਵੀਂ ਸ਼ਾਇਰੀ ਦੀ ਵਾਕਫ਼ੀਅਤ ਤੇ ਵਿਭਿੰਨ ਸ੍ਰੋਤਾਂ ਤੋਂ ਹਾਸਲ ਕੀਤੀ ਕਥਾ-ਸਾਹਿਤ ਦੀ ਜਾਣਕਾਰੀ ਇਨ੍ਹਾਂ ਦੀ ਕਥਾ ਤੇ ਵਖਿਆਨ ਦਾ ਇਕ ਅਨਿੱਖੜਵਾਂ ਤੇ ਸਹਿਜ ਅੰਗ ਹੈ। ਗੁਰੂ ਸਾਹਿਬਾਨ ਤੇ ਗੁਰੂ-ਘਰ ਦੇ ਮਹਾਂ ਪ੍ਰੀਤਵਾਨ ਭੌਰਿਆਂ ਦੀ ਗੱਲ ਕਰਦਿਆਂ ਗਿਆਨੀ ਜੀ ਖਾਸ ਵਜਦ ਤੇ ਆਵੇਸ਼ ਵਿਚ ਵਿਚਰਦੇ ਹਨ ਤੇ ਇਨ੍ਹਾਂ ਦੀ ਮਾਖਿਓਂ ਵਰਗੀ ਮਿੱਠੀ ਜ਼ਬਾਨ ਵਿਚ ਹੋਰ ਮਿਠਾਸ ਆ ਜਾਂਦੀ ਹੈ। ਇਨ੍ਹਾਂ ਦਾ ਪਰਮ ਮਨੋਰਥ ਸਿੱਖ ਸੰਗਤ ਨੂੰ ਸਿੱਖੀ ਵਿਚ ਤ੍ਰਿਪਤ ਰਹਿਣ ਹਿੱਤ ਪ੍ਰੇਰਿਤ ਕਰਨਾ ਹੈ।

ਹੱਥਲੀ ਪੁਸਤਕ 'ਨਾਮ ਹੀ ਜੀਵਨ ਦਾ ਅਧਾਰ ਹੈ॥' ਵਿਚ ਇਨ੍ਹਾਂ ਦੇ ਬੋਲੇ ਕੁਝ ਪ੍ਰਮੁੱਖ ਸ਼ਬਦਾਂ ਦੀ ਵਿਆਖਿਆ ਦੇ ਅਰਥ ਹਨ, ਜੋ ਮੈਂ ਹੂ-ਬ-ਹੂ ਲਿਖਣ ਦੀ ਕੋਸ਼ਿਸ਼ ਕੀਤੀ ਹੈ।

ਇਸ ਵਿਚ ਇਨ੍ਹਾਂ ਦੇ ਨਾਮ ਹੀ ਜੀਵਨ ਦਾ ਅਧਾਰ ਹੈ, ਕੇਸਾਂ ਦੀ ਮਹਾਨਤਾ, ਪਰਮਾਤਮਾ ਨੂੰ ਹਰ ਵਕਤ ਯਾਦ ਰੱਖੋ, ਮਨ ਨੂੰ ਕਾਬੂ ਕਰਨਾ, ਨਾਮ ਦੀ ਦਾਤ ਮੰਗਣੀ, ਚਾਰ ਕੁਰਹਿਤਾਂ, ਪੰਜ ਕਕਾਰਾਂ ਦੀ ਮਹਾਨਤਾ, ਗੁਰ ਸੇਵਾ ਤੇ ਸੁਖੁ ਊਪਜੈ, ਵਿੱਦਿਆ ਮਨੁੱਖ ਦਾ ਤੀਜਾ ਨੇਤਰ ਅਤੇ ਗੁਰੂ ਦਾ ਉਪਦੇਸ਼ ਦਰਜ ਹਨ, ਤਾਂ ਜੋ ਪ੍ਰੇਮੀ-ਜਨ ਇਨ੍ਹਾਂ ਨੂੰ ਪੜ੍ਹ ਕੇ ਆਪਣਾ ਜੀਵਨ ਸਫਲਾ ਕਰ ਸਕਣ।

-ਗਿਆਨੀ ਮੋਹਣ ਸਿੰਘ ਉਰਲਾਨਾ

# ਨਾਮ ਹੀ ਜੀਵਨ ਦਾ ਆਧਾਰ ਹੈ

ਰਾਗੁ ਸੂਹੀ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥

ਮਿਥਨ ਮੋਹ ਅਗਨਿ ਸੋਕ ਸਾਗਰ ॥ ਕਰਿ ਕਿਰਪਾ ਉਧਰੁ ਹਰਿ ਨਾਗਰ ॥ ੧ ॥
ਚਰਣ ਕਮਲ ਸਰਣਾਇ ਨਰਾਇਣ ॥ ਦੀਨਾ ਨਾਥ ਭਗਤ ਪਰਾਇਣ ॥ ੧ ॥ ਰਹਾਉ ॥
ਅਨਾਥਾ ਨਾਥ ਭਗਤ ਭੈ ਮੇਟਨ ॥ ਸਾਧਸੰਗਿ ਜਮਦੂਤ ਨ ਭੇਟਨ ॥ ੨ ॥
ਜੀਵਨ ਰੂਪ ਅਨੂਪ ਦਇਆਲਾ ॥ ਰਵਣ ਗੁਣਾ ਕਟੀਐ ਜਮ ਜਾਲਾ ॥ ੩ ॥
ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ ਰੋਗ ਰੂਪ ਮਾਇਆ ਨ ਬਿਆਪੈ ॥ ੪ ॥
ਜਪਿ ਗੋਬਿੰਦ ਸੰਗੀ ਸਭਿ ਤਾਰੇ ॥ ਪੋਹਤ ਨਾਹੀ ਪੰਚ ਬਟਵਾਰੇ ॥ ੫ ॥
ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥ ਸਰਬ ਫਲਾ ਸੋਈ ਜਨੁ ਪਾਏ ॥ ੬ ॥
ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥ ਕੇਵਲ ਨਾਮੁ ਭਗਤਿ ਰਸੁ ਦੀਨਾ ॥ ੭ ॥
ਆਦਿ ਮਧਿ ਅੰਤਿ ਪ੍ਰਭੁ ਸੋਈ ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥ ੮ ॥ ੧ ॥ ੨ ॥

ਗੁਰੂ ਕੀ ਸਾਜੀ ਨਿਵਾਜੀ ਗੁਰੂ ਰੂਪ ਗੁਰੂ ਖਾਲਸਾ ਸਾਧਸੰਗਤ ਜੀ ! ਆਪਾਂ ਅਕਸਰ ਇਕ ਸ਼ਬਦ ਦੀ ਸਾਰੇ ਵਰਤੋਂ ਕਰਦੇ ਹਾਂ, ਸ਼ਬਦ ਹੈ— ਦੁਨੀਆਂ। ਹਰ ਪੜ੍ਹਿਆ-ਅਨਪੜ੍ਹਿਆ ਮਨੁੱਖ ਦੁਨੀਆਂ ਸ਼ਬਦ ਨੂੰ ਜਾਣਦਾ ਤੇ ਬੋਲਦਾ ਹੈ, ਪਰ ਦੁਨੀਆਂ ਸ਼ਬਦ ਬਣਿਆ ਕਿਉਂ ? ਇਹ ਆਪਾਂ ਵਿਚਾਰਣ ਦਾ ਬਹੁਤ ਘੱਟ ਯਤਨ ਕਰਦੇ ਹਾਂ। ਦੁਨੀਆਂ ਦਾ ਅਰਥ ਸਾਡੇ ਬਜ਼ੁਰਗ ਵਿਦਵਾਨਾਂ ਨੇ ਕੀਤਾ ਹੈ— ਜਿਸ ਦੀਆਂ ਦੋ ਨੀਹਾਂ ਹੋਣ, ਉਸਨੂੰ ਦੁਨੀਆਂ ਆਖਿਆ ਜਾਂਦਾ ਹੈ। ਜਿਵੇਂ ਸਿੱਕੇ ਦੇ ਦੋ ਪਹਿਲੂ ਹਨ, ਕਦੇ ਕੋਈ ਪਾਸਾ ਉਪਰ ਕਰ ਲਈਏ, ਕਦੇ ਕੋਈ ਪਾਸਾ ਉਪਰ ਕਰ ਲਈਏ, ਪਰ ਇਕ ਪਾਸੇ ਕਰਕੇ ਸਿੱਕਾ ਬਣਦਾ ਨਹੀਂ, ਇਸੇ ਪ੍ਰਕਾਰ ਦੁਨੀਆਂ ਵਿਚ ਕਦੇ ਸ਼ਾਦੀ ਕਦੇ ਗ਼ਮੀ, ਕਦੇ ਦਿਨ ਕਦੇ ਰਾਤ, ਇਹਨਾਂ ਨਿਯਮਾਂ ਕਰਕੇ ਅਸੀਂ ਇਸਨੂੰ ਦੁਨੀਆਂ ਕਹਿੰਦੇ ਹਾਂ। ਪਰ ਸਾਰਿਆਂ ਤੋਂ ਪਹਿਲਾਂ ਇਹ ਦੁਨੀਆਂ ਸ਼ਬਦ ਚਲਿਆ ਕਿਉਂ ? ਪ੍ਰਚਲਿਤ ਕਿਉਂ ਹੋਇਆ ? ਇਹਦੀ ਲੋੜ ਕਿਉਂ ਪਈ ? ਇਹ ਕਹਿੰਦੇ ਹਨ Two aspects of life- ਜੀਵਨ ਦੇ ਦੋ ਪੱਖ। ਇਰਮਨੀ ਮੱਤ ਦੇ ਗ੍ਰੰਥਾਂ ਨੂੰ ਪੜ੍ਹੀਏ ਤਾਂ ਉਹਨਾਂ ਨੇ ਖ਼ੁਦਾ ਦੇ ਬਰਾਬਰ ਸ਼ੈਤਾਨ ਨੂੰ ਮੰਨਿਆ ਹੈ। ਜਿਥੇ ਜਿਥੇ ਖ਼ੁਦਾ ਦੀ ਗੱਲ ਚਲੇਗੀ ਉਥੇ-ਉਥੇ ਉਹ ਇਰਮਨੀ ਮੱਤ ਦੇ ਲੋਕ ਸ਼ੈਤਾਨ ਦਾ ਜ਼ਿਕਰ ਲਾਜ਼ਮੀ ਕਰਨਗੇ। ਇਸਲਾਮ ਨੇ ਸ਼ੈਤਾਨ ਲਫ਼ਜ਼ ਦੀ ਬਹੁਤ ਵਰਤੋਂ ਕੀਤੀ ਹੈ। ਕੁਰਾਨ ਪੜ੍ਹ ਕੇ ਦੇਖੋ ਖ਼ੁਦਾ ਨਾਲ ਸ਼ੈਤਾਨ

ਦਾ ਜ਼ਿਕਰ ਚਲਦਾ ਹੈ।

ਅੰਗਰੇਜ਼ ਲੋਕ ਅੰਗਰੇਜ਼ੀ ਭਾਸ਼ਾ ਵਿਚ ਗਾਡ ਲਫ਼ਜ਼ ਕਹਿੰਦੇ ਹਨ ਤੇ ਗਾਡ ਦੇ ਨਾਲ ਉਹ Devil ਤੇ ਤੀਜਾ Imp ਦੀ ਵਰਤੋਂ ਕਰਦੇ ਹਨ। ਸਿਰਫ ਭਾਸ਼ਾ ਦਾ ਫਰਕ ਹੈ। ਡੈਵਲ ਸ਼ੈਤਾਨ ਨੂੰ ਕਹਿੰਦੇ ਹਨ ਅੰਗਰੇਜ਼ੀ ਵਿਚ, ਉਹ ਜਿਵੇਂ ਆਪਾਂ ਕਹਿੰਦੇ ਹਾਂ ਫਲਾਣਾ ਸ਼ੈਤਾਨ ਦੀ ਟੂਟੀ ਹੈ, ਸ਼ੈਤਾਨ ਦਾ ਬੱਚਾ ਹੈ, ਇਸੇ ਪ੍ਰਕਾਰ ਅੰਗਰੇਜ਼ੀ ਦਾ ਲਫ਼ਜ਼ ਹੈ Imp। ਜਦੋਂ ਅਸੀਂ ਭਾਰਤੀ ਮੱਤ ਨੂੰ ਪੜ੍ਹਦੇ ਹਾਂ ਤਾਂ ਇਥੇ ਫੇਰ ਦੋ ਪੱਖਾਂ ਦਾ ਜ਼ਿਕਰ ਚਲਦਾ ਹੈ— ਬ੍ਰਹਮ ਤੇ ਮਾਇਆ। ਹਿੰਦੂ ਮੱਤ ਵਿਚ ਇਕ ਦਾ ਤਾਂ ਬਹੁਤ ਘੱਟ ਜ਼ਿਕਰ ਹੈ, ਕਦੇ ਦੋ ਦਾ ਆਵੇ, ਕਦੇ ਤਿੰਨਾਂ ਦਾ, ਤੁਸੀਂ ਹਿੰਦੂ ਮੱਤ ਨੂੰ ਪੜ੍ਹੋ। ਜਿਥੇ ਰਿਸ਼ੀਆਂ ਦੀ ਗੱਲ ਚਲੇਗੀ, ਉਥੇ ਅਪਸਰਾਂ ਦੀ ਗੱਲ ਲਾਜ਼ਮੀ ਆਵੇਗੀ। ਰਿਸ਼ੀਆਂ ਦੇ ਜੀਵਨ ਨੂੰ ਢਿੱਲਿਆਂ ਕਰਨ ਵਾਸਤੇ, ਕਲੰਕਤ ਕਰਨ ਵਾਸਤੇ, ਸਮੇਂ-ਸਮੇਂ ਅਪਸਰਾਂ ਆਉਂਦੀਆਂ ਰਹੀਆਂ। ਉਹਨਾਂ ਦੇ ਨਾਵਾਂ ਦਾ ਜ਼ਿਕਰ ਵੀ ਮਿਲਦਾ ਹੈ।

ਇਸੇ ਪ੍ਰਕਾਰ ਆਪਾਂ ਰਾਧਾ ਦੇ ਨਾਲ ਸ਼ਾਮ ਦਾ ਜ਼ਿਕਰ ਪੜ੍ਹਦੇ ਹਾਂ। ਰਾਧਾ ਤੇ ਕ੍ਰਿਸ਼ਨ, ਸੀਤਾ ਤੇ ਰਾਮ, ਲੱਛਮੀ ਨਰਾਇਣ, ਨਰਾਇਣ ਨੂੰ ਪਰਮਾਤਮਾ ਦਾ ਪ੍ਰਤੀਕ ਮੰਨਿਆ ਤੇ ਲੱਛਮੀ ਨੂੰ ਮਾਇਆ ਦਾ ਪ੍ਰਤੀਕ ਮੰਨਿਆ।

ਗੁਰਮਤਿ ਇਹਨਾਂ ਗੱਲਾਂ ਤੋਂ ਵੱਖ ਹੈ। ਸਾਡੀਆਂ ਇਸਲਾਮ ਨਾਲ ਬਹੁਤ ਸਾਰੀਆਂ ਗੱਲਾਂ ਮਿਲਦੀਆਂ ਹਨ, ਪਰ ਸਾਰੀਆਂ ਨਹੀਂ। ਬਹੁਤ ਸਾਰੀ ਵਿਚਾਰਧਾਰਾ ਸਾਡੀ ਇਸਲਾਮ ਨਾਲ ਮਿਲਦੀ ਹੈ, ਪਰ ਸਾਰੀ ਨਹੀਂ। ਉਹ ਖ਼ੁਦਾ ਨੂੰ ਮੰਨਦੇ ਤਾਂ ਹਨ, ਪਰ ਨਾਲ ਮੁਹੰਮਦ ਨੂੰ attach ਕਰਦੇ ਹਨ। ਤੁਸੀਂ ਯਹੂਦੀ ਮੱਤ ਪੜ੍ਹਦੇ ਹੋ, ਸੁਣਦੇ ਹੋ, ਯਹੂਦੀਆਂ ਦੇ ਵਿਚ ਵੀ ਕਲਮਾ ਪੜ੍ਹਿਆ ਜਾਂਦਾ ਹੈ, ਪਰ ਯਹੂਦੀ ਮੁਹੰਮਦ ਰਸੂਲ ਅੱਲਾ ਨਹੀਂ ਕਹਿਣਗੇ। ਮੁਹੰਮਦ ਖ਼ੁਦਾ ਦਾ ਪੈਗੰਬਰ ਹੈ। ਉਹਨਾਂ ਦਾ ਵਿਸ਼ਵਾਸ ਹੈ ਕਿ ਖ਼ੁਦਾ ਦੇ ਬਰਾਬਰ ਕੋਈ ਨਹੀਂ, ਖ਼ੁਦਾ ਕਿਸੇ 'ਤੇ ਵੀ ਨਿਵਾਜ਼ਸ਼ ਕਰ ਸਕਦਾ ਹੈ, ਉਹ ਪੂਰਨ ਯੋਗ ਹੋ ਸਕਦਾ ਹੈ, ਕੋਈ ਵੀ ਹੋ ਸਕਦਾ ਹੈ, ਕਿਸੇ 'ਤੇ ਵੀ ਖ਼ੁਦਾ ਦੀ ਕ੍ਰਿਪਾ ਹੋ ਜਾਏ, ਪਰਮਾਤਮਾ ਦੀ ਮੇਹਰ ਕਿਸੇ 'ਤੇ ਹੋ ਜਾਏ, ਪਤਾ ਨਹੀਂ ਕਿਹਦੇ 'ਤੇ ਹੋਣੀ ਹੈ, ਪਰਮਾਤਮਾ ਜਾਣਦਾ ਹੈ, ਮਨੁੱਖ ਕਹਿ ਨਹੀਂ ਸਕਦਾ। ਸੋ ਗੁਰਮੁਖ ਪਿਆਰਿਓ ! ਉਹਨੂੰ ਮੋਹ ਕਹਿ ਲਈਏ, ਉਸਨੂੰ ਮਾਇਆ ਕਹਿ ਲਈਏ, ਉਸਨੂੰ ਸ਼ੈਤਾਨ ਕਹਿ ਲਈਏ, ਜਿਹੜੀ ਨੇਕੀ ਵਾਲੇ ਪਾਸੇ ਤੋਂ ਸਾਨੂੰ ਬਦੀ ਵਾਲੇ ਪਾਸੇ ਲਿਜਾਂਦੀ ਹੈ, ਉਸਨੂੰ ਮੋਹ ਆਖਿਆ ਹੈ।

ਹੁਕਮਨਾਮੇ ਵਿਚ ਜਿਹੜੀ ਨੇਕੀ ਵਾਲੇ ਪਾਸੇ ਤੋਂ ਬਦੀ ਵਾਲੇ ਪਾਸੇ ਵੱਲ ਲਿਜਾਏ, ਉਸਨੂੰ ਮੋਹ ਕਿਹਾ ਅਤੇ ਉਹਦੇ ਵੱਖ-ਵੱਖ ਅੰਗ ਹਨ, ਜਿਸਨੂੰ ਆਪਾਂ ਪੜ੍ਹਦੇ ਹਾਂ। ਧਰਮ ਗ੍ਰੰਥਾਂ ਵਿਚੋਂ ਸਾਨੂੰ ਹੰਕਾਰ ਪਰਮਾਤਮਾ ਨਾਲੋਂ ਤੋੜਦਾ ਹੈ, ਸਾਨੂੰ ਕਾਮ ਪਰਮਾਤਮਾ ਨਾਲੋਂ ਤੋੜਦਾ

ਹੈ, ਸਾਨੂੰ ਮੋਹ ਪਰਮਾਤਮਾ ਨਾਲੋਂ ਤੋੜਦਾ ਹੈ। ਇਹ ਪੰਜੇ ਦੇ ਪੰਜੇ ਔਗੁਣ ਸਾਨੂੰ ਪਰਮਾਤਮਾ ਨਾਲੋਂ ਨਿਖੇੜਦੇ ਨੇ। ਅੱਜ ਦੇ ਹੁਕਮਨਾਮੇ ਵਿਚ ਸਤਿਗੁਰੂ ਪੰਚਮ ਪਾਤਿਸ਼ਾਹ ਮਹਾਰਾਜ ਨੇ ਸਾਨੂੰ ਸਮਝਾਇਆ ਹੈ ਕਿ ਗੁਰੂ ਕੇ ਸਿੱਖਾ! ਉਸ ਪਰਮਾਤਮਾ ਦੇ ਅੱਗੇ ਦੁਆ ਕਰ, ਉਹਦੇ ਅੱਗੇ ਪ੍ਰਾਰਥਨਾ ਕਰ, ਤਾਂਕਿ ਤੇਰੇ 'ਤੇ ਮੋਹ ਦਾ ਅਸਰ ਨਾ ਹੋਵੇ। ਉਹ ਪ੍ਰਾਰਥਨਾ ਕਿਵੇਂ ਕੀਤੀ ਜਾਵੇ, ਜਿਵੇਂ ਹਜ਼ੂਰ ਸਮਝਾਉਂਦੇ ਨੇ ਆਪ ਕ੍ਰਿਪਾ ਕਰਕੇ ਸਰਵਣ ਕਰਨ ਦਾ ਯਤਨ ਕਰੋ ਜੀ :

ਰਾਗ ਸੂਹੀ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ॥

ਸੂਹੀ ਰਾਗ ਦੇ ਵਿਚ ਗੁਰੂ ਪੰਚਮ ਪਾਤਿਸ਼ਾਹ ਮਹਾਰਾਜ ਤੀਸਰੇ ਘਰ ਸੁਰਤਾਲ ਦੇ ਵਿਚ ਇਹ ਪਾਵਨ ਸ਼ਬਦ ਕਹਿ ਰਹੇ ਹਨ, ਪਰਮਾਤਮਾ ਇਕ ਹੈ, ਸਤ ਸਰੂਪ ਹੈ, ਅਦੁੱਤੀ ਹੈ, ਅਮੇਵਾ ਹੈ, ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਮਿਥਨ ਮੋਹ ਅਗਨਿ ਸੋਕ ਸਾਗਰ॥

(ਪੰਨਾ ੭੮੦)

ਮਿਥਨ ਦਾ ਅਰਥ ਹੁੰਦਾ ਹੈ imagine ਕੀਤਾ ਹੋਇਆ। ਅੰਗਰੇਜ਼ੀ ਦਾ ਅਸੀਂ ਅੱਖਰ ਬੋਲਦੇ ਹਾਂ imagine। ਮੰਨਿਆ ਹੋਇਆ ਅਲਜਬਰਾ ਮੈਥ ਦਾ ਇਕ ਅੰਗ ਹੈ, ਜੋ ਆਪਾਂ ਹਿਸਾਬ ਕਿਤਾਬ ਪੜ੍ਹਦੇ ਹਾਂ। ਕਲਾਸ ਵਿਚ ਉਹਦੇ ਵਿਚ ਤਿੰਨ ਅੰਗ ਨੇ, ਇਕ ਗਣਿਤ ਸ਼ਾਸਤਰ, ਇਕ ਬੀਜ ਸ਼ਾਸਤਰ, ਇਕ ਰੇਖਾ ਗਿਆਨ। ਜਿਹੜਾ ਰੇਖਾ ਗਿਆਨ ਹੈ, ਉਸਨੂੰ ਅਸੀਂ ਕਹਿੰਦੇ ਹਾਂ ਜੁਮੈਟਰੀ, ਜਿਹੜਾ ਬੀਜ ਗਿਆਨ ਹੈ, ਉਸਨੂੰ ਅਸੀਂ ਕਹਿੰਦੇ ਹਾਂ ਅਲਜਬਰਾ। ਉਸ ਬੀਜ ਗਿਆਨ ਦੇ ਵਿਚ, ਉਸ ਅਲਜ਼ਬਰੇ ਦੇ ਵਿਚ ਇਕ ਫ਼ਾਰਮੂਲਾ ਆਮ ਵਰਤਿਆ ਜਾਂਦਾ ਹੈ। ਮੰਨ ਲਉ ਉਹ ਗੱਲ ਹੁੰਦੀ ਨਹੀਂ, ਪਰ ਉਸਨੂੰ ਮੰਨ ਕੇ ਉਸ ਪ੍ਰਸ਼ਨ ਨੂੰ ਹੱਲ ਕੀਤਾ ਜਾਂਦਾ ਹੈ, ਸਾਬਤ ਕੀਤਾ ਜਾਂਦਾ ਹੈ। ਇਸੇ ਪ੍ਰਕਾਰ ਮਿਥਨ ਦਾ ਅਰਥ ਇਹ ਹੈ ਜਿਹੜਾ ਨਾਮ ਪਹਿਲਾਂ ਸੀ, ਆਉਣ ਵਾਲੇ ਸਮੇਂ ਵਿਚ ਹੋਵੇਗਾ, ਕੇਵਲ ਤੇ ਕੇਵਲ ਵਰਤਮਾਨ ਸਮੇਂ ਵਿਚ ਪ੍ਰਤੀਕ ਹੁੰਦਾ ਹੈ। ਮਿਥਨ ਦਾ ਅਰਥ ਹੈ ਮਿਥਿਆ imagine ਕੀਤਾ। ਗੁਰੂ ਪੰਚਮ ਪਾਤਿਸ਼ਾਹ ਮਹਾਰਾਜ ਫ਼ੁਰਮਾਉਂਦੇ ਨੇ ਕਿ ਜਿਹੜਾ ਮੋਹ ਹੈ, ਇਹ ਇਕ ਮਿਥਿਆ ਹੈ।

ਮੈਂ ਇਕ ਅੰਗਰੇਜ਼ੀ ਦੀ ਕਿਤਾਬ ਵਿਚੋਂ ਦ੍ਰਿਸ਼ਟਾਂਤ ਪੜ੍ਹਿਆ ਕਿ ਇਹ ਮੋਹ ਮਿਥਿਆ ਕਿਵੇਂ ਹੈ ? ਕਿਸੇ ਅਮੀਰ ਬੰਦੇ ਦਾ ਇਕਲੌਤਾ ਪੁੱਤਰ ਵਿਚਾਰਧਾਰਾ ਕਰਕੇ ਆਪਣੇ ਬਾਪ ਤੋਂ ਵੱਖ ਹੋ ਗਿਆ। ਬਾਪ ਬਹੁਤ ਅਮੀਰ ਮਨੁੱਖ ਹੈ। ਉਸ ਪਿਉ ਤੇ ਪੁੱਤਰ ਦੇ ਅੰਦਰ ਹੈਂਕੜ ਹੈ, ਪੁੱਤਰ ਕਹਿੰਦਾ ਹੈ ਕਿ ਮੇਰੇ ਅੱਗੇ ਪਿਉ ਝੁਕੇ, ਪਿਉ ਕਹਿੰਦਾ ਹੈ ਕਿ ਮੇਰੇ ਅੱਗੇ ਪੁੱਤਰ ਝੁਕੇ। ਅੱਜ ਸੰਸਾਰ ਵਿਚ ਇਹ ਗੱਲ ਆਮ ਪ੍ਰਚੱਲਿਤ ਹੋ ਗਈ ਹੈ ਕਿ ਅੱਗੇ ਬਾਪ ਕਿਸੇ ਤਰ੍ਹਾਂ ਦਾ ਵੀ ਹੁੰਦਾ ਸੀ, ਪਰ ਸਾਡੇ ਸਮਾਜ ਵਿਚ ਪੁੱਤਰ ਆਪਣੇ ਬਾਪ ਦੇ ਅੱਗੇ ਝੁਕਦਾ ਰਿਹਾ, ਇਹ ਰਿਵਾਇਤ ਸੀ। ਸ੍ਰੀ ਰਾਮ ਚੰਦਰ ਮਹਾਰਾਜ ਜੀ ਨੂੰ ਅਸੀਂ ਇਸੇ ਕਰਕੇ ਮਰਿਆਦਾ ਪਰਸ਼ੋਤਮ

ਕਹਿੰਦੇ ਹਾਂ ਕਿ ਉਹਨਾਂ ਦੇ ਸਤਿਕਾਰ ਯੋਗ ਪਿਤਾ ਰਾਜੇ ਦਸ਼ਰਥ ਨੇ ਆਪਣੇ ਪੁੱਤਰ ਨੂੰ ਬਨਵਾਸ ਦੇ ਦਿੱਤਾ ਸੀ, ਪਰ ਉਸ ਨੇ ਕੁਝ ਨਹੀਂ ਆਖਿਆ। ਹੋਰ ਹਜ਼ਾਰਾਂ ਸਾਲਾਂ ਤੋਂ ਬਾਅਦ ਵੀ ਸ੍ਰੀ ਰਾਮ ਚੰਦਰ ਮਹਾਰਾਜ ਜੀ ਨੂੰ ਇਸੇ ਕਾਰਨ ਕਰਕੇ ਹੀ ਸਤਿਕਾਰ ਮਿਲਿਆ ਸਾਡੇ ਸਮਾਜ ਵਿਚ ਮਰਿਆਦਾ ਪਰਸ਼ੋਤਮ ਦਾ। ਗੁਰਮੁਖੋ ਜਿਹੜਾ ਪੁੱਤਰ ਸੀ, ਘਰ ਛੱਡ ਕੇ ਚਲਾ ਗਿਆ। ਬਾਪ ਨੂੰ ਪ੍ਰਤੀਤ ਹੁੰਦਾ ਹੈ ਕਿ ਮੇਰਾ ਅੰਤਿਮ ਸਮਾਂ ਲਾਗੇ ਆ ਗਿਆ ਹੈ। ਉਸਨੇ ਆਪਣੇ ਬੇਟੇ ਦਾ ਸੁਰਾਗ ਕੱਢਿਆ ਕਿ ਕਿਹੜੇ ਨਗਰ ਵਿਚ ਰਹਿੰਦਾ ਹੈ, ਸੰਪਰਕ ਹੋਇਆ ਤਾਂ ਪੁੱਤਰ ਨੇ ਵੀ ਅਹਿਸਾਸ ਕੀਤਾ ਕਿ ਜੇ ਮੇਰੇ ਬਾਪ ਨੇ ਮੈਨੂੰ ਜਾਇਦਾਦ ਨਾ ਦਿੱਤੀ ਤਾਂ ਕਿਤੇ ਹੋਰ ਕਾਰਨ ਨਾ ਬਣ ਜਾਵੇ, ਰੱਫੜ ਨਾ ਪੈ ਜਾਵੇ, ਕੋਈ ਹੋਰ ਮਾਲਕ ਨਾ ਬਣ ਜਾਵੇ, ਪਿਤਾ ਨਾਲ ਸੰਪਰਕ ਕਰਨਾ ਚਾਹੀਦਾ ਹੈ। ਬਾਪ ਦੇ ਮਨ ਵਿਚ ਚਿੰਤਾ ਕਿ ਮੇਰੀ ਕੋਈ ਜਾਇਦਾਦ ਲੈ ਨਾ ਜਾਵੇ, ਥੋੜ੍ਹਾ ਬਾਪ ਝੁਕਿਆ, ਥੋੜ੍ਹਾ ਜਿਹਾ ਬੇਟਾ ਝੁਕਿਆ। ਪੁੱਤਰ ਨੇ ਸੁਨੇਹਾ ਭੇਜਿਆ ਕਿ ਮੈਂ ਤੇਰੇ ਕੋਲ ਨਹੀਂ ਆਉਣਾ, ਤੂੰ ਚੱਲ ਕੇ ਆ। ਬਾਪ ਉਸ ਸ਼ਹਿਰ ਵਿਚ ਚਲਿਆ ਗਿਆ, ਬਹੁਤ ਅਮੀਰ ਸੀ। ਉਹਨੇ ਹੋਟਲ ਵਿਚ ਆ ਕੇ ਅਰਾਮ ਕੀਤਾ, ਟਿਕਿਆ, ਰੋਟੀ ਪਾਣੀ ਖਾਣਾ, ਸ਼ਰਾਬ ਵਗੈਰਾ ਪੀਤੀ, ਕਿਉਂਕਿ ਜਿਹੋ ਜਿਹਾ ਬਾਪ, ਬੇਟਾ ਵੀ ਫਿਰ ਉਹੋ ਜਿਹਾ। ਪੁੱਤਰ ਧੌਣ ਅਕੜਾ ਕੇ ਆਇਆ, ਪਤਾ ਲੱਗੇ ਕਿ ਮੈਂ ਅਜੇ ਨਿਵਿਆਂ ਨਹੀਂ। ਜਿਸ ਮੌਕੇ 'ਤੇ ਉਸਨੇ ਆਣ ਕੇ ਖੰਘੂਰਾ ਮਾਰਿਆ ਆਪਣੇ ਬਾਪ ਦੇ ਕਮਰੇ ਵਿਚ, ਉਸਨੂੰ ਆਪਣੀ ਮਾਇਆ ਦੀ ਹੈਂਕੜ ਹੈ ਤੇ ਸ਼ਰਾਬ ਕਰਕੇ ਉਸਨੂੰ ਇਹ ਨਹੀਂ ਪਤਾ ਕਿ ਮੇਰਾ ਪੁੱਤਰ ਹੈ। ਉਸਨੇ ਪੁੱਤਰ ਨੂੰ ਮਾਰ ਦਿੱਤਾ, ਪਰ ਪੁੱਤਰ ਕਰਕੇ ਨਹੀਂ। ਉਸ ਪੁੱਤਰ ਦੀ ਮੌਤ ਹੋਈ। ਹੋਟਲ ਵਿਚ ਰੋਲਾ ਪਿਆ। ਉਹਦੀ ਲੋਥ ਨੂੰ ਕਬਜ਼ੇ ਵਿਚ ਕੀਤਾ, ਅਮੀਰ ਦੀ ਸ਼ਰਾਬ ਲੱਥੀ ਤੇ ਉਹਨੂੰ ਕਹਿਣ ਲੱਗੇ ਕਿ ਤੇਰਾ ਪੁੱਤਰ ਮਾਰਿਆ ਗਿਆ। ਕਹਿਣ ਲੱਗਾ ਮੈਂ ਤਾਂ ਮਾਰਿਆ ਨਹੀਂ। ਨਾਲ ਦਾ ਬਹਿਰਾ ਕਹਿਣ ਲੱਗਾ, ਜੀ ਤੁਹਾਡਾ ਪੁੱਤਰ ਨਹੀਂ, ਕੋਈ ਹੋਰ ਹੋਵੇਗਾ। ਜਦੋਂ ਉਸ ਅਮੀਰ ਆਦਮੀ ਨੂੰ ਆਖਿਆ ਜਾਂਦਾ ਹੈ, ਤੇਰਾ ਪੁੱਤਰ ਮਰਿਆ ਹੈ ਤਾਂ ਉਹਦਾ ਦਿਲ ਟੁੱਟ ਜਾਂਦਾ ਹੈ, ਉਹਦੇ ਮਨ ਵਿਚ ਸੋਗ ਦੀਆਂ ਲਹਿਰਾਂ ਚਲਦੀਆਂ ਹਨ, ਜਦੋਂ ਦੂਜਾ ਦਿਲਾਸਾ ਦੇਂਦਾ ਤੇਰਾ ਪੁੱਤਰ ਨਹੀਂ ਹੋਰ ਕੋਈ ਗ਼ੈਰ ਹੈ, ਉਹਦਾ ਮਨ ਫੇਰ ਵਿਗਾਸ ਵਿਚ ਆ ਜਾਂਦਾ ਹੈ। ਮਰਿਆ ਮਨੁੱਖ ਹੈ, ਪਰ ਗੁਰਮੁਖੋ ਜਦੋਂ ਆਪਣੇ ਪੁੱਤਰ ਦੀ ਗੱਲ ਆਉਂਦੀ ਹੈ, ਉਹਦਾ ਮਨ ਹੋਰ ਹੋ ਜਾਂਦਾ ਹੈ, ਜਦੋਂ ਹੋਰ ਦੀ ਗੱਲ ਆਉਂਦੀ ਹੈ, ਉਦੋਂ ਮਨ ਫਿਰ ਵਿਗਾਸ ਵਿਚ ਆ ਜਾਂਦਾ ਹੈ।

ਮਨੁੱਖ ਮਰਿਆ ਕਿਉਂ ਹੈ, ਪਰ ਮੋਹ ਦੇ ਸੰਸਕਾਰ ਕਰਕੇ ਕਦੇ ਮਨ ਚੜ੍ਹਦਾ ਤੇ ਕਦੇ ਲਹਿੰਦਾ ਹੈ। ਆਪਣੇ ਮਰਨ ਦੀ ਗੱਲ ਸੁਣਦੇ ਹੀ ਮਨ ਹੋਰ ਹੁੰਦਾ ਹੈ, ਦੂਜੇ ਦੇ ਮਰਨ ਦੀ ਗੱਲ ਸੁਣਦਾ ਤੇ ਮਨ ਫੇਰ ਵਿਗਾਸ ਵਿਚ ਹੈ। ਸਾਰਾ ਕੁਝ ਮਿੱਥਿਆ ਹੈ। ਅਸੀਂ ਪੁਰਾਤਨ ਗ੍ਰੰਥਾਂ ਦੇ ਵਿਚ ਇਸੇ ਸੰਬੰਧ ਵਿਚ ਦ੍ਰਿਸ਼ਟਾਂਤ ਪੜ੍ਹਦੇ ਹਾਂ ਕਿ ਇਕ ਰਾਜਾ ਸੁੱਤਾ ਹੈ। ਗੁਰਬਾਣੀ ਵਿਚ ਵੀ ਉਸਦਾ ਦ੍ਰਿਸ਼ਟਾਂਤ ਵਰਤਿਆ ਗਿਆ। ਉਸਦਾ ਪੁੱਤਰ ਬੀਮਾਰ ਸੀ ਕਾਫੀ ਤੇ ਬੇਟਾ ਬੀਮਾਰ

ਹੋਵੇ ਤਾਂ ਮਾਂ ਪਿਉ ਨੂੰ ਨੀਂਦ ਨਹੀਂ ਆਉਂਦੀ। ਉਪਚਾਰ ਕੀਤੇ, ਆਖ਼ਿਰ ਇਹ ਵੀ ਆਪਾਂ ਸੁਣਦੇ ਹਾਂ ਕਿ ਜਿਹੜੀ ਨੀਂਦ ਹੈ, ਇਹ ਸੂਲੀ 'ਤੇ ਵੀ ਆ ਜਾਂਦੀ ਏ। ਕਾਫ਼ੀ ਦਿਨਾਂ ਦੀ ਬੇਅਰਾਮੀ ਤੋਂ ਬਾਅਦ ਉਹ ਰਾਜਾ ਤੇ ਰਾਣੀ ਆਪਣੇ ਬੀਮਾਰ ਪੁੱਤਰ ਦੇ ਸਰ੍ਹਾਣੇ ਬੈਠੇ ਰਹੇ। ਨੀਂਦ ਨੇ ਜ਼ੋਰ ਪਾਇਆ ਤਾਂ ਰਾਜੇ ਦੀ ਅੱਖ ਲੱਗ ਗਈ ਅਤੇ ਅੱਖ ਲੱਗਦਿਆਂ ਸਾਰ ਉਸਨੂੰ ਕਈ ਤਰ੍ਹਾਂ ਦੇ ਸੁਪਨੇ ਆਏ ਤੇ ਸੁਪਨਿਆਂ ਵਿਚ ਕੀ ਵੇਖਿਆ? ਉਸਦੇ ਘਰ ਔਲਾਦ ਹੈ, ਉਸਦੀ ਇਸਤਰੀ ਹੈ, ਉਹਨਾਂ ਦੇ ਨਾਲ ਹੱਸਦਾ ਤੇ ਖੇਲਦਾ ਹੈ, ਪੁੱਤਰ ਪੋਤਰੇ ਨੇ, ਧੀਆਂ ਦੋਹਤੇ ਨੇ। ਇੰਨੇ ਚਿਰ ਨੂੰ ਕੀ ਹੋਇਆ ਇਹਨਾਂ ਦੇ ਪੁੱਤਰ ਨੇ ਅੰਤਮ ਸਵਾਸ ਲਿਆ, ਰਾਣੀ ਦੀ ਚੀਕ ਨਿਕਲ ਗਈ, ਮਰੇ ਹੋਏ ਪੁੱਤਰ ਦੇ ਸਰ੍ਹਾਣੇ ਰਾਜਾ ਘੁਰਾੜੇ ਮਾਰ ਰਿਹਾ ਹੈ। ਆਵਾਜ਼ਾਰ ਹੋ ਗਈ, ਉਸਨੇ ਰਾਜੇ ਨੂੰ ਹਲੂਣਿਆ ਕਿ ਰਾਜਨ, ਆਪਣੀ ਦੁਨੀਆਂ ਉੱਜੜ ਗਈ, ਆਪਾਂ ਬਰਬਾਦ ਹੋ ਗਏ, ਸਾਡੇ ਨਾਲ ਹਨੇਰ ਹੋ ਗਿਆ। ਰਾਜੇ ਦੀ ਅੱਖ ਖੁੱਲ੍ਹੀ, ਪਰ ਰਾਜਾ ਰੋਇਆ ਨਹੀਂ, ਰਾਣੀ ਕਹਿੰਦੀ, ਹੇ ਰਾਜਨ ਤੁਹਾਡਾ ਪੁੱਤਰ ਮਰ ਗਿਆ ਹੈ, ਤੁਹਾਨੂੰ ਦੁੱਖ ਨਹੀਂ, ਇਕਲੌਤਾ ਬੇਟਾ ਸੀ। ਰਾਜਾ ਕਹਿੰਦਾ ਹੈ, ਰਾਣੀ ਮੈਂ ਚੋਹਾਂ ਨੂੰ ਰੋਵਾਂ ਕਿ ਇਕ ਨੂੰ ਰੋਵਾਂ। ਰਾਣੀ ਦੇ ਮਨ ਨੂੰ ਹੋਰ ਠੇਸ ਪਹੁੰਚੀ ਕਿ ਸਾਡਾ ਇਕਲੌਤਾ ਬੇਟਾ ਮਰ ਗਿਆ ਹੈ, ਇਹ ਚੋਹ ਦੀ ਗੱਲ ਕਰਦਾ ਹੈ। ਰਾਜਾ ਕਹਿੰਦਾ ਹੈ ਕਿ ਰਾਣੀਏ, ਮੈਂ ਨਸ਼ੇ ਵਿਚ ਨਹੀਂ, ਮੈਨੂੰ ਗੁਰੂ ਨੇ ਜਗਾ ਦਿੱਤਾ ਹੈ, ਇਹ ਵੀ ਇਕ ਸੁਪਨਾ ਤੇ ਉਹ ਵੀ ਗੁਰੂ ਨੇ ਜਗਾ ਦਿੱਤਾ। ਮੈਂ ਸੁੱਤਾ ਸਾਂ ਕਿ ਸੁਪਨਿਆਂ ਵਿਚ ਚਾਰ ਪੁੱਤਾਂ, ਚਾਰ ਨੂੰਹਾਂ, ਪੋਤਰਿਆਂ ਨਾਲ ਹੱਸ ਖੇਡ ਰਿਹਾ ਸਾਂ, ਤੁਸਾਂ ਮੈਨੂੰ ਹਲੂਣਿਆ ਮੇਰੀ ਜਾਗ ਖੁੱਲ੍ਹੀ ਤੇ ਚਾਰੇ ਪੁੱਤਰਾਂ ਸਮੇਤ ਨੂੰਹਾਂ ਪੋਤਰੇ ਪੋਤਰੀਆਂ ਅਲੋਪ ਹੋ ਗਏ। ਯਾਦ ਰੱਖਣਾ ਰਾਣੀ ਜੋ ਸੁਪਨੇ ਹਨ ਪੁੱਤ ਸਦੀਵੀ ਨਹੀਂ, ਜਿਹੜੇ ਪੁੱਤ ਮਰਨ ਤੇ ਤੂੰ ਰੋ ਰਹੀ ਹੈਂ ਸਦੀਵੀ ਇਹ ਵੀ ਨਹੀਂ, ਇਕ ਸੁਪਨਾ ਹੈ, ਉਹ ਸੁਪਨਾ ਕੁਝ ਘੰਟਿਆਂ ਦਾ ਸੀ, ਇਹ ਸੁਪਨਾ ਕੁਝ ਮਹੀਨੇ ਤੇ ਸਾਲਾਂ ਦਾ ਹੈ।

ਆਪਾਂ ਗੁਰੂ ਦੇ ਬੋਲ ਪੜ੍ਹਦੇ ਹਾਂ "ਜਗਜੀਵਨ ਐਸਾ ਸੁਪਨੇ ਜੈਸਾ" ਜਿਹੜਾ ਜਗਤ ਦਾ ਜੀਵਨ ਹੈ, ਗੁਰਮੁਖੋ ਇਹ ਵੀ ਇਕ ਸੁਪਨੇ ਵਾਂਗ ਹੈ। ਜਿਹੜਾ ਅਗਿਆਨ ਦੀ ਨੀਂਦ ਤੋਂ ਗੁਰੂ ਦੀ ਕ੍ਰਿਪਾ ਨਾਲ ਜਾਗ ਪਿਆ, ਉਹਦੇ 'ਤੇ ਮੋਹ ਦਾ ਅਸਰ ਨਹੀਂ, ਪਰ ਇਹ ਮੋਹ ਏਨਾ ਪ੍ਰਬਲ ਹੈ, ਏਨਾ ਕਰੜਾ ਹੈ, ਇਹਨੇ ਪਸ਼ੂਆਂ ਤੇ ਪੰਛੀਆਂ ਨੂੰ ਪ੍ਰਭਾਵਿਤ ਕੀਤਾ ਹੈ। ਸਤਿਗੁਰੂ ਪੰਚਮ ਪਾਤਿਸ਼ਾਹ ਦੇ ਪਾਵਨ ਬੋਲ ਗੁਰਬਾਣੀ ਵਿਚ ਅਸੀਂ ਪੜ੍ਹਦੇ ਹਾਂ :

ਗਣ ਗੰਧਰਬ ਦੇਵ ਮਾਨੁਖ੍ਯ੍ਯ ਪਸੁ ਪੰਖੀ ਬਿਮੋਹਨਹ॥

ਬਿਮੋਹਨਹ ਦਾ ਅਰਥ ਹੁੰਦਾ ਹੈ ਵਿਸ਼ੇਸ਼ ਕਰਕੇ।

ਸਾਡੇ ਪੁਰਾਤਨ ਹਿੰਦੂ ਧਰਮ ਦੇ ਗ੍ਰੰਥਾਂ ਵਿਚ ਭਮਣਾਂ ਦਾ ਨਾਂ ਲਿਖਿਆ ਹੈ ਉਹ ਵੀ ਮੋਹ ਦੇ ਅਧੀਨ ਹਨ, ਦੇਵਤੇ ਤੇ ਮਨੁੱਖ ਇਹ ਵੀ ਮੋਹ ਦੇ ਅਧੀਨ ਹਨ। ਆਪਾਂ ਪੰਛੀ ਵੇਖਦੇ ਹਾਂ

ਅਕਸਰ। ਇਕ ਚਿੜੀ ਜਿਸ ਬੋਟ ਦਿੱਤਾ, ਉਸਦਾ ਨਿੱਕਾ ਜਿਹਾ ਬੋਟ ਹੈ, ਚਿੜੀ ਚੋਗਾ ਚੁੱਗਦੀ ਹੈ ਤੇ ਆਪਣੀ ਚੁੰਝ ਨਾਲ ਨਿੱਕੇ-ਨਿੱਕੇ ਦਾਣੇ ਚੁਗ ਕੇ, ਭੋਰ ਕੇ, ਆਪਣੇ ਬੋਟ ਬੱਚੇ ਦੇ ਮੂੰਹ ਵਿਚ ਪਾਉਂਦੀ ਹੈ। ਆਪਾਂ ਤਾਂ ਬੱਚੇ ਦੀ ਇਸ ਕਰਕੇ ਪਾਲਣਾ ਕੀਤੀ ਕਿ ਸਾਡੀ ਬੁਢਾਪੇ ਵਿਚ ਸੇਵਾ ਕਰਨਗੇ, ਮਦਦ ਕਰਨਗੇ, ਪਰ ਜਿਹੜੀਆਂ ਚਿੜੀਆਂ ਹਨ ਉਹਦੇ ਬੋਟ ਨੇ, ਕਦੇ ਚਿੜੀ ਵਡੇਰੀ ਉਮਰ ਦੀ ਹੋਣ 'ਤੇ ਉਸਨੂੰ ਥੋੜਾ ਹਸਪਤਾਲ ਵਿਚ ਲੈ ਕੇ ਜਾਏਗਾ ਕਿ ਮੇਰੀ ਮੰਮੀ ਚਿੜੀ ਦੀਆਂ ਅੱਖਾਂ ਬੰਦ ਹੋ ਗਈਆਂ ਹਨ, ਮੈਂ ਐਨਕਾਂ ਲੁਆ ਲਿਆਵਾਂ। ਉਹਨਾਂ ਪੰਛੀਆਂ ਦੇ ਵਿਚ ਵੀ ਮੋਹ ਹੈ।

ਆਪਾਂ ਪਸ਼ੂ ਵੇਖਦੇ ਹਾਂ। ਇਕ ਪਸ਼ੂਆਂ ਦੇ ਰੱਖਣ ਵਾਲਾ ਡੇਰੀ ਦਾ ਮਾਲਕ ਗਊ ਨੂੰ ਚੋਣ ਲੱਗਦਾ ਤਾਂ ਗਊ ਦੁੱਧ ਚੜ੍ਹਾ ਗਈ। ਵੱਛਾ ਅੱਗੇ ਬੰਨ੍ਹਿਆ, ਗਊ ਨੇ ਦੁੱਧ ਲਾਹ ਲਿਆ, ਵੱਛੇ ਦੀ ਕਮਾਈ ਗਾਂ ਨਹੀਂ ਖਾਏਗੀ, ਮੋਹ ਹੈ ਗਾਂ ਦੇ ਅੰਦਰ, ਪਰ ਇਹ ਕਲਪਤ ਕੀਤਾ ਹੈ, ਇਹ ਕੁਝ ਇਸਦਾ ਪ੍ਰਭਾਵ ਇੰਨਾ ਹੈ ਕਿ ਇਸ ਮੋਹ ਨੇ ਵੱਡੇ-ਵੱਡੇ ਬਲੀ ਮਨੁੱਖਾਂ, ਵੱਡੇ-ਵੱਡੇ ਵਿਦਵਾਨਾਂ ਨੂੰ ਵੀ ਆਪਣੇ ਅਧੀਨ ਕੀਤਾ, ਵੱਡੇ-ਵੱਡੇ ਬਲੀ ਮਨੁੱਖਾਂ ਨੂੰ, ਮਾੜੇ ਮੋਟੇ ਦੀ ਗੱਲ ਨਹੀਂ। ਅਸੀਂ ਪੁਰਾਤਨ ਸਮੇਂ ਦਾ ਜ਼ਿਕਰ ਗ੍ਰੰਥਾਂ ਵਿਚ ਪੜ੍ਹਦੇ ਹਾਂ।

ਦਸ਼ਰਥ ਡਿੱਗ ਮਹੱਲਾਂ ਤੋਂ ਕੂਚ ਕੀਤਾ, ਦੂਰ ਅੱਖਾਂ ਤੋਂ ਜਦੋਂ ਸੰਤਾਨ ਹੋਈ।<br>
ਮੋਰਧੁੱਜ ਅੱਥਰੂ ਅੰਤ ਗਿਰ ਗਏ, ਬੋਟੀ ਜਿਗਰ ਦੀ ਜਦੋਂ ਵਿਰਾਨ ਹੋਈ।<br>
ਮਿਰਤੂ ਜਦੋਂ ਅਭਿਮੰਨੂ ਦੀ ਸੁਣੀ ਅਰਜਨ, ਢਿੱਲੀ ਹੱਥਾਂ ਚੋਂ ਤੀਰ ਕਮਾਨ ਹੋਈ।<br>
ਤਾਨ ਸੈਨ ਸੁਣਿਆ ਜਦੋਂ ਪੁੱਤਰ ਮਰਿਆ, ਮੂੰਹ ਬੋਲਣੋ ਬੰਦ ਜ਼ਬਾਨ ਹੋਈ।

ਇਹ ਮੋਹ ਦਾ ਪ੍ਰਭਾਵ ਹੈ। ਜਿਹੜੇ ਮੈਂ ਤਿੰਨਾਂ ਚੋਹਾਂ ਨਾਵਾਂ ਦਾ ਜ਼ਿਕਰ ਕੀਤਾ ਹੈ, ਇਹ ਆਮ ਮਨੁੱਖ ਨਹੀਂ ਸਨ, ਮਹਾਂਪੁਰਸ਼ ਸਨ, ਵਿਸ਼ੇਸ਼ ਸ੍ਰੀ ਰਾਮਚੰਦਰ ਦੇ ਸਤਿਕਾਰਯੋਗ ਪਿਤਾ ਜੀ ਰਾਜਾ ਦਸ਼ਰਥ ਜੀ ਨੇ ਆਪਣੀ ਧਰਮ ਪਤਨੀ ਨਾਲ ਕੀਤੇ ਹੋਏ ਵਾਅਦੇ ਨੂੰ ਪੂਰਾ ਕਰਨ ਵਾਸਤੇ ਆਪਣੇ ਬੇਟੇ ਨੂੰ ਬਨਵਾਸ ਦਿੱਤਾ, ਕੇਵਲ ਵਾਅਦਾ ਕੀਤਾ ਸੀ ਅਤੇ ਉਹ ਸਮਾਂ ਨਿਯਤ ਹੈ, ੧੪ ਸਾਲਾਂ ਦੇ ਬਨਵਾਸ ਤੋਂ ਬਾਅਦ ਸ੍ਰੀ ਰਾਮ ਚੰਦਰ ਮਹਾਰਾਜ ਅਯੁੱਧਿਆ ਆ ਸਕਦੇ ਹਨ। ਸਮੇਤ ਪਤਨੀ ਅਤੇ ਆਪਣੇ ਭਰਾ ਦੇ ਨਾਲ ਬਕਾਇਦਾ ਵਿਚਾਰ ਨਾਲ ਕੰਮ ਕੀਤਾ ਹੈ, ਪਰ ਜਿਸ ਮੌਕੇ ਆਪਣੇ ਪੁੱਤਰਾਂ ਤੇ ਨੂੰਹ ਨੂੰ ਆਪਣੀਆਂ ਅੱਖਾਂ ਤੋਂ ਦੂਰ ਹੁੰਦਿਆਂ ਵੇਖਿਆ ਰਾਜਾ ਦਸ਼ਰਥ ਬਰਦਾਸ਼ਤ ਨਾ ਕਰ ਸਕੇ। ਆਮ ਰਿਵਾਇਤੀ ਤੌਰ 'ਤੇ ਸੁਣਨ ਵਿਚ ਆਉਂਦਾ ਹੈ ਕਿ ਉਹਨਾਂ ਨੇ ਮਹਿਲਾਂ ਤੋਂ ਛਾਲ ਮਾਰੀ, ਲੇਕਿਨ ਜੋ ਪੰਜਾਬੀ ਯੂਨੀਵਰਸਿਟੀ ਨੇ ਰਾਮਾਇਣ ਪ੍ਰਕਾਸ਼ਤ ਕੀਤੀ ਹੈ ਬਾਲਮੀਕੀ ਰਾਮਾਇਣ, ਉਸਦੇ ਵਿਚ ਲਿਖਿਆ ਹੈ ਕਿ ਰਾਜੇ ਦਸ਼ਰਥ ਨੂੰ ਹਾਰਟ ਅਟੈਕ ਹੋਇਆ। ਪਰ ਅਸਲ ਕਾਰਨ ਕੀ ਹੈ, ਪੁੱਤਰ ਦਾ ਵਿਛੋੜਾ, ਨੂੰਹ ਦਾ ਵਿਛੋੜਾ। ਸ੍ਰੀ ਅਰਜਨ ਮਹਾਨ ਬਲੀ ਮੰਨੇ ਗਏ ਹਨ, ਦੁਆਪਰ ਦੇ ਯੁੱਗ ਦੇ ਸ੍ਰੀ ਕ੍ਰਿਸ਼ਨ ਮਹਾਰਾਜ ਦੇ ਨਿਕਟਵਰਤੀ ਸਨ, ਜਿਹਨਾਂ ਦੇ ਪ੍ਰਥਾਏ ਸ੍ਰੀ ਕ੍ਰਿਸ਼ਨ ਮਹਾਰਾਜ ਨੇ ਸ੍ਰੀ

ਮੱਧ ਭਗਵਤ ਗੀਤਾ ਉਚਾਰਣ ਕੀਤੀ, ਮਹਾਨ ਗ੍ਰੰਥ ਉਚਾਰਣ ਕੀਤਾ। ਕ੍ਰਿਸ਼ਨ ਮਹਾਰਾਜ ਦਾ ਉਹ ਸਕਾ ਹੈ, ਉਸਦੇ ਕੰਨਾਂ ਵਿਚ ਆਵਾਜ਼ ਪਈ ਕਿ ਤੇਰਾ ਪੁੱਤਰ ਅਭਿਮੰਨੂੰ ਮਾਰਿਆ ਗਿਆ। ਭਾਵੇਂ ਇਸ ਨੇ ਦਰਸ਼ਨ ਤੇ ਨਹੀਂ ਸਨ ਕੀਤੇ ਆਪਣੇ ਪੁੱਤਰ ਦੇ, ਪਰ ਹੱਥ ਢਿੱਲੇ ਪੈ ਗਏ, ਮਹਾਨ ਬਲੀ ਅਰਜਨ ਦੇ।

ਅਕਬਰ ਦੇ ਦਰਬਾਰ ਵਿਚ ਇਕ ਮਹਾਨ ਗਵੱਈਆ ਹੋਇਆ ਹੈ ਤਾਨਸੈਨ, ਮਹਾਨ ਸੰਗੀਤਕਾਰ ਸੀ। ਉਸਦੀ ਜ਼ਬਾਨ ਵਿਚ ਪ੍ਰਮਾਤਮਾ ਨੇ ਰਸ ਦਿੱਤਾ, ਕਸ਼ਿਸ਼ ਦਿੱਤੀ, ਪਰ ਉਸ ਤਾਨਸੈਨ ਦੇ ਕੰਨਾਂ ਵਿਚ ਜਦ ਆਪਣੇ ਪੁੱਤਰ ਦੀ ਮੌਤ ਦੀ ਆਵਾਜ਼ ਪਈ, ਉਸਦਾ ਸੰਗੀਤ ਰੁਕ ਗਿਆ, ਉਸਦੇ ਕੋਲੋਂ ਬੋਲਿਆ ਨਹੀਂ ਗਿਆ। ਮੋਰਧੁਜ ਨਾਮ ਦਾ ਇਕ ਬਲੀ ਰਾਜਾ ਪੁੱਤਰ ਦੀ ਮੌਤ ਨੂੰ ਬਰਦਾਸ਼ਤ ਨਾ ਕਰ ਸਕਿਆ।

ਇਹ ਤਾਂ ਗੁਰਮੁਖੋ, ਗੁਰੂ ਨਾਨਕ ਪਾਤਿਸ਼ਾਹ ਜੀ ਹਨ, ਜਿਹੜੇ ਆਪਣੇ ਪੁੱਤਰ ਬਾਬਾ ਲਕਸ਼ਮੀ ਚੰਦ, ਬਾਬਾ ਸ੍ਰੀ ਚੰਦ ਨੂੰ ਛੱਡ ਕੇ ਸੰਸਾਰ ਦੇ ਪੁੱਤਰਾਂ ਨੂੰ ਤਾਰਨ ਲਈ ਤੁਰ ਪਏ। ਆਪਾਂ ਗੁਰਮੁਖੋ ਭਾਵੇਂ ਪੁੱਤਰਾਂ ਤੇ ਪੋਤਰਿਆਂ ਦੇ ਸੁੱਖ ਨੂੰ ਵੇਖੀਏ ਜਾਂ ਨਾ ਵੇਖੀਏ, ਪਰਮਾਤਮਾ ਜਾਣਦਾ ਹੈ, ਪਰ ਆਪਾਂ ਜ਼ਿੰਦਗੀ ਪ੍ਰਯੰਤ ਆਪਣੇ ਬੱਚਿਆਂ ਦੀ ਸਹੂਲਤ ਲਈ ਬੜੇ ਪਾਪੜ ਵੇਲਦੇ ਹਾਂ। ਮੈਂ ਕੱਲ੍ਹ ਜ਼ਿਕਰ ਕੀਤਾ ਸੀ ਕਿ ਭਰਾ ਸਭ ਤੋਂ ਲਾਗੇ ਦਾ ਸੰਬੰਧ ਹੈ, ਜਦੋਂ ਸਾਡੇ ਪੁੱਤਰ ਤੇ ਸਾਡੇ ਭਰਾ ਦਰਮਿਆਨ ਟੱਕਰ ਹੋਵੇ, ਆਪਾਂ ਪੁੱਤਰ ਦਾ ਸਾਥ ਦੇਂਦੇ ਹਾਂ, ਭਰਾ ਦਾ ਨਹੀਂ। ਉਥੇ ਪੁੱਤਰ ਨੂੰ ਪਹਿਲ ਹੈ, ਭਰਾ ਨੂੰ ਨਹੀਂ, ਪਰ ਗੁਰੂ ਨਾਨਕ ਪਾਤਿਸ਼ਾਹ ਮਹਾਰਾਜ ਆਪਣੀ ਭੈਣ ਬੇਬੇ ਨਾਨਕੀ ਨੂੰ ਕਹਿੰਦੇ ਹਨ ਕਿ ਬੇਬੇ ਨਾਨਕੀ ਜੀ ਤੁਸੀਂ ਸ੍ਰੀ ਚੰਦ ਤੇ ਲਕਸ਼ਮੀ ਚੰਦ ਨੂੰ ਸੰਭਾਲੋ, ਮੈਂ ਕਰਤਾਰ ਦੇ ਪੁੱਤਰਾਂ ਨੂੰ ਸੰਭਾਲਣਾ ਹੈ, ਜੋ ਕਰਤਾਰ ਨਾਲੋਂ ਟੁੱਟੇ ਹੋਏ ਹਨ।
''ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ॥''

ਬਾਬੇ ਨੇ ਧਿਆਨ ਲਗਾ ਕੇ ਦੇਖਿਆ ਕਿ ਵਿਕਾਰਾਂ ਦੀ ਅੱਗ ਲੱਗੀ ਹੋਈ ਹੈ ਤੇ ਫੇਰ ਕੀ ਹੋਇਆ। ''ਚੜ੍ਹਿਆ ਸੋਧਣ ਧਰਤਿ ਲੁਕਾਈ॥''

ਇਹ ਗੁਰੂ ਗੋਬਿੰਦ ਸਿੰਘ ਮਹਾਰਾਜ ਹਨ ਜਿਹੜੇ ਪੁੱਤਰਾਂ ਨੂੰ ਸ਼ਹੀਦ ਕਰਾ ਕੇ ਚਮਕੌਰ ਦੀ ਗੜ੍ਹੀ ਵਿਚੋਂ ਨਿਕਲੇ ਸਨ ਤੇ ਫੇਰ ਵੀ ਕਹਿੰਦੇ ਹਨ, ''ਯਾਰੜੇ ਦਾ ਸਾਨੂੰ ਸਥਰੁ ਚੰਗਾ ਭਠ ਖੇੜਿਆਂ ਦਾ ਰਹਿਣਾ॥''

ਬੜਾ ਔਖਾ ਹੈ ਗੁਰਮੁਖੋ ਇਹ ਕਹਿਣਾ, ਇਹ ਮੰਨਿਆ ਹੈ ਅਤੇ ਇਸੇ ਪ੍ਰਕਾਰ ਜਿਹੜਾ ਸੰਸਾਰ ਹੈ, ਇਹ ਇਕ ਅੱਗ ਤੇ ਚਿੰਤਾਵਾਂ ਦਾ ਸਮੁੰਦਰ ਹੈ, ਦੁਨੀਆਂ ਦਾ ਐਸਾ ਕੋਈ ਮਨੁੱਖ ਨਹੀਂ, ਜਿਹੜਾ ਕਿ ਬਿਲਕੁਲ ਸ਼ਾਂਤ ਹੋਵੇ। ਅਮਰੀਕਾ ਵਿਚ ਇਕ ਬਹੁਤ ਮਸ਼ਹੂਰ ਅਮੀਰ ਆਦਮੀ ਮੰਨਿਆ ਗਿਆ ਹੈ, ਉਹਦਾ ਜ਼ਿਕਰ ਆਉਂਦਾ ਹੈ, ਉਹਦਾ ਨਾਂ ਸੀ ਕਾਰਨੇਗੀ। ਪਹਿਲਾਂ ਮਾਮੂਲੀ ਬੰਦਾ ਸੀ, ਉਸਨੂੰ ਕੁਦਰਤ ਨੇ ਸਾਥ ਦਿੱਤਾ। ਕਹਿੰਦੇ ਹਨ ਕਿ ਜਿਸ ਮੌਕੇ

'ਤੇ ਉਹ ਮਰਨ ਲੱਗਾ, ਉਸਦੇ ਕੋਲ 10 ਅਰਬ ਡਾਲਰ ਸਨ ਅਮਰੀਕੀ। ਉਹਦੇ ਸਕੱਤਰ ਨੇ ਉਸ ਨੂੰ ਆਖਿਆ, "ਕਾਰਨੇਗੀ ਸਾਹਿਬ ! ਤੁਹਾਡੇ ਕੋਲ ਇੰਨੀ ਦੌਲਤ ਹੈ, ਤੁਸੀਂ ਦੁਨੀਆਂ ਦੇ ਅਮੀਰ ਮਨੁੱਖ ਹੋ, ਤੁਹਾਡਾ ਮਨ ਸ਼ਾਂਤ ਹੈ, ਤੁਸੀਂ ਤੇ ਬਹੁਤ ਖੁਸ਼ ਜਾ ਰਹੇ ਹੋ ਦੁਨੀਆਂ ਤੋਂ।" ਤਾਂ ਉਹ ਕਾਰਨੇਗੀ ਕਹਿਣ ਲੱਗਾ, "ਮਿੱਤਰਾ ਮੈਨੂੰ ਪੁੱਛ ਨਾ, ਮੈਂ ਬੜਾ ਦੁਖੀ ਹਾਂ।" ਉਸ ਦਾ ਸਕੱਤਰ ਕਹਿਣ ਲੱਗਾ ਕਿ ਤੂੰ ਦੁਨੀਆਂ ਦਾ ਸਭ ਤੋਂ ਅਮੀਰ ਮਨੁੱਖ ਹੈਂ ਤੇ ਤੈਨੂੰ ਦੁੱਖ ? ਕਹਿਣ ਲੱਗਾ, "ਮੇਰੇ ਕੋਲ 10 ਅਰਬ ਡਾਲਰ ਹਨ, ਮੇਰਾ 100 ਅਰਬ ਡਾਲਰ ਇਕੱਠਿਆਂ ਕਰਨ ਦਾ ਇਰਾਦਾ ਸੀ, ਪਰ ਅਜੇ 90 ਬਾਕੀ ਰਹਿ ਗਏ ਹਨ।" ਉਹ ਵੀ ਦੁਖੀ।

ਭਾਈਓ ਤਾਂ ਹੀ ਬਾਬਾ ਫ਼ਰੀਦ ਜੀ ਕਹਿੰਦੇ ਹਨ ਕਿ ਮੈਂ ਸਰੀਰ ਤੋਂ ਉਪਰ ਉੱਠ ਕੇ ਦੇਖਿਆ ਤਾਂ ਥਾਂ-ਥਾਂ 'ਤੇ ਅੱਗ ਲੱਗੀ ਹੋਈ ਹੈ। ਇਹ ਬਾਬੇ ਫ਼ਰੀਦ ਦੇ ਪਾਵਨ ਵਿਚਾਰ ਹਨ :

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥

(ਪੰਨਾ ੧੩੮੨)

ਮੈਂ ਇਹ ਸਮਝਦਾ ਸਾਂ ਕਿ ਮੈਂ ਪ੍ਰੇਸ਼ਾਨ ਹਾਂ, ਮੈਂ ਦੁਖੀ ਹਾਂ, ਪਰ ਸਰੀਰ ਤੋਂ ਉਪਰ ਉੱਠ ਕੇ ਦੇਖਿਆ ਤਾਂ ਘਰ-ਘਰ ਇਹੋ ਅੱਗ ਲੱਗੀ ਹੋਈ ਹੈ, ਸਾਰਾ ਸੰਸਾਰ ਹੀ ਦੁਖੀ ਹੈ, ਤਾਂ ਹੀ ਤਾਂ ਮੇਰੇ ਪਾਤਿਸ਼ਾਹ ਕਹਿੰਦੇ ਹਨ ਕਿ ਇਹ ਸੰਸਾਰ ਅੱਗ ਤੇ ਚਿੰਤਾਵਾਂ ਦਾ ਸਮੁੰਦਰ ਹੈ। ਮਾਫ਼ ਕਰਨਾ, ਇਹ ਵੱਖ-ਵੱਖ ਕਿਸਮਾਂ ਦੇ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੇ ਪਾਵਨ ਬੋਲ ਹਨ। ਹੰਸ ਹੇਤ ਚਾਰ ਤਰ੍ਹਾਂ ਦੀਆਂ ਅੱਗਾਂ ਦਾ ਜ਼ਿਕਰ ਹੈ, ਵੈਸੇ ਅੱਗ ਦੀ ਜੇ ਮੈਂ ਵਿਆਖਿਆ ਕਰਾਂ, ਬੜੀ ਲੰਬੀ ਚੌੜੀ ਹੈ। ਇਕ ਸਾਡੇ ਅੰਦਰ ਅੱਗ ਹੈ, ਇਕ ਸਮੁੰਦਰ ਦੇ ਅੰਦਰ ਅੱਗ ਹੈ, ਜੰਗਲ ਦੇ ਅੰਦਰ ਅੱਗ ਹੈ, ਇਕ ਪ੍ਰਤੱਖ ਅੱਗ ਹੈ।

ਸਾਡੀ ਮਾਂ, ਜਿਸ ਮਾਂ ਦੀ ਕੁੱਖ ਤੋਂ ਸਾਡਾ ਜਨਮ ਹੋਇਆ, ਉਸਨੇ ਮਣਾਂ-ਮੂੰਹੀਂ ਅੰਨ ਖਾਧਾ, ਪਰ ਉਸ ਮਾਂ ਦੇ ਸਰੀਰ ਵਿਚ ਇਕ ਪਾਣੀ ਦੀ ਬੂੰਦ ਤੋਂ ਸਾਡਾ ਮੁੱਢ ਬੱਝਾ, ਮਾਂ ਦੀ ਰਕਤ ਪਿਤਾ ਬਿੰਦ ਭਾਰਾ, ਸਾਡੀ ਪਿਤਾ ਦੀ ਇਕ ਬਿੰਦ ਸੀ ਪਾਣੀ ਦੀ। ਉਹਦੇ ਤੋਂ ਸਾਡੇ ਸਰੀਰ ਦੀ ਬਣਤਰ ਆਰੰਭ ਹੋਈ, ਸਾਡੀ ਮਾਂ ਨੇ ਬੜਾ ਕੁਝ ਖਾਧਾ, ਬੜੇ ਪਕਵਾਨ ਖਾਧੇ, ਪਰ ਜੋ ਵੀ ਉਹ ਖਾਂਦੀ ਹੈ ਤਿੰਨਾਂ ਘੰਟਿਆਂ ਤੋਂ ਬਾਅਦ ਸੁਆਹ ਹੋ ਜਾਂਦਾ ਹੈ, ਖਤਮ ਹੋ ਜਾਂਦਾ ਹੈ। ਕਾਰਨ ਸਾਡੀ ਮਾਂ ਦੇ ਸਰੀਰ ਵਿਚ ਪਰਮਾਤਮਾ ਨੇ ਇਕ ਅੱਗ ਪੈਦਾ ਕੀਤੀ ਹੈ। ਉਸਨੂੰ ਕਹਿੰਦੇ ਹਨ ਜਠਰਾਗਨ ਅਗਨੀ। ੪੦ ਸਾਲ ਦੀ ਉਮਰ ਤੋਂ ਬਾਅਦ ਬੰਦੇ ਦੇ ਅੰਦਰੋਂ ਜਠਰਾਗਨ ਅਗਨੀ ਘਟਣੀ ਸ਼ੁਰੂ ਹੁੰਦੀ ਹੈ, ਬੁਢਾਪੇ ਵਿਚ ਹਕੀਮ ਤੇ ਵੈਦ ਬਜ਼ੁਰਗਾਂ ਨੂੰ ਗਰਮ ਦਵਾਈ ਦੇਂਦੇ ਹਨ, ਪਹਿਲਾਂ ਨਹੀਂ। ਗਭਰੂ ਨੂੰ ਕਹਿੰਦੇ ਹਨ ਕਿ ਇਹ ਦਵਾਈ ਤੇਰੇ ਲਈ ਠੀਕ ਨਹੀਂ, ਤੇਰੇ ਅੰਦਰ ਪਹਿਲਾਂ ਬੜੀ ਅੱਗ ਹੈ। ਸਾਡੀ ਮਾਂ ਦੇ ਅੰਦਰ ਜਠਰਾਗਨ ਅਗਨੀ ਹੋਣ ਦੇ ਬਾਵਜੂਦ ਮਾਂ ਨੇ ਜੋ ਕੁਝ ਖਾਧਾ, ਉਹ ਸੁਆਹ ਹੋ ਗਿਆ, ਪਰ ਜਿਹੜੀ ਪਾਣੀ ਦੀ

ਬੂੰਦ ਤੋਂ ਸਾਡੇ ਸਰੀਰ ਦਾ ਮੁੱਢ ਬੱਝਾ ਸੀ, ਪਰਮਾਤਮਾ ਨੇ ਉਹ ਸੜਨ ਨਹੀਂ ਦਿੱਤਾ, ਉਸਨੂੰ ਬਰਕਰਾਰ ਰਖਿਆ, ਕਾਇਮ ਰਖਿਆ। ਇਉਂ ਪਰਮਾਤਮਾ ਦੀ ਇਹ ਇਕ ਕਲਾ ਹੈ।

ਮੈਂ ਅੱਗ ਦਾ ਜ਼ਿਕਰ ਕਰਨ ਲੱਗਾ ਸਾਂ, ਕਿਉਂਕਿ ਪੰਗਤੀ ਪੜ੍ਹੀ ਗੁਰਮੁਖਾਂ ਨੇ :

ਮਿਥਨ ਮੋਹ ਅਗਨਿ ਸੋਕ ਸਾਗਰ॥

ਅੱਗਾਂ ਕਿਹੜੀਆਂ ਨੇ 'ਹੰਸ ਹੇਤ' ਇਹ ਸਾਡੇ ਸਾਰਿਆਂ ਅੰਦਰ ਗੁਰਮੁਖੋ ਅੱਗ ਦੀਆਂ ਚਾਰ ਨਦੀਆਂ ਚਲਦੀਆਂ ਹਨ। ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਸਾਡੇ ਮਾਲਕ ਕਹਿੰਦੇ ਹਨ, 'ਪਵਹਿ ਦਝਹਿ ਨਾਨਕ ਤਰੀਐ ਚਰਨ ਲਗ। ਹੰਸ ਦਾ ਅਰਥ ਹੁੰਦਾ ਹੰਕਾਰ ਦੀ ਅਗਨੀ, ਹੰਕਾਰ ਦੀ ਨਦੀ, ਹੇਤ ਦਾ ਅਰਥ ਹੈ ਕਿਸੇ ਨਾਲ ਮੋਹ ਹੋ ਜਾਣਾ, ਕਿਸੇ ਪ੍ਰਤੀ ਪਕੜ ਹੋ ਜਾਣੀ, ਇਹ ਵੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਭਾਸ਼ਾ ਵਿਚ ਇਹ ਗੁਰਮੁਖੋ ਅੱਗ ਦੀ ਨਦੀ ਹੈ, ਕਿਸੇ ਨਾਲ ਪਿਆਰ ਹੋ ਜਾਣਾ, ਲੋਭ – ਇਹ ਵੀ ਇਕ ਅੱਗ ਦੀ ਨਦੀ ਹੈ, ਕੋਪ – ਇਹ ਵੀ ਇਕ ਅੱਗ ਦੀ ਨਦੀ ਹੈ, ਜਿਵੇਂ ਪੰਜਾਂ ਦਰਿਆਵਾਂ ਦੇ ਮੁਲਕ ਨੂੰ ਕਹਿੰਦੇ ਸਨ – ਪੰਜਾਬ, ਇਸੇ ਤਰ੍ਹਾਂ ਜਿਸ ਸਰੀਰ ਦੇ ਵਿਚ ਚਾਰ ਅੱਗ ਦੀਆਂ ਨਦੀਆਂ ਵਗਦੀਆਂ ਹਨ, ਉਸਨੂੰ ਕਹਿੰਦੇ ਨੇ ਬੰਦਾ, ਉਸਨੂੰ ਕਹਿੰਦੇ ਨੇ ਮਨੁੱਖ। 'ਹੰਸੁ ਹੇਤੁ ਲੋਭੁ ਕੋਪੁ' ਚਾਰੇ ਨਦੀਆਂ ਤੇ ਅੱਗ ਪਵਹਿ ਦਝਹਿ ਨਾਨਕਾ। ਆਪਾਂ ਉਹਨਾਂ ਅੱਗ ਦੀਆਂ ਨਦੀਆਂ ਵਿਚ ਪੈ ਕੇ ਸੜਦੇ ਜਾਂਦੇ ਹਾਂ, ਇਸ ਕਰਕੇ ਗੁਰੂ ਪੰਚਮ ਪਾਤਿਸ਼ਾਹ ਕਹਿੰਦੇ ਹਨ, ਇਹਨਾਂ ਅੱਗ ਦੀਆਂ ਨਦੀਆਂ ਦੇ ਵਿਚੋਂ ਨਿਕਲਣ ਲਈ, ਬਚਣ ਲਈ ਅਰਦਾਸ ਕਰ। ਅੱਗੇ ਹਜ਼ੂਰ ਕ੍ਰਿਪਾ ਕਰਦੇ ਹਨ :

ਕਰਿ ਕਿਰਪਾ ਉਧਰੁ ਹਰਿ ਨਾਗਰ॥੧॥

ਹੇ ਹਰੀ ਪ੍ਰਮਾਤਮਾ, ਦੁੱਖਾਂ ਦੇ ਹਾਰਕ ਮੇਰੇ ਗ਼ਰੀਬ 'ਤੇ ਕਿਰਪਾ ਕਰ। ਆਪਣੇ 'ਤੇ ਗੁਰਮੁਖੋ ਪ੍ਰਮਾਤਮਾ ਨੇ ਕ੍ਰਿਪਾ ਤਾਂ ਕੀਤੀ ਹੈ, ਪਰ ਆਪਾਂ ਕਿਰਪਾ ਨੂੰ ਕਿਰਪਾ ਕਰਕੇ ਮੰਨਦੇ ਨਹੀਂ। ਸਾਡਾ ਦੁਖਾਂਤ ਹੈ, ਸਾਡੀ ਬਦਕਿਸਮਤੀ ਹੈ, ਚੁਰਾਸੀ ਲੱਖ ਜੂਨ ਹੈ ਤੇ ਚੁਰਾਸੀ ਲੱਖ ਜੂਨ ਵਿਚ ਇਕ ਮਨੁੱਖ ਜਾਮਾ ਹੈ, ਜਿਸ ਮਨੁੱਖ ਜਾਮੇ ਵਿਚ ਇਹ ਪ੍ਰਮਾਤਮਾ ਨੂੰ ਚੇਤੇ ਕਰਕੇ, ਇਹ ਆਪਣੇ ਆਪ ਨੂੰ ਸਫਲਾ ਕਰਕੇ ਪ੍ਰਮਾਤਮਾ ਦਾ ਰੂਪ ਹੋ ਸਕਦਾ ਹੈ। ਮਨੁੱਖ ਜਾਮਾ ਮਹਾਨ ਹੈ, ਸਾਰਿਆਂ ਤੋਂ ਸ਼੍ਰੋਮਣੀ ਹੈ। ਭਗਤਾਂ ਦਾ ਇਕ ਸ਼ਬਦ ਆਉਂਦਾ ਹੈ ਸ਼ਾਇਦ ਬਾਬਾ ਕਬੀਰ ਦਾ, ਆਪਾਂ ਜਿਵੇਂ ਕਹਿੰਦੇ ਹਾਂ ਕਿ ਬੜਾ ਟਾਇਮ ਹੈ, ਕੋਈ ਨਹੀਂ ਨਾਮ ਜਪ ਲਵਾਂਗੇ। ਬਾਬਾ ਕਬੀਰ ਕਹਿੰਦੇ ਹਨ, ਹੇ ਗੁਰਮੁਖਾ ! ਹੋਰ ਤਾਂ ਕੰਮ ਮੁਲਤਵੀ ਹੋ ਸਕਦੇ ਹਨ, ਪਰ ਜਿਹੜਾ ਭਜਨ ਦਾ ਟਾਇਮ ਹੈ, ਇਹਨੂੰ ਗੁਰਮੁਖਾ ! ਟਾਲਿਆ ਨਾ ਕਰ, ਹੋਰ ਇਹਨੂੰ ਅੱਗੇ ਨਾ ਕਰਿਆ ਕਰ, ਪਤਾ ਨਹੀਂ ਜਿਹੜੇ ਸਮੇਂ ਨੂੰ ਤੂੰ ਕਾਬੂ ਕਰਨਾ ਚਾਹੁੰਦਾ ਹੈ, ਉਹ ਸਮਾਂ ਤੇਰੇ ਹੱਥ ਰਵੇ ਕਿ ਨਾ ਰਵੇ, ਉਹ ਤੇ ਭਗਤਾਂ ਦਾ ਪਾਵਨ ਸ਼ਬਦ ਹੈ, ਬਾਬਾ ਕਬੀਰ ਦਾ। ਉਹ ਕਹਿੰਦੇ ਹਨ, "ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥ ਉਠਤ ਬੈਠਤ ਠੇਗਾ

ਪਰਿਹੈ ਤਬ ਕਤ ਮੂਡ ਲੁਕਈਹੈ॥ ੧ ॥'' ਓ ਭੋਲਿਆ, ਉਹ ਕਮਲਿਆ, ਚਾਰ ਪੈਰ ਹੋਣਗੇ, ਪਸ਼ੂ ਜਾਮਾ ਮਿਲ ਜਾਏਗਾ ਤੇਰੇ ਸਿਰ 'ਤੇ ਦੋ ਸਿੰਗ ਹੋਣਗੇ, ਜ਼ਬਾਨੋ ਗੁੰਗਾ ਹੋ ਜਾਏਂਗਾ, ਉਦੋਂ ਤੇਰੇ ਕੋਲੋਂ ਵਾਹਿਗੁਰੂ ਬੋਲਿਆ ਨਹੀਂ ਜਾਣਾ, ਉਦੋਂ ਤੂੰ ਰਾਮ ਦਾ ਨਾਮ ਕਹਿ ਨਹੀਂ ਸਕਣਾ।

"ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥ ਊਠਤ ਬੈਠਤ ਠੇਗਾ ਪਰਿ ਹੈ ਤਬ ਕਤ ਮੂਡ ਲੁਕਈਹੈ॥'' ਤੇਰਾ ਮਾਲਕ ਜ਼ਿਮੀਦਾਰ ਜਦੋਂ ਵੀ ਤੇਰੇ ਕੋਲੋਂ ਦੀ ਲੰਘੇਗਾ, ਤੈਨੂੰ ਪੈਰ ਦੇ ਠੁੱਡੇ ਨਾਲ ਉਠਾਏਗਾ। ਕਦੇ ਹੱਲ ਅੱਗੇ ਜੋਤੇਗਾ ਅਤੇ ਪੱਠੇ ਪਾਉਣ ਲੱਗਿਆਂ ਵੀ ਤੈਨੂੰ ਠੁੱਡੇ ਮਾਰੇਗਾ।

ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ॥ ੧॥ ਰਹਾਉ॥

(ਪੰਨਾ ੫੨੪)

ਹੁਣ ਤਾਂ ਤੂੰ ਵੰਨ-ਸੁਵੰਨੇ ਪਕਵਾਨ ਪ੍ਰਮਾਤਮਾ ਦੇ ਖਾ ਕੇ ਵੀ ਧੰਨਵਾਦ ਨਹੀਂ ਕਰਦਾ। ਤੇਰੀ ਨੱਕ ਵਿਚ ਨੱਥ ਪਾਏਗਾ ਅਤੇ ਜਦੋਂ ਬਲਦ ਬੁੱਢਾ ਹੋ ਜਾਵੇ, ਜ਼ਿਮੀਦਾਰ ਉਸ ਬਜ਼ੁਰਗ ਬੁੱਢੇ ਬਲਦ ਨੂੰ ਜਦੋਂ ਉਠਾਣ ਲੱਗਦੇ, ਉਹਦੇ ਕੋਲੋਂ ਉਠਿਆ ਨਹੀ ਜਾਂਦਾ, ਉਹ ਉਸਨੂੰ ਨੱਕ ਤੋਂ ਫੜ ਕੇ ਖਿੱਚਦਾ ਹੈ ਤੇ ਉਸਦਾ ਨੱਕ ਟੁੱਟ ਜਾਂਦਾ ਹੈ, ਬਲਦ ਦਾ ਫਾਟੇ ਨਾਕਨ ਟੂਟੇ ਕਾਧਨ ਤੇ ਗਲੇ ਦੇ ਉਪਰ ਪੰਜਾਲੀ ਪਾਉਣ ਨਾਲ ਜੋ ਕੂਲਾ ਪੈ ਗਿਆ, ਕਾਵਾਂ ਨੇ ਠੂੰਗੇ ਮਾਰ-ਮਾਰ ਕੇ ਗਲੇ ਧੌਣ 'ਤੇ ਜ਼ਖ਼ਮ ਕਰ ਦਿੱਤਾ, ਇਹ ਭਗਤਾਂ ਦਾ ਫੁਰਮਾਣ ਹੈ ਬਾਣੀ ਵਿਚ, ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ॥੧॥ ਸੁੱਕੀ ਪਰਾਲੀ ਪਾ ਕੇ ਤੇਰਾ ਗੁਜ਼ਾਰਾ ਚਲਾਉਣਗੇ। ਹੁਣ ਤੈਨੂੰ ਛੱਤੀ ਪ੍ਰਕਾਰ ਦੇ ਭੋਜਨ ਪ੍ਰਮਾਤਮਾ ਦੇਂਦਾ ਹੈ, ਉਸਦਾ ਤੂੰ ਧੰਨਵਾਦ ਵੀ ਨਹੀਂ ਕਰਦਾ। 'ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥' (ਸੁਖਮਨੀ) ਜਿਸ ਪਰਮਾਤਮਾ ਦੀ ਬਖ਼ਸ਼ਿਸ਼ ਨਾਲ ਤੂੰ ਛੱਤੀ ਪ੍ਰਕਾਰ ਦੇ ਭੋਜਨ ਖਾਂਦਾ ਹੈਂ, ਉਸ ਪਰਮਾਤਮਾ ਨੂੰ ਆਪਣੇ ਚਿਤ ਵਿਚ ਵੀ ਵਸਾਇਆ ਕਰ। 'ਕਰਿ ਕਿਰਪਾ ਉਧਰ ਹਰਿ ਨਾਗਰ॥' ਹੇ ਪਰੀਪੂਰਨ ਪਰਮਾਤਮਾ! ਮੇਰੇ 'ਤੇ ਮਿਹਰ ਕਰ, ਮੇਰੇ 'ਤੇ ਦਇਆ ਕਰ, ਮੇਰੇ 'ਤੇ ਰਹਿਮਤ ਕਰ, ਇਹ ਸੰਸਾਰ ਜਿਹੜਾ ਚਾਰ ਨਦੀਆਂ ਦਾ ਘਰ ਹੈ, ਮੈਂ ਇਹਦੇ ਤੋਂ ਪਾਰ ਹੋ ਜਾਵਾਂ, ਮੈਂ ਇਹਦੇ ਤੋ ਲੰਘ ਜਾਵਾਂ, ਇਹ ਮੇਰੇ 'ਤੇ ਮਿਹਰ ਕਰ, ਇਹ ਮੇਰੇ 'ਤੇ ਬਖ਼ਸ਼ਿਸ਼ ਕਰ।

ਚਰਣ ਕਮਲ ਸਰਣਾਇ ਨਰਾਇਣ॥੩

ਇਹ ਚਾਰ ਜਿਹੜੀਆਂ ਅੱਗ ਦੀਆਂ ਨਦੀਆਂ ਹਨ, ਜਿਨ੍ਹਾਂ ਵਿਚ ਇਹ ਸ਼ੁਹਰਤ ਤੇ ਮੋਹ ਦਾ ਜੋ ਸਮੁੰਦਰ ਹੈ, ਕਿਸ ਤਰ੍ਹਾਂ ਦਾ ਹੈ ? ਗੁਰੂ ਪੰਚਮ ਪਾਤਿਸ਼ਾਹ ਫਰਮਾਉਂਦੇ ਹਨ, ਗੁਰਮੁਖਾ, ਜਿਹੜਾ ਨਰਾਂ ਦਾ ਆਸਰਾ ਪ੍ਰਮਾਤਮਾ 'ਨਰਾਇਣ ਦਰ' ਸੁਣਨਾ ਨਰਾਂ ਦਾ ਆਸਰਾ ਇਹਦੇ ਕਈ ਅਰਥ ਕੀਤੇ ਨੇ ਮਹਾਂਪੁਰਸ਼ਾਂ ਨੇ। ਇਹਦਾ ਤਾਂ ਇਕ ਅਰਥ ਇਹ ਹੈ ਕਿ ਨਰਾਂ ਦਾ ਆਸਰਾ, ਦੂਸਰਾ ਅਰਥ ਹੈ ਨਰਾਇਣ। ਰਾਇਣ ਕਹਿੰਦੇ ਹਨ ਰਾਤ ਨੂੰ, ਰਾਇਣ ਦਾ ਅਰਥ ਹੁੰਦਾ ਹੈ ਰਾਤ, ਆਪਾਂ ਪੜ੍ਹਦੇ ਹਾਂ ਦਿਨਸ ਰੈਣ। ਬਾਣੀ ਵਿਚ ਬਹੁਤ ਵਾਰੀ ਆਉਂਦਾ

ਹੈ ਜਿਹੜਾ ਪ੍ਰਮਾਤਮਾ ਹੈ, ਉਹਦੇ ਵਿਚ ਗੁਰਮੁਖੋ ਅਵਿਦਿਆ ਦਾ ਹਨੇਰਾ ਨਹੀਂ, ਉਹ ਚਾਨਣ ਰੂਪ ਪਰਮਾਤਮਾ ਹੈ। ਪਰਮਾਤਮਾ ਹੈ ਹੀ ਨੂਰ। ਹੇ ਸੰਸਾਰ ਨੂੰ ਨੂਰ ਦੇਣ ਵਾਲੇ, ਹੇ ਨੂਰ ਰੂਪ ਪਰਮਾਤਮਾ, ਮੇਰੇ 'ਤੇ ਮੇਹਰ ਕਰ। ਉਸ ਅਵਿੱਦਿਆ ਕਾਲਖ ਤੋਂ ਰਹਿਤ ਪਰਮਾਤਮਾ ਦੇ ਚਰਨ ਕਮਲਾਂ ਨਾਲ ਜੁੜਨਾ ਕਰ। ਉਸਦੇ ਵਿਚ ਤੇ ਬਾਕੀ ਦੇ ਮਨੁੱਖਾਂ ਵਿਚ ਕੀ ਫਰਕ ਹੈ ? ਕ੍ਰਿਪਾ ਕਰਕੇ ਨਿਰਣਾ ਕਰਦੇ ਹਨ।

ਦੀਨਾ ਨਾਥ ਭਗਤ ਪਰਾਇਣ ॥੧॥ ਰਹਾਉ ॥

ਦੀਨ ਦਾ ਅਰਥ ਹੁੰਦਾ ਹੈ ਨਿਮਾਣਾ, ਗ਼ਰੀਬ, ਜਿਹਦਾ ਕੋਈ ਨਾ ਹੋਵੇ। ਦੀਨ ਸ਼ਬਦ ਜਿਹੜਾ ਬਾਣੀ ਵਿਚ ਆਉਂਦਾ ਹੈ। ਦੋ ਵੇਰਾਂ। ਇਸ ਨੂੰ ਦੋ ਰੂਪਾਂ ਵਿਚ ਅਸੀਂ ਲੈਂਦੇ ਹਾਂ ਅਰਥ ਕਰਨ ਲੱਗਿਆਂ ਦੀਨ ਦਾ ਅਰਥ ਧਰਮ ਵੀ ਹੈ, ਜਦੋਂ ਅਸੀਂ ਅਰਬੀ ਫ਼ਾਰਸੀ ਵਿਚ ਅਰਥ ਕਰਦੇ ਹਾਂ ਤਾਂ ਉਦੋਂ ਅਰਥ ਬਣਦਾ ਹੈ ਧਰਮ। ਦੀਨ ਦਾ ਅਰਥ ਧਰਮ ਉਥੇ ਇਹ ਨਹੀਂ, ਲੇਕਿਨ ਜਦੋਂ ਅਸੀਂ ਭਾਰਤੀ ਪੰਗਤੀ ਜਾਂ ਸੰਸਕ੍ਰਿਤ ਮੁਤਾਬਿਕ ਇਹਦਾ ਅਰਥ ਕਰਦੇ ਹਾਂ ਤਾਂ ਦੀਨ ਦਾ ਅਰਥ ਹੁੰਦਾ ਹੈ ਗਰੀਬ, ਨਿਮਾਣਾ। ਜਿਹੜੇ ਨਿਮਾਣੇ ਨੇ, ਜਿਹੜੇ ਗਰੀਬ ਨੇ, ਜਿਨ੍ਹਾਂ ਦਾ ਕੋਈ ਮਾਲਕ ਨਹੀਂ ਉਨ੍ਹਾਂ ਦਾ ਮਾਲਕ ਪ੍ਰਮਾਤਮਾ ਨੂੰ ਕਹਿੰਦੇ ਹਾਂ। ਦੀਨਾ ਨਾਥ ਜਿਨ੍ਹਾਂ ਦਾ ਕੋਈ ਨਹੀਂ, ਉਹਨਾਂ ਦਾ ਭਗਵਾਨ ਹੈ। ਭਗਵਾਨ ਵਿਚ ਇਹ ਗੁਣ ਹੋਣ ਕਰਕੇ ਉਸ ਪ੍ਰਮਾਤਮਾ ਦਾ ਨਾਮ ਬਣਿਆ ਹੈ ਦੀਨਾ ਨਾਥ। ਉਹ ਵੈਸੇ ਕਾਬੂ ਨਹੀਂ ਆਉਂਦਾ, ਪਰ ਸਾਡੇ ਧਰਮ ਗ੍ਰੰਥ ਕਹਿੰਦੇ ਹਨ, ਜਿਹੜੇ ਭਗਤ ਹਨ, ਉਹ ਪਰਮਾਤਮਾ ਨੂੰ ਕਾਬੂ ਕਰ ਲੈਂਦੇ ਹਨ, ਭਗਤ ਪਰਾਇਣ ਪਰਮਾਤਮਾ ਭਗਤਾਂ ਦੇ ਵੱਸ ਹੈ।

ਤੂੰ ਭਗਤਾ ਕੈ ਵਸਿ ਭਗਤਾ ਤਾਨ ਤੇਰਾ ॥ (ਪੰਨਾ ੯੬੨)

ਹੇ ਪ੍ਰਮਾਤਮਾ ਭਗਤਾਂ ਨੂੰ ਕਿਸੇ ਦਾ ਬਲ ਨਹੀਂ, ਉਹਨਾਂ ਗ਼ਰੀਬਾਂ ਕੋਲ ਨਾ ਤਾਂ ਪੈਸਾ ਹੈ, ਨਾ ਘਰ ਹੈ, ਉਹ ਕੇਵਲ ਤੇ ਕੇਵਲ ਤੇਰੇ ਤਾਨ ਕਰਕੇ ਆਕੜਦੇ ਹਨ, ਕਿਸੇ ਅੱਗੇ ਝੁੱਕਦੇ ਨਹੀਂ। ਭਾਵੇਂ ਮੁਹੰਮਦ ਤੁਗਲਕ ਵਰਗਾ ਬਾਦਸ਼ਾਹ ਬਾਬਾ ਨਾਮਦੇਵ ਜੀ ਨੂੰ ਕਹਿੰਦਾ ਹੈ ਕਿ ਚਾਹੇ ਤਾਂ ਮਰੀ ਹੋਈ ਗਊ ਨੂੰ ਜੀਊਂਦਾ ਕਰ ਲੈ ਚਾਹੇ ਇਸਲਾਮ ਕਬੂਲ ਕਰ ਲੈ। ਬਾਬਾ ਨਾਮਦੇਵ ਜੀ ਕਹਿੰਦੇ ਹਨ ਕਿ ਬਿਲਕੁਲ ਨਹੀਂ ਕਰਨਾ। ਬਾਬੇ ਕਬੀਰ ਵਰਗਿਆਂ ਨੂੰ ਪੈਰਾਂ 'ਚ ਹੱਥਕੜੀਆਂ ਤੇ ਬੇੜੀਆਂ ਪਾ ਕੇ ਗੰਗਾ ਦੇ ਪਾਵਨ ਦਰਿਆ ਵਿਚ ਸੁੱਟਿਆ ਗਿਆ। ਉਨ੍ਹਾਂ ਨੂੰ ਕਿਹਾ ਕਿ ਰਾਮ ਨਾਮ ਲੈਣਾ ਛੱਡ ਦੇ। ਉਨ੍ਹਾਂ ਨੇ ਕਿਹਾ, ਬਿਲਕੁਲ ਨਹੀਂ ਛੱਡਣਾ ਅਤੇ ਭਗਤ ਕਾਮਯਾਬ ਹੋਏ। ਬਾਬਾ ਨਾਮ ਦੇਵ ਤੇ ਬਾਬਾ ਕਬੀਰ ਜੀ ਕਹਿੰਦੇ ਹਨ ਕਿ ਕਾਰਨ ਕੀ ਹੈ ? ਭਗਤ ਪਰਾਇਣ ਉਹਨਾਂ ਨੂੰ ਪਤਾ ਸੀ ਕਿ ਭਗਵਾਨ ਸਾਡੀ ਬਾਂਹ ਫੜੇਗਾ। ਉਹ ਜਿਹੜਾ ਪਰਮਾਤਮਾ ਹੈ ਗੁਰਮੁਖੋ ! ਭਗਤਾਂ ਦੇ ਵੱਸ ਹੈ, ਜਿਹੜੇ ਦੀਨ ਨਿਮਾਣੇ ਨੇ ਉਹਨਾਂ ਦਾ ਰੱਖਿਅਕ ਹੈ।

ਅਨਾਥਾ ਨਾਥ ਭਗਤ ਭੈ ਮੇਟਨ॥

ਜਿਹੜੇ ਯਤੀਮ ਹਨ ਉਹਨਾਂ ਨੂੰ ਆਪਾਂ ਕਹਿੰਦੇ ਹਾਂ— ਅਨਾਥ, ਜਿਨ੍ਹਾਂ ਦਾ ਮਾਂ ਪਿਉ ਕੋਈ ਨਹੀਂ, ਸਕਾ-ਸੰਬੰਧੀ ਉਹਨਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ। ਜਿਨ੍ਹਾਂ ਦੀ ਜ਼ਿੰਮੇਵਾਰੀ ਕੋਈ ਨਾ ਲਵੇ, ਉਹਨਾਂ ਦੀ ਪਰਮਾਤਮਾ ਜ਼ਿੰਮੇਵਾਰੀ ਲੈਂਦਾ ਹੈ। ਉਸਨੂੰ ਕਹਿੰਦੇ ਹਨ ਅਨਾਥਾਂ ਦਾ ਨਾਥ, ਯਤੀਮਾਂ ਦਾ ਮਾਲਕ 'ਭਗਤ ਭੈ ਮੇਟਨ॥' ਜਿਨ੍ਹਾਂ ਨੇ ਉਸਦੀ ਭੈ ਦੀ ਗਤੀ ਨੂੰ ਪਛਾਣ ਲਿਆ, ਉਹਨਾਂ ਦਾ ਭੈ ਢੱਕ ਦਿੱਤਾ ਪਰਮਾਤਮਾ ਨੇ, ਜਿਹੜੇ ਭਗਤ ਨੇ ਉਹਨਾਂ ਦੇ ਅੰਦਰੋਂ ਭੈ ਖ਼ਤਮ ਕਰ ਦਿੱਤਾ ਹੈ।

ਸਾਧਸੰਗਿ ਜਮਦੂਤ ਨ ਭੇਟਨ॥੨॥

ਗੁਰਮੁਖਾ, ਸਾਨੂੰ ਉਸਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਭੇਟਨ ਦਾ ਅਰਥ ਹੁੰਦਾ ਹੈ ਮਿਲਾਪ। ਮਿਲਾਪ ਸਾਧਸੰਗਿ ਨਾਲ ਕਰੇਂਗਾ ਤਾਂ ਤੈਨੂੰ ਜਮਦੂਤਾਂ ਦੇ ਮੱਥੇ ਨਹੀਂ ਲੱਗਣਾ ਪਏਗਾ। ਬਾਣੀ ਵਿਚ ਜ਼ਿਕਰ ਆਉਂਦਾ ਹੈ ਕਿ ਜਮਦੂਤ ਸਾਧਸੰਗਿ ਤੋਂ ਬੜਾ ਚਲਦਾ ਹੈ, ਸੰਤਾਂ ਕੋਲੋਂ ਬੜਾ ਡਰਦਾ ਹੈ। ਗੁਰਬਾਣੀ ਦੇ ਪਾਵਣ ਬੋਲ ਨੇ 'ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥ ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥ ੧॥' ਜਿਥੇ ਰੱਬ ਦੇ ਪਿਆਰੇ ਕਿਤੇ ਪ੍ਰਮੇਸ਼ਰ ਦੀਆਂ ਗੱਲਾਂ ਕਰਦੇ ਹੋਣ, ਮੇਰੀ ਬੇਨਤੀ ਹੈ ਭਰਾਵੋ, ਉਥੇ ਬਿਲਕੁਲ ਨ ਜਾਇਆ ਜੇ, ਜੇ ਚਲੋਗੇ ਤਾਂ ਨਾ ਤੁਹਾਡੀ ਛੋਟ ਨਾ ਮੇਰੀ ਛੋਟ ਹੋਏਗੀ। ਮਾਰੇ ਜਾਵਾਂਗੇ ਆਪਾਂ ਦੋਨੋਂ। ਉਹ ਗੁਰਮੁਖ ਜਨ ਜਿਹੜੇ ਪਰਮਾਤਮਾ ਦੇ ਭੈ ਵਿਚ ਹਨ ਉਹਨਾਂ ਨੂੰ ਜਮਦੂਤਾਂ ਨਾਲ ਨਹੀਂ ਮਿਲਣਾ ਪਵੇਗਾ, ਉਹ ਜਮਦੂਤਾਂ ਦੀ ਪਕੜ ਵਿਚ ਨਹੀਂ ਆਉਣਗੇ।

ਜੀਵਨ ਰੂਪ ਅਨੂਪ ਦਇਆਲ॥

ਜਿਹੜਾ ਪਰਮਾਤਮਾ ਸਾਰਿਆਂ ਨੂੰ ਜੀਵਨ ਦੇਣ ਵਾਲਾ ਹੈ, ਉਹ ਉਪਮਾ ਤੋਂ ਰਹਿਤ ਹੈ ਤੇ ਸਾਰਿਆਂ ਰੂਪਾਂ ਵਿਚ ਉਹ ਹੈ। ਕਾਲਿਆਂ ਤੇ ਗੋਰਿਆ ਵਿਚ ਉਹ ਹੈ, ਪਸ਼ੂਆਂ ਤੇ ਪੰਛੀਆਂ ਵਿਚ ਉਹ ਹੈ, ਬਨਸਪਤੀ ਵਿਚ ਉਹ ਹੈ, ਫੁੱਲਾਂ ਵਿਚ ਉਹ ਹੈ, ਫਲਾਂ ਦੇ ਵਿਚ ਵੀ ਉਹ ਹੈ। ਜਿਹੜੀ ਫੁੱਲਾਂ ਦੀ ਸੁਗੰਧੀ ਹੈ, ਇਹ ਪਰਮਾਤਮਾ ਦੀ ਸੁਗੰਧੀ ਹੈ। ਜਿਹੜਾ ਫਲਾਂ ਵਿਚ ਰਸ ਹੈ ਇਹ ਪਰਮਾਤਮਾ ਦਾ ਰਸ ਹੈ। ਸੋ ਇਸ ਪ੍ਰਕਾਰ ਜੋ ਜੀਵਨ ਦੇਣ ਵਾਲਾ ਹੈ, ਉਹ ਸਾਰੇ ਰੂਪਾਂ ਵਿਚ ਹੈ, ਉਹ ਉਪਮਾ ਤੋਂ ਰਹਿਤ ਹੈ, ਦਇਆ ਦਾ ਘਰ ਹੈ।

ਰਵਣ ਗੁਣਾ ਕਟੀਐ ਜਮ ਜਾਲਾ॥੩॥

ਰਵਣ ਦਾ ਅਰਥ ਹੁੰਦਾ ਹੈ ਉਚਾਰਣਾ। ਉਹਦੇ ਗੁਣਾਂ ਨੂੰ ਉਚਾਰਣ ਕਰਕੇ ਜਿਹੜੇ ਜਮਾਂ ਦਾ ਜਾਲ ਹੈ, ਕੱਟਿਆ ਜਾਵੇਗਾ। ਤੂੰ ਜਮਾਂ ਦੇ ਜਾਲ ਤੋਂ ਮੁਕਤ ਹੋ ਜਾਵੇਂਗਾ।

ਅੰਮ੍ਰਿਤ ਨਾਮੁ ਰਸਨ ਨਿਤ ਜਾਪੈ॥

ਉਹ ਜਾਲ ਕਿਵੇਂ ਕੱਟਿਆ ਜਾਵੇਗਾ ? ਜਿਹੜਾ ਮਿਰਤ ਤੋਂ ਰਹਿਤ ਪਰਮਾਤਮਾ ਦਾ

ਨਾਮ ਹੈ ਨਾ, ਇਸਨੂੰ ਆਪਣੀ ਰਸਨਾ ਜ਼ਬਾਨ ਨਾਲ ਜਪਿਆ ਕਰ ਨਿਤ ਹਰ ਰੋਜ਼। ਉਹ ਜਿਹੜਾ ਪ੍ਰਮਾਤਮਾ ਹੈ, ਉਸ ਪਰਮਾਤਮਾ ਦੇ ਨਾਮ ਨੂੰ ਰੋਜ਼ਾਨਾ ਆਪਣੀ ਜ਼ਬਾਨ ਨਾਲ, ਆਪਣੀ ਰਸਨਾ ਨਾਲ ਉੱਚੀ ਉੱਚੀ ਬੋਲਿਆ ਕਰ।

ਰੋਗ ਰੂਪ ਮਾਇਆ ਨਾ ਬਿਆਪੈ ॥੪॥

ਇਸ ਪ੍ਰਕਾਰ ਗੁਰਮੁਖਾ ਜਿਹੜੀ ਮਾਇਆ ਹੈ, ਇਹ ਵੀ ਇਕ ਬੀਮਾਰੀ ਹੈ। ਜਿਹੜਾ ਦੂਜੇ ਦਾ ਰੂਪ ਹੈ, ਇਹ ਇਕ ਰੋਗ ਹੈ। ਇਹ ਤੈਨੂੰ ਪ੍ਰਭਾਵਿਤ ਨਹੀਂ ਕਰ ਸਕੇਗਾ, ਤੂੰ ਕਿਸੇ ਦੇ ਰੂਪ ਨੂੰ ਵੇਖਕੇ, ਕਿਸੇ ਦੀ ਸ਼ਕਲ ਨੂੰ ਵੇਖਕੇ ਡੋਲੇਂਗਾ ਨਹੀਂ, ਤੈਨੂੰ ਆਧੀ ਬਿਆਧੀ ਉਪਾਧੀ ਦਾ ਰੋਗ ਨਹੀਂ ਲੱਗੇਗਾ ਅਥਵਾ ਮਾਇਆ ਦੇ ਦੋ ਰੂਪ ਹਨ ਚੇਤਨ ਤੇ ਜੜ੍ਹ। ਜਿਹੜਾ ਇਹ ਚੇਤਨ ਤੇ ਜੜ੍ਹ ਦੀ ਪਕੜ ਦਾ ਰੋਗ ਹੈ ਇਹ ਤੈਨੂੰ ਪੋਹ ਨਹੀਂ ਸਕੇਗਾ, ਤੇਰੇ 'ਤੇ ਪ੍ਰਭਾਵ ਨਹੀ ਪਾ ਸਕੇਗਾ।

ਜਪਿ ਗੋਬਿੰਦ ਸੰਗੀ ਸਭਿ ਤਾਰੇ ॥

ਉਹ ਗੁਰਮੁਖ ਪਿਆਰੇ ਜਿਨ੍ਹਾਂ ਨੇ ਪਰਮਾਤਮਾ ਨੂੰ ਜਪਿਆ ਹੈ, ਗੋਬਿੰਦ ਪਰਮਾਤਮਾ ਨੂੰ, ਉਸਨੇ ਸਾਰੇ ਸਾਥੀਆਂ ਨੂੰ ਤਾਰ ਲਿਆ। ਸੰਗੀ ਸਾਥੀ ਸਗਲ ਤਰਾਏ। ਜਿੰਨੇ ਉਹਨੇ ਮਿਲਾਪੀ ਹਨ, ਉਹ ਸਾਰੇ ਦੇ ਸਾਰੇ ਤਰ ਗਏ। ਉਹਨਾਂ ਦੀ ਕਲਿਆਣ ਹੋ ਗਈ, ਓਹੀ ਰੂਪ ਬਣ ਗਏ ਉਹ। ਬੜਾ ਸੁੰਦਰ ਜ਼ਿਕਰ ਆਉਂਦਾ ਹੈ ਇਤਿਹਾਸ ਵਿਚ ਕਿ ਇਕ ਵੇਲੇ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਿਸ਼ਾਹ ਨੂੰ ਕਹਿਣ ਲੱਗੇ, ਬਾਬਾ ਹੁਣ ਤੇਰੇ ਤੇ ਮੇਰੇ 'ਚ ਬਹੁਤਾ ਫ਼ਰਕ ਨਹੀਂ ਰਿਹਾ। ਭਾਈ ਮਰਦਾਨਾ ਜੀ ਉਮਰ ਕਰਕੇ ਗੁਰੂ ਨਾਨਕ ਪਾਤਿਸ਼ਾਹ ਨਾਲੋਂ ਦਸ ਸਾਲ ਵੱਡੇ ਸਨ, ਬੜੇ ਵਿਚਾਰਵਾਨ ਅਤੇ ਬਹੁਤ ਪਹੁੰਚੀ ਹੋਈ ਰੂਹ। ਗੁਰਦੇਵ ਹੱਸ ਪਏ ਤੇ ਕਹਿਣ ਲੱਗੇ ਮਰਦਾਨਾ ਜੀ, ਉਹ ਕਿਵੇਂ ? ਕਹਿਣ ਲੱਗਾ, ਮਹਾਰਾਜ ਮੈਂ ਤੇਰਾ ਮਰਾਸੀ ਤੂੰ ਰੱਬ ਦਾ ਮਰਾਸੀ, ਹੈ ਤਾਂ ਦੋਵੇਂ ਮਰਾਸੀ ਨਾ, ਮੈਂ ਤੇਰਾ ਤੂੰ ਰੱਬ ਦਾ, ਮੈਂ ਤੇਰਾ ਡੂਮ ਤੂੰ ਰੱਬ ਦਾ ਡੂਮ, ਹਾਂ ਤਾਂ ਬਰਾਬਰ ਹੀ ਨਾ। ਗੁਰਦੇਵ ਬਹੁਤ ਪ੍ਰਸੰਨ ਹੋਏ। ਮਰਦਾਨਾ ਕਹਿਣ ਲੱਗਾ ਮਹਾਰਾਜ ਮੈਂ ਬਿਲਾਸ ਨਾਲ ਤੈਨੂੰ ਬੇਨਤੀ ਕੀਤੀ ਹੈ ਮੈਨੂੰ ਅੱਡ ਨਾ ਕਰੀਂ। ਇਸ ਬਾਰੇ ਬੜਾ ਸੁੰਦਰ ਲਿਖਿਆ ਹੈ ਪ੍ਰਿੰਸੀਪਲ ਸਤਬੀਰ ਸਿੰਘ ਜੀ ਨੇ : ਸਤਿਗੁਰੂ ਨਾਨਕ ਪਾਤਿਸ਼ਾਹ ਕਹਿਣ ਲੱਗੇ ਮਰਦਾਨਿਆਂ, ਜਿਥੇ ਮੇਰਾ ਵਾਸਾ ਉਥੇ ਤੇਰਾ ਵਾਸਾ। ਇਉਂ ਗੁਰਦੇਵ ਨੇ ਭਾਈ ਮਰਦਾਨੇ ਨੂੰ ਨਿਵਾਜਿਆ। ਇਸ ਪ੍ਰਕਾਰ ਜਿਹੜੇ ਗੁਰਮੁਖੋ ਜਪਦੇ ਨੇ ਭਗਵਾਨ ਨੂੰ, ਉਹਨਾਂ ਦੇ ਸਮੁੱਚੇ ਸੰਗੀ ਸਾਥੀ ਤਰ ਜਾਂਦੇ ਹਨ।

ਪੋਹਤ ਨਾਹੀ ਪੰਚ ਬਟਵਾਰੇ ॥੫॥

ਬਟਵਾਰੇ ਦਾ ਅਰਥ ਹੈ ਰਾਹ ਮਾਰ। ਜਿਵੇਂ ਰਾਹ ਵਿਚ ਕੋਈ ਲੁਟੇਰੇ ਡਾਕੂ ਕਿਸੇ ਦੀ ਪੱਤ ਲੁੱਟ ਲੈਂਦੇ ਹਨ, ਕਿਸੇ ਕੋਲੋਂ ਪੈਸਾ ਖੋਹ ਲੈਂਦੇ ਨੇ, ਉਹਨਾਂ ਨੂੰ ਕਹਿੰਦੇ ਨੇ ਬਟਵਾਰੇ। ਬਟ ਨਾਮ ਹੈ ਰਸਤੇ ਦਾ, ਰਸਤੇ ਵਿਚ ਲੁੱਟਣ ਵਾਲੇ ਨੂੰ ਕਹਿੰਦੇ ਹਨ ਬਟਵਾਰੇ। ਗੁਰਦੇਵ ਕਹਿੰਦੇ ਹਨ,

ਮਿੱਤਰਾ ! ਤੂੰ ਸੰਸਾਰ ਦੇ ਰਸਤੇ 'ਤੇ ਜਾ ਰਿਹਾ ਸਾਵਧਾਨ ਰਿਹਾ ਕਰ, ਥੋੜ੍ਹਾ ਜਿਹਾ ਚੋਕੰਨਾ, ਤੈਨੂੰ ਖ਼ਤਰਾ ਬੜਾ ਏ, ਤੇਰੇ ਮਗਰ ਪੰਜ ਲੁਟੇਰੇ ਲੱਗੇ ਹੋਏ ਹਨ, ਪਤਾ ਨਹੀਂ ਤੇਰੇ ਕੋਲੋਂ ਕਦੋਂ ਸ਼ੁਭ ਗੁਣਾਂ ਰੂਪ ਵਸਤੂ ਨੂੰ ਖੋਹ ਲੈਣ। ਉਹ ਕੋਣ ਨੇ— ਕਾਮ ਬਟਵਾਰਾ, ਲੋਭ ਬਟਵਾਰਾ, ਮੋਹ ਹੰਕਾਰ ਰੂਪੀ ਬਟਵਾਰਾ, ਜਿਹੜੇ ਉਹ ਪੰਜ ਰਾਹ-ਮਾਰ ਲੁਟੇਰੇ ਹਨ, ਜਿਹੜੇ ਗੋਬਿੰਦ ਦਾ ਨਾਮ ਜਪਦੇ ਨੇ ਉਹਨਾਂ ਨੂੰ ਇਹ ਪੋਹ ਨਹੀਂ ਸਕਦੇ, ਲਾਗੇ ਨਹੀਂ ਆ ਸਕਦੇ।

ਮਨ ਬਚ ਕ੍ਰਮ ਪ੍ਰਭ ਏਕੁ ਧਿਆਏ॥

ਇਹ ਕਿਨ੍ਹਾਂ ਦੀ ਗੱਲ ਹੈ, ਜਿਹੜੇ ਮਨ ਕਰਕੇ, ਜਿਹੜੇ ਬਚਨ ਕਰਕੇ, ਜਿਹੜੇ ਕਰਮ ਕਰਕੇ ਇਕ ਪ੍ਰਮਾਤਮਾ ਦਾ ਧਿਆਨ ਧਰਦੇ ਹਨ।

ਸਰਬ ਫਲਾ ਸੋਈ ਜਨੁ ਪਾਏ॥੬॥

ਗੁਰਮੁਖੋ ! ਆਪਾਂ ਬਚਨ ਕਰਕੇ ਤਾਂ ਕਹਿੰਦੇ ਹਾਂ, ਰੱਬ ਹੈ, ਝੂਠ ਨਹੀ ਬੋਲਣਾ ਚਾਹੀਦਾ, ਚੋਰੀ ਨਹੀਂ ਕਰਨੀ ਚਾਹੀਦੀ, ਪਰ ਕਰ ਲੈਂਦੇ ਹਾਂ। ਗੁਰਦੇਵ ਕਹਿੰਦੇ ਹਨ- ਗੁਰਮੁਖਾ ! ਸਾਰਿਆਂ ਤੋਂ ਪਹਿਲਾਂ ਮਨ ਕਰਕੇ ਅੰਦਰੋਂ ਕਰਮ ਕਰਿਆ ਕਰ, ਉਸਨੂੰ ਕਹਿੰਦੇ ਹਨ ਮਨ। ਜੋ ਗੁਰਮੁਖ ਮਾਈ ਭਾਈ ਮਨ ਅਤੇ ਬਚਨ ਕਰਕੇ, ਕਰਮਾਂ ਕਰਕੇ ਇਕ ਪ੍ਰਮਾਤਮਾ ਦਾ ਨਾਂ ਲੈਂਦੇ ਹਨ, ਇਕ ਦਾ ਧਿਆਨ ਕਰਦੇ ਹਨ - 'ਸਰਬ ਫਲਾ ਸੋਈ ਜਨ ਪਾਏ॥' ਉਹਨਾਂ ਨੂੰ ਗੁਰਮੁਖੋ ਸਾਰੇ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਉਹਨਾਂ ਨੂੰ ਚਾਰੋਂ ਪਦਾਰਥ ਨਸੀਬ ਹੋ ਜਾਣਗੇ।

ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ॥

ਦਾਤਾਂ ਕਿਨ੍ਹਾਂ ਨੂੰ ਮਿਲਦੀਆਂ ਨੇ ? ਪੰਜ ਬਟਵਾਰੇ ਕਿੰਨ੍ਹਾਂ ਨੂੰ ਨਹੀਂ ਛੋਹ ਸਕਦੇ, ਜਿਨ੍ਹਾਂ 'ਤੇ ਵਾਹਿਗੁਰੂ ਨੇ ਕ੍ਰਿਪਾ ਕੀਤੀ, ਜਿਨ੍ਹਾਂ ਨੂੰ ਆਪਣੇ ਬਣਾ ਲਿਆ।

ਕੇਵਲ ਨਾਮੁ ਭਗਤਿ ਰਸੁ ਦੀਨਾ॥੭॥

ਉਹਨਾਂ ਨੂੰ ਕੇਵਲ ਤੇ ਕੇਵਲ ਇਕ ਪ੍ਰਮਾਤਮਾ ਦੀ ਭਗਤੀ ਦਾ ਰਸ ਦਿੱਤਾ ਹੈ। ਉਹਨਾਂ ਨੂੰ ਕੇਵਲ ਤੇ ਕੇਵਲ ਇਕ ਨਾਮ ਨਾਲ ਜੋੜਿਆ ਹੈ ਪਰਮਾਤਮਾ ਨੇ।

ਆਦਿ ਮਧਿ ਅੰਤਿ ਪ੍ਰਭੁ ਸੋਈ॥

ਕਿਹੜੇ ਪਰਮਾਤਮਾ ਦੀ ਗੱਲ ਕਰਦੇ ਹਨ ਕਿ ਸੰਸਾਰ ਦੇ ਸ਼ੁਰੂ ਵਿਚ ਸੀ, ਜਿਹੜਾ ਹੁਣ ਹੈ, ਜਿਹੜਾ ਸੰਸਾਰ ਦੇ ਅੰਤ ਤੱਕ ਹੈ, ਜਿਸਨੂੰ ਮੁਸਲਮਾਨ ਕਹਿੰਦੇ ਹਨ ਕਿਆਮਤ ਦਾ ਦਿਨ, (ਰੋਜ਼ੇ ਹਸ਼ਰ), ਜਿਹੜਾ ਤਿੰਨਾਂ ਕਾਲਾਂ ਵਿਚ ਰਹਿਣ ਵਾਲਾ ਹੈ, ਉਹ ਹੈ ਪਰਮਾਤਮਾ।

ਨਾਨਕ ਤਿਸੁ ਬਿਨੁ ਅਵਰੁ ਨ ਕੋਈ॥੮॥੧॥੨॥

(ਪੰਨਾ ੨੯੦)

ਸਤਿਗੁਰ ਪਾਤਿਸ਼ਾਹ ਫੁਰਮਾਉਂਦੇ ਹਨ ਕਿ ਭਾਵੇਂ ਉਹ ਮਾਇਆ ਦੀ ਗੱਲ ਕਰੇ, ਭਾਵੇਂ ਸੰਤਾਨ ਦੀ ਗੱਲ ਕਰੇ, ਪਰ ਇਹ ਸਾਰੇ ਖਿਨ ਭੰਗਰ ਨੇ, ਨਾਸ਼ਵਾਨ ਨੇ, ਇਕ ਪਰਮਾਤਮਾ ਤੋਂ ਬਿਨਾਂ ਦੂਜਾ ਹੋਰ ਹੈ ਹੀ ਨਹੀਂ। ਉਹ ਵਾਹਿਗੁਰੂ ਸਾਡੇ 'ਤੇ ਕ੍ਰਿਪਾ ਕਰੇ ਕਿ ਅਸੀਂ ਉਸ ਇਕ ਨਾਲ ਜੁੜੀਏ, ਹਜ਼ੂਰ ਰਹਿਮਤਾਂ ਕਰਨ।

ਆਦਿ ਮਧਿ ਅੰਤਿ ਪ੍ਰਭੁ ਸੋਈ॥
ਨਾਨਕ ਤਿਸੁ ਬਿਨੁ ਅਵਰੁ ਨਾ ਕੋਈ॥

✦✦✦

# ਕੇਸਾਂ ਦੀ ਮਹਾਨਤਾ

ਸਲੋਕੁ ਮਃ ੩ ॥ ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ ॥
ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ ॥
ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ ॥
ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ
ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥ ੧ ॥
ਮਃ ੩ ॥ ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥
ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥
ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥
ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ ॥ ੨ ॥
ਪਉੜੀ ॥ ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥
ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥
ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥
ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥
ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥ ੨ ॥

(ਪੰਨਾ ੭੮੫)

ਗੁਰੂ ਕੀ ਸਾਜੀ ਨਿਵਾਜੀ ਗੁਰੂ ਰੂਪ ਗੁਰੂ ਖਾਲਸਾ ਸਾਧਸੰਗਤ ਜੀ ! ਸਤਿਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਮਹਾਰਾਜ ਜੀ ਨੇ ਜੋ ਇਹ ਪਾਵਨ ਪਵਿੱਤਰ ਹੁਕਮਨਾਮਾ ਸਾਨੂੰ ਬਖ਼ਸ਼ਿਸ਼ ਕੀਤਾ ਹੈ, ਇਹਦੇ ਵਿਚ ਸਤਿਗੁਰ ਪਾਤਿਸ਼ਾਹ ਨੇ ਸਾਨੂੰ ਹੁਕਮ ਕੀਤਾ ਹੈ ਕਿ ਗੁਰੂ ਕੇ ਸਿੱਖਾ ! ਬਹੁਤਾ ਬਹਿਰੂਨੀ ਸਿੱਖੀ 'ਤੇ ਜ਼ੋਰ ਨਾ ਦੇ, ਕਿਉਂਕਿ ਧਰਮ ਦੇ ਦੋ ਅੰਗ ਹਨ— ਇਕ ਅੰਦਰੂਨੀ ਤੇ ਇਕ ਬਹਿਰੂਨੀ। ਹੈ ਤਾਂ ਧਰਮ ਅੰਦਰ ਦਾ ਵਿਸ਼ਾ, ਪਰ ਆਪਾਂ ਤਕਰੀਬਨ ਬਹਿਰੂਨੀ ਬਣਨ 'ਤੇ ਜ਼ੋਰ ਦਿੰਦੇ ਹਾਂ। ਬਾਹਰੋਂ ਦੂਸਰਿਆਂ ਨੂੰ ਦਿੱਸੇ ਕਿ ਧਾਰਮਿਕ ਹਾਂ। ਗੁਰਦੇਵ ਕਹਿੰਦੇ ਹਨ ਕਿ ਗੁਰਮੁਖਾ, ਜਿੰਨਾ ਚਿਰ ਅੰਦਰੋਂ ਤੇਰੇ 'ਤੇ ਰੰਗ ਨਹੀਂ ਚੜ੍ਹਦਾ ਓਨਾ ਚਿਰ ਤੇਰੇ ਇਹਨਾਂ ਲਿਬਾਸਾਂ ਦਾ ਕੋਈ ਫਾਇਦਾ ਨਹੀਂ। ਇਉਂ ਸਤਿਗੁਰੂ ਪਾਤਿਸ਼ਾਹ ਜੀ ਏਸ ਪਵਿੱਤਰ ਹੁਕਮ ਦੇ ਵਿਚ ਜਿਵੇਂ ਸਾਨੂੰ ਸਮਝਾਉਣ ਦਾ ਯਤਨ ਕਰਦੇ ਹਨ, ਸਰਵਣ ਕਰੋ :

ਸਲੋਕ ਮਃ ੩॥ ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ॥

ਸਾਡੀ ਪੁਰਾਤਨ ਸਮਾਜਕ ਰੀਤੀ ਸੀ ਕਿ ਜਦੋਂ ਬੱਚੀ ਦੀ ਸ਼ਾਦੀ ਹੁੰਦੀ ਸੀ, ਉਦੋਂ ਉਹਨੂੰ ਲਾਲ ਰੰਗ ਦੇ ਕਪੜੇ ਪਹਿਨਾਏ ਜਾਂਦੇ ਸਨ, ਤਾਂਕਿ ਪਤਾ ਚੱਲੇ ਕਿ ਬੀਬੀ ਸ਼ਾਦੀ-ਸ਼ੁਦਾ ਹੈ। ਇਹ ਸੁਹਾਗਣ ਹੈ। ਸੂਹਬ ਦਾ ਅਰਥ ਹੈ ਲਾਲ ਰੰਗ ਦੇ ਕਪੜਿਆਂ ਵਾਲੀਏ ! ਸੂਹੇ ਕਪੜਿਆਂ ਵਾਲੀਏ !! ਹੇ ਬੀਬਾ, ਐ ਜੀਵ ਰੂਪੀ ਇਸਤਰੀਏ, ਤੂੰ ਤਾਂ ਹੀ ਸੁਹਾਗਣ ਬਣਦੀ ਏਂ, ਤੇਰਾ ਇਹ ਪਹਿਰਾਵਾ ਤਾਂ ਹੀ ਸਫਲ ਹੈ 'ਜਾ ਮੰਨਿ ਲੈਹਿ ਸਚੁ ਨਾਉ॥ ਇਹ ਬਹਿਰੂਨੀ ਲਿਬਾਸ ਤੇਰਾ ਤਾਂ ਸਫਲਾ ਹੈ ਜੇ ਤੂੰ ਸੱਚੇ ਪ੍ਰਮਾਤਮਾ ਦੇ ਨਾਮ ਨੂੰ ਮੰਨਣਾ ਕਰੇਂ ਤਾਂ, ਕੀ ਢੰਗ ਹੈ ? ਕਿਵੇਂ ਮੰਨਾਂਗੇ ?

ਸਤਿਗੁਰੁ ਅਪਣਾ ਮਨਾਇ ਲੈ

ਪਹਿਲੇ ਗੁਰਮੁਖ ਪਿਆਰਿਆ, ਸਾਰਿਆਂ ਤੋਂ ਪਹਿਲਾਂ ਆਪਣੇ ਗੁਰੂ ਨੂੰ ਮਨਾਉਣ ਬਾਰੇ ਸੋਚ ਅਤੇ ਉਹ ਗੁਰਮੁਖ ਧੰਨਤਾ ਦੇ ਯੋਗ ਹਨ ਜਿਨ੍ਹਾਂ ਨੇ ਗੁਰੂ ਨੂੰ ਮੰਨਾਉਣ ਵਾਸਤੇ ਨਕ-ਨਮੂਜ ਦੀ ਪ੍ਰਵਾਹ ਨਹੀਂ ਕੀਤੀ। ਪਿਆਰਿਓ, ਕਰਤਾਰਪੁਰ ਦੀ ਗੱਲ ਹੈ, ਜੋ ਜਲੰਧਰ ਡਿਸਟ੍ਰਿਕਟ 'ਚ ਹੈ। ਸਤਿਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਮੀਰੀ-ਪੀਰੀ ਦੇ ਮਾਲਕ ਸ਼ਿਕਾਰ ਖੇਡ ਕੇ ਇਕ ਦੁਕਾਨ 'ਤੇ ਆਏ। ਦੁਕਾਨਦਾਰ ਨੇ ਬੜਾ ਸੁੰਦਰ ਤੋਤਾ ਰਖਿਆ ਹੋਇਆ ਸੀ, ਜਿਹੜਾ ਬੋਲਦਾ ਵੀ ਸੀ। ਸਤਿਗੁਰ ਹਰਿਗੋਬਿੰਦ ਸੱਚੇ ਪਾਤਿਸ਼ਾਹ ਮਹਾਰਾਜ ਕਹਿਣ ਲੱਗੇ, "ਬੜਾ ਵਧੀਆ ਤੋਤਾ ਏ, ਬੜਾ ਸੋਹਣਾ ਏ।" ਸੁਭਾਵਿਕ ਬਚਨ ਕੀਤੇ। ਉਹਨਾਂ ਦੇ ਨਾਲ ਇਕ ਗੁਰੂ ਕਾ ਲਾਲ ਆ ਰਿਹਾ ਸੀ, ਸਿੱਖ ਗੁਰੂ ਕਾ। ਉਹਦਾ ਨਾਮ ਸੀ ਭਾਈ ਹਰਪਾਲ। ਉਹਨੇ ਮਨ ਵਿਚ ਵਿਚਾਰ ਕੀਤੀ ਕਿ ਗੁਰਦੇਵ ਨੂੰ ਇਹ ਤੋਤਾ ਬੜਾ ਚੰਗਾ ਲੱਗਾ ਹੈ। ਜੇਕਰ ਗੁਰੂ ਦੀ ਖ਼ੁਸ਼ੀ ਵਾਸਤੇ ਇਹ ਤੋਤਾ ਲੈ ਕੇ ਗੁਰਦੇਵ ਨੂੰ ਦਿੱਤਾ ਜਾਵੇ ਤਾਂ ਬਹੁਤ ਚੰਗਾ ਰਹੇਗਾ। ਉਹ ਹਰੀ ਪਾਲ ਅਥਵਾ ਹਰਪਾਲ ਦੁਕਾਨਦਾਰ ਕੋਲ ਗਿਆ। ਭਾਈ ਸਾਹਿਬ ਇਹ ਤੋਤਾ ਚਾਹੀਦਾ ਹੈ। ਉਹ ਬਹੁਤਾ ਕੋਈ ਚੰਗਾ ਬੰਦਾ ਨਹੀਂ ਸੀ। ਉਹਦੀਆਂ ਕਰਤੂਤਾਂ ਤੋਂ, ਉਹਦੀ ਢਿਲਿਆਈ ਤੋਂ ਉਹਦੇ ਢਿੱਲੇ ਜੀਵਨ ਦਾ ਪਤਾ ਚਲਦਾ ਸੀ। ਦੁਕਾਨਦਾਰ ਭਾਈ ਹਰਪਾਲ ਨੂੰ ਕਹਿਣ ਲੱਗਾ ਭਈ ਪਿਆਰਿਆ, ਜੇ ਤੂੰ ਤੋਤਾ ਲੈਣਾ ਏਂ ਤਾਂ ਮੈਂ ਤੇਰੀ ਭੈਣ ਦਾ ਰਿਸ਼ਤਾ ਲਵਾਂਗਾ, ਆਪਣੀ ਭੈਣ ਮੈਨੂੰ ਦੇ ਦੇ ਤੇ ਤੋਤਾ ਲੈ ਜਾ। ਕਹਿਣ ਲੱਗਾ ਸੌਦਾ ਬੜਾ ਵਧੀਆ ਏ। ਨੌਜਵਾਨ ਭੈਣ ਸੀ ਉਹਦੀ। ਕਹਿਣ ਲੱਗਾ ਭੈਣ ਬਹੁਤੀ ਵੱਡੀ ਭਾਗਾਂ ਵਾਲੀ ਏ। ਅੱਜ ਮੈਂ ਗੁਰੂ ਕੀ ਖ਼ੁਸ਼ੀ ਵਾਸਤੇ ਤੈਨੂੰ ਤੋਤੇ ਦੇ ਬਦਲੇ ਦੇ ਦਿੰਦਾ ਹਾਂ। ਧੰਨ ਉਹ ਗੁਰਮੁਖ ਤੇ ਧੰਨ ਉਹਦੀ ਭੈਣ। ਉਹਨੇ ਹੀਲ-ਹੁੱਜਤ ਨਹੀਂ ਕੀਤੀ। ਜਦੋਂ ਭੈਣ ਨੂੰ ਲੈ ਕੇ ਦੁਕਾਨ 'ਤੇ ਪਹੁੰਚਿਆ ਤਾਂ ਦੁਕਾਨਦਾਰ ਕਹਿਣ ਲੱਗਾ ਮੈਂ ਕਹਿਣਾ ਭੁੱਲ ਗਿਆ ਕਿ ਇਹ ਅੱਧਾ ਮੁੱਲ ਹੈ, ਜੇ ਤੂੰ ਆਪਣੀ ਧੀ ਵੀ ਦੇ ਦੇਵੇਂ ਤਾਂ ਫੇਰ ਦਿਆਂਗਾ। ਹਰਪਾਲ ਸੋਚਣ ਲੱਗਾ ਇਹ ਵੀ ਵਧੀਆ ਹੈ। ਆਪਣੀ ਧੀ ਤੇ ਭੈਣ ਦੁਕਾਨਦਾਰ ਨੂੰ ਦੇ ਕੇ ਤੋਤਾ ਲੈ ਲਿਆ।

ਗੁਰੂ ਕੀ ਹਜ਼ੂਰੀ 'ਚ ਆ ਗਿਆ। ਉਸ ਦੁਕਾਨਦਾਰ ਦੀ ਧਰਮ ਪਤਨੀ ਬੜੀ ਨੇਕ ਬੀਬਾ ਸੀ। ਉਹਨੇ ਆਪਣੇ ਆਦਮੀ ਨੂੰ ਦੁਰਕਾਰਿਆ, "ਓ ਨਿਕੰਮਿਆਂ ਪੁਰਸ਼ਾ! ਉਸ ਗੁਰਮੁਖ ਨੇ ਗੁਰੂ ਕੀ ਖ਼ੁਸ਼ੀ ਵਾਸਤੇ ਆਪਣੀ ਇੱਜ਼ਤ, ਅਣਖ ਤੇ ਗ਼ੈਰਤ ਦੀ ਪ੍ਰਵਾਹ ਨਹੀਂ ਕੀਤੀ। ਤੂੰ ਗੁਰੂ ਦੇ ਸਿੱਖ ਨਾਲ ਇਹੋ ਜਿਹੀ ਘਟੀਆ ਹਰਕਤ ਕੀਤੀ ਹੈ। ਤੈਨੂੰ ਗੁਰੂ ਦੀ ਮਾਰ ਪੈ ਗਈ ਤਾਂ ਤੈਨੂੰ ਕਿਸੇ ਝੱਲਣਾ ਨਹੀਂ। ਅਜੇ ਮੌਕਾ ਏ, ਗੁਰੂ ਪਾਤਿਸ਼ਾਹ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਆਪਾਂ ਗ਼ਲਤੀ ਦੀ ਮੁਆਫ਼ੀ ਮੰਗੀਏ।" ਉਧਰ ਭਾਈ ਹਰਪਾਲ ਤੋਤਾ ਲੈ ਕੇ ਪਾਤਿਸ਼ਾਹ ਦੀ ਹਜ਼ੂਰੀ ਵਿਚ ਪਹੁੰਚਿਆ। ਹਜ਼ੂਰ ਵੇਖ ਕੇ ਪ੍ਰਸੰਨ ਹੋਏ। ਉਹ ਬੀਬੀ ਦੁਕਾਨਦਾਰ ਦੀ ਧਰਮ ਪਤਨੀ ਵੀ ਓਨੇ ਚਿਰ ਨੂੰ ਆਪਣੇ ਪਤੀ ਨੂੰ ਲੈ ਕੇ ਪਾਤਿਸ਼ਾਹ ਦੇ ਚਰਨਾਂ 'ਚ ਹਾਜ਼ਿਰ ਹੋਈ। ਸਾਰਾ ਵੇਰਵਾ ਦੱਸਿਆ। ਸਤਿਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਕਹਿਣ ਲੱਗੇ, "ਧੰਨ ਭਾਈ ਹਰਪਾਲ ਤੇਰੀ ਸ਼ਰਧਾ, ਤੇਰੀ ਭਾਵਨਾ। ਧੰਨ ਤੇਰੀ ਬੇਟੀ ਤੇ ਧੰਨ ਤੇਰੀ ਭੈਣ, ਪਰ ਤੂੰ ਅਜਿਹਾ ਕਿਉਂ ਕੀਤਾ?" "ਪਾਤਿਸ਼ਾਹ, ਤੁਹਾਡੀ ਖ਼ੁਸ਼ੀ ਲਈ।" ਇਸ ਕਰਕੇ ਪਾਤਿਸ਼ਾਹ ਕਹਿੰਦੇ ਹਨ ਗੁਰਮੁਖਾ, ਸਾਰਿਆਂ ਤੋਂ ਪਹਿਲਾਂ ਆਪਣਾ ਗੁਰੂ ਏ ਨਾ, ਉਹਨੂੰ ਮੰਨਾਇਉਣਾ ਕਰ। ਉਹਦੀ ਖ਼ੁਸ਼ੀ ਲੈਣਾ ਕਰ।

ਰੂਪੁ ਚੜੀ ਤਾ ਅਗਲਾ

ਓ ਗੁਰਮੁਖ ਪਿਆਰਿਆ, ਤੇਰਾ ਪਰਲੋਕ ਬਣ ਜਾਏਗਾ।

ਦੂਜਾ ਨਾਹੀ ਥਾਉ॥

ਪਰ ਯਾਦ ਰੱਖੀਂ ਗੁਰੂ ਤੋਂ ਬਿਨਾਂ, ਪਰਮੇਸ਼ਰ ਤੋਂ ਬਿਨਾਂ ਹੋਰ ਕੋਈ ਦੂਜੀ ਜਗ੍ਹਾ ਨਹੀਂ।

ਐਸਾ ਸੀਗਾਰੁ ਬਣਾਇ ਤੂ

ਇਨ੍ਹਾਂ ਕੱਚਿਆਂ ਸ਼ਿੰਗਾਰਾਂ ਨੂੰ, ਕਰਮ-ਕਾਂਡਾਂ ਨੂੰ ਛੱਡ ਕੇ ਇਹੋ ਜਿਹਾ ਸ਼ਿੰਗਾਰ ਕਰ।

ਮੈਲਾ ਕਦੇ ਨ ਹੋਵਈ

ਜਿਹੜਾ ਕਦੇ ਵੀ ਮੈਲਾ ਨਾ ਹੋਵੇ, ਉਹ ਕੀ ਹੈ? ਪਰਮੇਸ਼ਵਰ ਦਾ ਨਾਮ।

ਅਹਿਨਿਸਿ ਲਾਗੈ ਭਾਉ॥

ਜਿਨ੍ਹਾਂ ਦੇ ਮਨ ਦੇ ਵਿਚ ਪ੍ਰਮਾਤਮਾ ਦੇ ਪ੍ਰਤੀ ਭਾਵਨਾ ਬਣੀ ਰਹੇ।

ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ

ਹੋਰ ਮੇਰੇ ਭਾਈ! ਸੁਹਾਗਵੰਤੀ ਬੀਬੀਆਂ ਦੀਆਂ ਕੀ ਨਿਸ਼ਾਨੀਆਂ ਹਨ?

ਅੰਦਰਿ ਸਚੁ ਮੁਖੁ ਉਜਲਾ

ਉਹਦੇ ਅੰਦਰ ਵੀ ਸੱਚ ਹੈ ਤੇ ਜਦੋਂ ਉਹ ਮੂੰਹ ਤੋਂ ਬੋਲਦੀ ਹੈ, ਉਹਦੇ ਵਿਚਾਰ ਵੀ ਉਜਲੇ ਹਨ। ਕਿਸੇ ਪ੍ਰਕਾਰ ਦੀ ਮੈਲ ਨਹੀਂ। ਉਹਦੇ ਵਿਚ ਕੋਈ ਭੈੜੇ ਸੰਸਕਾਰ ਨਹੀਂ।

ਖਸਮੈ ਮਾਹਿ ਸਮਾਇ॥੧॥

ਅਤੇ ਉਹ ਜੀਵ ਰੂਪੀ ਇਸਤਰੀਆਂ ਪਰਮਾਤਮਾ ਵਿਚ ਅਭੇਦ ਹੋ ਜਾਂਦੀਆਂ ਹਨ।

ਮ: ੩ ॥ ਲੋਕਾ ਵੇ ਹਉ ਸੂਹਵੀ

ਐ ਦੁਨੀਆਂ ਦੇ ਲੋਕੋ ! ਸਾਨੂੰ ਤੁਸੀਂ ਧਾਰਮਿਕ ਕਹਿੰਦੇ ਹੋ। ਸਾਡਾ ਲਿਬਾਸ ਧਾਰਮਿਕ ਮਨੁੱਖਾਂ ਵਾਲਾ ਹੈ। ਅਸੀਂ ਵੇਖਣ ਨੂੰ ਬਹਿਰੂਨੀ ਬਾਣੇ ਕਰਕੇ ਧਾਰਮਿਕ ਪ੍ਰਤੀਤ ਹੁੰਦੇ ਹਾਂ।

ਸੂਹਾ ਵੇਸੁ ਕਰੀ॥

ਅਸਲ ਬਹਿਰੂਨੀ ਜੋ ਸੁਹਾਗਣਾਂ ਵਾਲਾ ਵੇਸ ਹੈ, ਲਾਲ ਰੰਗ ਦੇ ਕਪੜੇ ਪਹਿਨਣੇ। ਧਾਰਮਿਕ ਚਿੰਨ੍ਹਾਂ ਨੂੰ ਧਾਰਨ ਕਰਨਾ। ਇਸ ਨੂੰ ਅਸੀਂ ਧਾਰਨ ਕਰ ਲਿਆ ਹੈ, ਪਰ -

ਵੇਸੀ ਸਹੁ ਨ ਪਾਈਐ

ਹਰੀ ਸਾਨੂੰ ਕਹਿੰਦੇ ਹਨ ਕਿ ਗੁਰਮੁਖਾ ! ਕੇਵਲ ਲਿਬਾਸ ਨਾਲ, ਕੇਵਲ ਪਹਿਰਾਵੇ ਨਾਲ ਸਹੁ (ਪਤੀ ਪਰਮਾਤਮਾ) ਦੀ ਪ੍ਰਾਪਤੀ ਨਹੀਂ ਹੁੰਦੀ।

ਕਰਿ ਕਰਿ ਵੇਸ ਰਹੀ॥

ਬੇਅੰਤ ਦੁਨੀਆਂ ਦੇ ਕਰਮ-ਕਾਂਡੀ ਲੋਕ ਇਹ ਧਾਰਮਿਕ ਲਿਬਾਸ ਕਰਦੇ ਰਹੇ, ਥੱਕ ਗਏ, ਅੱਕ ਗਏ।

ਨਾਨਕ ਤਿਨੀ ਸਹੁ ਪਾਇਆ

ਸਤਿਗੁਰੂ ਫ਼ੁਰਮਾਉਂਦੇ ਹਨ ਕਿ ਉਹਨਾਂ ਗੁਰਮੁਖਾਂ, ਉਹਨਾਂ ਭਾਗਾਂ ਵਾਲੀਆਂ ਰੂਹਾਂ ਨੇ ਸਹੁ (ਪਤੀ ਪ੍ਰਮਾਤਮਾ) ਨੂੰ ਪ੍ਰਾਪਤ ਕੀਤਾ,

ਜਿਨੀ ਗੁਰ ਕੀ ਸਿਖ ਸੁਣੀ॥

ਜਿਨ੍ਹਾਂ ਨੇ ਗੁਰੂ ਮਹਾਰਾਜ ਦੀ ਸਿੱਖਿਆ ਨੂੰ ਧਿਆਨ ਦੇ ਕੇ ਸੁਣਿਆ ਹੈ ਅਥਵਾ ਗ੍ਰਹਿਣ ਕੀਤਾ ਹੈ।

ਜੋ ਤਿਸੁ ਭਾਵੈ ਸੋ ਥੀਐ

ਹਜ਼ੂਰ ਫ਼ੁਰਮਾਉਂਦੇ ਹਨ ਕਿ ਐ ਪਿਆਰਿਆ ! ਜੋ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹੀ ਹੋਵੇਗਾ।

ਇਨ ਬਿਧਿ ਕੰਤ ਮਿਲੀ॥ ੨ ॥

ਜੇ ਤੂੰ ਭਾਣੇ ਦੇ ਅਨੁਸਾਰ ਹੀ ਹੋ ਜਾਏਂ ਅਤੇ ਇਸ ਤਰ੍ਹਾਂ ਦਾ ਸ਼ਿੰਗਾਰ ਕਰੇਂ ਤਾਂ ਇਸ ਢੰਗ ਦੇ ਨਾਲ ਕੰਤ ਪਤੀ ਪਰਮਾਤਮਾ ਤੈਨੂੰ ਮਿਲ ਸਕਦਾ ਹੈ।

ਪਉੜੀ॥ ਹੁਕਮੀ ਸ੍ਰਿਸਟਿ ਸਾਜੀਅਨੁ

ਇਹ ਜੋ ਸ੍ਰਿਸ਼ਟੀ ਹੈ। ਪਰਮਾਤਮਾ ਨੇ ਆਪਣੀ ਰਜ਼ਾ ਦੇ ਵਿਚ ਹੀ ਬਣਾਈ ਹੈ।

ਬਹੁ ਭਿਤਿ ਸੰਸਾਰ॥

ਏਸ ਸੰਸਾਰ ਦੇ ਜਿਹੜੇ ਜੀਵ ਹਨ, ਇਹ ਵੱਖ-ਵੱਖ ਤਰ੍ਹਾਂ ਦੇ ਹਨ।

ਤੇਰਾ ਹੁਕਮ ਨ ਜਾਪੀ ਕੇਤੜਾ

ਹੇ ਵਾਹਿਗੁਰੂ! ਤੇਰਾ ਹੁਕਮ ਕਿੱਡਾ ਕੁ ਵੱਡਾ ਏ, ਜਾਣਿਆ ਨਹੀਂ ਜਾ ਸਕਦਾ।

ਸਚੇ ਅਲਖ ਅਪਾਰਾ॥

ਤੂੰ ਸੱਚ ਹੈਂ। ਤੇਰਾ ਭੇਦ ਕੋਈ ਨਹੀਂ ਪਾ ਸਕਦਾ। ਤੇਰਾ ਕੋਈ ਬੰਨਾ ਨਹੀਂ। ਆਪ ਹੱਦ-ਬੰਨੇ ਤੋਂ ਬਾਹਰ ਹੋ।

ਇਕਨਾ ਨੋ ਤੂ ਮੇਲਿ ਲੈਹਿ

ਇਕ ਭਾਗਾਂ ਵਾਲੇ ਗੁਰਮੁਖ ਹਨ, ਜਿਨ੍ਹਾਂ 'ਤੇ ਤੁਸਾਂ ਕ੍ਰਿਪਾ ਕਰਕੇ ਆਪਣੇ ਨਾਲ ਮਿਲਾ ਲਿਆ ਹੈ। ਕਿਵੇਂ ਮਿਲੀਦਾ ਹੈ ? ਕੀ ਢੰਗ ਅਤੇ ਕੀ ਤਰੀਕਾ ਹੈ ?

ਗੁਰ ਸਬਦਿ ਬੀਚਾਰਾ॥

ਭਾਈ ਗੁਰਮੁਖਾ! ਗੁਰੂ ਦੇ ਸ਼ਬਦ ਵਿਚ, ਜਿਹੜਾ ਗੁਰੂ ਦਾ ਸ਼ਬਦ ਹੈ, ਉਹਦੀ ਵਿਚਾਰ ਕਰਕੇ ਪਰਮਾਤਮਾ ਨਾਲ ਮਿਲਿਆ ਜਾ ਸਕਦਾ ਹੈ, ਕਿਉਂਕਿ ਗੁਰੂ ਦੇ ਸ਼ਬਦ ਨਾਲ ਮੈਨੂੰ ਇਸ ਗੱਲ ਦੀ ਗਿਆਤ ਮਿਲੇਗੀ ਕਿ ਮੇਰੇ ਅੰਦਰ ਪੰਜ ਵਿਕਾਰਾਂ ਰੂਪੀ ਵੈਰੀ ਹਨ।

ਸਚਿ ਰਤੇ ਸੇ ਨਿਰਮਲੇ

ਅਸਲ ਵਿਚ ਹੇ ਭਾਈ! ਨਿਰਮਲੇ ਕੌਣ ਹਨ! ਸ਼ੁੱਧ ਸਰੂਪ ਕੌਣ ਹਨ?

ਹਉਮੈ ਤਜਿ ਵਿਕਾਰਾ॥

ਜਿਨ੍ਹਾਂ ਨੇ ਇਨ੍ਹਾਂ ਦੋ ਚੀਜ਼ਾਂ ਦਾ ਤਿਆਗ ਕੀਤਾ ਏ— ਇਕ ਵਿਕਾਰਾਂ ਦਾ ਤਿਆਗ, ਦੂਜਾ ਮੈਂ ਦਾ ਤਿਆਗ।

ਜਿਸੁ ਤੂ ਮੇਲਹਿ ਸੋ ਤੁਧੁ ਮਿਲੈ

ਮਹਾਰਾਜ! ਜਿਨ੍ਹਾਂ ਨੂੰ ਤੁਸੀਂ ਆਪਣੇ ਨਾਲ ਮਿਲਾਉਂਦੇ ਹੋ, ਉਹ ਤੁਹਾਨੂੰ ਮਿਲਦੇ ਹਨ।

ਸੋਈ ਸਚਿਆਰਾ॥ ੨॥

ਉਹ ਗੁਰਮੁਖ ਪਿਆਰੇ ਵਾਹਿਗੁਰੂ ਦੇ ਦਰ 'ਤੇ ਸੱਚੇ ਹੋ ਕੇ ਜਾਂਦੇ ਹਨ। ਅਜਿਹੀ ਹੈ ਗੁਰਮੁਖੋ, ਗੁਰੂ ਦੇ ਹੁਕਮਨਾਮੇ ਦੀ ਬਹੁਤ ਸੂਖਮ ਵੀਚਾਰ। ਹੁਣ ਆਪਾਂ ਕੇਸਾਂ ਦੀ ਮਹਾਨਤਾ ਦੇ ਬਾਰੇ ਵਿਚਾਰ ਕਰਾਂਗੇ। 'ਕੇਸ' ਸ਼ਬਦ ਦੋ ਅੱਖਰਾਂ ਦੇ ਸੁਮੇਲ ਤੋਂ ਬਣਿਆ ਹੈ— 'ਕੇ' ਦਾ ਭਾਵ ਹੈ 'ਸਿਰ' ਤੇ 'ਸ' ਦਾ ਅਰਥ ਹੈ 'ਸੁੰਦਰਤਾ'। ਸਿਰ ਦੀ ਸੁੰਦਰਤਾ ਨੂੰ ਵਧਾਉਣ ਵਾਲੇ ਵਾਹਿਗੁਰੂ ਵਲੋਂ ਬਖ਼ਸ਼ੇ ਹੋਏ ਤਾਜ ਨੂੰ ਕੇਸਾਂ ਦੇ ਨਾਮ ਨਾਲ ਸਤਿਕਾਰਿਆ ਜਾਂਦਾ ਹੈ। ਕੇਸ ਆਪਣੇ ਵਲੋਂ ਬਣਾਈ ਕੋਈ ਚੀਜ਼ ਨਹੀਂ, ਸਗੋਂ ਵਾਹਿਗੁਰੂ ਵੱਲੋਂ ਸਰੀਰ ਦੀ ਸਜਾਵਟ ਤੇ ਸਰੀਰ ਦੀ ਹੋਂਦ ਨੂੰ ਕਾਇਮ ਰੱਖਣ ਲਈ ਇਹ ਵਿਗਿਆਨਿਕ ਤੌਰ 'ਤੇ ਬਹੁਤ ਲਾਭਵੰਦੇ ਹਨ। ਵਾਹਿਗੁਰੂ ਨੇ ਸਾਨੂੰ ਆਪਣੇ ਵਰਗਾ ਬਣਾਇਆ ਏ। ਤੇ ਗੁਰਬਾਣੀ ਕਹਿੰਦੀ ਹੈ ਕਿ ਪ੍ਰਮਾਤਮਾ ਵੀ ਕੇਸਾਧਾਰੀ, ਨਿਰਾਹਾਰ ਕੇਸ ਨਿਰਵੈਰਾ। 'ਆਉ ਕਲੰਧਰ ਕੇਸਵਾ ਕਰਿ

ਅਬਦਾਲੀ ਭੇਸਵਾ॥' (ਪੰਨਾ ੧੧੬੭) ਜਿੰਨੇ ਵੀ ਪੀਰ ਪੈਗ਼ੰਬਰ, ਅਵਤਾਰ, ਮੁਨੀ, ਤਪੱਸਵੀ, ਆਚਾਰੀਏ ਹੋਏ ਹਨ, ਸਾਰੇ ਕੇਸਾਧਾਰੀ ਸਨ। ਇਹ ਪਰਮੇਸ਼ਰ ਦੀ ਬਖ਼ਸ਼ਿਸ਼ ਉਹਨਾਂ 'ਤੇ ਹੁੰਦੀ ਏ ਜਿਨ੍ਹਾਂ ਨੂੰ ਦਾਤ ਮਿਲੀ ਏ। ਕੇਸਾਂ ਦੀ ਬੇਅਦਬੀ ਕਰਨੀ, ਨਿਰਾਦਰ ਕਰਨਾ, ਵਿਗਾੜਨਾ ਇਹ ਹੁਕਮ-ਅਦੂਲੀ ਏ। ੧੦੮੪ ਅੰਗ ਦੇ ਉਪਰ ਪਾਠ ਆਉਂਦਾ ਹੈ- ਸਾਬਤ ਸੂਰਤਿ ਦਸਤਾਰ ਸਿਰਾ॥ ਕੇਸ ਸਰੀਰ ਦੇ ਬਾਕੀ ਅੰਗਾਂ ਵਾਂਗੂੰ ਵਧਦੇ, ਫੁਲਦੇ, ਠੰਢ ਜਾਂ ਗਰਮੀ ਨੂੰ ਮਹਿਸੂਸ ਕਰਦੇ ਹਨ। ਮਨੁੱਖੀ ਜੀਵਨ-ਪੰਧ ਵਿਚ ਇਹ ਮੀਲ ਪੱਥਰ ਵਾਂਗੂੰ ਹਨ। ਜਿਵੇਂ ਕਾਲੇ 'ਕੇਸ' ਜਵਾਨੀ ਦੀ ਨਿਸ਼ਾਨੀ ਹਨ ਉਵੇਂ ਕੇਸਾਂ ਦਾ ਸਫ਼ੈਦ ਹੋਣਾ ਜੀਵਨ ਪੰਧ ਦੀ ਅਖ਼ੀਰਲੀ ਮੰਜ਼ਿਲ ਦਾ ਇਸ਼ਾਰਾ ਹੈ। ਕੇਸ ਮਰਦਾਨਗੀ ਨੂੰ ਪ੍ਰਗਟਾਉਂਦੇ ਹਨ। ਕੇਸ ਭਾਵੇਂ ਸਰੀਰ 'ਤੇ ਹੋਣ, ਭਾਵੇਂ ਮੁਖ 'ਤੇ, ਮਨੁੱਖੀ ਸ਼ਖ਼ਸੀਅਤ ਦਾ ਨਿਖਾਰ ਹਨ। ਕੇਸ ਸਾਂਝੀਵਾਲਤਾ ਦੀ ਹਾਮੀ ਭਰਦੇ ਹਨ ਤੇ ਗੁਰੂ ਨਾਨਕ ਦੇਵ ਮਹਾਰਾਜ ਨੇ ਕੇਸਾਧਾਰੀ ਮੱਤ ਕੇਵਲ ਕੇਸਾਧਾਰੀ ਪਰਮਾਤਮਾ ਦੀ ਪੂਜਾ, ਕੇਵਲ ਇਕ ਹੀ ਕੁਦਰਤੀ ਰੂਪ ਵਿਚ ਇਕੱਤਰ ਕਰਨ ਦਾ ਸੱਦਾ ਦਿੱਤਾ ਹੈ। ਹਜ਼ੂਰ ਦੇ ਬੋਲ ਨੇ:

ਸਾਬਤ ਸੂਰਤਿ ਦਸਤਾਰ ਸਿਰਾ॥ (ਅੰਗ ੧੦੮੪)

ਸੋ ਖਾਲਸਾ ਸੱਜਦਾ ਏ ਕੇਸਾਂ ਦੇ ਨਾਲ। ਕੇਸ ਮਨੁੱਖ ਦਾ ਤਾਜ ਹਨ। ਸੋ ਜਿਵੇਂ ਰਾਜਿਆਂ ਮਹਾਰਾਜਿਆਂ ਨੂੰ ਤਾਜ ਪਹਿਨਣ ਕਰਕੇ ਵੱਡੇ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ, ਇਸੇ ਤਰ੍ਹਾਂ ਖਾਲਸੇ ਨੂੰ ਕੇਸਾਂ ਰੂਪੀ ਤਾਜ ਹੋਣ ਕਰਕੇ ਸਰਦਾਰੀ ਦੀ ਉੱਚੀ ਪਦਵੀ ਮਿਲੀ ਏ। ਇਕ ਗ਼ਰੀਬ ਬੰਦਾ ਜਿਸਦੇ ਸਿਰ 'ਤੇ ਕੇਸ ਹੋਣ, ਇਕ ਕਰੋੜਪਤੀ ਸੇਠ ਉਹਨੂੰ ਜਦੋਂ ਆਵਾਜ਼ ਮਾਰਦਾ ਹੈ ਤਾਂ ਕਹਿੰਦਾ ਹੈ ਸਰਦਾਰ ਜੀ ਉਰਾਂ ਆਉ। ਉਹ ਕਰੋੜਾਂਪਤੀ ਹੈ, ਇਹ ਗ਼ਰੀਬ ਹੈ। ਲੇਕਿਨ ਗੁਰੂ ਕੇ ਕੇਸਾਂ ਕਰਕੇ ਉਸਨੂੰ ਸਰਦਾਰ ਜੀ ਕਿਹਾ ਗਿਆ। ਸੋ ਇਸ ਪ੍ਰਕਾਰ ਇਹ ਸਰਦਾਰੀ ਦਸਵੇਂ ਪਾਤਿਸ਼ਾਹ ਜੀ ਨੇ ਸਰਬੰਸ ਵਾਰ ਕੇ, ਅਨੇਕਾਂ ਸਿੰਘਾਂ ਨੇ ਕੁਰਬਾਨੀਆਂ ਕਰਕੇ ਸਾਨੂੰ ਬਖ਼ਸ਼ੀ ਹੈ ਜਿਸ ਨੂੰ ਸਾਂਭ ਕੇ ਰੱਖਣਾ ਸਾਡੇ ਲਈ ਅਤਿਅੰਤ ਜ਼ਰੂਰੀ ਹੈ। ਗੁਰੂ ਘਰ ਵਿਚ ਨਿਰਗੁਣ ਤੇ ਸਰਗੁਣ ਦੀ ਏਕਤਾ ਹੈ। ਗੁਰਬਾਣੀ ਵਿਚ ਦੋਹਾਂ ਦੀ ਅਭੇਦਤਾ ਹੈ।

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥'
(ਪੰਨਾ ੨੮੭)

ਨਿਰਗੁਣ ਤੇ ਸਰਗੁਣ ਥੀਆ॥

ਜਿਵੇਂ ਮੂਲਮੰਤਰ ਦੇ ਵਿਚ ਦੋਹਾਂ ਸਰੂਪਾਂ ਦਾ ਇਕੱਠਾ ਵਰਣਨ ਕੀਤਾ ਗਿਆ ਹੈ, ਹੋਰ ਗੁਰਬਾਣੀ ਵਿਚ ਵੀ ਇਸੇ ਤਰ੍ਹਾਂ ਆਉਂਦਾ ਹੈ:

ਨਿਹਕੰਟਕੁ ਨਿਹਕੇਵਲੁ ਕਹੀਐ॥ ਧਨੰਜੈ ਜਲਿ ਥਲਿ ਹੈ ਮਹੀਐ॥
ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ॥........

ਨਿਰੰਕਾਰੁ ਅਛਲ ਅਡੋਲੋ॥ ਜੋਤਿ ਸਰੂਪੀ ਸਭੁ ਜਗੁ ਮਉਲੋ॥

(ਪੰਨਾ ੧੦੮੨)

ਨਿਰਾਹਾਰੀ ਨਿਰਵੈਰ ਸਮਾਇਆ॥

ਇਹ ਨਿਰਗੁਣ ਦਾ ਕਥਨ ਕਰਦੇ ਹੋਏ ਹੇਠਾਂ ਸਰਗੁਣ ਬਾਰੇ ਮਹਾਰਾਜ ਕਹਿੰਦੇ ਹਨ:

ਧਾਰਿ ਖੇਲ ਚਤੁਰਭੁਜੁ ਕਹਾਇਆ॥

ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ॥

(ਪੰਨਾ ੧੦੮੨)

ਸਗੋਂ ਸਰਗੁਣ ਸਰੂਪ ਦੇ ਅੰਗ ਪ੍ਰਤੰਗ ਦੱਸਦਿਆਂ ਕੇਸਾਂ ਦੀ ਉਪਮਾ ਹਰੇਕ ਥਾਈਂ ਕੀਤੀ ਹੈ।

ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੋਹਣੇ ਨਕ ਜਿਨ ਲੰਮੜੇ ਵਾਲਾ॥

(ਪੰਨਾ ੫੬੭)

ਵਾਹਿਗੁਰੂ ਆਹਾਰ ਰਹਿਤ ਨਿਰਵੈਰ ਹੈ, ਪਰ ਕੇਸਾਂ ਵਾਲਾ ਹੈ। ਭਗਤਾਂ ਨੂੰ ਵੀ ਕੇਸਾਧਾਰੀ ਪਰਮੇਸ਼ਰ ਦੇ ਦਰਸ਼ਨ ਹੋਏ ਸਨ। ਮਿਸਾਲ ਹੈ :

ਆਉ ਕਲੰਦਰ ਕੇਸਵਾ॥ ਕਰਿ ਅਬਦਾਲੀ ਭੇਸਵਾ॥

(ਪੰਨਾ ੧੧੬੭)

ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ॥

(ਪੰਨਾ ੧੦੮੨)

ਇਕ ਚਿੰਨ੍ਹ ਦੇ ਚੇਤੇ ਆਉਣ ਤੋਂ ਸਾਰਾ ਸਰੂਪ ਯਾਦ ਆ ਜਾਂਦਾ ਹੈ, ਜਿਵੇਂ ਮੁਰਲੀ ਮਨੋਹਰ ਬੰਸਰੀ ਵਾਲਾ ਕਹਿਣ 'ਤੇ ਉਸ ਵੇਲੇ ਜੂੜੇ ਵਾਲੇ ਕ੍ਰਿਸ਼ਨ ਭਗਵਾਨ ਦੀ ਯਾਦ ਆ ਜਾਂਦੀ ਏ, ਏਸੇ ਤਰ੍ਹਾਂ ਕਲਗੀ ਵਾਲੇ ਕਹਿਣ ਤੇ ਝੱਟ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਦਾ ਸੁੰਦਰ ਦਾੜ੍ਹਾ ਕੇਸਾਂ ਵਾਲਾ ਸੱਜਿਆ ਧੱਜਿਆ ਸਰੂਪ ਸਾਹਮਣੇ ਆ ਜਾਂਦਾ ਹੈ। ਇਵੇਂ ਕੇਸਾਂ ਦਾ ਨਾਮ ਸੁਣਨ ਕਰਕੇ ਪਿਆਰਿਉ ਪਰਮੇਸ਼ਰ ਚੇਤੇ ਆ ਜਾਂਦਾ ਹੈ। ਦੁਨੀਆਂ ਵਿਚ ਹਰ ਮਨੁੱਖ ਆਪਣੇ ਪਿਆਰੇ ਦੇ ਸਤਿਕਾਰ ਕਰਨ ਲਈ ਚਾਅ ਨਾਲ ਆਪਣੀ ਸਭ ਤੋਂ ਕੀਮਤੀ ਚੀਜ਼ ਪੇਸ਼ ਕਰਦਾ ਹੈ, ਪਰ ਸਤਿਗੁਰ ਨੇ ਰੱਬ ਦੇ ਪਿਆਰੇ ਸਾਧੂਆਂ, ਸੰਤਾਂ ਦੀ ਸੇਵਾ ਕਰਨ ਲਈ ਸਾਰਿਆਂ ਤੋਂ ਉੱਤਮ ਵਸਤੂ ਕੇਸਾਂ ਦਾ ਆਦਰ ਤੇ ਸਤਿਕਾਰ ਕਰਨਾ ਚੰਗਾ ਸਮਝਿਆ ਹੈ।

ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ॥

(ਪੰਨਾ ੮੧੦)

ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ॥
ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ॥

(ਪੰਨਾ ੯੬੯)

ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ॥

(ਪੰਨਾ ੭੪੯)

ਗੁਰਮਤਿ ਵਿਚ ਕੇਸਾਂ ਦੀ ਬੜੀ ਮਹਾਨਤਾ ਹੈ। ਸੋ ਏਸੇ ਪ੍ਰਕਾਰ ਹੁਕਮਨਾਮਿਆਂ ਵਿਚ ਵੀ ਇਹਦੀ ਚਰਚਾ ਹੈ। ਭਾਈ ਸਾਹਿਬ ਭਾਈ ਦੇਸਾ ਸਿੰਘ ਲਿਖਦੇ ਹਨ 'ਮੇਟ ਰਜਾਇ ਜੋ ਸੀਸ ਮੁੰਡਾਵੇ ਕਹੋ ਤੇ ਜਾ ਕੇ ਕੈਸੇ ਹਰਿ ਪਾਵੇ।' ਭਾਈ ਸਾਹਿਬ ਕਹਿੰਦੇ ਹਨ ਕਿ ਜੋ ਪਰਮਾਤਮਾ ਦੀ ਰਜ਼ਾ ਨੂੰ ਮੇਟ ਕੇ ਕੇਸਾਂ ਨੂੰ ਮੁਨਾਉਂਦਾ ਹੈ, ਪਰਮਾਤਮਾ ਨੂੰ ਕਿਵੇਂ ਚੰਗਾ ਲੱਗੇਗਾ ? ਗੁਰਬਾਣੀ ਵਿਚ ਭਾਣਾ ਮੰਨਣਾ ਬਹੁਤ ਜ਼ਰੂਰੀ ਉਪਦੇਸ਼ ਵੀ ਗੁਰਸਿੱਖ ਨੂੰ ਦਿੱਤਾ ਹੈ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

(ਪੰਨਾ ੬੦੧)

ਸੋ ਇਸ ਪ੍ਰਕਾਰ ਕੇਸ ਅਕਾਲ ਪੁਰਖ ਦੀ ਬਖ਼ਸ਼ਿਸ਼ ਹਨ ਅਤੇ ਖਾਲਸੇ ਦੇ ਜਨਮ ਅਸਥਾਨ ਦਾ ਨਾਂ ਵੀ ਗੁਰਦੇਵ ਨੇ ਕੇਸਗੜ੍ਹ ਸਾਹਿਬ ਰਖਿਆ ਹੈ। ਇਹਨਾਂ ਕੇਸਾਂ ਦੀ ਬੜੀ ਮਹਾਨਤਾ ਹੈ। ਉਹ ਲੋਕ ਜਿਹੜੇ ਆਪਣੇ ਤਿੰਨ-ਤਿੰਨ ਸਾਲ ਦੇ ਬੱਚਿਆਂ ਦੇ ਸਿਰ ਮੁਨਾਉਂਦੇ ਹਨ, ਉਨ੍ਹਾਂ ਨੂੰ ਕਹਿਣਾ ਤਾਂ ਨਹੀਂ ਚਾਹੁੰਦਾ, ਪਰ ਸ਼ਰਮ ਨਾਲ ਕਹਿ ਰਿਹਾ ਹਾਂ, ਜੋ ਬੀਬੀਆਂ ਭਰਵੱਟੇ ਮਨਾਉਂਦੀਆਂ ਹਨ, ਉਹ ਭਾਈ ਤਾਰੂ ਸਿੰਘ ਨੂੰ ਪੁੱਛਣ ਕਿ ਕੇਸਾਂ ਦੀ ਕੀ ਮਹਾਨਤਾ ਹੈ ?

ਅੱਜ ਬੜੀ ਸ਼ਰਮ ਆਉਂਦੀ ਹੈ ਤੇ ਬੜਾ ਦੁੱਖ ਹੁੰਦਾ ਹੈ। ਪਰਕਰਮਾ ਵਿਚ ਵੇਖੀਦਾ ਹੈ ਗਾਤਰੇ ਕਿਰਪਾਨ ਡੋਰੀ ਵਾਲੀ ਤੇ ਤਿੰਨ ਸਾਲ ਦਾ ਨਿਆਣਾ ਸਿਰ ਮੁੰਨਿਆ ਚੁੱਕਿਆ ਹੋਵੇਗਾ। ਆਮ ਕਹਿੰਦੇ ਹਨ, ਜੀ ਔਲਾਦ ਕਹੇ 'ਤੇ ਨਹੀਂ ਚਲਦੀ, ਕੀ ਕਰੀਏ ? ਜਿਹੜਾ ਤਿੰਨ ਸਾਲ ਦੇ ਬੱਚੇ ਦਾ ਸਿਰ ਮੁੰਨਾਇਆ, ਬੱਚਾ ਨਹੀਂ ਮੁੰਨਾ ਕੇ ਆਇਆ, ਘਰ ਦਾ ਮੈਂਬਰ ਲੈ ਕੇ ਗਿਆ ਹੋਵੇਗਾ। ਆਮ ਕਹਿੰਦੇ ਹਨ, ਜੀ ਕੀ ਕਰੀਏ ਔਲਾਦ ਬੜੀ ਲਾਪਰਵਾਹ ਹੈ ਮੰਨਦੀ ਨਹੀਂ। 2 ਸਾਲ ਦਾ ਬੱਚਾ ਨਾਈ ਕੋਲ ਆਪ ਨਹੀਂ ਜਾਂਦਾ। ਪੰਜਾਂ, ਸੱਤਾਂ ਸਾਲਾਂ ਤੱਕ ਬੱਚਾ ਨਾਈ ਕੋਲ ਨਹੀਂ ਜਾਂਦਾ। ਨਾਲੇ ਮਾਂ ਪਿਉ ਘਰੋਂ ਸਿੱਖੀ ਨੂੰ ਕੱਢਣ ਗਏ, ਨਾਲੇ ਦਿੱਤੇ ਪੈਸੇ। ਇਹਦੀ ਜੇ ਕਦਰ ਪੁੱਛਣੀ ਏ ਤਾਂ ਭਾਈ ਤਾਰੂ ਸਿੰਘ ਦੇ ਕੋਲੋਂ ਪੁਛੀਏ, ਜਿਨ੍ਹਾਂ ਖੋਪੜੀ ਤਾਂ ਲੁਹਾ ਲਈ ਪਰ ਗੁਰੂ ਦੇ ਕੇਸਾਂ ਦੀ ਨਿਰਾਦਰੀ ਨੂੰ ਸਵੀਕਾਰ ਨਹੀਂ ਕੀਤਾ। ਭਾਈ ਮਨੀ ਸਿੰਘ ਵਰਗੇ ਮਹਾਂਪੁਰਸ਼ ਨੇ ਬੰਦ ਬੰਦ ਕਟਵਾ ਲਏ, ਪਰ ਕੇਸਗੜ੍ਹ ਵੱਲ ਕਿਸੇ ਨੂੰ ਕੈਰੀ ਅੱਖ ਨਾਲ ਤੱਕਣ ਨਹੀਂ ਦਿੱਤਾ।

ਜਦੋਂ ਗੁਰੂ ਨਾਨਕ ਪਾਤਿਸ਼ਾਹ ਮਹਾਰਾਜ ਮੱਕੇ ਗਏ ਤਾਂ ਉਥੇ ਹਜ਼ੂਰ ਦੀ ਇਕ ਪੀਰ ਨਾਲ ਚਰਚਾ ਹੋਈ ਜਿਸ ਦਾ ਨਾਂ ਬਹਾਉਦੀਨ ਕਰਕੇ ਲਿਖਿਆ ਹੈ।

ਆਖਹਿ ਪੀਰ ਬਹਾਓਦੀਨ ਸੁਣ ਹੋ ਨਾਨਕ ਸ਼ਾਹਿ॥
ਹਿੰਦੂ ਮੁਸਲਮਾਨ ਦੁਇ ਦਿੱਤੇ ਨੀ ਮੁਢਹੁੰ ਉਠਾਇ॥

'ਹੇ ਨਾਨਕ ਸ਼ਾਹ ਜੀ ! ਸੁਣਨਾ ਕਰੋ, ਤੁਸੀਂ ਹਿੰਦੂ ਮੁਸਲਮਾਨ ਦੋਵਾਂ ਨੂੰ ਝੂਠਾ ਕਰ

ਦਿੱਤਾ ਹੈ।

ਗੁਰੂ ਨਾਨਕ ਜੀ :- 'ਆਖੀ ਨਾਨਕ ਸ਼ਾਹ ਸਚ, ਸੁਣਹੁ ਬਹਾਓਦੀਨ ਪੀਰ॥
ਹਿੰਦੂ ਮੁਸਲਮਾਨ ਦੁਇ ਸਿਰ ਗੁੰਮ ਥੀਏ ਜ਼ਹੀਰ॥'

ਪੀਰ ਬਹਾਓਦੀਨ ਸੁਣੋ ! ਅਸੀਂ ਸੱਚ ਕਹਿੰਦੇ ਹਾਂ ਕਿ ਹਿੰਦੂ ਤੇ ਮੁਸਲਮਾਨ ਦੋਵੇਂ ਕੇਸ ਮੁਨਾ ਕੇ ਜ਼ਹੀਰ (ਦੁਖੀ) ਹੋ ਰਹੇ ਹਨ।

ਬਹਾਓਦੀਨ :- 'ਬਾਝੋਂ ਰਾਹ ਸ਼ਰੀਅਤੇ, ਕਦੇ ਪਾਕ ਨ ਹੋਇ॥
ਬਾਝੋਂ ਸੁੰਨਤ ਆਦਮੀ, ਦਰਗਹ ਲਏ ਨ ਢੋਇ॥'

ਸ਼ਰ੍ਹਾ ਦੇ ਰਸਤੇ ਤੋਂ ਬਿਨਾਂ ਮਨੁੱਖ ਕਦੇ ਪਵਿੱਤਰ ਨਹੀਂ ਹੋ ਸਕਦਾ ਅਤੇ ਸੁੰਨਤ ਕਰਾਏ ਬਿਨਾਂ ਆਦਮੀ ਨੂੰ ਖ਼ੁਦਾ ਦੀ ਦਰਗਾਹ ਵਿਚ ਢੋਈ ਨਹੀਂ ਮਿਲੇਗੀ।

ਗੁਰੂ ਨਾਨਕ ਜੀ :- 'ਸੱਚੀ ਸੁੰਨਤ ਰੱਬ ਦੀ, ਮੂਏ ਲੈ ਆਇਆ ਨਾਲ॥
ਜੋ ਰੱਖੇ ਮੂਏ ਅਮਾਨਤੀ, ਸੋ ਖਾਸਾ ਬੰਦਾ ਭਾਲ॥
ਫਿਰ ਗਿਆ ਦਰਗਾਹ ਵਿਚ, ਅੱਗੇ ਰੱਖ ਨੀਸ਼ਾਨ॥
ਹੋਰ ਦਰਗਾਹ ਢੋਈ ਨ ਲਹਨ, ਜੋ ਰਾਣੈ ਸ਼ੈਤਾਨ॥
ਅੱਵਲ ਸੁੰਨਤ ਮੂਏ ਹੈ, ਸਿਰ ਤੇ ਰਖੈ ਜੋਇ॥
ਪਾਵੈ ਮਰਾਤਵ ਸਯਦੀ, ਵੱਡਾ ਰਖੀਸ਼ਰ ਹੋਇ॥
ਰੱਖੇ ਮੂਏ, ਹਲਾਲ ਖਾਏ, ਨਿਕਟ ਹਰਾਮ ਨ ਜਾਇ॥
ਸਭ ਜਹਾਨ ਦੀ ਕੀ ਚੱਲੇ, ਤਿਸ ਤੇ ਡਰੇ ਖ਼ੁਦਾਇ॥'

ਮਨੁੱਖ ਪ੍ਰਮੇਸ਼ਰ ਦੀ ਸੱਚੀ ਸੁੰਨਤ (ਮੂਏ) ਕੇਸ ਨਾਲ ਲੈ ਕੇ ਆਇਆ ਹੈ। ਜੋ ਇਨ੍ਹਾਂ ਨੂੰ ਅਮਾਨਤ ਸਮਝ ਕੇ ਸੰਭਾਲ ਕੇ ਰੱਖਦਾ ਹੈ, ਉਹ ਮਨੁੱਖ ਚੰਗੀ ਕਮਾਈ ਵਾਲਾ ਹੈ। ਪਹਿਲੀ ਸੁੰਨਤ ਕੇਸ ਹਨ ਜੋ ਸਿਰ 'ਤੇ ਰੱਖੇ ਹਨ, ਜਿਸ ਕਰਕੇ ਸਰਦਾਰੀ ਦਾ ਦਰਜਾ ਪਾਈਦਾ ਹੈ ਅਤੇ ਵੱਡਾ ਰਿਖੀਸ਼ਰ ਹੋਈਦਾ ਹੈ। ਕੇਸ ਰੱਖੇ ਤੇ ਧਰਮ ਦੀ ਕਿਰਤ ਕਰ ਕੇ ਖਾਵੇ। ਹਰਾਮ ਦੀ ਕਮਾਈ ਦੇ ਨੇੜੇ ਨਾ ਜਾਵੇ। ਦੁਨੀਆਂ ਦੀ ਕੀ ਗੱਲ, ਉਸ ਤੋਂ ਪ੍ਰਮਾਤਮਾ ਵੀ ਡਰਦਾ ਹੈ ?

ਦੁਨੀਆਂ ਨੂੰ ਤਾਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਮੱਕੇ ਗਏ ਤਾਂ ਬਹਾਵਲਪੁਰ ਦਾ ਉੱਚ ਦਾ ਪੀਰ ਗੁਰੂ ਸਾਹਿਬ ਦੇ ਦਰਸ਼ਨ ਕਰ ਕੇ ਸਿੱਖੀ ਅਸੂਲਾਂ ਤੋਂ ਏਨਾ ਪ੍ਰਭਾਵਤ ਹੋਇਆ ਕਿ ਉਸ ਨੇ ਆਪਣੇ ਸਰੀਰ ਤੋਂ ਰੋਮ ਕਟਾਉਣੇ ਪਾਪ ਸਮਝਿਆ। ਹੁਣ ਤੱਕ ਉਸ ਗੱਦੀ ਦੇ ਪੀਰ ਆਪਣੇ ਸਰੀਰ ਦੇ ਕਿਸੇ ਵੀ ਅੰਗ ਤੋਂ ਰੋਮਾਂ ਦੀ ਬੇਅਦਬੀ ਨਹੀਂ ਕਰਦੇ। ਲਬਾਂ ਕਟਾਉਣਾ ਜੋ ਮੁਸਲਮਾਨੀ ਸ਼ਰ੍ਹਾ ਮੁਤਾਬਕ ਹੈ, ਉਸ ਦੀ ਉੱਕਾ ਪ੍ਰਵਾਹ ਨਹੀਂ ਕਰਦੇ। ਉਹ

ਹਰ ਰੋਜ਼ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕਰਦੇ ਹਨ।

ਮੱਕੇ ਵਿਚ ਕਾਜ਼ੀ ਰੁਕਨਦੀਨ ਨਾਲ ਚਰਚਾ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਜ਼ੀ ਨੂੰ ਸਮਝਾਂਦਿਆਂ ਕਿਹਾ :-

'ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ॥
ਦਰਗਹਿ ਢੋਈ ਨ ਮਿਲੈ ਕਾਫ਼ਰ ਕੁੱਤਾ ਸ਼ੈਤਾਨ॥'
'ਸਾਬਤ ਸੂਰਤ ਰੱਬ ਬਣਾਈ॥ ਬੇਈਮਾਨ ਨੇ ਭੰਨ ਗਾਵਾਈ॥' (ਜਨਮ ਸਾਖੀ)

ਸਤਿਗੁਰਾਂ ਨੇ ਕੇਸਾਧਾਰੀ ਹੋਣ 'ਤੇ ਉਚੇਚਾ ਜ਼ੋਰ ਦਿੱਤਾ ਅਤੇ ਕਾਜ਼ੀ ਨੇ ਗ਼ੁਲਾਮੀ ਦੀ ਨਿਸ਼ਾਨੀ ਟੋਪੀ ਲੁਹਾ ਕੇ ਸਿਰ ਦਸਤਾਰ ਸਜਾਈ। ਪਹਿਲਾਂ ਤੁਰਕੀ ਸਭਿਆਚਾਰ ਵਿਚ ਕੇਸ ਦਾੜ੍ਹੀ ਰੱਖਣ ਦਾ ਵਿਸ਼ੇਸ਼ ਗੌਰਵ ਸੀ ਅਤੇ ਉਹ ਇਹ ਗੌਰਵ ਗ਼ੁਲਾਮ ਹਿੰਦੂਆਂ ਵਿਚ ਵੇਖਣਾ ਪਸੰਦ ਨਹੀਂ ਸਨ ਕਰਦੇ। ਇਸ ਕਰਕੇ ਮੁਸਲਮ ਬਾਦਸ਼ਾਹਾਂ ਨੇ ਉਚੇਚੇ ਹੁਕਮ ਜਾਰੀ ਕੀਤੇ :-

'ਹਿੰਦੂ ਦਾੜ੍ਹੀ ਮੁਨਾ ਕੇ ਰੱਖਣ, ਪੱਗ ਦੀ ਥਾਂ ਟੋਪੀ ਪਾਉ, ਘੋੜ-ਸਵਾਰੀ ਨਾ ਕਰਨ, ਸ਼ਸਤਰ ਨਾ ਰੱਖਣ, ਕਿਸੇ ਉਚੇਰੀ ਗੱਲੋਂ ਮੋਮਨਾਂ ਦੀ ਰੀਸ ਨਾ ਕਰਨ ਅਤੇ ਪੰਜ ਫੁੱਟ ਤੋਂ ਉੱਚਾ ਕੋਈ ਤਖ਼ਤ ਨਾ ਬਣਾਵੇ। ਤਮਾਮ ਹਿੰਦੂ, ਮੁਨਸ਼ੀ ਮੁਸੱਦੀਆਂ ਨੂੰ ਕੇਸ ਦਾੜ੍ਹੀ ਮੁਨਾ ਦੇਣੇ ਚਾਹੀਦੇ ਹਨ।'

ਪਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਐਨ ਇਸ ਦੇ ਉਲਟ ਪੰਜ ਫੁੱਟ ਦੀ ਬਜਾਏ ਸੱਤ ਫੁੱਟ ਉੱਚਾ ਸ੍ਰੀ ਅਕਾਲ ਤਖ਼ਤ ਇਸੇ ਕਰ ਕੇ ਰਚਿਆ। ਇਕ ਦੀ ਬਜਾਏ ਮੀਰੀ ਤੇ ਪੀਰੀ ਦੀਆਂ ਦੋ 'ਸ੍ਰੀ ਸਾਹਿਬਾਂ' ਪਹਿਨੀਆਂ। ਘੋੜਿਆਂ 'ਤੇ ਹੀ ਸਵਾਰੀ ਕੀਤੀ ਤੇ ਫ਼ੌਜ ਬਣਾਈ, ਇਕ ਦੀ ਥਾਂ ਦੋਹਰੀਆਂ ਤੀਹਰੀਆਂ ਦਸਤਾਰਾਂ ਸਜਾਈਆਂ, ਸੀਸ 'ਤੇ ਕਲਗ਼ੀ, ਤੋੜਾ, ਧੌਂਸੇ ਨਗਾਰੇ ਅਤੇ ਗੁਰੂ ਘਰ ਦੇ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਜੋ ਕਿ ਸ੍ਵੈ-ਸੁਤੰਤਰਤਾ ਦੇ ਚਿੰਨ੍ਹ ਹਨ।

ਭਾਈ ਗੁਰਦਾਸ ਜੀ ਆਪਣੀ ਵਾਰ ਵਿੱਚ ਸਿੰਘਾਂ ਦੇ ਕੇਸਾਧਾਰੀ ਹੋਣ ਕਰਕੇ ਬਹਾਦਰੀ ਦਾ ਜ਼ਿਕਰ ਕਰਦੇ ਹਨ :-

'ਨਿਜ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ।
ਸਿਰ ਕੇਸ ਧਰਿ ਕਰ ਖੜਗ ਕੋ ਸਭ ਦੁਸਟ ਪਛਾਰਾ।
ਸੀਲ ਜਤ ਕੀ ਕਛ ਪਹਿਰਿ ਪਕੜਿਓ ਹਥਿਆਰਾ।' (ਵਾਰ ੪੧, ਪਉੜੀ ੧੫)

ਦਸਵੇਂ ਪਾਤਸ਼ਾਹ ਨੇ ਤਾਂ ਕੇਸਾਂ ਨੂੰ ਸਵਾਸਾਂ ਨਾਲ ਤੁਲਨਾ ਦਿੱਤੀ ਹੈ ਕਿ ਜੇ ਕੇਸ ਹਨ ਤਾਂ ਹੀ ਸਵਾਸ ਭਾਉਂਦੇ ਹਨ। ਅੰਤ ਸਮੇਂ ਤੱਕ ਕੇਸਾਂ ਦੀ ਬੇਅਦਬੀ ਨੂੰ ਰੋਕਿਆ। ਇਸੇ ਕਰਕੇ ਹਰ ਰੋਜ਼ ਅਰਦਾਸ ਕੀਤੀ ਜਾਂਦੀ ਹੈ, 'ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇ।' ਜਿਸ ਦੀ ਮਿਸਾਲ

ਭਾਈ ਤਾਰੂ ਸਿੰਘ ਨੇ ਕੇਸ ਨਾ ਕੱਟਣ ਦਿੱਤੇ ਪਰ ਆਪਣਾ ਖੋਪਰਾ ਲੁਹਾ ਲਿਆ ਤੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ। ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਚਰਖੜੀਆਂ 'ਤੇ ਚੜ੍ਹ ਗਏ, ਸ਼ਹੀਦ ਹੋਏ ਪਰ ਕੇਸ ਨਹੀਂ ਮੁੰਨਣ ਦਿੱਤੇ। ਏਹੀ ਅਰਦਾਸ ਸਿੱਖ ਕਰਦੇ ਰਹੇ :-

'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।'

ਗੁਰ ਬਿਲਾਸ ਪਾਤਸ਼ਾਹੀ ੧੦ ਵਿਚ ਭਾਈ ਸੁੱਖਾ ਸਿੰਘ ਜੀ ਲਿਖਦੇ ਹਨ ਕਿ ਦਸਵੇਂ ਪਾਤਸ਼ਾਹ ਦਾ ਹੁਕਮ ਹੈ ਕਿ ਜੋ ਬਿਨਾਂ ਕੇਸਾਂ ਤੇ ਕ੍ਰਿਪਾਨ ਤੋਂ ਹੋਣ, ਉਹਨਾਂ ਨੂੰ ਦਰਸ਼ਨ ਨਹੀਂ ਦੇਣਗੇ :-

'ਇਹੈ ਮੋਰ ਆਗਿਆ ਸੁਨੋ ਲੈ ਪਿਆਰੇ। ਬਿਨਾ ਤੇਗ ਕੇਸੰ ਦਿਵੋਂ ਨ ਦਿਦਾਰੇ।
ਇਹੈ ਮੋਰ ਬੈਨਾ ਮੰਨੈਗਾ ਸੁ ਜੋਈ। ਤਿਸੈ ਇਛ ਪੂਰੰ ਸਭੈ ਜਾਨ ਸੋਈ॥ ੧੦੦॥'

(ਅਧਿਆ ੨੩, ਪੰਨਾ ੪੯੨)

'ਜਬ ਪਹਿਲੇ ਸਭ ਸ੍ਰਿਸਟਿ ਉਪਾਈ। ਤਬ ਹੀ ਮਾਨੁਖ ਦੇਹਿ ਬਨਾਈ।
ਤਨ ਇਸ ਕੇ ਸਿਰ ਕੇਸ ਜੁ ਦੀਨੋ। ਸੋ ਇਹ ਤਨ ਸ਼ਿੰਗਾਰਹਿ ਕੀਨੋ। ੭੯।
ਦਾੜ੍ਹਾ ਮੁਛ ਸਿਰ ਕੇਸ ਬਨਾਈ। ਹੈ ਇਹ ਦ੍ਰਿੜ ਜਿਹ ਪ੍ਰਭੂ ਰਜਾਈ।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ, ਪੰਨਾ ੧੫੨)

'ਖੁਧਿ ਕਾ ਨਿਹਚਲ ਇਹ ਕੇਸ ਧਾਰੇ, ਕੇਸਾਂ ਕਾ ਬੜਾ ਅਦਬ ਹੈ। ਕੇਸ ਮਾਤਾ ਕਾ ਸਰੂਪ ਹੈ। ਜਹਾਂ ਕੇਸਾਂ ਕਾ ਜਲ ਪੜੇ ਸੋ ਅਸਥਾਨ ਸਰੀਰ ਹੀ ਪਵਿੱਤਰ ਹੋਤਾ ਹੈ। ਸਿੰਘੋਂ ਕੇ ਚਰਨੋਂ ਕਾ ਜਲ ਪੜੇ ਰਿਧ ਸਿਧ ਪਿਛੈ ਫਿਰੈ ਅੰਤ ਕੋ ਗਤੀ ਕਰੈ। ਜੂੜਾ ਸੀਸ ਕੇ ਮਧ ਭਾਗ ਮੈਂ ਰਾਖੇ ਔਰ ਪਾਗ ਬੜੀ ਬਾਂਧੈ, ਕੇਸ ਢਾਂਪ ਰਖੈ, ਕੰਘਾ ਦ੍ਵੈ ਕਾਲ ਕਰੈ, ਪਾਗ ਚੁਨ ਕਰ ਬਾਂਧੈ, ਕਛ ਪਾਚ ਗਜ਼ ਵ ਢਾਈ ਗਜ਼ ਕੁ ਹੋ। ਚੋਥੇ ਦਿਨ ਕੇਸਾ ਸਨਾਨ ਕਰੈ।'

(ਰਹਿਤਨਾਮਾ ਭਾਈ ਦਯਾ ਸਿੰਘ ਜੀ)

'ਗੁਰੂ ਕਾ ਸਿਖ ਦੇਹੀ ਦੇ ਰੋਮ ਨਾ ਲੁਹਾਏ, ਗਿਰਸਤੀ ਹੋਇ ਤਾਂ ਭੀ ਪਾਕੀ ਹੁਕੀ ਨਾ ਕਰਾਏ।'

(ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ, ਪੰਨਾ ੮੮)

'ਗੁਰੂ ਕਾ ਸਿਖ ਕੇਸਾਂ ਦੀ ਪਾਲਣਾ ਕਰੈ। ਦੋ ਵਕਤ ਕੰਘਾ ਹੋਵੇ, ਧੋਵੈ ਦਹੀਂ ਨਾਲ, ਮੈਲਾ ਹੱਥ ਨ ਲਾਏ। ਜੀਉ ਨ ਪਵਣੇ ਦੇਵੇ। ਸੁਚੇਤ ਰਹੈ।

ਗੁਰੂ ਕਾ ਸਿਖ, ਕੇਸ ਮੁਹਰ ਨਿਸ਼ਾਨੀ ਸਿਖੀ ਦੀ ਜਾਣੇ।

ਜੇ ਪਾਹੁਲ ਬਿਨਾ ਕੇਸ ਰਖੇ, ਸੋ ਭੰਡ ਭਗਤੀਆ ਜਾਣਨਾ ਨਿਗੁਰਾ। ਉਸ ਦੀ ਗੱਲ ਚਤੁਰਾਈ ਸਭ ਝੂਠੀ। ਸਾਖ (ਗੁਰੂ) ਗ੍ਰੰਥ ਸਾਹਿਬ ਜੀ ਦੀ –

'ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹਿ ਹੈ ਭ੍ਰਸਟੀ॥' (੫੨੮)

(ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ, ਪੰਨਾ ੯੨)

'ਗੁਰੂ ਕਾ ਸਿਖ ਕੇਸ ਦਾੜੀ ਛੰਨੀਆਂ ਨਾਈਆਂ ਦਾ ਪਾਣੀ ਸਿਰ ਨਾ ਪਵਾਏ।

ਗੁਰੂ ਕਾ ਸਿੱਖ ਜੰਞੂ ਟਿਕੇ ਦੀ ਕਾਣ ਨ ਕਰੈ।

ਕੇਸਾਧਾਰੀ ਨੂੰ ਜੰਞੂ ਟਿੱਕਾ ਕੇਸ ਹੈਨਿ।'

(ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ, ਪੰਨਾ ੯੫)

ਭਾਈ ਸਾਹਿਬ ਸਿੰਘ ਜੀ ਰਹਿਤਨਾਮੇ ਵਿਚ ਲਿਖਦੇ ਹਨ ਕਿ ਕੇਸਾਧਾਰੀਆਂ ਦਾ ਜੀਵਨ ਰਿਖੀਆਂ ਵਰਗਾ ਉੱਚਾ ਹੁੰਦਾ ਹੈ :-

'ਦੋਹਰਾ :- ਪ੍ਰਿਥਮੈ ਰਿਖੀ ਸਮਾਨ ਹੈ, ਜਟਾ ਜੂਟ ਵਯਵਹਾਰ।

ਅਰਥ ਵਰਣ ਪੁਨ ਪਾਹੁਲੀ, ਚਰਨੀ ਪ੍ਰੇਮੀ ਸਾਰ। ੧੭।

ਭੇਖ ਕੇਸ ਧਰਿ ਆਨ ਸਿਖ, ਪੂਜਤ ਤੁਛਨ ਦੇਵ।

ਤਾਹਿ ਨ ਪਾਨੀ ਦੀਜੀਏ, ਮੇਰਾ ਸਿਖ ਸੁ ਸੇਵ। ੧੮।

ਕੇਸਾਧਾਰੀ ਭੇਖੀਆ, ਜੀਵਨ ਕੇ ਤਿਨ ਕਾਜ।

ਧਰੇ ਕੇਸ ਚੰਡਾਲ ਸਮ, ਦੀਆ ਦਾਨ ਤਿਸ ਬਾਦ। ੧੯।' (ਪੰਨਾ ੧੫੯)

'ਏਕਸ ਕੇਸੀ ਜਾਣੀਐ, ਦੂਜਾ ਹੁਇ ਉਪ ਕੇਸ਼।

ਬੇਕੇਸੀ ਮੁੰਡੀ ਸੰਗਤਿ, ਗੁਰੂ ਪਿਆਰੇ ਕੇਸ। ੮।'

(ਰਹਿਤਨਾਮਾ ਭਾਈ ਸਾਹਿਬ ਸਿੰਘ ਜੀ, ਪੰਨਾ ੧੫੮)

'ਏਕ ਪਾਖ ਬੀਤੇ ਹੈ ਜਬ ਹੀ। ਦਧੀ ਸੋਂ ਕੇਸ ਨੁਵਾਵੈ ਤਬ ਹੀ।

ਕੇਸਨ ਧੂਪ ਦੇਇ ਸੁਚ ਪਾਵਨ। ਹੈ ਇਹ ਗੁਰ ਕੀ ਮੇਹਰ ਸੁਹਾਵਨ। ੯੮।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ, ਪੰਨਾ ੧੫੧)

ਭਾਈ ਨੰਦ ਲਾਲ ਸਿੰਘ ਜੀ ਗ਼ਜ਼ਲ ਨੰ: ੨ ਵਿਚ ਦਸਮੇਸ਼ ਪਿਤਾ ਜੀ ਦੇ ਕੇਸਾਂ ਦੀ ਸਿਫ਼ਤ ਇਸ ਤਰ੍ਹਾਂ ਕਰਦੇ ਹਨ :-

'ਦੀਨ ਦੁਨੀਆ ਦਰ ਕਮੰਦੇ ਆਂ ਪਰੀ ਰੁਖ਼ਸਾਰਿ ਮਾ।

ਹਰ ਦੋ ਆਲਮ ਕੀਮਤੇ ਯਕ ਤਾਰ ਮੂਏ ਯਾਰਿ ਮਾ।'

ਭਾਵ ਸਾਰੇ ਦੀਨ ਤੇ ਦੁਨੀਆਂ ਓਸ ਅਪੱਛਰਾਂ ਵਰਗੇ ਚੇਹਰੇ ਵਾਲੇ ਦੀ ਫਾਹੀ ਵਿਚ ਹਨ। ਦੋਵੇਂ ਲੋਕ ਸਾਡੇ ਯਾਰ ਦੇ ਕੇਸਾਂ ਦੀ ਇਕ ਤਾਰ ਦਾ ਮੁੱਲ ਹਨ।

ਭਾਈ ਨੰਦ ਲਾਲ ਸਿੰਘ ਜੀ ਤਨਖ਼ਾਹਨਾਮੇ ਰਾਹੀਂ ਦਸਵੇਂ ਪਾਤਸ਼ਾਹ ਜੀ ਦੇ ਹੁਕਮ ਨੂੰ

ਦਰਸਾਉਂਦੇ ਹਨ :-

'ਬਚਨ ਹੈ ਸ੍ਰੀ ਗੁਰੂ ਜੀ ਕਾ ਜੋ ਕੋਈ ਸਿਖ ਦਾ ਬੇਟਾ ਹੋਇ ਔਰ ਮੋਨਾ ਹੋਇ ਜਾਵੇ, ਤਿਸ ਕੀ ਜੜ੍ਹ ਸੁੱਕੀ ਔਰ ਜੋ ਮੋਨਾ ਸਿੱਖ ਹੋਇ ਜਾਵੇ ਤਿਸ ਕੀ ਜੜ੍ਹ ਹਰੀ।'

(ਪੰਨਾ ੫੯)

ਇਥੋਂ ਤਕ ਹੀ ਨਹੀਂ, ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਕੇਸਾਂ ਦਾ ਅਦਬ ਗੁਰੂ ਦੇ ਬਰਾਬਰ ਕਰੋ, ਇਹ ਗੁਰੂ ਕੀ ਮੋਹਰ ਹਨ ਤੇ ਇਨ੍ਹਾਂ ਨੂੰ ਗੁਰੂ ਦੇ ਬਰਾਬਰ ਜਾਣੋ:-

'ਛਾਪ ਗੁਰੂ ਕੀ ਗੁਰ ਸਮ ਜਾਨੈ। ਗੁਰ ਸਮ ਅਦਬ ਕੇਸ ਕੋ ਠਾਨੈ॥ ੮॥'

(ਸ੍ਰੀ ਗੁਰ ਪ੍ਰਤਾਪ ਸੂਰਜ ਰਿਤੁ ੩ ਅੰਸੂ ੫੦ ਜਿ: ੧੨, ਪੰ: ੫੨੦੧)

ਗੁਰਮਤਿ ਅਨੁਸਾਰ ਕੇਸਾਂ ਨੂੰ ਕਲਫ਼ ਲਾਉਣਾ, ਰੰਗ ਚੜ੍ਹਾਉਣਾ ਮਨ੍ਹਾ ਹੈ :-

'ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ॥' (੪੬੫)

'ਬਾਰੀਸ਼ੇ ਹਿਨਾ ਕਰਦ ਰੂ ਸਿਆਹ ਫ਼ਾਮ॥' (ਅਸਫੋਟਕ ਸੂਖੇ)

ਭਾਵ ਕਲਫ਼ ਨਾਲ ਚੇਹਰੇ ਦੇ ਦਾੜ੍ਹੇ ਦਾ ਰੰਗ ਕਾਲਾ ਕਰਨਾ ਮਨ੍ਹਾ ਹੈ ਕਿਉਂਕਿ ਪ੍ਰਮੇਸ਼ਰ ਦੇ ਭਾਣੇ ਤੋਂ ਉਲਟ ਹੈ।

ਸਿਰ ਦੀ ਚੋਟੀ ਤੋਂ ਲੈ ਕੇ ਪੈਰ ਦੇ ਅੰਗੂਠੇ ਤਕ ਰੋਮਾਂ ਨੂੰ ਕਟਾਉਣਾ, ਪਟਾਉਣਾ, ਘਸਾਉਣਾ, ਦਵਾਈ ਨਾਲ ਲਾਹੁਣਾ, ਧੌਲੇ ਚੁਗਣਾ ਬਿਲਕੁਲ ਮਨ੍ਹਾ ਹੈ। ਗਾਚਨੀ ਜਾਂ ਸਵਾਹ ਆਦਿ ਨਾਲ ਕੇਸੀਂ ਇਸ਼ਨਾਨ ਨਹੀਂ ਕਰਨਾ। ਨੰਗੇ ਸਿਰ ਦਾਤਨ ਕਰਨੀ, ਜੰਗਲ ਪਾਣੀ ਜਾਣਾ, ਲੰਗਰ ਛਕਣਾ, ਗ੍ਰਿਹਸਤ ਆਦਿ ਵਿਹਾਰ ਕਰਨਾ ਵੀ ਮਨ੍ਹਾ ਹਨ।

## (ਅ) ਹਿੰਦੂ ਮੱਤ ਵਿਚ ਕੇਸਾਂ ਦੀ ਮਹਾਨਤਾ

ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਵੇਦਾਂ ਉਪਨਿਸ਼ਦਾਂ ਅਤੇ ਸਿਮ੍ਰਤੀਆਂ ਵਿਚ ਵੀ ਕੇਸਾਂ ਦੀ ਮਹਾਨਤਾ ਤੋਂ ਬਿਨਾਂ ਇਨ੍ਹਾਂ ਦਾ ਪੂਰਨ ਸਤਿਕਾਰ ਕਰਨ ਦਾ ਵੀ ਹੁਕਮ ਕੀਤਾ ਗਿਆ ਹੈ। ਸਾਰੇ ਅਵਤਾਰ ਬਾਵਨ, ਪਰਸਰਾਮ, ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਭਗਵਾਨ ਜੀ, ਕਪਲ ਤੇ ਬੁੱਧ ਆਦਿ ਸਾਰੇ ਕੇਸਾਧਾਰੀ ਸਨ। ਸਾਰੇ ਹੀ ਰਿਸ਼ੀ ਮੁਨੀ ਕੱਸ਼ਪ, ਵਸ਼ਿਸ਼ਟ ਜੀ, ਵਿਸ਼ਵਾਮਿੱਤਰ ਜੀ, ਭਾਰਦਵਾਜ ਜੀ, ਅਗਸਤ ਜੀ, ਦੁਰਬਾਸਾ ਜੀ, ਬਾਲਮੀਕ ਜੀ, ਵੇਦ ਬਿਆਸ ਜੀ ਆਦਿਕ ਸਾਰੇ ਹੀ ਜਟਾ ਜੂਟ ਭਾਵ ਕੇਸਾਧਾਰੀ ਹੋਏ ਹਨ। ਹਿੰਦੂ ਮੱਤ ਦੇ ਅਵਤਾਰ ਰਿਸ਼ੀ ਮੁਨੀ ਪ੍ਰਮਾਤਮਾ ਨੂੰ ਵੀ 'ਕੇਸ਼ਵ' ਦੇ ਨਾਮ ਨਾਲ ਪੁਕਾਰਦੇ ਸਨ। ਸ੍ਰੀ ਕ੍ਰਿਸ਼ਨ ਜੀ ਤਾਂ ਬਾਲ ਵਰੇਸ ਵਿਚ ਹੀ ਆਪਣੇ ਕੇਸ ਲੰਬੇ ਕਰਨ ਵਾਸਤੇ ਦੁੱਧ ਨਾਲ ਕੇਸੀਂ ਇਸ਼ਨਾਨ ਕਰਦੇ ਹੁੰਦੇ ਸੀ ਅਤੇ ਕਦੇ ਕਦੇ ਮਮਤਾ ਵਿਚ ਮਾਤਾ ਨਾਲ ਗਿਲਾ ਵੀ ਕਰਦੇ :-

'ਮਈਆ ਮੇਰੀ ਕਬ ਬਢੇਗੀ ਚੋਟੀ।
ਇਤੀ ਬਾਰ ਮੈਂ ਦੂਧ ਪਿਲਾਇਆ ਯਹ ਅਭੀ ਭੀ ਛੋਟੀ।'

ਇਸ ਤੋਂ ਇਲਾਵਾ ਅਨੇਕਾਂ ਹੀ ਉਦਾਹਰਣਾਂ ਮਿਲਦੀਆਂ ਹਨ ਜਿਵੇਂ ਤੁਲਸੀ ਦਾਸ ਜੀ ਰਾਮਾਇਣ ਵਿਚ ਕਥਨ ਕਰਦੇ ਹਨ ਕਿ ਸ੍ਰੀ ਰਾਮਚੰਦਰ ਜੀ ਨੇ ਬਨਵਾਸ ਜਾਣ ਲੱਗਿਆਂ ਆਪ ਅਤੇ ਲਛਮਣ ਨੇ ਬੋਹੜ ਦੇ ਦੁੱਧ ਨਾਲ ਜਟਾਵਾਂ ਬਣਾਈਆਂ ਤਾਂ ਸ੍ਰੀ ਸੁਮੰਤ ਜੀ ਨੇ ਦੁੱਖ ਮਨਾਇਆ ਤੇ ਉਹਨਾਂ ਦੇ ਨੇਤਰਾਂ ਵਿਚ ਜਲ ਆ ਗਿਆ :-

'ਸਕਲ ਸੋਚ ਕਰ ਰਾਮ ਨਹਾਵਾ। ਸੁਚ ਸੁਜਾਨ ਬਟ ਖੀਰ ਮੰਗਾਵਾ।
ਅਨੁਜ ਸਹਿਤ ਸਿਰ ਜਟਾ ਬਨਾਇ*। ਦੇਖ ਸੁਮੰਤ ਨੈਨ ਛਲ ਛਾਇ। ੨।'

(ਅਯੋਧਿਆ ਕਾਂਡ ੯੪, ਪੰਨਾ ੩੯੮)

ਸ੍ਰੀ ਰਾਮ ਚੰਦਰ ਜੀ ਦੀ ਮਾਤਾ ਨੇ ਕਈ ਤਰ੍ਹਾਂ ਨਾਲ ਉਹਨਾਂ ਦੇ ਕੇਸ ਸੁਧਾਰੇ :-
'ਚਿਕਨੇ ਕਚ ਕੁਚੰਤ ਗਭੁਆਰੇ। ਬਹੁ ਪ੍ਰਕਾਰ ਰਚ ਮਾਤ ਸਵਾਰੇ। ੫।'

(ਬਾਲ ਕਾਂਡ ੧੯੯, ਪੰਨਾ ੧੭੮)

ਇਸ ਤੋਂ ਸਿੱਧ ਹੁੰਦਾ ਹੈ ਕਿ ਹਿੰਦੂ ਧਰਮ ਦੇ ਅਵਤਾਰ ਵੀ ਕੇਸਾਂ ਨਾਲ ਕਿੰਨਾ ਪਿਆਰ ਤੇ ਸਤਿਕਾਰ ਕਰਦੇ ਸਨ, ਜਿਸ ਦੀਆਂ ਉਦਾਹਰਣਾਂ ਅੱਗੇ ਦਿੱਤੀਆਂ ਹਨ:-

ਹਿੰਦੂ ਮੱਤ ਅਨੁਸਾਰ ਜਦੋਂ ਕੋਈ ਕਿਸੇ ਦੇਵਤੇ ਦੀ ਅਰਾਧਨਾ ਕਰਦਾ ਹੈ ਤਾਂ ਸਰਾਧਾਂ ਦੇ ਸਮੇਂ ਉਨ੍ਹਾਂ ਨੂੰ ਕੇਸ ਮਨੋਣ ਦੀ ਪੂਰੀ ਮਨਾਹੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਵੱਡੇ ਵਡੇਰੇ ਬਜ਼ੁਰਗ ਸਿਰ ਮੁੰਨਿਆਂ ਦਾ ਖਾਣਾ ਪੀਣਾ ਚੰਗਾ ਨਹੀਂ ਸੀ ਸਮਝਦੇ ਅਤੇ ਦੇਵੀ ਦੇਵਤਿਆਂ ਦੇ ਸਨਮੁਖ ਹੋਣ ਲਈ ਕੇਸਾਧਾਰੀ ਹੋਣਾ ਜ਼ਰੂਰੀ ਹੈ। ਇਸੇ ਤਰ੍ਹਾਂ ਪ੍ਰਮੇਸ਼ਰ ਦੇ ਸਨਮੁਖ ਹੋਣ ਵਾਸਤੇ ਕੇਸ ਦਾੜ੍ਹਾ ਰੱਖਣੇ ਜ਼ਰੂਰੀ ਹਨ।

ਹਿੰਦੂ ਮੱਤ ਦੇ ਸਭ ਤੋਂ ਮੁੱਢਲੇ ਧਾਰਮਿਕ ਗ੍ਰੰਥ ਵੇਦਾਂ ਵਿਚ ਵੀ ਕੇਸਾਂ ਨੂੰ ਮਹਾਨਤਾ ਦਿੱਤੀ ਗਈ ਹੈ :-

## ੧. ਸ਼ਾਮ ਵੇਦ

ਆਬ੍ਰਾਸਹਸ੍ਰ ਮਾਸ਼ਤੀ ਯੁਕਤਰਥੇ ਹਿਰਣਯੇਜ॥
ਬ੍ਰਹਮਯੁਜੋਸਰਯੰਦ੍ਰ ਕੇਸ਼ਨੋ ਵਹੰਤੁ ਸੋਮਪੀਤਯੇ॥

(ਸ਼ਾਮ ਪੂ: ਪ੍ਰ: ੬ ਅ: ੩ ਦ: ੧੪ ਮੰ: ੧੪)

(*ਜੰਗਲ ਵਿਚ ਕੇਸਾਂ ਦੀ ਸੰਭਾਲ ਨਾ ਹੋ ਸਕਣ ਕਾਰਨ ਭਗਵਾਨ ਰਾਮਚੰਦਰ ਜੀ ਨੇ ਪਵਿੱਤਰ ਕੇਸਾਂ ਦੀਆਂ ਜੜਾਵਾਂ ਬਣਾਉਣੀਆਂ ਪ੍ਰਵਾਨ ਕੀਤੀਆਂ, ਪਰ ਸਰੀਰ ਤੋਂ ਅਲੱਗ ਕਰਨਾ ਰੱਬੀ ਹੁਕਮ ਦੇ ਉਲਟ ਸਮਝਿਆ। ਜੜਾਵਾਂ ਬਣਾਉਣੀਆਂ ਵੀ ਪ੍ਰਮੇਸ਼ਰ ਦੇ ਹੁਕਮ ਦੇ ਉਲਟ ਹਨ, ਜਿਸ ਕਰਕੇ ਸੁਮੰਤ ਜੀ ਦੀਆਂ ਅੱਖਾਂ ਵਿਚ ਜਲ ਆ ਗਿਆ।)

ਅਰਥ :- (ਇੰਦਰ) ਸੂਰਜ ! (ਹਿਰਣਯੇਜ) ਤੇਜੋਮਈ (ਰਥੇ) ਰਥਵਤ ਰਮਣੀਯ ਪਿੰਡ ਮੇਂ ਜੁੜੇ ਹੂਏ ਔਰ (ਬ੍ਰਹਮ ਯੁਜੋ:) ਬ੍ਰਹਮ ਕੇ ਜੋੜੇ ਹੂਏ (ਕੇਸ਼ਨੋ:) ਕੇਸ਼ ਕੇ ਤੁਲ ਪ੍ਰਕਾਸ਼ ਕੀ ਧਾਰੋਂ ਵਾਲੇ।

ਭਾਵ :- ਸੂਰਜ ਦੇਵਤਾ ਦੇ ਕੇਸਾਂ ਦਾ ਵਰਨਣਾ ਹੈ।

ਆਤਵਾਬ੍ਰਹਮਯੁਜਾਹਰੀਵਹਤਾਮਿੰਦ੍ਰ ਕੇਸ਼ਨਾ ਉਪਬ੍ਰਾਹਮਾਣਨਿ : ਸ਼੍ਰਿਣ॥

(ਸ਼ਾਮ. ਉ: ਪ੍ਰ: ੧ ਅ: ੧ ਮੰ: ੬)

ਭਾਵ :- ਇਸ ਮੰਤ੍ਰ ਵਿੱਚ ਈਸ਼ਵਰ ਦੀ ਉਸਤਤ 'ਕੇਸਾਂ ਵਾਲੇ' ਕਹਿ ਕੇ ਕੀਤੀ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਕੇਸ ਅਤੀ ਜ਼ਰੂਰੀ ਤੇ ਵੱਡੇ ਗੁਣਾਂ ਵਾਲੀ ਚੀਜ਼ ਹਨ।

## ੨. ਰਿਗ ਵੇਦ

ਆਤਮਾ ਬ੍ਰਹਮਯੁਜਾਹਰੀਵਹਤਾਮਿੰਦ੍ਰ ਕੇਸ਼ਨਾ ਉਪਬ੍ਰਹਮਾਣਿ ਨ : ਸ਼੍ਰਿਣ॥

(ਰਿਗ ੮-੧੭-੨)

ਅਰਥ :- (ਇੰਦਰ) ਪ੍ਰਮੇਸ਼ਰ ! (ਕੇਸ਼ਨਾ) ਵ੍ਰਤਿ ਰੂਪ ਕੇਸ਼ੋਂ ਵਾਲੇ (ਬ੍ਰਹਮਯੁਜਾ) ਬ੍ਰਹਮ ਮੇਂ ਯੋਗ ਕਰਨੇ ਵਾਲੇ (ਹਰੀ) ਆਤਮਾ ਔਰ ਮਨ ਦੋਨੋਂ (ਤਵਾ) ਆਪ ਕੋ (ਆਵਹਤਾਮ) ਪ੍ਰਾਪਤ ਹੋ (ਨ:) ਹਮਾਰੇ (ਬ੍ਰਹਮਾਣਿ) ਵੇਦੋਕਤ ਸਤੋਤਰੋਂ ਕੋ (ਉਪਸ਼੍ਰਿਣ) ਸਵੀਕਾਰ ਕੀਜੀਏ।

ਭਾਵ :- ਇਸ ਮੰਤ੍ਰ ਵਿਚ ਪ੍ਰਮੇਸ਼ਰ ਦੇ ਕੇਸਾਧਾਰੀ ਹੋਣ ਦੇ ਗੁਣ ਦੀ ਮਹਿਮਾ ਕੀਤੀ ਗਈ ਹੈ।

ਹਿਰਿਸ਼ਮ ਸ੍ਰ: ਸ਼ੁਚਿਦੰਨਿਭੁਰਨਿ ਭ੍ਰਿਸ਼ਟਵਿਸ਼ਿ: (ਰਿਗ ਮੰ: ੫ ਸੂ: ੭ ਮੰ: ੭)

ਅਰਥ :- ਜੋ (ਹਿਰਿ ਸ਼ਮ ਸ੍ਰ) ਸਵਰਨ ਕੇ ਤੁਲ ਦਾੜ੍ਹੀ ਔਰ ਮੁੱਛਾਂ ਹਨ।

ਭਾਵ :- ਇਨ੍ਹਾਂ ਸਤਰਾਂ ਵਿਚ ਦਾੜ੍ਹੇ ਤੇ ਮੁਛਹਰਿਆਂ ਨੂੰ ਸੋਨੇ ਵਾਂਗ ਤੇਜ ਪ੍ਰਤਾਪ ਵਾਲੇ ਦੱਸਿਆ ਗਿਆ ਹੈ।

ਦਿਵੋਵਰਾਹਮਰੁਸ਼ੰ ਕਪਰਦਿਨੰਤਵੇਸ਼ੰ ਰੂਪੰ ਨਮਸਾਨਿ ਹ੍ਰਯਾਮਹੇ॥

(ਰਿਗ ਮੰ: ੧ ਸੂ: ੧੧੪ ਮੰ: ੫)

ਅਰਥ :- ਹਰ ਲੋਗ ਅੰਨ ਔਰ ਸੇਵਾ ਸੇ ਜੋ ਹਾਥ ਮੇ ਰੋਗ ਨਿਵਾਰਕ ਔਸ਼ਧੀ ਔਗ ਗ੍ਰਹਿਣ ਕਰਨੇ ਯੋਗ ਸਾਧਨੋਂ ਕੋ ਧਾਰਨ ਕਰਤਾ ਹੂਆ ਘਰ, ਸੁਖ ਕਵਚ ਪ੍ਰਕਾਸ਼ ਸਸ਼ਤ੍ਰ ਅਸਤਰ ਆਦਿਕ ਕੋ ਹਮਾਰੇ ਲਈ (ਯਸਤ) ਨਯਾਮ ਸੇ ਰਖੇ ਉਸ (ਕਪਰ ਦਿਨੰ) ਜਟਾ ਜੂਟ ਬ੍ਰਹਮਚਾਰੀ ਵੇਦ ਵਿਦਵਾਨ ਵ ਵਿਦਯਾ ਨਿਆਏ ਪ੍ਰਕਾਸ਼ਤਵਿਓ ਹਾਰ.....

ਭਾਵ :-ਇਹ ਮੰਤ੍ਰ ਜ਼ਾਹਿਰ ਕਰਦਾ ਹੈ ਕਿ ਬ੍ਰਹਮਚਾਰੀ, ਵੈਦ, ਵਿਦਵਾਨ, ਸ਼ਸਤਰ ਅਸਤ੍ਰਧਾਰੀ ਦੇ ਸਿਰ 'ਤੇ ਕੇਸ ਹੋਣੇ ਜ਼ਰੂਰੀ ਹਨ।

ਤ੍ਰਾਮਗਨੇ ਅਤਿਥਿਮ ਪੂਰਵਯਮਵਿਸ਼ : ਸ਼ੋਚਿਸ਼ਕੇਸ਼ਮ ਗ੍ਰਿਹਪਤਿੰ ਨਿਸ਼ੇਦਿਰੇ।

(ਰਿਗ ਮੰ: ੫ ਸੂ: ੮ ਮੰ: ੨)

ਅਰਥ :- ਹੇ ਗ੍ਰਹਸਤੀ ! ਜੋ (ਵਿਸ਼:) ਪ੍ਰਜਾਏਂ (ਅਤਿਥਿਮ) ਸਦਾ ਉਪਦੇਸ਼ ਦੇਨੇ ਕੇ ਲੀਏ ਘੂਮਤੇ ਹੁਏ ਕੇ ਸੁਦਰਸ਼ (ਪੂਰਵਮ) ਪ੍ਰਾਚੀਨੋਂ ਸੇ ਕੀਏ ਗਏ ਵਿਦਵਾਨ ਔਰ (ਸ਼ੋਚਿਸ਼ ਕੇਸ਼ਮ) ਕੇਸ਼ੋਂ ਕੇ ਸੁਦਰਸ਼ ਨਿਆਏ ਵਿਉਹਾਰ ਸੇ ਪ੍ਰਕਾਸ਼ੇਂ ਸੇ ਯੁਕਮ ਬੜੀ ਬੁੱਧੀ ਵਾਲੇ ਹੈਂ ..........

ਭਾਵ :- ਇਸ ਵਿਚ ਉਪਦੇਸ਼ਕਾਂ ਦੇ ਸਿਰ 'ਤੇ ਕੇਸ ਹੋਣੇ ਦਰਸਾਏ ਗਏ ਹਨ।

## ੩. ਯਜੁਰ ਵੇਦ

ਆਤਮੰਨੁਪਸਥੇ ਨ ਵ੍ਰਿਕਸਜ ਲੋਮਮੁਖੇਸ਼ਮਸ਼੍ਰਣਿ ਨ ਯਜਾਯ੍ਰਲੋਮ।

ਕਸ਼ੋ ਨ ਸ਼ੀਰਸ਼ੰਨਜਸ਼ਸਤ ਸ਼੍ਰਿਯੈਸ਼ਿਖਾਸਿੰਗ ਹਸਜਲੋਮਤਿਵਸ਼ਿਰਿੰਦ੍ਰਿ॥

(ਯ: ਅ: ੧੯ ਮੰ: ੯੨)

ਅਰਥ :- ਹੇ ਇਨਸਾਨ ! ਜਿਸ ਦੇ ਆਤਮਾ ਵਿਚ ਸਮੀਪ ਸਿਥਤ ਹੋਣ ਵਿਚ ਭੇੜੀਆਂ ਦੇ ਵਾਲਾ ਦੇ ਸਮਾਨ, ਬਾਘ ਦੇ ਵਾਲਾਂ ਸਮਾਨ ਮੂੰਹ ਤੇ ਦਾੜ੍ਹੀ ਮੁੱਛਾਂ, ਸਿਰ ਤੇ ਕੇਸ ਸ਼ੇਰ ਦੇ ਵਾਲਾਂ ਵਾਂਗ ਕਾਂਤੀ, ਤਥਾ ਸ੍ਰੋਤਰ ਇੰਦ੍ਰੀਆਂ ਸ਼ੁੱਧ ਹਨ, ਉਹ ਕੀਰਤੀ ਤੇ ਲੱਛਮੀ ਦੇ ਪ੍ਰਾਪਤ ਕਰਨ ਵਿਚ ਸਮਰਥ ਹੁੰਦੇ ਹਨ।

ਸ਼ਿਰੋਮੇਸ਼੍ਰੀਰਯਸ਼ੋ ਮੁਖੰਤਕਿਸ਼ਿ: ਕੇਸ਼ਾਸ਼ਚਸ਼ਮ ਸ਼੍ਰਣਿ।

ਰਾਜਾਮੇਪ੍ਰਾਣੋ ਅਮ੍ਰਿਤੰਗ ਸਬ੍ਰਿਟਚਕਸ਼ਰਵਰਾ ਟ੍ਰਸ਼੍ਰਾਤ੍ਰਮ॥ (ਯੁ: ਅ: ੨੦ ਮੰ: ੫)

ਭਾਵ :- ਇਹਨਾਂ ਸਤਰਾਂ ਵਿਚ ਰਾਜਾ ਦੇ ਗੁਣ ਅਤੇ ਕੇਸ, ਦਾੜ੍ਹੀ ਤੇ ਮੁੱਛਾਂ ਦੀ ਉਪਮਾ ਕਥਨ ਕੀਤੀ ਹੈ।

ਮਸ਼ਕਾਨਕੇਸ਼ੋਰਿੰਦ੍ਰੰਗ ਸ੍ਰਾਪਸਾਵਹੇਨ.......... (ਯੂ: ਅ: ੨੫ ਮੰ: ੫)

ਅਰਥ :- ਹੇ ਇਨਸਾਨੋਂ ! ਸਿਰ ਦੇ ਵਾਲਾਂ ਤੋਂ ਐਸ਼ਵਰਯ ਨੂੰ ਪ੍ਰਾਪਤ ਹੋਵੋ।

ਭਾਵ :- ਕੇਸਾਂ ਤੋਂ ਐਸ਼ਵਰਯ ਪ੍ਰਾਪਤ ਹੈ।

ਆਦਿਤਜਾਨ ਸ਼ਮਸ੍ਰਭਿ : ਪੰਥਾਨ ..............

(ਯੂ: ਅ: ੨੦ ਮੰ: ੧)

ਭਾਵ :- ਵਿਦਵਾਨ ਪੁਰਸ਼ਾਂ ਦੇ ਮੂੰਹ 'ਤੇ ਦਾੜ੍ਹੀ ਹੋਣੀ ਜ਼ਰੂਰੀ ਹੈ।

## ੪ ਅਥਰਵ ਵੇਦ

ਯਦਾਕੇਸ਼ਾਨਸਥਿ ਸਨਾਵ ਮਾਂਸ ਮੱਜਾਨਮਾਭਰਤ

(ਅਥਰਵ ਕਾਂ: ੧੧ ਸੂ: ੪ ਮੰਤ ੧੧)

ਅਰਥ :- (ਯਦਾ) ਜਦ (ਕੇਸ਼ਾਨ) ਕੇਸ਼ੋਂ (ਅਸਥਿ) ਹੱਡੀ (ਸਨਾਵ) ਸੂਖਮ ਨਾੜੀ ਮਾਸ ਮੱਜਾ ਕੋ ਉਸ ਨੇ ਲਾ ਕਰ ਧਰਾ ਔਰ ਪੈਰੋਂ ਵਾਲਾ ਸਰੀਰ ਬਨਾ ਕੌਨ ਸੇ ਸਥਾਨ ਮੇਂ ਓਸ (ਪ੍ਰਮੇਸ਼ਵਰ) ਨੇ ਪ੍ਰਵੇਸ਼ ਕੀਆ।

ਭਾਵ :- ਕੇਸ, ਹੱਡੀ, ਸੂਖਮ ਨਾੜੀ, ਲੱਤਾਂ ਆਦਿ ਸਰੀਰ ਦੇ ਜ਼ਰੂਰੀ ਅੰਗ ਹਨ ਅਤੇ ਇਕੋ ਜਿਹੇ ਅੰਗ ਹਨ।

ਕੁਤ : ਕੇਸ਼ਨ ਕੁਤ : ਸਨਾਨਕੁਤਾ

(ਅਥਰਵ ਮ: ੧੧ ਸੂ: ੪ ਮੰ: ੧੨)

ਅਰਥ :- (ਕੁਤ:) ਕਿਸ ਸੇ (ਕਿਸ ਉਪਾ ਦੇ ਕਾਰਨ ਸੇ ਪ੍ਰਾਣੀਉਂ ਕੇ) ਕੇਸ਼ੋਂ ਕੋ (ਕੁਤ:) ਕਹਾਂ ਸੇ ਸੂਖਮ ਨਾੜੀਓਂ, ਕਹਾਂ ਸੇ ਹੱਡੀਓਂ ਕੋ ਉਸ ਨੇ ਲਾ ਕਰ ਧਰਾ। ਅੰਗੋਂ, ਜੋੜੋਂ, ਮੱਜਾ ਔਰ ਮਾਸ ਕੋ ਕਰਤਾ ਨੇ ਕਹਾਂ ਸੇ ਲਾ ਕਰ ਧਰਾ।

ਭਾਵ :- ਇਸ ਮੰਤ੍ਰ ਵਿਚ ਵੀ ਕੇਸਾਂ ਨੂੰ ਸਰੀਰ ਦੇ ਦੂਸਰੇ ਅੰਗਾਂ ਦੀ ਬਰਾਬਰਤਾ ਦਿੱਤੀ ਹੈ।

## ੫. ਛਾਂਦੋਗਯ ਉਪਨਿਸ਼ਦ

ਅਥਯਦੇਵੈਤਦਾਦਿਤਜਸਜ ਗੁਜ਼ਲਕੰਭਾ: ਸੈਵਸਾ ਅ ਬਯੰਨੀਲੰ ਪਰ:
ਕ੍ਰਿਸ਼ਣੰ ਤਦਨਸਤਤਸਾਮਾਥਯਏਸ਼ੋ ਅੰਤਰਾਦਿਤਜੇ ਹਿਰਣਯ :
ਪੁਰਸ਼ਦਿਸ਼ਯਤੇ ਹਿਰਣਯਮ ਸ਼੍ਰਹਿਰਣਯਕੇਸ਼ ਅਪ੍ਰਾਣਖਾਤਸ਼੍ਰਵਣਵ ਸਬਰਣ:॥

(ਅ: ੧ ਪ੍ਰ: ੧ ਖੰਡ ੬ ਪ੍ਰਵਾਕ ੬)

ਅਰਥ :- (ਅੰਤਰਾਦਿਤਯੇ) ਜਗਤ ਦੇ ਵਿਚਕਾਰ (ਹਿਰਣਯ:) ਜਯੋਤੀ ਮਈ (ਪੁਰਸ਼) ਬ੍ਰਹਮ (ਦਿਸ਼ਯਤੇ) ਵਿਖਾਈ ਦੇਂਦਾ ਹੈ, (ਹਿਰਣਯਮ) ਜਿਸ ਦੀ ਦਾੜ੍ਹੀ ਜਯੋਤੀ ਮਈ, (ਹਿਰਣਯਕੇਸ਼) ਕੇਸ ਜਯੋਤੀ ਮਈ ਹਨ............

ਭਾਵ :- ਇਸ ਮੰਤ੍ਰ ਵਿਚ ਪ੍ਰਮਾਤਮਾ ਦਾ ਕੇਸਾਂ ਤੇ ਦਾੜ੍ਹੀ ਵਾਲਾ ਹੋਣਾ ਬਿਆਨ ਕੀਤਾ ਗਿਆ ਹੈ। ਜਿਸ ਬ੍ਰਹਮ ਨੂੰ ਵੇਦਾਂ ਵਿਚ ਕੇਸਾਧਾਰੀ ਵਰਣਿਤ ਕੀਤਾ ਗਿਆ ਹੈ ਉਸ ਨੂੰ ਈਸ਼ਵਰਵਾਦੀ ਖੋਜਕਾਰਾਂ ਨੇ ਵੀ ਦਾੜ੍ਹੀ ਤੇ ਮੁਛਹਿਰਿਆਂ ਸਹਿਤ ਡਿੱਠਾ ਹੈ। ਇਸ ਤੋਂ ਪ੍ਰਮਾਤਮਾ ਦੇ ਸਿਰ ਉੱਤੇ ਕੇਸ ਤੇ ਮੁੱਖ ਦਾੜ੍ਹੀ 'ਤੇ ਹੋਣ ਬਾਰੇ ਸਪੱਸ਼ਟ ਸਬੂਤ ਮਿਲਦਾ ਹੈ।

## ੬. ਗਰ੍ਭੋਪਨਿਸ਼ਦ

ਪ੍ਰਿਤਿਦੀਂਕਸ਼ਾ ਸ਼ੰਤੋਪਸ਼ਚ ਬੁਧੀਂ ਦ੍ਵਿਯਾਣਿ ਯਗਜਪਤ੍ਰਣਿ
ਕ੍ਰਮੋਂਦ੍ਵਿਯਾਣਿ ਹ੍ਰਵੀਸ਼੍ਰਿਰ ਕਪਾਲੰ ਕੇਸ਼ਾਦ੍ਭਾਮੁਖਮੰਤ੍ਰਵੇਦਿ:॥ (ਮੰ: ੧੧)

ਅਰਥ :- ਧੀਰਜਤਾ, ਸੰਤੋਖ ਤੇ ਦੀਖਯਾ ਦੀ ਕਲਪਨਾ ਕਰੇ, ਗਿਆਨ ਇੰਦ੍ਰੀਆਂ ਨੂੰ ਯੱਗ ਦੇ ਪਾਤਰ ਸਮਝੇ, ਕਰਮ ਇੰਦ੍ਰੀਆਂ ਦੀ ਅਹੂਤੀ ਹੋਵੇ, ਸਿਰ ਦੇ ਕਪਾਲ ਨੂੰ ਪਾਤਰ ਜਾਣੇ, ਸਿਰ ਦੇ ਕੇਸਾਂ ਨੂੰ ਕੁਸ਼ਾ ਜਾਣੇ ਤੇ ਮੂੰਹ ਨੂੰ ਯਗ ਵੇਦੀ ਸਮਝੇ।

ਭਾਵ :- ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਯੱਗ ਕਰਨ ਵਾਲੇ ਧਰਮ ਪੁਰਸ਼ਾਂ ਵਾਸਤੇ ਕੇਸਾਧਾਰੀ ਹੋਣਾ ਜ਼ਰੂਰੀ ਹੈ। ਵੇਦਾਂ ਤੇ ਯਕੀਨ ਰੱਖਣ ਵਾਲਾ ਹਰ ਮਨੁੱਖ ਜੋ ਮੁਕਤੀ ਦਾ ਖ਼ਾਹਸ਼ਮੰਦ ਹੈ, ਉਸ ਵਾਸਤੇ ਕੇਸ ਧਾਰਨ ਕਰਨੇ ਜ਼ਰੂਰੀ ਹਨ।

## ੭. ਮਨੂੰ ਸਿਮ੍ਰਤੀ

ਕੇਸ਼ਗ੍ਰਹਾਂਪ੍ਰਹਾਰਾਂਸ਼ਜ ਸ਼ਿਰਸਜਤਤਾਂਵਿਯਰਜਯੇਤ੍॥

ਸ਼ਿਰ: ਸਨਾਤਸ਼ਚ ਤੈਲੇਨ ਨਾਂਗ ਕਿੰਚਿਦਪਿ ਸਪ੍ਰਿਸ਼ੇਤ੍॥

(ਮਨੂੰ ਅ: ੪ ਮੰ: ੮੩)

ਭਾਵ ਅਰਥ :- ਕੇਸਾਂ ਦੀ ਪਵਿੱਤ੍ਰਤਾ ਰੱਖਣ ਵਾਸਤੇ ਕੇਸਾਂ ਤੋਂ ਪਕੜਨਾ ਤੇ ਮਾਰਨਾ ਇਹ ਕੰਮ ਨਾ ਕਰੇ। ਕੇਸਾਂ ਨੂੰ ਤੇਲ ਲਾ ਕੇ ਹੋਰ ਅੰਗਾਂ ਨੂੰ ਹੱਥ ਨਾ ਲਾਵੇ। ਜੇ ਕੋਈ ਕੇਸਾਂ ਦੀ ਬੇਅਦਬੀ ਕਰੇ ਤਾਂ ਉਸ ਨੂੰ ਦੰਡ ਮਿਲਣਾ ਚਾਹੀਦਾ ਹੈ।

ਕੇਸ਼ੇਸ਼ੁਗ੍ਰਿਹਣਤੋਹਤੋ ਛੇਦਯੇਦ ਅ ਵਿਚਾਰਯਨ॥

ਪਾਦਯੋਰਦਾਢਿਕਾਯਾਂ ਚ ਗ੍ਰੀਵਾਯਾਂਵਿਸ਼ਣੇਪੁਚ॥ (ਅ: ੮ ਮੰ: ੨੮੩)

ਭਾਵ ਅਰਥ :- ਹੰਕਾਰ ਨਾਲ ਕੇਸਾਂ ਤੋਂ ਫੜਨ ਵਾਲਾ, ਜੋ ਕੇਸਾਂ ਦੀ ਬੇਅਦਬੀ ਕਰਦਾ ਹੈ, ਉਸ ਦੇ ਬਿਨਾਂ ਕੁਝ ਸੋਚੇ ਸਮਝੇ ਦੋਵੇਂ ਹੱਥ ਕੱਟਵਾ ਦੇਵੇ। ਜੇ ਸਰੀਰ ਦੇ ਕਿਸੇ ਹੋਰ ਅੰਗ ਤੋਂ ਫੜਦਾ ਹੈ ਤਾਂ ਵੀਚਾਰਨ ਦਾ ਸਮਾਂ ਸੀ। ਇਸ ਲਈ ਉਸ ਦਾ ਅਪਰਾਧ ਨਾ ਸਹਾਰੇ ਜਾਣ ਜੋਗਾ ਤੇ ਨਾ ਬਖ਼ਸ਼ੇ ਜਾਣ ਜੋਗਾ ਹੈ ਕਿ ਫੌਰਨ ਹੱਥ ਵੱਢੇ ਜਾਣ ਦੀ ਸਜ਼ਾ ਦਿੱਤੀ।

ਏਸੇ ਤਰ੍ਹਾਂ ਮਨੂੰ ਸਿਮ੍ਰਤੀ ਦੇ ਹੋਰ ਮੰਤ੍ਰ ਮਨੂੰ ਅ: ੬ ਮੰ: ੨ ਅਤੇ ਬਾਨਪ੍ਰਸਤ ਆਸ਼ਰਮ ਵਿਚ ਵੀ ਬਨਸਪਤਿ ਸਿਰ ਤੇ ਕੇਸ ਰੱਖਣ ਬਾਰੇ ਜ਼ਿਕਰ ਆਉਂਦਾ ਹੈ ਜਿਸ ਤੋਂ ਸਪੱਸ਼ਟ ਤੌਰ ਤੇ ਸਿੱਧ ਹੋ ਜਾਂਦਾ ਹੈ ਕਿ ਪ੍ਰਮਾਤਮਾ ਦੀ ਪ੍ਰਾਪਤੀ ਲਈ ਕੇਸਾਧਾਰੀ ਹੋਣਾ ਅਤਿਅੰਤ ਜ਼ਰੂਰੀ ਹੈ।

## ੮. ਵਸ਼ਿਸ਼ਟ ਸਿਮ੍ਰਤੀ

ਬ੍ਰਹਮਣ ਸੁਵਰਣ ਹਰਪਤ ਪ੍ਰਕੀਰਜਯ ਕੇਸ਼ਾਨ॥

(ਵਸ਼ਿਸ਼ਟ ਅ: ੨੦)

ਅਰਥ :- ਬ੍ਰਹਮਣ ਕਾ ਧਨ ਚੁਰਾਨੇ ਵਾਲੇ ਕੇਸ ਖੋਲ੍ਹ ਕਰ ਰਾਜਾ ਕੇ ਪਾਸ ਦੌੜਤਾ ਚਲਾ ਜਾਵੇ।

ਭਾਵ :- ਚੰਗੇ ਮੰਦੇ ਸਭ ਦੇ ਸਿਰ ਤੇ ਕੇਸ ਹੁੰਦੇ ਸਨ ਅਤੇ ਹੋਣੇ ਚਾਹੀਦੇ ਹਨ।

ਨਗਨੋ ਭੁੰਡਾ ਕਪਾਲੀ

(ਵਸ਼ਿਸ਼ਟ ਅ: ੧੬)

ਅਰਥ :- ਝੂਠੀ ਗਵਾਹੀ ਦੇਣ ਵਾਲਾ ਨੰਗਾ ਸਿਰ ਮੁਨਾਏ, ਅੰਨ੍ਹਾ ਤੇ ਭੁੱਖ ਨਾਲ ਵਿਆਕੁਲ ਹੋ ਖੋਪਰੀ ਹੱਥ ਵਿਚ ਲੈ ਸ਼ਤਰੂਆਂ ਦੀ ਕੁਲ ਵਿਚ ਭਿੱਖਿਆ ਮੰਗਦਾ ਫਿਰੇਗਾ।

ਭਾਵ :- ਜਿਹੜਾ ਆਦਮੀ ਝੂਠੀ ਗਵਾਹੀ ਦੇਂਦਾ ਹੈ ਉਹ ਅਗਲੇ ਜਹਾਨ ਇਸ ਪਾਪ ਦੇ ਬਦਲੇ ਸਿਰਮੁੰਨਾ ਹੋਵੇਗਾ। ਇਸ ਤੋਂ ਮਲੂਮ ਹੁੰਦਾ ਹੈ ਕਿ ਅਗਲੇ ਜਹਾਨ ਵਿਚ ਵੀ ਪੁੰਨੀਆਂ ਦੇ ਸਿਰ 'ਤੇ ਕੇਸ ਹੁੰਦੇ ਹਨ।

## ੯. ਯਮ

ਰਾਜਾ ਵ ਰਾਜਪੁਤ੍ਰ ਬ੍ਰਾਹਮਣੇ ਵ ਬਹਸ਼੍ਰੁਤ॥

ਅਕ੍ਰਿਤ੍ਵਾ ਬਪਨੰ ਤੇਸ਼ੰ ਪ੍ਰਵਸ਼ਚਿਤ ਬਿਨਿਰਦੇਸ਼ੇਤ॥

(ਯਮ ਮੰ: ੫੬)

ਅਰਥ :- ਰਾਜਾ ਅਥਵਾ ਰਾਜਾ ਕਾ ਪੁੱਤਰ ਬ੍ਰਾਹਮਣ ਜਾਂ ਜਿਸ ਨੇ ਸ਼ਾਸਤ੍ਰ ਪੜ੍ਹੇ ਹੂਏ ਹੋਂ ਇਨਕੋ ਮੁੰਡਨ ਨਾ ਬਤਾ ਕਰ ਕੇਵਲ ਪ੍ਰਾਸ਼ਚਤ ਬਤਾ ਦੇ।

ਭਾਵ :- ਇਸ ਤੋਂ ਸਿੱਧ ਹੁੰਦਾ ਹੈ ਕਿ ਐਸ਼੍ਵਰਜਵਾਨ, ਪ੍ਰਤਾਪੀ ਤੇ ਵੇਦਾਂ ਦੇ ਗਜਾਤਾ ਮਨੁੱਖਾਂ ਦੇ ਲਈ ਕੇਸਾਂ ਦਾ ਰੱਖਣਾ ਜ਼ਰੂਰੀ ਹੈ ਤੇ ਇਨ੍ਹਾਂ ਨੂੰ ਆਪਣੇ ਕੇਸਾਂ ਦੀ ਰੱਖਿਆ ਜ਼ਰੂਰ ਕਰਨੀ ਚਾਹੀਦੀ ਹੈ।

ਏਸੇ ਤਰ੍ਹਾਂ ਪ੍ਰਾਸ਼ਰ ਸਿਮ੍ਰਤੀ ਅ: ੯ ਮੰਤ੍ਰ ੫੩ ਵਿਚ ਵੀ ਮੰਤ੍ਰ ਦੇ ਸਾਰੇ ਅੱਖਰ ਜਿਉਂ ਦੇ ਤਿਉਂ ਲਿਖੇ ਹਨ।

## ੧੦. ਗੌਤਮ ਸਿਮ੍ਰਤੀ

ਪ੍ਰਕੀਰਣ ਕੇਸ਼............ (ਅ: ੧੦)

ਅਰਥ :- ਖੁਲ੍ਹੇ ਕੇਸੋਂ ਵਾਲੇ ਕੋ ਨਾ ਮਾਰੇ।

ਭਾਵ :- ਛੱਤਰੀਆਂ (ਫੌਜੀਆਂ) ਦੇ ਸਿਰ 'ਤੇ ਕੇਸ ਹੁੰਦੇ ਸਨ।

## ੧੧. ਮਾਨਵ ਗ੍ਰਿਹ ਸ਼ਾਸਤਰ

ਮਾਰਗਬਾਸਾ : ਸੰਹਤਕੇਸ਼ੋ ਮੈਕਸ਼ਾਚਾਰਯ : ਵ੍ਰਿਨਿ : (ਮੰਤ੍ਰ ੨)

ਅਰਥ : - ਮਿਰਗ ਚਰਮ ਓੜ੍ਹੇ, ਸਭ ਕੇਸ ਰੱਖੇ, ਭਿੱਖਯਾ ਮੰਗ ਕੇ ਖਾਵੇ।

ਭਾਵ :- ਏਥੇ ਵੀ ਬਾਨਪ੍ਰਸਤੀ ਲਈ ਕੇਸਾਂ ਦਾ ਰੱਖਣਾ ਆਵੱਸ਼ਕ ਦੱਸਿਆ ਹੈ।

ਹਿੰਦੂ ਮੱਤ ਅਨੁਸਾਰ ਉਪਰੋਕਤ ਧਾਰਮਿਕ ਗ੍ਰੰਥਾਂ ਦੇ ਪ੍ਰਮਾਣਾਂ ਤੋਂ ਸਿੱਧ ਹੈ ਕਿ ਪ੍ਰਮੇਸ਼ਰ ਆਪ ਕੇਸਾਧਾਰੀ ਹੈ ਤੇ ਉਸ ਨੂੰ ਮਿਲਣ ਵਾਸਤੇ ਕੇਸ ਰੱਖਣੇ ਜ਼ਰੂਰੀ ਹਨ।

## (ੲ) ਮੁਸਲਮਾਨੀ ਧਰਮ ਅਨੁਸਾਰ ਕੇਸ

ਮੁਸਲਮਾਨਾਂ ਵਿਚ ਬਾਬਾ ਆਦਮ ਤੋਂ ਲੈ ਕੇ ਇਬਰਾਹੀਮ, ਇਸਰਾਈਲ, ਖ਼੍ਵਾਜਾ ਖ਼ਿਜ਼ਰ, ਦਾਨੀਏਲ, ਯੂਸਫ਼, ਦਾਊਦ ਤੇ ਸੁਲੇਮਾਨ ਆਦਿ ਪੈਗੰਬਰਾਂ ਦੇ ਕੇਸਾਧਾਰੀ ਹੋਣ ਦੀਆਂ ਗਵਾਹੀਆਂ ਮਿਲਦੀਆਂ ਹਨ। ਹਜ਼ਰਤ ਮੁਹੰਮਦ ਸਾਹਿਬ ਨੇ ਕੇਸਾਂ ਦੀ ਮਹੱਤਤਾ ਨੂੰ ਏਥੋਂ ਤਕ ਦਰਸਾਇਆ ਹੈ ਕਿ ਕੇਸ ਰੱਖਣ ਬਿਨਾਂ ਹੱਜ ਨਹੀਂ ਹੋ ਸਕਦਾ, ਜਿਵੇਂ ਕਿ :-

'ਵਾਸਤਿਮੁਲ ਹਜ ਵਲ ਉਮਰਤਾ ਲਿਲਾਹਫਇਨ ਓਹਸਿਰ
ਤੁਮਫੂਸਮ ਤੈਸਰਾ ਮਿਲਨ ਹਦਯੇ ਵਲਾ ਤਾਹਲੇ ਕੂ ਰੋਊਸਾ ਕੁਮ।'

(ਸਿ: ਕ: ਸੂਰਤ ਬਕਰ, ਰਕੂ ੨੪ ਆਇਤ ੧੯੫)

ਅਰਥ :- ਪੂਰਨ ਕਰੋ ਹਜ ਨੂੰ ਤੇ ਉਮਰਾ ਨੂੰ ਵਾਸਤੇ ਅੱਲਾ ਦੇ ਪਾਸ ! ਜੇ ਘੇਰੇ ਜਾਉ ਤੁਸੀਂ ਪਸ ! ਜੋ ਕੁਝ ਪ੍ਰਾਪਤ ਹੋ ਸਕੇ ਕੁਰਬਾਨੀ ਤੋਂ, ਤੇ ਨਾ ਮੁਨਾਓ ਸਿਰਾਂ ਆਪਣਿਆਂ ਨੂੰ।

ਇਸ ਤੋਂ ਸਾਬਤ ਹੁੰਦਾ ਹੈ ਕਿ ਮੁਸਲਮਾਨਾਂ ਦੇ ਅਸਥਾਨਾਂ ਦੀ ਜ਼ਿਆਰਤ ਕੇਸਾਧਾਰੀ ਹੀ ਕਰ ਸਕਦਾ ਹੈ।

ਪੁਸਤਕ 'ਕਬਰੋਂ ਕੇ ਗ਼ੈਬੀ ਨਵਿਸਤੇ' ਵਿਚ ਖ਼੍ਵਾਜਾ ਹਸਨ ਨਿਜ਼ਾਮੀ 'ਦੇਹਲਵੀ' ਹਜ਼ਰਤ ਮੁਹੰਮਦ ਸਾਹਿਬ ਜੀ ਦੇ ਸਰੀਰਿਕ ਲਿਬਾਸ ਬਾਰੇ ਲਿਖਦੇ ਹਨ:-

'ਛੋਟਾ ਜਿਹਾ ਕੱਦ, ਲੰਮੇ ਲੰਮੇ ਵਾਲ, ਖੁੱਲ੍ਹੇ ਸਿਰ ਤੇ ਪਗੜੀ ਬੰਨ੍ਹੀ ਹੱਥ ਵਿਚ ਲੱਕੜੀ .........'

ਜਿਸ ਤੋਂ ਪਤਾ ਲੱਗਦਾ ਹੈ ਕਿ ਮੁਹੰਮਦ ਸਾਹਿਬ ਕੇਸਾਂ ਦੇ ਸਤਿਕਾਰ ਵਾਸਤੇ ਦਸਤਾਰ ਵੀ ਸਜਾਉਂਦੇ ਰਹੇ ਹਨ।

ਮੁਹੰਮਦ ਸਾਹਿਬ ਦੇ ਕੇਸਾਧਾਰੀ ਹੋਣ ਦਾ ਪੱਕਾ ਸਬੂਤ ਅੱਜ ਕੱਲ੍ਹ ਵੀ ਕਸ਼ਮੀਰ ਵਿਚ ਪਏ ਮੁਹੰਮਦ ਸਾਹਿਬ ਦੇ ਕੇਸਾਂ ਤੋਂ ਮਿਲਦਾ ਹੈ, ਜਿਨ੍ਹਾਂ ਦੇ ਗੁੰਮ ਹੋ ਜਾਣ ਕਾਰਨ ਕੁਝ ਸਮਾਂ ਪਹਿਲਾਂ ਹਿੰਦ ਸਰਕਾਰ ਨੂੰ ਬਹੁਤ ਯਤਨਾਂ ਨਾਲ ਲੱਭਣੇ ਪਏ।

ਕੁਰਾਨ ਸ਼ਰੀਫ਼ ਵਿਚ ਕਈ ਥਾਵਾਂ ਤੇ ਕੇਸਾਂ ਦੀ ਕੀਰਤੀ ਕੀਤੀ ਗਈ ਹੈ। ਸੂਫ਼ੀ

ਮੁਸਲਮਾਨਾਂ ਨੇ ਵੀ (ਭਾਵੇਂ ਉਹ ਸ਼ਰ੍ਹਾ-ਸ਼ਰਈਅਤ ਦੇ ਅਖਾਉਤੀ ਬੰਧਨਾਂ ਤੋਂ ਮੁਕਤ ਸਨ) ਖ਼ੁਦਾ ਦੀ ਸਾਬਤ ਸੂਰਤ ਨੂੰ ਬਰਕਰਾਰ ਰਖਿਆ। ਮੁਸਲਮਾਨੀ ਮਜ਼ਹਬ ਦਾ ਇਹ ਭਵਿੱਖਵਾਸੀ ਵਿਸ਼ਵਾਸ (ਕਿ ਕਿਆਮਤ ਵਾਲੇ ਦਿਨ ਮੁਸਲਮਾਨ ਕੇਸਾਂ ਤੋਂ ਫੜ ਕੇ ਕਬਰਾਂ ਵਿਚੋਂ ਉਠਾਏ ਜਾਣਗੇ) ਵੀ ਅੰਤਮ ਸਵਾਸਾਂ ਤਕ ਕੇਸਾਧਾਰੀ ਰਹਿਣ ਦਾ ਵਿਸ਼ਵਾਸ ਦੁਆਉਂਦਾ ਹੈ।

## (ਸ) ਈਸਾਈ ਮੱਤ ਅਤੇ ਕੇਸ

ਭਾਰਤੀ ਧਰਮ ਗ੍ਰੰਥਾਂ ਵਾਂਗ ਈਸਾਈ ਮੱਤ ਦੇ ਪੈਰੋਕਾਰਾਂ ਨੇ ਕੁਦਰਤ ਦਾ ਪਹਿਲਾ ਮਨੁੱਖ ਹਜ਼ਰਤ ਆਦਮ ਨੂੰ ਮੰਨਿਆ ਹੈ। ਬਾਈਬਲ ਵਿਚ ਉਸ ਦੀ ਫੋਟੋ ਦੇ ਕੇ ਲਿਖਿਆ ਹੈ ਕਿ ਪ੍ਰਮਾਤਮਾਂ ਨੇ ਹਜ਼ਰਤ ਆਦਮ ਨੂੰ ਆਪਣਾ ਖ਼ਾਸ ਰੂਪ ਬਖ਼ਸ਼ਿਆ, ਜਿਸ ਦਾ ਸਿੱਧਾ ਮਤਲਬ ਹੈ ਕਿ ਈਸਾਈ ਅਕਾਲ ਪੁਰਖ ਨੂੰ ਕੇਸਾਧਾਰੀ ਤਸਲੀਮ ਕਰਦੇ ਹਨ। ਈਸਾ ਨੂੰ ਸੂਲੀ ਚੜ੍ਹਾਉਣ ਸਮੇਂ ਜੋ ਸਰਕਾਰੀ ਡਾਇਰੀ ਉਪਲਬਧ (ਪ੍ਰਾਪਤ) ਹੈ, ਤੋਂ ਵੀ ਈਸਾ ਜੀ ਦਾ ਕੇਸਾਧਾਰੀ ਸਰੂਪ ਹੋਣਾ ਹੋਰ ਨਿੱਖਰਦਾ ਹੈ। ਈਸਾ ਜੀ ਦੇ ਸਿਰ 'ਤੇ ਲੰਮੇ ਕੇਸ ਅਤੇ ਸੰਘਣੀ ਦਾੜ੍ਹੀ ਦਾ ਜ਼ਿਕਰ ਵੀ ਇਸ ਵਿਚ ਮਿਲਦਾ ਹੈ।

ਬੁਖ਼ਾਰੀ ਨੇ ਕਿਤਾਬ 'ਬਦਾਅਲਖ਼ਲਕ' ਵਿਚ ਹਜ਼ਰਤ ਯਸੂਹ ਮਸੀਹ ਦੇ ਸੁੰਦਰ ਕੇਸਾਂ ਦੀ ਸਿਫਤ ਕਰਦਿਆਂ ਲਿਖਿਆ ਹੈ ਕਿ ਉਨ੍ਹਾਂ ਦੇ ਵਾਲ ਘੁੰਗਰਾਲੇ, ਛਾਤੀ ਚੌੜੀ ਅਤੇ ਰੰਗ ਸੁਰਖ਼ ਲਾਲ ਸੀ।

ਇਸੇ ਤਰ੍ਹਾਂ ਹਜ਼ਰਤ ਮੁਹੰਮਦ ਸਾਹਿਬ ਸੁਪਨੇ ਰਾਹੀਂ ਦੇਖੇ ਗਏ ਈਸਾ ਜੀ ਦੀ ਸ਼ਕਲ ਸੂਰਤ ਬਿਆਨ ਕਰਦੇ ਹਨ ਕਿ ਮੇਰੇ ਲੋਕਾਂ ਕੋਲੋਂ ਪੁੱਛਣ 'ਤੇ ਉਨ੍ਹਾਂ ਉੱਤਰ ਦਿੱਤਾ, "ਇਹ ਮਰੀਅਮ ਦਾ ਪੁੱਤਰ ਈਸਾ ਹੈ, ਜਿਸ ਦੇ ਮੋਢਿਆਂ ਉੱਤੇ ਸੁੰਦਰ ਲੰਮੇ ਤੇ ਸਿੱਧੇ ਵਾਲ ਲਟਕ ਰਹੇ ਹਨ।'

ਈਸਾਈ ਮੱਤ ਅਨੁਸਾਰ ਉਨ੍ਹਾਂ ਦੇ ਧਾਰਮਿਕ ਗ੍ਰੰਥ ਬਾਈਬਲ, ਜਿਸ ਨੂੰ ਕਿ ਉਹ ਅਸਮਾਨੀ ਕਿਤਾਬ ਸਿੱਧ ਕਰਦੇ ਹਨ, ਵਿਚ ਕਈ ਥਾਈਂ ਕੇਸਾਂ ਦੀ ਵਡਿਆਈ ਕੀਤੀ ਹੈ। ਬਾਈਬਲ ਦੇ ਜੱਜਿਜ਼ ਕਾਂਡ 13-16 ਵਿਚ ਜ਼ੋਰਹ ਦੇ ਰਹਿਣ ਵਾਲਾ ਸੈਮਸਨ ਜੋ ਕਿ ਬਹੁਤ ਤਾਕਤਵਰ ਸੂਰਮਾ ਸੀ, ਦਾ ਬਿਨਾਂ ਹਥਿਆਰਾਂ ਦੇ ਸ਼ੇਰ ਮਾਰਨ ਦਾ ਜ਼ਿਕਰ ਆਉਂਦਾ ਹੈ। ਜਿਸ ਨੇ ਖੋਤੇ ਦੀ ਹੱਡੀ ਨਾਲ ਤਕਰੀਬਨ ਇਕ ਹਜ਼ਾਰ ਆਦਮੀਆਂ ਦਾ ਖ਼ਾਤਮਾ ਕੀਤਾ। ਦੁਸ਼ਮਨਾਂ ਦੇ ਕਬਜ਼ੇ ਵਿਚ ਆ ਜਾਣ 'ਤੇ ਵੀ ਸੰਗਲ ਤੋੜ ਕੇ ਬਾਹਰ ਨਿਕਲ ਗਿਆ। ਇਸ ਦਾ ਪ੍ਰੇਮ ਇਕ ਡਲਾਇਲਾ ਨਾਮੀ ਔਰਤ ਨਾਲ ਸੀ, ਜਿਸ ਨੇ ਲਾਲਚ ਵਿਚ ਆ ਕੇ ਦੁਸ਼ਮਨਾਂ ਨੂੰ ਭੇਤ ਦੱਸ ਦਿੱਤਾ ਕਿ ਇਸ ਦੀ ਬਹਾਦਰੀ ਦਾ ਕਾਰਨ ਕੇਸ ਨਾ-ਮੁਨੋਣੇ ਹਨ, ਜਿਸ ਕਰਕੇ ਉਸ

ਇਸਤ੍ਰੀ ਨੇ ਸੈਮਸਨ ਦੇ ਸੁੱਤੇ ਪਿਆਂ ਕੇਸ ਕੱਟ ਦਿੱਤੇ ਤਾਂ ਉਸ ਦੀ ਸਾਰੀ ਸ਼ਕਤੀ ਜਾਂਦੀ ਰਹੀ ਅਤੇ ਦੁਸ਼ਮਨਾਂ ਨੇ ਕੈਦ ਕਰ ਕੇ ਉਸ ਦੀਆਂ ਅੱਖਾਂ ਕੱਢ ਦਿੱਤੀਆਂ।

ਯਹੂਦੀਆਂ ਦੇ ਰਹਿਬਰ ਹਜ਼ਰਤ ਮੂਸਾ ਜੀ ਨੇ ਇਸਰਾਈਲੀਆਂ ਨੂੰ ਆਪਣੇ ਕੇਸ ਤੇ ਦਾੜ੍ਹੀ ਦੇ ਬੇਅਦਬੀ ਨਾ ਕਰਨ ਬਾਰੇ ਉਪਦੇਸ਼ ਦਿੱਤਾ।

ਇਹਨਾਂ ਗੱਲਾਂ ਤੋਂ ਸਿੱਧ ਹੁੰਦਾ ਹੈ ਕਿ ਈਸਾਈ ਮੱਤ ਜੋ ਕਿ ਆਪਣੀ ਧਾਰਮਿਕ ਪੁਸਤਕ ਬਾਈਬਲ 'ਤੇ ਅਤਿ ਸ਼ਰਧਾ ਕਰਦੇ ਹਨ, ਵਿਚ ਵੀ ਕੇਸਾਂ ਦੇ ਰੱਖਣ ਬਾਰੇ ਬਾਰ ਬਾਰ ਸੰਕੇਤ ਦਿੱਤਾ ਗਿਆ ਹੈ। ਇਸ ਲਈ ਕੇਸ ਰੱਖਣੇ ਬਹੁਤ ਜ਼ਰੂਰੀ ਹਨ। ਕਿਸੇ ਵੀ ਪ੍ਰਕਾਰ ਇਨ੍ਹਾਂ ਨੂੰ ਕਟਾਉਣਾ ਨਹੀਂ ਚਾਹੀਦਾ।

## (ਹ) ਵਿਗਿਆਨ ਅਤੇ ਕੇਸ :

ਅਮਰੀਕਾ ਦੇ ਮਨੋਵਿਗਿਆਨੀ ਪ੍ਰੋਫੈਸਰ ਰਾਬਰਟ ਪਿਲਗ੍ਰਿਨੀ ਨੇ ਲਿਖਿਆ ਹੈ ਕਿ ਜਿਤਨਾ ਕੋਈ ਸਾਬਤ ਸੂਰਤ ਰਵ੍ਹੇਗਾ ਉਤਨਾ ਹੀ ਮਰਦ, ਬਜ਼ੁਰਗ, ਦਰਸ਼ਨੀ, ਆਤਮ ਵਿਸ਼ਵਾਸੀ, ਸਾਹਸੀ, ਉਦਾਰ, ਅਡੋਲ ਅਤੇ ਮਿਹਨਤੀ ਹੋਵੇਗਾ। ਕੇਸ ਕੱਟਣ ਕਰ ਕੇ ਸਰੀਰ ਦੀ ਸ਼ਕਤੀ ਖੀਣ ਹੁੰਦੀ ਹੈ। ਕੇਸ ਸਰੀਰ ਵਿਚ ਕਾਫ਼ੀ ਡੂੰਘੇ ਹੁੰਦੇ ਹਨ ਜੋ ਖ਼ੂਨ ਦੀਆਂ ਬਰੀਕ ਨਾੜੀਆਂ ਤੋਂ ਸ਼ਕਤੀ ਤੇ ਸਮੱਗਰੀ ਲੈਂਦੇ ਰਹਿੰਦੇ ਹਨ।

ਕੇਸ ਸਰੀਰ ਦਾ ਅਨਿੱਖੜਵਾਂ ਅੰਗ ਹਨ। ਸਰਬ ਸਰੀਰਕ ਅੰਗਾਂ ਵਾਂਗ ਇਹਨਾਂ ਵਿਚ ਵੀ ਹੇਠ ਲਿਖੇ ਤੱਤ ਸਮਿਲਤ ਹਨ :-

| | | |
|---|---|---|
| ਨਾਈਟਰੋਜਨ | - | ੧੭ |
| ਕਾਰਬਨ | - | ੫੦ |
| ਔਕਸੀਜਨ | - | ੨੮ |
| ਹਾਈਡਰੋਜਨ | - | ੬ |
| ਸਲਫ਼ਰ | - | ੫ |

ਅਤੇ ਇਸ ਤੋਂ ਇਲਾਵਾ ਚੂਨਾ ਅਤੇ ਅਗਨੀ ਵੀ ਥੋੜ੍ਹੀ ਮਾਤ੍ਰਾ ਵਿਚ ਪਾਏ ਜਾਂਦੇ ਹਨ।

ਸਿੱਖ ਧਰਮ ਤੋਂ ਇਲਾਵਾ ਦੂਸਰੇ ਧਰਮਾਂ ਦੇ ਮਹਾਨ ਸਾਹਿਤਕਾਰ, ਮਹਾਨ ਸਿਆਸਤਦਾਨ, ਵਿਗਿਆਨਕ, ਬਹਾਦਰ, ਧਾਰਮਿਕ ਨੇਤਾ :- ਆਰਕੀਮੀਡੀਜ਼, ਜੂਲੀਅਸ ਸੀਜ਼ਰ, ਕੋਲੰਬਸ, ਇਬਰਾਹਿਮ ਲਿੰਕਨ, ਸੁਕਰਾਤ, ਫਰੈਂਕਲਿਨ, ਨਿਪੋਲੀਅਨ, ਸ਼ੇਕਸਪੀਅਰ, ਲੂਥਰ, ਲੂਈ ਪੈਸਚਰ, ਕਾਰਲ ਮਾਰਕਸ, ਵਾਲਟੇਅਰ, ਕਰੋਮਵਿਲ, ਐਡੀਸਨ ਆਦਿ ਸਾਰੇ ਕੇਸਾਧਾਰੀ ਹੋਏ ਹਨ।

## ਕੇਸ ਮੁੰਡਨ ਦਾ ਰਿਵਾਜ :

ਮਹਾਂ ਭਾਰਤ ਦੇ ਇਤਿਹਾਸ ਤੋਂ ਕਾਫ਼ੀ ਸਮਾਂ ਪਿਛੋਂ ਰਾਜਾ ਨੰਦ ਨਾਮ ਦਾ ਇਕ ਸ਼ੂਦਰ ਰਾਜਾ ਹੋਇਆ, ਜਿਸ ਨੇ ਕਈ ਖੱਤਰੀ ਰਾਜਿਆਂ ਨੂੰ ਹਰਾ ਕੇ ਅਧੀਨ ਕੀਤਾ ਅਤੇ ਦੇਸ਼-ਨਿਕਾਲੇ ਦਿੱਤੇ। ਤੰਗ ਆ ਕੇ ਉਨ੍ਹਾਂ ਰਾਜਿਆਂ ਨੇ ਰਾਜਾ ਨੰਦ ਦਾ ਰਾਜ ਭਾਗ ਤੇ ਖ਼ਾਨਦਾਨ ਨਸ਼ਟ ਕਰਨ ਵਾਸਤੇ ਬ੍ਰਾਹਮਣਾਂ ਨੂੰ ਲਾਲਚ ਦੇ ਕੇ ਬਰਨੀਆਂ ਕਰਾਉਣ ਦਾ ਯਤਨ ਕੀਤਾ। ਜਦੋਂ ਰਾਜਾ ਨੰਦ ਨੂੰ ਪਤਾ ਲੱਗਾ :-

'ਬਿਪ੍ਰਨ ਤੇ ਬਰਨੀ ਕਰਵਾਏ। ਮੇਰੇ ਰਾਜ ਦੇਹ ਬਿਨਸਾਏ।
ਦੂਰ ਦੂਰ ਮੰਤਰ ਜਾਪ ਦਿਜ ਕਰੈ। ਮੋਤ ਰਾਜ ਤੇਜ ਸਭ ਹਰੈ।'

ਤਾਂ ਰਾਜੇ ਨੇ ਆਪਣੇ ਵਜ਼ੀਰਾਂ ਨੂੰ ਪੁੱਛਿਆ ਕਿ ਇਨ੍ਹਾਂ ਬ੍ਰਾਹਮਣਾਂ ਨੂੰ ਕਿਵੇਂ ਮਾਰਿਆ ਜਾਵੇ ? ਇਹ ਫੈਸਲਾ ਕੀਤਾ ਗਿਆ ਕਿ ਸਾਰੇ ਵਿਦਵਾਨ ਬ੍ਰਾਹਮਣਾਂ ਦਾ ਮੁੰਡਨ ਕੀਤਾ ਜਾਵੇ (ਕੇਸ ਕਟਾਏ ਜਾਣ) ਤਾਂ ਇਹ ਸ਼ਕਤੀ ਹੀਨ ਹੋ ਕੇ ਮਰ ਜਾਣਗੇ।

'ਦਿਜਬਰ ਬਿਦਿਆ ਜਿੱਤ ਪ੍ਰਬੀਨਾ। ਸਭ ਕੋ ਕੀਜੈ ਕੇਸ ਬਹੀਨਾ।
ਸੂਦਰ ਛਾਪ ਆਪਣੀ ਦੇਹੁ ਲਾਏ। ਮੁੰਡੇ ਸੀਸ ਮੰਤ੍ਰ ਨਿਫਲਾਏ।
ਬਰਨੀ ਬਿਧ ਨ ਕਿਸ ਕੀ ਹੋਇ। ਅਧਿਕ ਉਪਾਵ ਕਰੇ ਜੇ ਕੋਇ।'

ਰਾਜੇ ਨੇ ਇਹ ਸਲਾਹ ਪ੍ਰਵਾਨ ਕਰ ਲਈ ਅਤੇ ਦੱਛਣਾ ਦੇਣ ਦੇ ਬਹਾਨੇ ਸਾਰੇ ਮਹਾਨ ਪੰਡਿਤਾਂ ਨੂੰ ਸੱਦ ਲਿਆ :-

'ਸੁਣ ਮਹਿਪਤ ਕੇ ਮਨ ਮਹਿ ਭਾਈ। ਜਹਿੰ ਕਹਿੰ ਤੇ ਦਿਜ ਲੀਏ ਬੁਲਾਈ।
ਨਿਜ ਬਲ ਕਰਕੇ ਸਿਰ ਮੁੰਡਾਏ। ਸਮਸ ਸਮੇਤ ਕੇਸ ਬਿਨਸਾਏ।'

ਇਸ ਤਰ੍ਹਾਂ ਸਾਰਿਆਂ ਦੇ ਕੇਸ ਮੁਨਵਾ ਦਿੱਤੇ।

'ਕਵੀਅਨ ਤੇ ਸਲੋਕ ਬਨਵਾਏ। ਬਹੁ ਗ੍ਰੰਥ ਮਹਿ ਦੀਏ ਲਖਾਏ।
ਜਬ ਜਗ ਮੂੰਡ ਭਏ ਬਿਪਰ ਜਬ। ਇਹ ਭੀ ਧਰਮ ਬਖਾਨਤ ਭਏ ਤਬ।'

ਤਾਂ ਇਨ੍ਹਾਂ ਸਾਰਿਆਂ ਨੇ ਸਲਾਹ ਕਰਕੇ ਆਪਣੀ ਮਨ ਮਰਜ਼ੀ ਦੀ ਇਕ ਨਵੀਂ ਰਸਮ ਮੁੰਡਨ ਸੰਸਕਾਰ ਕਾਇਮ ਕੀਤੀ।

ਜਿਵੇਂ ਕੇਸਾਂ ਨੂੰ ਕਟਾਉਣਾ ਪ੍ਰਮੇਸ਼ਰ ਦੇ ਹੁਕਮ ਦੀ ਉਲੰਘਣਾ ਹੈ, ਇਵੇਂ ਹੀ ਕੇਸਾਂ ਦੀਆਂ ਜਟਾਂ ਆਦਿਕ ਬਣਾਉਣੀਆਂ ਵੀ ਵਾਹਿਗੁਰੂ ਦੀ ਹੁਕਮ ਅਦੂਲੀ ਹੈ :-

'ਰਾਮ ਨਾਮ ਬਿਨੁ ਸਾਂਤਿ ਨ ਆਵੈ, ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ॥ ੩॥
'ਜਟਾ ਮੁਕਟੁ ਤਨਿ ਭਸਮ ਲਗਾਈ, ਬਸਤ੍ਰੁ ਛੋਡਿ ਤਨਿ ਨਗਨੁ ਭਇਆ॥
(੧੧੨੭)

'ਕਰ ਮੋ ਨਖ ਸਿਰ ਜਟਾ ਸਵਾਰੀ॥ ਪ੍ਰਭੁ ਕੀ ਕ੍ਰਿਆ ਕਛੂ ਨ ਬਿਚਾਰੀ॥ ੨੩॥

(ਦਸਮ ਗ੍ਰੰਥ, ੫੯)

'ਜਟਾ ਨ ਸੀਸ ਧਾਰਿਹੋ॥ ਨ ਮੁੰਦਕਾ ਸੁ ਧਾਰਿਹੋ॥

(ਦਸਮ ਗ੍ਰੰਥ, ੫੭)

ਪਹਿਲੇ ਪਹਿਲ ਕਰਮਯੋਗੀ ਸੰਸਾਰੀ ਜੀਵਨ ਨੂੰ ਤਿਆਗ ਕੇ ਸੰਨਿਆਸੀ ਬਣਦੇ ਤੇ ਮੁੰਡਨ ਕਰਾਉਂਦੇ ਸਨ। ਇਸੇ ਤਰ੍ਹਾਂ ਜੈਨੀ ਤੇ ਬੋਧੀ ਕਰਦੇ ਸਨ। ਇਸ ਤੋਂ ਬਿਨਾਂ ਮਾਪਿਆਂ ਦੀ ਮੌਤ 'ਤੇ ਮੁੰਡਨ ਦਾ ਰਿਵਾਜ ਸੀ ਜੋ ਕਿ ਸੋਗ ਦੀ ਰਸਮ ਨੂੰ ਪ੍ਰਗਟ ਕਰਦਾ ਸੀ, ਇਸੇ ਤਰ੍ਹਾਂ ਮੋਨਿਆਂ ਤੇ ਰੋਡਿਆਂ ਦੀ ਗਿਣਤੀ ਵਧਦੀ ਗਈ। ਫਿਰ ਭਾਰਤ ਵਿਚ ਮੁਸਲਮਾਨ ਹਮਲਾਵਰ ਆਏ ਜੋ ਕੇਸ ਤੇ ਦਾੜ੍ਹੀ ਰੱਖਣਾ ਆਪਣਾ ਗੌਰਵ ਸਮਝਦੇ ਸਨ। ਉਹਨਾਂ ਹਿੰਦੂਆਂ ਨੂੰ ਦਾੜ੍ਹੀ ਤੇ ਕੇਸ ਮੁੰਨਣ ਲਈ ਮਜਬੂਰ ਕੀਤਾ। ਮਗਰੋਂ ਫ਼ੈਸ਼ਨ ਦੇ ਰੂਪ ਵਿਚ ਉਨ੍ਹਾਂ ਨੇ ਰਿਵਾਜ ਹੀ ਬਣਾ ਲਿਆ, ਜੋ ਅੱਜ ਕੱਲ੍ਹ ਵੀ ਉਨ੍ਹਾਂ ਵਿਚ ਪ੍ਰਚੱਲਤ ਹੈ।

ਪਰ ਗੁਰਸਿੱਖ ਅਣਖ, ਗ਼ੈਰਤ, ਗੌਰਵਤਾ ਅਤੇ ਬਹਾਦਰੀ ਵਾਲੇ ਸੂਰਮੇ ਕਦੇ ਕੇਸ ਦਾੜ੍ਹਾ ਨਹੀਂ ਮੁਨੌਂਦੇ।

ਇਕ ਵਾਰ ਦੇਵਤਿਆਂ ਦੇ ਤੇਜ ਪ੍ਰਤਾਪ ਨੂੰ ਵਧਦਿਆਂ ਵੇਖ ਕੇ ਦੈਂਤਾਂ ਦੇ ਮਨ ਵਿਚ ਈਰਖਾ ਪੈਦਾ ਹੋਈ ਅਤੇ ਉਹਨਾਂ ਨੇ ਆਪਣੇ ਗੁਰੂ ਪਾਸ ਬੇਨਤੀ ਕੀਤੀ ਕਿ ਸਾਨੂੰ ਐਸਾ ਉਪਾਅ ਦੱਸੋ ਜਿਸ ਨਾਲ ਸਾਡਾ ਤੇਜ ਪ੍ਰਤਾਪ ਦੇਵਤਿਆਂ ਨਾਲੋਂ ਵਧੇ। ਤਾਂ ਉਹਨਾਂ ਦੇ ਗੁਰੂ ਨੇ ਵੇਦ ਮਰਯਾਦਾ ਅਨੁਸਾਰ ਯੱਗ ਕਰਨ ਦੀ ਸਲਾਹ ਦਿੱਤੀ :

'ਤੁਮਹੂੰ ਕਰੋ ਜੱਗ ਆਰੰਭਨ॥ ਬਿਜੈ ਹੋਇ ਤੁਮਰੀ ਤਾ ਤੇ ਰਣ॥

ਦੈਂਤਾਂ ਦੇ ਜੱਗ ਕਰਨ 'ਤੇ ਦੇਵਤਿਆਂ ਨੂੰ ਆਪਣੀ ਪ੍ਰਭਤਾ ਤੇ ਜਾਨ ਦਾ ਖ਼ਤਰਾ ਭਾਸਣ ਲੱਗਾ ਅਤੇ ਉਹਨਾਂ ਜਾ ਕੇ ਵਿਸ਼ਨੂੰ ਪਾਸ ਹੱਥ ਜੋੜ ਕੇ ਬੇਨਤੀ ਕੀਤੀ ਤੇ ਕਿਹਾ ਕਿ ਆਪ ਕ੍ਰਿਪਾ ਕਰ ਕੇ ਸਾਨੂੰ ਇਸ ਔਕੜ ਤੋਂ ਬਚਾਓ। ਵਿਸ਼ਨੂੰ ਜੀ ਨੇ ਅਕਾਲ ਪੁਰਖ ਦੀ ਅਰਾਧਨਾ ਕੀਤੀ ਤਾਂ ਭਗਵਾਨ ਨੇ ਪ੍ਰਗਟ ਹੋ ਕੇ ਵਿਸ਼ਨੂੰ ਜੀ ਨੂੰ ਅਰਹੰਤ ਦਾ ਅਵਤਾਰ ਧਾਰ ਕੇ ਦੈਂਤਾਂ ਦਾ ਨਾਸ ਕਰਨ ਲਈ ਕਿਹਾ :-

'ਧਰ ਅਰਹੰਤ ਦੇਵ ਕੋ ਰੂਪਾ॥ ਨਾਸ ਕਰੋ ਅਸੁਰਨ ਕੇ ਭੂਪਾ॥ ੭॥

(ਦਸਮ ਗ੍ਰੰਥ, ੧੯੩)

ਤਾਂ ਵਿਸ਼ਨੂੰ ਜੀ ਨੇ ਅਰਹੰਤ ਦਾ ਅਵਤਾਰ ਧਾਰਿਆ ਅਤੇ ਵੇਦਾਂ ਦੀ ਰੀਤੀ ਦੇ ਉਲਟ ਦੈਂਤਾਂ ਵਿਚ ਪ੍ਰਚਾਰ ਅਰੰਭਿਆ ਜਿਸ ਵਿਚ ਉਨ੍ਹਾਂ ਦੇ ਕੇਸ ਕਤਲ ਕਰਕੇ ਉਨ੍ਹਾਂ ਦੀ ਤਾਕਤ ਨੂੰ ਕਮਜ਼ੋਰ ਕੀਤਾ। ਕਿਉਂਕਿ ਵੇਦ ਮੰਤ੍ਰ ਤਦ ਹੀ ਫਲੀ ਭੂਤ ਹੁੰਦਾ ਹੈ ਜੇ ਮੰਤ੍ਰ ਪੜ੍ਹਨ ਵਾਲਾ ਸਾਬਤ ਸੂਰਤ ਹੋਵੇ ਭਾਵ ਸਰੀਰ ਦੇ ਕਿਸੇ ਅੰਗ ਤੋਂ ਰੋਮ ਨਾ ਲੁਹਾਏ ਹੋਣ, ਨਹੀਂ ਤਾਂ ਮੰਤ੍ਰ ਦਾ ਜਾਪ ਉਲਟ ਅਸਰ ਕਰਦਾ ਹੈ :-

'ਸਭਹੂੰ ਹਾਥ ਮੋਚਨਾ ਦੀਏ॥ ਸਿਖਾ ਹੀਣ ਦਾਨਵ ਬਹੁ ਕੀਏ॥
ਸਿਖਾ ਹੀਣ ਕੋਈ ਮੰਤ੍ਰ ਨ ਫੁਰੈ॥ ਜੋ ਕੋਈ ਜਪੈ ਉਲਟ ਤਿਹ ਪਰੈ॥ ੧੦॥
(ਦਸਮ ਗ੍ਰੰਥ, ੧੮੩)

ਇਸ ਤੋਂ ਹੀ ਸਰੇਵੜਿਆਂ ਦਾ ਮੱਤ ਸੰਸਾਰ ਵਿਚ ਪ੍ਰਗਟ ਹੋਇਆ, ਜਿਸ ਵਿਚ ਕੇਸਾਂ ਨੂੰ ਪੁੱਟਣ, ਸੁਆਹ ਆਦਿ ਨਾਲ ਬਿਅਦਬੀ ਕਰਨ ਦੀ ਖੋਟੀ ਰੀਤੀ ਪ੍ਰਚਲਤ ਹੋਈ।

ਗ੍ਰੰਥਾਂ ਵਿਚ ਇਸ ਮੁੰਡਨ ਸੰਸਕਾਰ ਦੀ ਪੂਰਨ ਹਮਾਇਤ ਕੀਤੀ ਤਾਂ ਕਿ ਇਸ ਢਹਿੰਦੀ ਕਲਾ ਦੇ ਪੱਖ 'ਤੇ ਪਰਦਾ ਪਾਇਆ ਜਾ ਸਕੇ।

ਰਾਮਾਇਣ ਦੇ ਪ੍ਰਸੰਗ ਅਨੁਸਾਰ ਬ੍ਰਾਹਮਣ ਪਰਸਰਾਮ ਦੇ ਪਿਤਾ ਜਮਦਗਨੀ ਰਿਖੀ ਨੂੰ ਸਹੰਸਰ ਬਾਹੂ ਛੱਤਰੀ ਨੇ ਕਤਲ ਕਰ ਦਿੱਤਾ। ਪਰਸਰਾਮ ਨੇ ਪਿਤਾ ਦੇ ਬਦਲੇ ਦੀ ਭਾਵਨਾ ਵਿਚ ਸਾਰੇ ਛੱਤਰੀਆਂ ਦਾ ਬੀਜ ਨਾਸ ਕਰਨ ਦਾ ਪ੍ਰਣ ਕਰ ਲਿਆ ਅਤੇ ਸਵਾ ਮਣ ਦਾ ਕੁਹਾੜਾ ਲੈ ਕੇ ਜਿਥੇ ਕਿਸੇ ਛੱਤਰੀ ਨੂੰ ਦੇਖਦਾ, ਮਾਰ ਦਿੰਦਾ। ਬਹੁਤੇ ਛੱਤਰੀਆਂ ਨੇ ਆਪਣੀਆਂ ਜਾਨਾਂ ਬਚਾਉਣ ਖ਼ਾਤਰ ਕੇਸ ਕਟਾਉਣੇ ਸ਼ੁਰੂ ਕਰ ਦਿੱਤੇ ਅਤੇ ਇਕ ਬੋਦੀ ਰੱਖਣ ਲੱਗ ਪਏ। ਪਰਸਰਾਮ ਜਦ ਸ੍ਰੀ ਰਾਮਚੰਦਰ ਜੀ ਤੇ ਲਛਮਣ ਨੂੰ ਮਾਰਨ ਲੱਗਾ ਤਾਂ ਸ੍ਰੀ ਰਾਮਚੰਦਰ ਜੀ ਤੋਂ ਲਛਮਣ ਨੇ ਆਗਿਆ ਮੰਗੀ ਕਿ :-

'ਕਹੋ ਬਾਂਧ ਡਾਰੋ, ਕਹੋ ਦੇਸ ਦੇ ਨਿਕਾਰੋ,
ਕਹੋ ਬਾਰਧ ਉਤਾਰੋ, ਕਹੋ ਜੂੜਾ ਕਾਟ ਲੀਜੀਏ।'

ਇਸ ਤਰ੍ਹਾਂ ਸ੍ਰੀ ਰਾਮ ਚੰਦਰ ਜੀ ਨੇ ਆਖਿਆ ਕਿ ਬ੍ਰਾਹਮਣ ਨੂੰ ਮਾਰਨਾ ਠੀਕ ਨਹੀਂ, ਇਸ ਦੇ ਕੇਸ ਕੱਟ ਦਿੱਤੇ ਜਾਣ ਜੋ ਕਿ ਮੌਤ ਨਾਲੋਂ ਵੀ ਵੱਧ ਸਜ਼ਾ ਸਮਝੀ ਗਈ।

ਛੱਤਰੀਆਂ ਵਿਚ ਕੇਸ ਕਟਾਉਣ ਦਾ ਇਹ ਵੀ ਕਾਰਨ ਹੈ :-

ਜਦੋਂ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੇ ਸਸਪਾਲ ਨਾਲ ਜੰਗ ਕਰਕੇ ਰੁਕਮਣੀ ਨੂੰ ਵਿਆਹ ਲਿਆਂਦਾ ਅਤੇ ਉਸਦੇ ਭਰਾ ਰੁਕਮੱਈਏ ਦੇ ਵਿਰੋਧ ਕਰਨ ਤੇ ਜਦ ਕ੍ਰਿਸ਼ਨ ਭਗਵਾਨ ਉਸ ਦਾ ਸਿਰ ਕੱਟਣ ਲੱਗੇ ਤਾਂ ਰੁਕਮਣੀ ਦੇ ਬੇਨਤੀ ਕਰਨ ਤੇ ਉਸ ਦਾ ਜੂੜਾ (ਕੇਸ) ਕੱਟ ਕੇ ਛੱਡ ਦਿੱਤਾ। ਭਾਵ ਕੇਸ ਉਤਾਰਨਾ ਹੀ ਸੀਸ ਕੱਟਣ ਦੀ ਸਜ਼ਾ ਦੇ ਬਰਾਬਰ ਸੀ, ਜਿਸ 'ਤੇ ਕ੍ਰਿਸ਼ਨ ਜੀ ਦੇ ਭਰਾ ਬਲਭੱਦਰ ਜੀ ਨੇ ਰੁਕਮੱਈਏ ਦੇ ਕੇਸ ਕੱਟਣ 'ਤੇ ਬੜਾ ਪਸਚਾਤਾਪ ਕੀਤਾ ਅਤੇ ਕਿਹਾ ਕਿ ਕ੍ਰਿਸ਼ਨ ਜੀ ! ਤੁਸੀਂ ਘਾਟੇ ਵਾਲਾ ਕੰਮ ਕੀਤਾ ਹੈ। ਇਹ ਸੂਰਮਾ ਸੀ, ਕੇਸ ਕੱਟਣ ਦੀ ਬਜਾਏ ਇਸ ਦਾ ਸੀਸ ਕੱਟ ਦਿੰਦੇ। ਦਸਮ ਗ੍ਰੰਥ ਵਿਚ ਦਸਵੇਂ ਪਾਤਿਸ਼ਾਹ ਜੀ ਨੇ ਵੀ ਇਸ ਕਾਂਡ ਨੂੰ ਇਸੇ ਤਰ੍ਹਾਂ ਦਰਸਾਇਆ ਹੈ :-

'ਬਲਭਦ੍ਰ ਬਾਚ॥ ਦੋਹਰਾ॥
ਭ੍ਰਾਤ ਤ੍ਰੀਆ ਕੋ ਰਨ ਬਿਖੇ ਕਾਨ ਜੀਤ ਜੋ ਲੀਨ॥

ਸੀਸ ਮੂੰਡ ਤਾ ਕੇ ਦਯੋ ਕਹਯੋ ਕਾਜ ਘਟ ਕੀਨ॥ ੨੦੦੬॥

(ਦਸਮ ਗ੍ਰੰਥ, ੫੦੮)

ਭਗਵਤ ਪੁਰਾਣ ਦੇ ਪਹਿਲੇ ਸਕੰਧ ਵਿਚ ਇਕ ਸਾਖੀ ਹੈ ਕਿ ਜਿਸ ਵੇਲੇ ਅਰਜਨ, ਅਸਵਥਾਮਾ ਦਾ ਸੀਸ ਉਤਾਰਨ ਲੱਗਾ ਤਾਂ ਕ੍ਰਿਸ਼ਨ ਜੀ ਨੇ ਬ੍ਰਹਮ ਹੱਤਿਆ ਦਾ ਪਾਪ ਲੱਗਣ ਕਰਕੇ ਉਸਨੂੰ ਅਜਿਹਾ ਕਰਨ ਤੋਂ ਰੋਕਿਆ ਅਤੇ ਸੀਸ ਕੱਟਣ ਦੀ ਬਜਾਏ ਕੇਸ ਕਟਵਾ ਦਿੱਤੇ। ਇਹੋ ਮਸ਼ਵਰਾ ਯੁਧਿਸ਼ਟਰ ਨੇ ਦਿੱਤਾ।

ਮਹਾਂ ਭਾਰਤ ਵਿਚ ਦੱਸਿਆ ਹੈ ਕਿ ਸੋਮਰਾਜ ਨੇ ਦੇਵਤਿਆਂ ਦੇ ਆਚਾਰੀਯ ਬ੍ਰਹਸਪਤੀ ਦੀ ਘਰ ਵਾਲੀ ਤਾਰਾ ਨੂੰ ਕੱਢ ਕੇ ਘਰ ਵਸਾ ਲਿਆ। ਇਸ ਗ਼ਲਤੀ ਕਾਰਨ ਦੇਵਤਿਆਂ ਨੇ ਉਸ ਨੂੰ ਕੇਸ ਮੁੰਡਨ ਦੀ ਸਜ਼ਾ ਦਿੱਤੀ।

ਮਹਾਂ ਭਾਰਤ ਵਿਚ ਜ਼ਿਕਰ ਹੈ ਕਿ ਉਤਮਾ ਨਾਮੀ ਬ੍ਰਹਮਣ ਦੀ ਇਸਤ੍ਰੀ ਭੱਦਰਾਂ ਨਲ ਜਦੋਂ ਵਰਨਦੇਵ ਨੇ ਇਹ ਖੋਟਾ ਕੁਕਰਮ ਕੀਤਾ ਤਾਂ ਉਸ ਦੇ ਵੀ ਪਾਪ ਕਰਨ ਦੇ ਡੰਡ ਵਜੋਂ ਕੇਸ ਕਤਲ ਕੀਤੇ ਗਏ।

### ਕੇਸਾਂ ਦੇ ਲਾਭ :

(੧) ਜਿਵੇਂ ਬਰਫ਼ ਨੂੰ ਖੁਰਨ ਤੋਂ ਬਚਾਉਣ ਵਾਸਤੇ ਉਸ ਨੂੰ ਤੂੜੀ, ਬੋਰੀ ਜਾਂ ਮੋਟੇ ਗਰਮ ਕਪੜਿਆਂ ਵਿਚ ਲਪੇਟ ਕੇ ਰੱਖਣਾ ਜ਼ਰੂਰੀ ਹੈ, ਏਸੇ ਤਰ੍ਹਾਂ ਠੰਢ ਤੋਂ ਬਚਾਉਣ ਵਾਸਤੇ ਵੀ ਗਰਮ ਕਪੜੇ ਦੀ ਲੋੜ ਜ਼ਰੂਰੀ ਹੈ। ਸਿਰ ਦੀ ਖੋਪੜੀ ਅੰਦਰ ਪਏ ਹੋਏ ਨਰਮ ਦਿਮਾਗ਼ ਦੀ ਹਿਫਾਜ਼ਤ ਵਾਸਤੇ ਕੁਦਰਤ ਨੇ ਕੇਸਾਂ ਰੂਪੀ ਐਸਾ ਪਰਦਾ ਬਖ਼ਸ਼ਿਆ ਹੈ ਜੋ ਕਿ ਸਰਦੀ ਤੇ ਗਰਮੀ ਤੋਂ ਹਰ ਸਮੇਂ ਦਿਮਾਗ਼ ਦੀ ਰਾਖੀ ਕਰਦਾ ਹੈ। ਦਸਤਾਰ ਇਸ ਦੀ ਮਦਦ ਕਰਨ ਵਿਚ ਹੋਰ ਵੀ ਸਹਾਈ ਹੁੰਦੀ ਹੈ।

(੨) ਸਿਰ ਜੋ ਸੂਖਮ ਅੰਗ ਹੈ, ਮੀਂਹ, ਹਨੇਰੀ, ਝੱਖੜ, ਗਰਮੀ, ਸਰਦੀ ਤੋਂ ਕੇਸ ਬਚਾਅ ਕਰਦੇ ਹਨ। ਢਾਲ ਦੀ ਨਿਆਈਂ ਹਨ, ਭਾਵੇਂ ਹਥਿਆਰ ਕਿੰਨਾ ਵੀ ਤੇਜ਼ ਕਿਉਂ ਨਾ ਹੋਵੇ, ਕੇਸਾਂ ਦੀ ਮੋਟੀ ਤਹਿ ਅਤੇ ਦਸਤਾਰ ਹਥਿਆਰ ਦੇ ਵਾਰ ਨੂੰ ਸਿਰ ਤੱਕ ਪਹੁੰਚਣ ਤੋਂ ਰੋਕਦੇ ਹਨ। ਇਹ ਕੁਦਰਤ ਨੇ ਢਾਲ ਬਖ਼ਸ਼ੀ ਹੈ ਜੋ ਹਰ ਸਮੇਂ ਰੱਖਿਆ ਕਰਦੀ ਹੈ।

(੩) ਜਿਵੇਂ ਸਰੀਰ ਦੇ ਅਹਾਰ ਵਾਸਤੇ ਹੋਰ ਜ਼ਰੂਰੀ ਤੱਤਾਂ ਦੀ ਲੋੜ ਹੈ, ਇਵੇਂ ਹੀ ਉਹਨਾਂ ਵਿਚੋਂ ਵਿਟਾਮਿਨ 'ਡੀ' ਬਹੁਤ ਜ਼ਰੂਰੀ ਹੈ ਜੋ ਸਰੀਰਕ ਤਾਕਤ ਵਾਸਤੇ ਲਾਭਦਾਇਕ ਹੈ। ਇਹ ਵਿਟਾਮਿਨ 'ਡੀ' ਸੂਰਜ ਦੁਆਰਾ ਰੋਮਾਂ ਵਿਚ ਬਣ ਕੇ ਖ਼ੂਨ ਵਿਚ ਪੁੱਜਦਾ ਹੈ ਅਤੇ ਸਰੀਰਕ ਤਾਕਤ ਵਿਚ ਸਹਾਈ ਹੁੰਦਾ ਹੈ। ਇਸ ਰਸਾਇਣਕ ਪਦਾਰਥ

ਬਿਨਾਂ ਸਰੀਰ ਦੇ ਅੰਗਾਂ ਦਾ ਵਾਧਾ ਰੁਕ ਜਾਂਦਾ ਹੈ। ਰੋਮਾਂ ਦੀ ਬੇਅਦਬੀ ਕਰਨ ਵਾਲੇ ਇਸ ਕੁਦਰਤੀ ਖ਼ਜ਼ਾਨੇ ਨੂੰ.ਨਾ ਪ੍ਰਵਾਨਦੇ ਹੋਏ ਬਾਰ ਬਾਰ ਠੁਕਰਾਉਂਦੇ ਹਨ ਜੋ ਅਨੇਕਾਂ ਯਤਨ ਕਰਨ ਅਤੇ ਰੁਪੈ ਖਰਚ ਕਰਨ ਤੇ ਵੀ ਪ੍ਰਾਪਤ ਨਹੀਂ ਹੋ ਸਕਦੇ।

(੪) ਭਰਵੱਟੇ ਮੁੜ੍ਹਕੇ ਆਦਿ ਨੂੰ ਅੱਖਾਂ ਵਿਚ ਨਹੀਂ ਪੈਣ ਦਿੰਦੇ। ਜਿਵੇਂ ਬੂਹੇ ਬਾਰੀਆਂ ਅਤੇ ਰੋਸ਼ਨਦਾਨਾਂ ਉਪਰ ਅਸੀਂ ਵਾਧੇ ਵਧਾ ਕੇ ਧੁੱਪ ਤੇ ਬਾਰਸ਼ ਤੋਂ ਬਚਾਉਂਦੇ ਹਾਂ, ਇਸੇ ਤਰ੍ਹਾਂ ਭਰਵੱਟੇ ਅੱਖਾਂ ਬਚਾਉਣ ਵਾਸਤੇ ਢੱਕਣ ਦਾ ਕੰਮ ਕਰਦੇ ਹਨ।

(੫) ਝਿਮਣੀਆਂ ਅੱਖਾਂ ਵਿਚ ਮਿੱਟੀ ਦੇ ਕਣ, ਧੂੜ, ਗਰਦਾ, ਕੱਖ ਅਤੇ ਨਿੱਕੇ ਜੀਵ ਆਦਿ ਪੈਣ ਤੋਂ ਬਚਾਉਂਦੀਆਂ ਹਨ।

(੬) ਦਾੜ੍ਹੀ ਤੇ ਮੁੱਛਾਂ ਮਰਦਪੁਣੇ ਦੀ ਨਿਸ਼ਾਨੀ ਅਤੇ ਚੇਹਰੇ ਦੀ ਸੁੰਦਰਤਾ ਹਨ।

(੭) ਸਾਹ ਨਾਲ ਮਨੁੱਖੀ ਸਰੀਰ ਅੰਦਰ ਹਵਾ ਪ੍ਰਵੇਸ਼ ਕਰਦੀ ਹੈ। ਸਰੀਰਕ ਤੰਦਰੁਸਤੀ ਲਈ ਇਸ ਹਵਾ ਦਾ ਸਾਫ਼ ਹੋਣਾ ਡਾਕਟਰੀ ਅਸੂਲ ਅਨੁਸਾਰ ਅਤੀ ਜ਼ਰੂਰੀ ਹੈ। ਨੱਕ ਵਿਚਲੇ ਵਾਲ ਸਾਹ ਰਾਹੀਂ ਅੰਦਰ ਜਾਣ ਵਾਲੀ ਹਵਾ ਨੂੰ ਪੁਣ-ਛਾਣਕੇ ਅੰਦਰ ਜਾਣ ਦਿੰਦੇ ਹਨ। ਇਸ ਤਰ੍ਹਾਂ ਇਹ ਇਕ ਫਿਲਟਰ ਵਾਂਗ ਸਰੀਰਕ ਮਸ਼ੀਨਰੀ ਲਈ ਸਹਾਇਕ ਸਿੱਧ ਹੁੰਦੇ ਹਨ। ਨਵੀਂ ਖੋਜ ਅਨੁਸਾਰ ਇਹ ਰੋਮ ਫਲੂ, ਤਪਦਿਕ, ਦਮੇਂ ਅਤੇ ਛੂਤ-ਛਾਤ ਦੀਆਂ ਭਿਆਨਕ ਬਿਮਾਰੀਆਂ ਤੋਂ ਬਚਾ ਕੇ ਰੱਖਦੇ ਹਨ ਕਿਉਂਕਿ ਜਰਮਾਂ ਨੂੰ ਰਸਤੇ ਵਿਚ ਰੋਕ ਲੈਂਦੇ ਹਨ।

ਸੰਤ ਬਾਬਾ ਖੜਕ ਸਿੰਘ ਬਾਰੇ ਆਪਾਂ ਜਾਣਦੇ ਹਾਂ ਕਿ ਕਿੰਨੇ ਦਬਦਬੇ ਵਾਲੇ ਸਨ। ਉਨ੍ਹਾਂ ਦਾ ਮੁਖ ਮੰਤਰੀ ਦਰਬਾਰਾ ਸਿੰਘ ਨਾਲ ਬੜਾ ਨਿੱਜੀ ਪ੍ਰੇਮ ਸੀ, ਉਨ੍ਹਾਂ ਨੂੰ ਮਾਇਆ ਭੇਟ ਕੀਤੀ। ਸੰਤ ਬਾਬਾ ਜਰਨੈਲ ਸਿੰਘ ਤੇ ਬਾਬਾ ਖੜਕ ਸਿੰਘ ਇਕੋ ਮੰਜੇ 'ਤੇ ਬੈਠੇ ਗੱਲਾਂ ਕਰ ਰਹੇ ਸਨ ਕਿ ਬਾਬਾ ਖੜਕ ਸਿੰਘ ਦੇ ਮੂੰਹੋਂ ਇਹ ਗੱਲ ਨਿਕਲ ਗਈ ਕਿ ਦਰਬਾਰਾ ਸਿੰਘ ਏਡਾ-ਮਹਾਨ ਸਿੱਖ ਹੈ ਮੇਰਾ ਜੀ ਚਾਹੁੰਦੈ ਕਿ ਮੈਂ ਆਪਣੀ ਦਾੜ੍ਹੀ ਨਾਲ ਉਹਦੇ ਪੈਰ ਝਾੜਾਂ। ਬਾਬਾ ਜਰਨੈਲ ਸਿੰਘ ਬਾਬਾ ਖੜਕ ਸਿੰਘ ਦਾ ਬਹੁਤ ਆਦਰ ਕਰਦੇ ਹੁੰਦੇ ਸਨ। ਇਹ ਬਜ਼ੁਰਗ ਹਨ, ਪਿਤਾ ਸਮਾਨ ਹਨ, ਲੇਕਿਨ ਇਕ ਦਿਨ ਬਾਬਾ ਜਰਨੈਲ ਸਿੰਘ ਗੁੱਸੇ ਵਿਚ ਆ ਕੇ ਕਹਿਣ ਲੱਗੇ, 'ਬਾਬਾ ਜੀ ਖ਼ਬਰਦਾਰ' ਜੇ ਇਹ ਗੱਲ ਕਹੀ, ਇਹ ਦਾੜ੍ਹਾ ਤੁਹਾਡਾ ਨਹੀਂ, ਇਹ ਗੁਰੂ ਗੋਬਿੰਦ ਸਿੰਘ ਦਾ ਹੈ।' ਬਾਬਾ ਖੜਕ ਸਿੰਘ ਸੰਭਲ ਕੇ ਕਹਿਣ ਲੱਗੇ, 'ਜਰਨੈਲ ਸਿਆਂ ਗ਼ਲਤੀ ਹੋ ਗਈ।' ਕੇਸ ਇੰਨੇ ਮਹਾਨ ਹਨ। ਗੁਰਮਤਿ ਅਨੁਸਾਰ ਕੇਸਾਂ ਨੂੰ ਕਲਫ ਲਾਉਣਾ, ਰੰਗ ਚੜ੍ਹਾਉਣਾ ਮਨ੍ਹਾ ਹੈ। ਮੈਂ ਬੇਨਤੀ ਕਰਨ ਲੱਗਾ ਹਾਂ ਜਿਹੜੇ ਦਾੜ੍ਹੀ ਨੂੰ ਪਾਲਸ਼ ਕਰਦੇ ਹਨ, ਉਹ ਕਹਿੰਦੇ ਹਨ ਕਿ ਗਿਆਨੀ ਜੀ ਲਿਖਿਆ ਵਿਖਾਉ ਜੀ। ਅੱਜ ਕੱਲ੍ਹ ਲੋਕੀਂ ਲਿਖੇ ਨੂੰ ਬੜਾ ਪੜ੍ਹਦੇ ਹਨ, ਮੂੰਹ ਜ਼ਬਾਨੀ ਦੀ ਗੱਲ 'ਤੇ ਤਸੱਲੀ ਵੀ ਨਹੀਂ ਕਰਦੇ। ਅਸੀਂ ਕਿੰਨੀਆਂ ਟੱਕਰਾਂ

ਮਾਰੀਆਂ, ਸਾਡੀ ਪਰਵਾਹ ਨਹੀਂ ਕੋਈ ਕਰਦਾ। ਜਿਹੜੇ ਭਰਾਵਾਂ ਨੇ ਸਵਾਲ ਕੀਤਾ ਤਾਂ ਮੇਰੀਆਂ ਭੈਣਾਂ ਨੇ ਵੀ ਆਖਿਆ ਕਿ ਤੁਸੀਂ ਕਿਵੇਂ ਕਹਿੰਦੇ ਹੋ ? ਜੇ ਤੁਸੀਂ ਨਹੀਂ ਰੰਗਣੀ ਤੇ ਨਾ ਰੰਗੋ। ਅਸੀਂ ਆਪਣੀ ਪਾਲਸ਼ ਲਿਆਉਣੀ ਹੈ। ਆਪਣੀ ਪਾਲਸ਼ ਲਿਆਂਦੇ ਹਾਂ। ਸਾਡਾ ਮੂੰਹ ਤੇ ਸਾਡਾ ਸਿਰ। ਭਰਾਉ ਆਸਾ ਦੀ ਵਾਰ ਦੀਆਂ ਪੰਗਤੀਆਂ 'ਚ ਲਿਖਿਆ ਹੈ :

ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ॥

ਅਸਫੋਟਕ ਸੁਯੇ ਦੇ ਵਿਚ ਗੁਰੂ ਕੇ ਬੋਲ ਹਨ 'ਬਰੀਸ਼ੇ ਹਿਨਾ ਕਰਦ ਰੂਸਿਆਹ ਫਾਮ' ਭਾਵ ਇਹਦਾ ਅਰਥ ਕੀ ਹੈ। ਮੈਂ ਪੜ੍ਹਿਆ 'ਬਰੀਸ਼ੇ ਹਿਨਾ ਕਰਦ ਰੂਸਿਆਹ ਫਾਮ' ਭਾਵ ਚੇਹਰੇ 'ਤੇ ਦਾੜ੍ਹੇ ਦਾ ਰੰਗ ਕਾਲਾ ਕਰਨਾ ਮਨ੍ਹਾਂ ਹੈ, ਕਿਉਂਕਿ ਪਰਮੇਸ਼ਰ ਦੇ ਭਾਣੇ ਦੇ ਉਲਟ ਹੈ। ਸਿਰ ਦੀ ਚੋਟੀ ਤੋਂ ਲੈ ਕੇ ਅੰਗੂਠੇ ਤੱਕ ਰੋਮਾਂ ਨੂੰ ਕਟਾਣਾ, ਪੁਟਾਣਾ, ਘਮਾਉਣਾ, ਦਵਾਈ ਨਾਲ ਲਾਹੁਣਾ। ਹੁਣ ਲੋਕਾਂ ਨੇ ਹੋਰ ਫਾਰਮੂਲਾ ਵਰਤ ਲਿਆ ਹੈ। ਕਹਿੰਦੇ ਹਨ, ਲਉ ਗਿਆਨੀ ਜੀ ਤੁਹਾਡਾ ਉਲਾਮ੍ਹਾਂ ਦਿੱਤਾ ਜੇ ਲਾਹ। ਅਸੀਂ ਮੁਨਾਉਣੇ ਛੱਡ ਦਿੱਤੇ ਜੇ, ਆਹ ਦਵਾਈ ਦਾ ਪਾਊਡਰ ਜਿਹਾ ਨਮਕ ਲਿਆਂਦਾ ਏ, ਮਾੜਾ ਜਿਹਾ ਲਾ ਲਈਦਾ ਏ ਤੇ ਕੱਢਾਂ ਸਾਫ। ਗੁਰੂ ਕੀ ਤਾਬਿਆ ਵਿਚ ਬੈਠਾ ਹੈ। ਤੇਰਾ ਨਿਸ਼ਾਨਾ ਤਾਂ ਗੁਰੂ ਦੇ ਕੇਸਾਂ ਦੀ ਨਿਰਾਦਰੀ ਹੈ ਨਾ। ਦਵਾਈ ਨਾਲ ਇਨ੍ਹਾਂ ਕੇਸਾਂ ਦਾ ਨਾਸ ਕਰਨਾ, ਧੌਲੇ ਚੁਗਣਾ ਬਿਲਕੁਲ ਮਨ੍ਹਾਂ ਨੇ। ਆਹ ਗਰਮੀ ਦਾ ਮੌਸਮ ਹੈ। ਮੈਂ ਵੇਖਿਆ ਐ ਕਈ ਗਾਚਨੀ ਪਾਉਂਦੇ ਨੇ, ਰਾਜਸਥਾਨ ਵਿਚ ਬਹੁਤ ਬੀਬੀਆਂ ਗਾਚਨੀ ਪਾਉਂਦੀਆਂ ਹਨ ਉਸ ਇਲਾਕੇ ਦੀਆਂ, ਤਾਂ ਲਿਖਿਆ ਗਾਚਨੀ ਨਾਲ ਸੁਆਹ ਆਦਿ ਨਾਲ ਕੇਸੀਂ ਇਸ਼ਨਾਨ ਨਹੀਂ ਕਰਨਾ। ਇਕ ਹੋਰ ਬੜੀ ਘਟੀਆ ਗੱਲ— ਕਈ ਲੋਕ ਫਲੱਸ਼ ਵਿਚ ਚਲੇ ਜਾਣਗੇ, ਨਾਲ ਦਾਤਣ ਮੂੰਹ ਵਿਚ ਪਾਈ ਹੋਵੇਗੀ। ਸਿਰੋਂ ਨੰਗੇ ਬਹੁਤ ਨੇ, ਨੰਗੇ ਸਿਰ ਦਾਤਣ ਕਰਨੀ, ਜੰਗਲ ਮੈਦਾਨ ਜਾਣਾ, ਲੰਗਰ ਛਕਣਾ, ਗ੍ਰਹਿਸਤ ਆਦਿ ਵਿਹਾਰ ਕਰਨਾ ਬਿਲਕੁਲ ਮਨ੍ਹਾਂ ਹੈ। ਗੁਰਮੁਖੋ ! ਜੇ ਕੋਈ ਗੱਡੀ ਤੋਂ ਲਹਿ ਗਿਆ ਤਾਂ ਉਹਦੀ ਗ਼ਲਤੀ ਹੈ, ਪਰ ਕਿਸੇ ਵੀ ਧਰਮ ਵਿਚ ਕੇਸਾਂ ਦਾ ਨਿਰਾਦਰ ਕਰਨ ਦੀ ਆਗਿਆ ਨਹੀਂ।

☆☆☆

# ਪਰਮਾਤਮਾ ਨੂੰ ਹਰ ਵਕਤ ਯਾਦ ਰੱਖੋ

ਰਾਗੁ ਸੋਰਠਿ ਵਾਰ ਮਹਲੇ ੪ ਕੀ

ੴ ਸਤਿਗੁਰ ਪ੍ਰਸਾਦਿ॥

ਸਲੋਕ ਮਃ ੩॥

ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ॥
ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ॥
ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ॥
ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ॥ ੧॥
ਮਃ ੩॥ ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ॥
ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ ਸੇਈ ਪੁਰਖ ਸੁਜਾਣ॥
ਕੁਲੁ ਉਧਾਰੇ ਆਪਣਾ ਸੋ ਜਨੁ ਹੋਵੈ ਪਰਵਾਣੁ॥
ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ॥
ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ॥ ੨॥
ਪਉੜੀ॥ ਹਰਿ ਪੁਰਖੁ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ॥
ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ॥
ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ॥
ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ॥
ਹਉ ਗੁਰਮੁਖਿ ਕਾਰ ਕਮਾਵਾ ਜਿ ਗੁਰਿ ਸਮਝਾਈਐ॥

(ਪੰਨਾ ੬੪੩)

ਗੁਰੂ ਕੀ ਸਾਜੀ ਨਿਵਾਜੀ ਗੁਰੂ ਰੂਪ ਗੁਰੂ ਖਾਲਸਾ ਸਾਧਸੰਗਤਿ ਜੀ ! ਆਪਾਂ ਇਹ ਪਾਵਨ ਪਵਿੱਤਰ ਹੁਕਮਨਾਮਾ ਸਤਿਗੁਰੂ ਪਾਤਿਸ਼ਾਹ ਮਹਾਰਾਜ ਜੀ ਦੀ ਪਾਵਨ ਪਵਿੱਤਰ ਗੁਰਬਾਣੀ ਵਿਚੋਂ ਸਰਵਣ ਕੀਤਾ ਹੈ। ਇਹ ਸੋਰਠਿ ਦੀ ਵਾਰ ਵਿਚ ਅੰਕਿਤ ਹੈ ਅਤੇ ਇਸ ਵਾਰ ਦੀਆਂ ਜਿੰਨੀਆਂ ਵੀ ਪਉੜੀਆਂ ਹੋਣਗੀਆਂ, ਉਹਨਾਂ ਦਾ ਸੰਬੰਧ ਚੌਥੇ ਮਹਲੇ, ਕਹਿਣ ਤੋਂ ਭਾਵ ਕਿ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਨਾਲ ਸੰਬੰਧਿਤ ਹੈ ਅਤੇ ਇਹਦੇ ਤੋਂ ਪਹਿਲਾਂ

ਸਤਿਗੁਰੂ ਅਮਰਦਾਸ ਪਾਤਿਸ਼ਾਹ ਮਹਾਰਾਜ ਜੀ ਨੇ ਪਉੜੀਆਂ ਦੇ ਨਾਲ ਕੁਝ ਸਲੋਕ ਵੀ ਉਚਾਰਨ ਕੀਤੇ ਹਨ। ਅੱਜ ਦੇ ਹੁਕਮਨਾਮੇ ਦਾ ਸਾਰੰਸ਼ ਭਾਵ ਹੈ ਕਿ ਸਮੁੱਚੇ ਸੰਸਾਰ 'ਤੇ 'ਮੈਂ' ਦਾ ਅਸਰ ਹੈ, ਜਿਸਨੂੰ ਆਪਾਂ ego (ਹਉਮੈ) ਕਹਿੰਦੇ ਹਾਂ। ਸਤਿਗੁਰੂ ਪਾਤਿਸ਼ਾਹ ਫ਼ੁਰਮਾਉਂਦੇ ਹਨ ਮਨੁੱਖ 'ਮੈਂ' ਦੀ ਅੱਗ ਵਿਚ ਸੜਿਆ ਤੇ ਸੜਿਆ ਕਿਉਂ ? ਬੰਦਾ ਕੋਈ ਬੀਮਾਰ ਹੋ ਜਾਏ ਤਾਂ ਉਹ ਕਹਿੰਦਾ ਹੈ, ਭਾਈ ਮੈਂ ਆਪਣੀ ਬੀਮਾਰੀ ਆਪ ਸਹੇੜੀ ਹੈ। ਮੈਂ ਖੱਟਾ ਖਾ ਬੈਠਾ, ਮੈਂ ਤੱਤਾ ਖਾ ਬੈਠਾ, ਮੈਂ ਠੰਢਾ ਖਾ ਬੈਠਾ, ਮੈਂ ਵਾਈ ਚੀਜ਼ ਖਾ ਬੈਠਾ ਹਾਂ ਇਸ ਕਰਕੇ ਮੇਰੇ ਸਰੀਰ ਵਿਚ ਇਹ ਉਪਾਧੀ ਹੋ ਗਈ ਕਿ ਰੋਗ ਪੈਦਾ ਹੋ ਗਿਆ। ਸਤਿਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ, ਗੁਰਮੁਖੋ ! ਬੰਦਾ 'ਮੈਂ' ਅਤੇ ਭਰਮ ਕਰਕੇ ਰੋਗੀ ਹੋਇਆ ਹੈ ਜਾਂ ਪਰਮਾਤਮਾ ਨਾਲੋਂ ਛੁੱਟਣ ਕਰਕੇ ਕਿਉਂਕਿ 'ਭ੍ਰਮਿ ਆਏ ਦੂਜੈ ਭਾਇ।'

ਦੂਜੈ ਭਾਇ ਦਾ ਅਰਥ ਹੈ ਦੂਜੇ ਪਾਸੇ ਦਾ ਪ੍ਰੇਮ। ਪਰਮਾਤਮਾ ਦੇ ਨਾਲੋਂ ਟੁੱਟਣ ਕਰਕੇ ਗ਼ਲਤ ਪਾਸੇ ਦਾ ਪ੍ਰੇਮ ਕਰਕੇ ਜਿਹੜੇ ਸੰਸਾਰ ਦੇ ਜੀਵ ਸੜ ਰਹੇ ਹਨ, ਮਰ ਰਹੇ ਹਨ, ਇਨ੍ਹਾਂ ਦਾ ਬਚਾਅ ਕਿਵੇਂ ਹੋਵੇ ?

### ਪੂਰੈ ਸਤਿਗੁਰਿ ਰਾਖਿ ਲੀਏ

ਇਹਦਾ ਇਕੋ ਇਕ ਗੁਰਮੁਖ ਪਿਆਰਿਉ ! ਬਚਾਉ ਹੈ, ਉਹ ਹੈ ਪੂਰਨ ਗੁਰੂ ਦੀ ਸ਼ਰਨ ਵਿਚ ਆਉਣਾ। ਸ਼ਰਨ ਵਿਚ ਕਿਵੇਂ ਆਇਆ ਜਾਏ। ਇਹਦੇ ਬਾਰੇ ਸਾਡੇ ਗੁਰੂ ਸਾਹਿਬਾਨਾਂ ਨੇ ਸਾਡੇ ਲਈ ਰਹਿਤ ਮਰਿਆਦਾ ਨਿਯਤ ਕੀਤੀ ਹੈ। ਕੁਝ ਸਾਡੇ ਲਈ ਸੰਸਕਾਰਾਂ ਦਾ ਹੁਕਮ ਕੀਤਾ ਹੈ। ਜੇਕਰ ਉਹਨਾਂ ਸੰਸਕਾਰਾਂ 'ਤੇ ਚੱਲਾਂਗੇ ਤਾਂ ਸਾਡੇ 'ਤੇ ਨਾ ਤਾਂ 'ਮੈਂ' ਦਾ ਅਸਰ ਹੈ ਤੇ ਨਾ ਸਾਡੇ ਮਨ ਵਿਚ ਕਿਸੇ ਤਰ੍ਹਾਂ ਦਾ ਭਰਮ ਪਏਗਾ। 'ਪੂਰੈ ਸਤਿਗੁਰਿ ਰਾਖਿ ਲੀਏ।' ਜੇ ਅਧੂਰੇ ਗੁਰੂ ਕੋਲ ਜਾਵਾਂਗੇ ਮਿੱਤਰੋ ਤਾਂ ਮਾਰੇ ਜਾਵਾਂਗੇ। ੨੨ ਅਧੂਰੇ ਗੁਰੂ ਬਾਬੇ ਬਕਾਲੇ ਮੱਥਾ ਤਾਂ ਟਿਕਾਉਂਦੇ ਰਹੇ, ਪਰ ਜਦੋਂ ਮੱਖਣ ਸ਼ਾਹ ਦੇ ਬੇੜੇ ਨੂੰ ਬੰਨ੍ਹੇ ਲਾਉਣ ਦੀ ਗੱਲ ਆਈ ਤਾਂ ਉਦੋਂ ਪੂਰੇ ਗੁਰੂ ਧੰਨ ਗੁਰੂ ਤੇਗ ਬਹਾਦਰ ਸੱਚੇ ਪਾਤਿਸ਼ਾਹ ਨੂੰ ਮੋਢਾ ਦੇਣਾ ਪਿਆ। ਅਧੂਰੇ ਗੁਰੂ ਦੋ-ਦੋ ਮੋਹਰਾਂ ਲੈ ਕੇ ਵਿਰਚ ਗਏ। ਪੰਜ-ਪੰਜ ਮੋਹਰਾਂ ਲੈ ਕੇ ਮਨ ਪ੍ਰਸੰਨ ਹੋ ਗਿਆ, ਪਰ ਪੂਰਨ ਗੁਰੂ ਨੇ ਆਪਣੇ ਮੋਢੇ ਤੋਂ ਚੋਲਾ ਪਾਸੇ ਕਰਕੇ ਆਖਿਆ, "ਮੱਖਣ ਸ਼ਾਹ, ਗੁਰੂ ਨੇ ਪੈਸਿਆਂ ਲਈ ਦੁਕਾਨ ਨਹੀਂ ਪਾਈ। ਗੁਰੂ ਚੜ੍ਹਾਵੇ ਦਾ ਭੁੱਖਾ ਨਹੀਂ, ਪਰ ਮੈਂ ਇਹ ਗੱਲ ਤੈਨੂੰ ਤਾਂ ਕਹੀ ਹੈ ਕਿ ਜਿਹੜਾ ਵਾਅਦਾ ਕਰਕੇ ਮੁੱਕਰ ਜਾਵੇ ਉਹਨੂੰ ਕਹਿੰਦੇ ਨੇ ਅਕ੍ਰਿਤਘਣ। ਤੂੰ ੫੦੦ ਮੋਹਰ ਦਾ ਵਾਅਦਾ ਕੀਤਾ ਸੀ। ਆਪਣੇ ਵਾਅਦੇ 'ਤੇ ਪੂਰਾ ਰਹੋ ਤੇ ਗੁਰੂ ਘਰ ਵਿਚੋਂ ਤੈਨੂੰ ਜੋ ਵੀ ਚਾਹੀਦਾ ਹੈ ਉਹ ਗੁਰਮੁਖਾ, ਤੈਨੂੰ ਅੱਗੇ ਹੋਰ ਵੀ ਮਿਲੇਗਾ। ਉਹ ਗੁਰਮੁਖ ਪਿਆਰਾ ਗੁਰੂ ਦੀ ਚਰਨੀਂ ਢਹਿ ਪਿਆ।

ਇਸ ਤਰ੍ਹਾਂ ਗੁਰਮੁਖ ਪਿਆਰਿਓ—

ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ॥

(ਪੰਨਾ ੬੪੩)

ਪੰਨੇ ਦਾ ਅਰਥ ਹੁੰਦਾ ਹੈ ਪੱਲੇ। ਜਿਹੜੇ ਗੁਰੂ ਦੇ ਪੱਲੇ ਪੈ ਗਏ ਹਨ, ਉਹਨਾਂ ਦੀ ਗੁਰੂ ਨੇ ਰਾਖੀ ਕੀਤੀ ਹੈ। ਆਪਾਂ ਗੁਰੂ ਦੇ ਪੱਲੇ ਕਿਵੇਂ ਪਵਾਂਗੇ ? ਉਹ ਹੈ ਗੁਰਮੁਖ ਪਿਆਰਿਓ, ਗੁਰੂ ਦੇ ਹੁਕਮਨਾਮੇ 'ਤੇ ਚੱਲਣ ਕਰਕੇ। ਗੁਰੂ ਦੇ ਹੁਕਮਨਾਮੇ ਦੀ ਪਾਲਣਾ ਕਰਕੇ ਅਸੀਂ ਗੁਰੂ ਦੇ ਪੰਨੇ ਵਿਚ ਪਵਾਂਗੇ, ਗੁਰੂ ਕੇ ਪੱਲੇ ਵਿਚ ਆਵਾਂਗੇ ਤੇ ਗੁਰੂ ਸਾਡੀ ਰੱਖਿਆ ਕਰੇਗਾ। ਇਸ ਗੱਲ ਨੂੰ ਮੈਂ ਅੱਗੇ ਤੋਰਾਂ, ੨੬ ਜੇਠ ੧੭੫੬ ਬਿਕਰਮੀ ਤੇ ੧੬੯੯ ਨੂੰ ਗੁਰਦੇਵ ਨੇ ਕਾਬਲ ਦੀ ਸੰਗਤ ਨੂੰ ਇਕ ਹੁਕਮਨਾਮਾ ਲਿਖਿਆ। ਗੱਲ ਚੱਲੀ ਹੁਕਮਨਾਮੇ ਤੋਂ। ਅੱਜ ਜਿਹੜਾ ਹੁਕਮਨਾਮਾ ਆਇਆ ਹੈ, ਉਸ ਅਨੁਸਾਰ ਉਹ ਹੀ ਬਚੇਗਾ ਜਿਹੜਾ ਗੁਰੂ ਦੇ ਹੁਕਮਨਾਮੇ ਦੀ ਤਾਮੀਲ ਕਰੇਗਾ, ਪਾਲਣਾ ਕਰੇਗਾ।

ਜਿਹੜਾ ਗੁਰੂ ਦੇ ਹੁਕਮਨਾਮੇ ਤੋਂ ਬਾਹਰ ਹੈ ਗੁਰਮੁਖੋ, ਉਹਦਾ ਗੁਰੂ ਜ਼ਿੰਮੇਵਾਰ ਨਹੀਂ। ਹੁਕਮਨਾਮੇ ਦੇ ਬੋਲ ਕੀ ਸਨ ? ਇਹ ਹੁਕਮਨਾਮਾ ਮੈਂ ਦੁਬਾਰਾ ਦਹੁਰਾਵਾਂ। ੨੬ ਜੇਠ ੧੭੫੬ ਬਿਕਰਮੀ ਤੇ ੧੬੯੯ ਈ: ਜਿਹਨੂੰ A.D. ਕਹਿੰਦੇ ਹਾਂ, ਕਾਬਲ ਦੀ ਸੰਗਤ ਨੂੰ ਸੰਬੋਧਨ ਕਰਕੇ ਗੁਰਦੇਵ ਨੇ ਹੁਕਮਨਾਮਾ ਲਿਖਿਆ ਪ੍ਰਥਾਏ ਸਾਖੀ ਮਹਾਂਪੁਰਖ ਬੋਲਦੇ ਨੇ ਸਾਂਝੀ ਸਗਲ ਜਹਾਨੈ ਭਾਵ ਜਿਹੜਾ ਗੁਰੂ ਕਾ ਹੁਕਮ ਹੈ ਨਾ ਉਹ ਕਿਸੇ ਇਕੱਲੇ ਦੁਕੱਲੇ ਦੇ ਪ੍ਰਥਾਏ ਨਹੀਂ। ਇਹ ਤਾਂ ਆਪਣੀਆਂ ਕਮਜ਼ੋਰੀਆਂ ਹਨ। ਅਸੀਂ ਆਪਣੇ Point ਦੀ ਗੱਲ ਲੈ ਲੈਂਦੇ ਆਂ। ਗੁਰੂ ਦੇਵ ਨੇ ਸ਼ਬਦ ਉਚਾਰਨ ਕੀਤਾ 'ਯਕ ਅਰਜ਼ ਗੁਫ਼ਤਮ ਪੇਸਿ ਤੋ ਦਰਗੋਸ਼ ਕੁਨ ਕਰਤਾਰ। ਕੁਤਬਦੀਨ ਕਾਜ਼ੀ ਦੇ ਪ੍ਰਥਾਏ ਤੇ ਇਹਦਾ ਮਤਲਬ ਇਹ ਹੋਇਆ ਜੇ ਅਸੀਂ ਰੱਬ ਅੱਗੇ ਅਰਦਾਸ ਨਹੀਂ ਕਰਨੀ ਕਿ ਕੱਲ੍ਹਾ ਗੁਰਦੇਵ ਨੇ ਕਾਜ਼ੀ ਦੇ ਪ੍ਰਥਾਏ ਉਚਾਰਨ ਕੀਤਾ ਹੈ। ਬਹਾਨਾ ਕਾਜ਼ੀ ਕੁਤਬਦੀਨ ਦਾ ਹੈ, ਸਿੱਖਿਆ ਸਾਨੂੰ ਵੀ ਬਰਾਬਰ ਹੈ। ਮੇਰੇ ਗੁਰੂਦੇਵ ਨੇ ਕਲਯੁਗ ਨਾਮ ਦੇ ਪ੍ਰਾਣੀ ਅਥਵਾ ਕਲਯੁੱਗ ਦੇ ਪ੍ਰਥਾਏ ਸ੍ਰੀ ਰਾਗ ਵਿਚ ਸ਼ਬਦ ਉਚਾਰਨ ਕੀਤਾ :

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ ੧॥ ਰਹਾਉ॥

(ਪੰਨਾ ੧੪)

ਇਹ ਗੱਲ ਮੇਰੇ ਗੁਰਦੇਵ ਨੇ ਸਾਨੂੰ ਸਾਰਿਆਂ ਨੂੰ ਆਖੀ ਕਿ ਹੇ ਸਿੱਖਾ ! ਤੇਰੇ ਸੁੰਦਰ ਮਕਾਨ ਹੋਣ, ਇੰਨੇ ਵਧੀਆ ਕੰਕਰੀਟ ਦੀ ਥਾਂ 'ਤੇ ਮੋਤੀ ਜੜੇ ਹੋਣ, ਪਰ ਤੂੰ ਉਸ ਮੌਕੇ ਦੀ ਪ੍ਰਮਾਤਮਾ ਅੱਗੇ ਅਰਦਾਸ ਕਰ ਕਿ ਹੇ ਵਾਹਿਗੁਰੂ ! ਮੈਨੂੰ ਤੇਰਾ ਨਾਮ ਨਾ ਭੁੱਲੇ, ਮੇਰੇ ਕੋਲ

ਬੜੀਆਂ ਸ਼ਕਤੀਆਂ ਆ ਜਾਣ, ਲੋਕੀਂ ਮੇਰਾ ਰੱਜ ਕੇ ਸਨਮਾਨ ਸਤਿਕਾਰ ਕਰਨਗੇ।

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੩॥

(ਪੰਨਾ ੧੪)

ਹੇ ਮੇਰੇ ਮਾਲਕ ਪਰੀਪੂਰਨ ਪ੍ਰਮਾਤਮਾ! ਮੇਰੇ ਕੋਲ ਕੁਝ ਦੈਵੀ ਸ਼ਕਤੀਆਂ ਵੀ ਆ ਜਾਣ, ਪਰ ਮੇਰੇ ਸਿਰ 'ਤੇ ਹੱਥ ਰੱਖੀਂ, ਮੈਨੂੰ ਤੇਰਾ ਨਾਮ ਨਾ ਭੁੱਲੇ। ਇਹ ਸਿੱਖਿਆ ਕੇਵਲ ਕਲਯੁਗ ਪ੍ਰਾਣੀ ਦੇ ਪ੍ਰਥਾਏ ਨਹੀਂ, ਇਹ ਸਾਡੇ ਪ੍ਰਤੀ ਵੀ ਹੈ। ਬੇਅੰਤ ਦ੍ਰਿਸ਼ਟਾਂਤ ਹਨ। ਗੁਰਮੁਖੋ, ਮੈਂ ਆਪ ਜੀ ਨਾਲ ਵਿਚਾਰ ਸਾਂਝੇ ਕਰਨ ਲੱਗਾ ਸਾਂ ਕਿ ਗੁਰਦੇਵ ਨੇ ਜਿਹੜਾ ਇਹ ਹੁਕਮਨਾਮਾ ਕਾਬਲ ਦੀ ਸੰਗਤ ਨੂੰ ੧੭੫੬ ਬਿਕਰਮੀ ਵਿਚ ਲਿਖਿਆ ਸੀ ਜੇਕਰ ਅਸੀਂ ਇਹਨੂੰ ਵਿਚਾਰੀਏ ਤਾਂ ਇਹਦੇ ਵਿਚ ਬੜਾ ਕੁਝ ਆ ਜਾਵੇਗਾ। ਮੇਰੀ ਗੱਲ, ਗੱਲ ਤੋਂ ਬਾਹਰ ਰਹਿ ਹੀ ਨਹੀਂ ਜਾਂਦੀ। ਉਸ ਹੁਕਮਨਾਮੇ ਦੇ ਬੋਲ ਨੇ:

ੴ ਸਤਿਗੁਰ ਪ੍ਰਸਾਦਿ॥

ਸਰਬਤ ਸੰਗਤ ਕਾਬਲ ਗੁਰੂ ਰੱਖੇਗਾ। ਕਲਗੀਧਰ ਪਾਤਿਸ਼ਾਹ ਨੇ ਹੁਕਮਨਾਮਾ ਲਿਖਿਆ ਹੈ। ਆਰੰਭ ਕੀਤਾ ੴ ਤੋਂ, ਕਹਿੰਦੇ ਹਨ ਸਿੱਖੋ, ਜਿੰਨਾ ਚਿਰ ਇਕ ਦੀ ਸ਼ਰਨ ਵਿਚ ਰਹੋਗੇ ਨਾ ਓਨਾ ਚਿਰ ਤੁਹਾਡਾ ਵਾਲ ਵਿੰਗਾ ਨਹੀਂ ਹੋਵੇਗਾ। ੴ ਇਕ ਉਹ ਹੈ ਜਿਹੜਾ ਸਤਿ ਹੈ, ਜਿਹੜਾ ਸਦੀਵੀ ਤੌਰ ਤੇ ਹੈ। ਜਿਹੜਾ ਤਿੰਨਾਂ ਕਾਲਾਂ ਵਿਚ ਰਹਿਣ ਵਾਲਾ ਹੈ। ਗੁਰੂ ਦੀ ਕ੍ਰਿਪਾ ਦੇ ਪਾਤਰ ਬਣੋ। ਦੁਨੀਆਂ ਦੇ ਸੁਆਦਾਂ ਤੋਂ ਉਠੋ, ਗੁਰੂ ਰਹਿਮਤ ਕਰੇਗਾ। ਸਰਬੱਤ ਸੰਗਤ ਕਾਬਲ ਗੁਰੂ ਰੱਖੇਗਾ।

ਹੁਕਮਨਾਮਾ ਭਾਵੇਂ ਕਾਬਲ ਦੀ ਸੰਗਤ ਨੂੰ ਹੈ ਪਰ ਜਿੰਨੀਆਂ ਵੀ ਸਰਬੱਤ ਸੰਗਤਾਂ ਭਾਵੇਂ ਪਾਕਿਸਤਾਨ ਵਿਚ ਹੋਣ, ਭਾਵੇਂ ਅਮਰੀਕਾ ਵਿਚ ਹੋਣ, ਭਾਵੇਂ ਕਨੇਡਾ ਵਿਚ ਹੋਣ, ਭਾਵੇਂ ਪੰਜਾਬ ਵਿਚ ਹੋਈਏ, ਭਾਵੇਂ ਬਿਹਾਰ ਵਿਚ ਹੋਈਏ, ਜਿਹੜੇ ਵੀ ਗੁਰੂ ਦੀ ਮਰਿਆਦਾ ਵਿਚ ਰਹਿਣਗੇ, ਗੁਰੂ ਉਹਨਾਂ ਦੀ ਰੱਖਿਆ ਕਰੇਗਾ। ਹਜ਼ੂਰ ਫ਼ੁਰਮਾਉਂਦੇ ਹਨ, ਤੁਸਾਂ ਉੱਤੇ ਸਾਡੀ ਬਹੁਤ ਖ਼ੁਸ਼ੀ ਹੈ, ਤੁਸੀਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ। ਜਿਹੜੇ ਕਹਿੰਦੇ ਅੰਮ੍ਰਿਤ ਦੀ ਲੋੜ ਕੀ ਹੈ, ਕੋਈ ਗੁਰੂ ਧਾਰਨ ਕਰ ਲਈਏ, ਗੁਰੂ ਨੇ ਨਿਯਮ ਕਾਇਮ ਕਰ ਦਿੱਤਾ, ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ। ਇਥੇ ਇਹ ਨਹੀਂ ਲਿਖਿਆ ਕਿ ਤੁਸਾਂ ਬੋਤਲ ਦਾ ਅੰਮ੍ਰਿਤ ਕਿਸੇ ਬਾਬੇ ਕੋਲੋਂ ਲੈਣਾ ਹੈ। ਜਿਹੜਾ ਹੁਕਮਨਾਮਾ ੩੦੦ ਵਰ੍ਹੇ ਪਹਿਲਾਂ ਕਲਗੀਧਰ ਪਾਤਿਸ਼ਾਹ ਮਹਾਰਾਜ ਨੇ ਕਾਬਲ ਦੀ ਸੰਗਤ ਨੂੰ ਲਿਖਿਆ ਤੇ ਸਾਡੇ ਪੰਥ ਨੇ ਇਹਨੂੰ ਸਾਂਭ ਕੇ ਰੱਖਿਆ, ਗੁਰੂ ਪੰਥ ਇਹਦੇ ਅਧੀਨ ਚੱਲੇ, ਜਿਹੜੇ ਕਹਿੰਦੇ ਬਾਬਿਆਂ ਤੋਂ ਨਾਮ ਲਿਆ, ਇਹ ਬਾਬਿਆਂ ਦਾ ਅੰਮ੍ਰਿਤ ਲੈ ਕੇ ਆਏ ਹਾਂ। ਪਾਣੀ ਦੀ ਬੋਤਲ ਭਰ ਲਿਆਂਦੀ ਕਿਸੇ ਨਲਕੇ ਤੋਂ, ਕਿਸੇ ਕੋਲੋਂ

ਫੂਕਾਂ ਮਰਵਾ ਕੇ ਆਪਾਂ ਜੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਗੁਰੂ ਮੰਨਦੇ ਹਾਂ, ਆਪਾਂ ਜੇ ਧੰਨ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਨੂੰ ਆਪਣਾ ਗੁਰੂ ਮੰਨਦੇ ਹਾਂ। ਹੁਕਮਨਾਮਾ ਆਰੰਭ ਇੱਥੋਂ ਹੋਇਆ :

ੴ ਸਤਿਗੁਰ ਪ੍ਰਸਾਦਿ॥

ਸਰਬਤ ਸੰਗਤ ਕਾਬਲ ਗੁਰੂ ਰੱਖੇਗਾ। ਤੁਸਾਂ ਤੇ ਸਾਡੀ ਬਹੁਤ ਖੁਸ਼ੀ ਹੈ।

ਇਹਦਾ ਇਹ ਮਤਲਬ ਹੋਇਆ ਕਿ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਕਹਿੰਦੇ ਹਨ ਸਿਖੋ ਮੈਂ ਤੁਹਾਡੇ ਤੇ ਬੜਾ ਖ਼ੁਸ਼ ਹਾਂ ਤੇ ਗੁਰਮੁਖੋ, ਜੇ ਗੁਰੂ ਨੂੰ ਖ਼ੁਸ਼ ਕਰਨਾ ਹੈ ਤੇ ਫੇਰ ਸਾਨੂੰ ਗੁਰੂ ਦੀ ਆਗਿਆ ਮੁਤਾਬਿਕ ਚੱਲਣਾ ਪਵੇਗਾ। ਪਤੀ ਨੇ ੫੦ ਰੁਪਏ ਕਿਲੋ ਵਾਲੇ ਕਰੇਲੇ ਲਿਆਂਦੇ, ਸੁਆਣੀ ਭਾਗਾਂਵਾਲੀ ਨੇ ਕਰੇਲੇ ਚੀਰ ਕੇ ਤੇ ਵਿਚ ਪਾਣੀ ਪਾ ਦਿੱਤਾ। ਤਰੀ ਵਾਲੇ ਕਰੇਲੇ ਤਿਆਰ ਕੀਤੇ। ਭਲਾ ਪਤੀ ਖ਼ੁਸ਼ ਰਹੇਗਾ ? ਉਹ ਬਣ ਗਏ ਕੋੜੇ ਜ਼ਹਿਰ। ਉਹਦੀ ਖ਼ੁਸ਼ੀ ਲਈ ਸਾਨੂੰ ਸਮਝਣਾ ਪਏਗਾ ਕਿ ਇਹ ਕਹਿੰਦੇ ਕੀ ਨੇ। ਸਾਡਾ ਗੁਰੂ ਗੋਬਿੰਦ ਸਿੰਘ ਪਤੀ ਹੈ, ਮਾਲਕ ਹੈ, ਪਿਤਾ ਹੈ, ਸਭ ਕੁਝ ਹੈ। ਉਹ ਕਹਿੰਦੇ ਹਨ, ਸਿੱਖੋ ਸਾਡੀ ਤੁਹਾਡੇ 'ਤੇ ਬੜੀ ਖ਼ੁਸ਼ੀ ਹੈ। ਖ਼ੁਸ਼ੀ ਕਿਵੇਂ ਹੋਵੇਗੀ ? ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ। ਇਕੱਲੇ-ਦੁਕੱਲੇ ਤੋਂ ਨਹੀਂ। ਕਿਹੜੇ ਪੰਜ ? (ਰਹਿਤ ਸਹਿਤ ਜੇ ਪਾਂਚੋ ਮਿਲੇ ਮਮ ਸਰੂਪ ਤੈ ਜਾਨਹੁ ਭਲੇ) ਤੁਸੀਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ। ਕੇਸ ਰੱਖਣੇ ਇਹ ਸਾਡੀ ਮੋਹਰ ਹੈ ਤੇ ਜਿਹੜੇ ਇਹ ਕਹਿੰਦੇ ਨੇ ਕਿ ਦਾੜ੍ਹੀ ਅੱਧੀ ਕੁ ਵੱਢ ਲਉ ਤੇ ਅੱਧੀ ਕੁ ਰੱਖ ਲਉ, ਅਸੀਂ ਵੀ ਸਿੱਖ ਹਾਂ। ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਕਹਿੰਦੇ ਨੇ ਸਾਡੀ ਮੋਹਰ ਹੈ, ਮੋਹਰ।

ਆਹ ਨੋਟ ਨੇ, ਹਰ ਰੁਪਈਏ 'ਤੇ ਨੰਬਰ ਹੁੰਦੇ ਨੇ। ਪੰਜਾਂ ਦਾ ਹੋਵੇ, ਦਸਾਂ ਦਾ ਹੋਵੇ, ਸੌ ਦਾ ਹੋਵੇ, ਉਪਰੋਂ ਬੇਸ਼ੱਕ ਨੋਟ ਦਾ ਕੰਢਾ ਪਾਟਾ ਹੋਵੇ ਤੇ ਕੋਈ ਗੱਲ ਨਹੀਂ, ਪਰ ਜਿਹੜੇ ਨੋਟ ਦਾ ਨੰਬਰ ਪਾਟ ਜਾਏ ਭਾਵੇਂ ਅੱਧਾ ਪਾਟ ਜਾਏ, ਉਹ ਦੁਕਾਨ 'ਤੇ ਚੱਲਦਾ ਨਹੀਂ, ਉਹਨੂੰ ਵੱਟਾ ਵੀ ਨਹੀਂ ਲਾਉਂਦਾ ਕੋਈ। ਵੱਟਾ ਉਸ ਰੁਪਏ ਨੂੰ ਲੱਗਦਾ ਏ ਜਿਸਦਾ ਨੰਬਰ ਤਾਂ ਸਾਬਤ ਹੋਵੇ, ਪਰ ਮਾੜਾ-ਮੋਟਾ ਕੰਢਾ ਲੱਥਾ ਹੋਵੇ, ਥੋੜ੍ਹਾ-ਬਹੁਤਾ ਪਾਟਾ ਹੋਵੇ। ਭਾਵੇਂ ਦੋ ਟੋਟੇ ਵੀ ਹੋਵੇ ਪਰ ਜੇ ਨੰਬਰ ਪੂਰਾ ਹੋਵੇਗਾ ਤਾਂ ਉਹ ਚੱਲ ਜਾਂਦਾ ਹੈ। ਸੌ ਦਾ ਨੋਟ ਹੋਵੇ ਤਾਂ ਉਹ ਦੋ ਰੁਪਏ ਵੱਟਾ ਲਾ ਲੈਣਗੇ ਪਰ ਅਠਾਨਵੇਂ ਤਾਂ ਵੱਟੇ ਗਏ ਨਾ। ਜੇ ਨੰਬਰ ਨਹੀਂ ਤੇ ਗੁਰਮੁਖੋ ਉਹ ਕਾਗਜ਼ ਦੇ ਭਾਅ ਸੌ ਦਾ ਨੋਟ ਨਹੀਂ ਚੱਲੇਗਾ। ਜੇ ਆਪਾਂ ਇਹ ਕਹੀਏ ਮਾਡਰਨ ਬਣ ਜਾਈਏ ਤੇ ਰੋਮਾਂ ਦੀ ਬੇਅਦਬੀ ਕਰਾ ਲਈਏ, ਦਾੜ੍ਹੀ ਮੁਨਾ ਲਈਏ, ਭਰਵੱਟੇ ਮੁਨਾ ਲਈਏ ਤੇ ਆਖੀਏ ਅਜੇ ਵੀ ਸਿੱਖ ਹਾਂ। ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਕਹਿੰਦੇ ਹਨ ਮੇਰੀ ਮੋਹਰ ਨਹੀਂ ਤੇ ਮੈਂ ਤੈਨੂੰ ਕਿਵੇਂ ਮੰਨਾਂ ਤੂੰ ਮੇਰਾ ਸਿੱਖ ਹੈਂ। ਕੇਸ ਰੱਖਣੇ ਇਹ ਸਾਡੀ ਮੋਹਰ ਹੈ। ਕੱਛ, ਕ੍ਰਿਪਾਨ ਦਾ ਵਸਾਹ ਨਹੀਂ ਕਰਨਾ। ਕੱਛ ਕਛਹਿਰੇ ਨੂੰ ਕਿਹਾ। ਕੱਛ, ਕ੍ਰਿਪਾਨ ਦਾ ਵਸਾਹ ਕਰਨਾ ਨਾਹੀ। ਤੁਸੀ ਕਦੇ ਵੀ

ਇਤਬਾਰ ਨਹੀਂ ਕਰਨਾ ਤੇ ਗੁਰਮੁਖੋ ਕਈ ਇਹ ਲੋਕ ਕਹਿੰਦੇ ਹਨ ਕਿ ਮੈਂ ਤਾਂ ਕਦੇ ਗਿਆਨੀ ਜੀ ਆਪਣੇ ਰੋਮਾਂ ਦੀ ਬੇਅਦਬੀ ਨਹੀਂ ਕਰਾਈ। ਮੈਂ ਦੇਖ ਲਉ ਕੱਛਾ ਵੀ ਪਾਉਂਦਾ ਹਾਂ।

ਗੁਰਮੁਖੋ ! ਬੁਰਾ ਨਾ ਮੰਨਣਾ। ਸਕੂਟਰ ਦੇ ਟਾਇਰ ਸਾਈਕਲ ਨੂੰ ਨਹੀਂ ਚੜ੍ਹਦੇ। ਸਕੂਟਰ ਸਾਈਕਲ ਨਾਲੋਂ ਮਹਿੰਗਾ ਹੈ। ਆਪਾਂ ਇਹ ਕਹੀਏ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਬਰੇਕਾਂ ਵਾਲਾ ਕਛਹਿਰਾ ਲਾ ਕੇ ਹੋਰ ਕੋਈ ਕੱਛਾ ਡੇਕਲ ਕੱਛਾ ਪਾ ਲਈਏ ਤਾਂ ਉਹ ਨਹੀਂ ਚੱਲੇਗਾ। ਸਕੂਟਰ ਮਹਿੰਗਾ ਹੈ, ਹੀਰੋਹਾਂਡਾ ਮਹਿੰਗਾ ਹੈ ਤੇ ਜੇ ਤੁਸੀਂ ਇਹ ਕਹੋ ਕਿ ਮਰਸਰੀ ਟਰੱਕ ਗੱਡੀ ਹੋਵੇ ਤੇ ਉਹਦੇ ਟਾਇਰ ਲਾਹ ਕੇ ਸਾਈਕਲ ਨੂੰ ਪਾ ਲਉ ਤਾਂ ਕੀ ਉਹ ਚੱਲਣਗੇ ? ਜਿਹੜੇ ਨਿਯਤ ਕੀਤੇ ਉਹੀ ਚੱਲਣਗੇ। ਗੁਰੂ ਦੀ ਮਰਿਆਦਾ ਦੇ ਮੁਤਾਬਿਕ ਕਲਗੀਧਰ ਪਾਤਿਸ਼ਾਹ ਨੇ ਸਾਡੇ ਲਈ ਜੋ ਕਛਹਿਰਾ ਨਿਯਤ ਕੀਤਾ ਏ ਨਾ, ਇਹ ਸਾਡੇ ਲਈ ਪਾਉਣਾ ਅਤਿ ਜ਼ਰੂਰੀ ਹੈ ਤੇ ਕਿੰਨਾ ਜ਼ਰੂਰੀ ਹੈ ? ਜਿਨ੍ਹਾਂ ਅੰਮ੍ਰਿਤ ਛੱਕਿਆ ਹੈ ਉਹ ਥੋੜ੍ਹਾ ਜਿਹਾ ਚੇਤੇ ਕਰਨ।

ਕਈ ਵੇਰਾਂ ਇਸ਼ਨਾਨ ਕਰਦਿਆਂ ਕੰਘਾ ਸਾਡੇ ਹੱਥੋਂ ਡਿੱਗ ਪੈਂਦਾ ਹੈ। ਸਿਰ 'ਤੇ ਆਪਾਂ ਕ੍ਰਿਪਾਨ ਬੱਧੀ ਹੁੰਦੀ ਏ, ਸਜਾਈ ਹੁੰਦੀ ਏ, ਉਹ ਡਿੱਗ ਪੈਂਦੀ ਹੈ ਤੇ ਫੇਰ ਆਪਾਂ ਵਾਹਿਗੁਰੂ ਕਹਿ ਕੇ ਤੇ ਮੁੜਕੇ ਫੇਰ ਬੰਨ੍ਹ ਲੈਂਦੇ ਆਂ ਪਰ ਕਿਸੇ ਕਾਰਨ ਕਰਕੇ ਇਸ਼ਨਾਨ ਕਰਦਿਆਂ ਸਾਡੇ ਦੋ ਗਿੱਟਿਆਂ ਤੋਂ ਕਛਹਿਰੇ ਦੇ ਪੌਹਚੇ ਲਹਿ ਜਾਣ ਤਾਂ ਗੁਰਮੁਖੋ, ਪੰਜਾਂ ਸਿੰਘਾਂ ਦੇ ਕੋਲੋਂ ਅਰਦਾਸ ਕਰਾਉਣੀ ਚਾਹੀਦੀ ਏ। ਕ੍ਰਿਪਾਨ ਇਕੱਲੀ ਡਿੱਗ ਪਏ ਤੇ ਪੰਜਾਂ ਕੋਲੋਂ ਅਰਦਾਸ ਕਰਾਉਣ ਦੀ ਲੋੜ ਨਹੀਂ। ਕੰਘਾ ਡਿੱਗ ਪਏ ਤੇ ਅਸੀਂ ਇਕੱਲਿਆਂ ਨੇ ਕਹਿਣਾ ਕਿ ਕਲਗੀਧਰ ਪਾਤਿਸ਼ਾਹ ਕ੍ਰਿਪਾ ਕਰ। ਮੈਨੂੰ ਰਹਿਤ ਮਰਿਆਦਾ ਵਿਚ ਪਰਪੱਕ ਰੱਖ, ਪਰ ਜਿੱਥੇ ਕਛਹਿਰੇ ਦਾ ਮਸਲਾ ਏ ਨਾ ਇਹ ਇੰਨਾ ਜ਼ਰੂਰੀ ਏ ਕਿ ਅਸਾਂ ਪੰਜਾਂ ਗੁਰਮੁਖ ਪਿਆਰਿਆਂ ਨੂੰ ਬੇਨਤੀ ਕਰਨੀ ਹੈ ਕਿ ਭਾਈ ਸਾਹਿਬ ਮੇਰਾ ਕਛਹਿਰਾ ਵਿਸਰ ਗਿਆ। ਦੋਹਾਂ ਗਿੱਟਿਆਂ ਤੋਂ ਉਤਰ ਗਿਆ ਤੇ ਤੁਸੀਂ ਕ੍ਰਿਪਾ ਕਰਕੇ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੇ ਅੱਗੇ ਅਰਦਾਸ ਕਰੋ ਕਿ ਮੇਰੇ 'ਤੇ ਅੱਗੇ ਤੋਂ ਰਹਿਮਤਾਂ ਕਰਨ। ਕੱਛ, ਕ੍ਰਿਪਾਨ ਦਾ ਵਸਾਹ ਕਰਨਾ ਨਹੀਂ। ਜਿਹੜੀ ਕ੍ਰਿਪਾਨ ਏ ਨਾ ਇਹਨੂੰ ਆਪਣੇ ਸਰੀਰ ਤੋਂ ਅਲਹਿਦਾ ਨਹੀਂ ਕਰਨਾ। ਅੱਜ ਤਾਂ ਕਈ ਭੁੱਲੜ ਤੇ ਆਪਣੇ ਆਪ ਨੂੰ ਮਾਡਰਨ ਕਹਿਣ ਵਾਲੇ ਜਿੰਨਾ ਚਿਰ ਬਾਹਰ ਬਾਜ਼ਾਰ ਵਿਚ ਆਏ ਨੇ, ਓਨਾ ਚਿਰ ਕ੍ਰਿਪਾਨ ਬਾਹਰ ਤੇ ਘਰ ਜਾ ਕੇ ਟੰਗ ਦਿੱਤੀ, ਭਈ ਹੁਣ ਕ੍ਰਿਪਾਨ ਨੂੰ ਸਾਹ ਦਵਾ ਦਿਉ, ਥੱਕ ਗਈ ਏ ਨਾ, ਬਾਜ਼ਾਰ ਜੋ ਗਏ ਸਾਂ। ਇਹ ਇੰਨੀ ਜ਼ਰੂਰੀ ਹੈ, ਜਦੋਂ ਅਸੀਂ ਸਰੀਰ ਛੱਡਣਾ ਏ, ਸਾਰਿਆਂ ਨੇ ਛੱਡਣਾ ਏ, ਮਾਈ ਨੇ, ਭਾਈ ਨੇ, ਬੱਚਾ, ਵੱਡਾ, ਛੋਟਾ ਸਾਰੇ। ਸਸਕਾਰ ਕਰਨਾ ਤੇ ਗੁਰਮੁਖੋ ਕ੍ਰਿਪਾਨ ਵੀ ਨਾਲ ਹੀ ਸਸਕਾਰ ਹੁੰਦੀ ਏ ਸਰੀਰ ਦੇ। ਇੰਨੀ ਜ਼ਰੂਰੀ ਹੈ। ਸਰਬਲੋਹ ਦਾ ਕੜਾ ਹੱਥ ਰੱਖਣਾ। ਗੱਲ ਚੱਲੀ ਏ ਹੁਕਮਨਾਮੇ ਦੀ।

ਮੈਨੂੰ ਕੁਝ ਗੁਰਮੁਖਾਂ ਨੇ ਹੁਕਮ ਕੀਤਾ ਹੈ ਕਿ ਸਾਡੇ ਸਿੱਖ ਸਮਾਜ ਵਿਚ ਕਈ ਤਰ੍ਹਾਂ ਦੀਆਂ

ਢਿਲਿਆਈਆਂ ਆ ਰਹੀਆਂ ਨੇ। ਤੇ ਤੁਸੀ ਪੰਜ ਚਾਰ ਦਿਨ ਜੋ ਸਾਡੀ ਰਹਿਤ ਮਰਿਆਦਾ ਹੈ, ਗੁਰੂਆਂ ਦੇ ਸੰਸਕਾਰ ਨੇ, ਇਹਨਾਂ ਦੇ ਬਾਰੇ ਥੋੜ੍ਹਾ ਬਹੁਤਾ ਵਿਚਾਰ ਦਿਆ ਕਰੋ ਸੰਗਤ ਨੂੰ, ਤਾਂਕਿ ਅਸੀਂ repeat ਕਰਕੇ ਤੇ ਸਿੱਖ ਸੰਗਤਾਂ ਤੱਕ ਪਹੁੰਚਾ ਸਕੀਏ। ਕੁਝ ਗੁਰਮੁਖਾਂ ਨੇ ਉਪਰਾਲਾ ਕੀਤਾ। ਮੈਂ ਤਾਂ ਬੇਨਤੀ ਕਰਨ ਲੱਗਾ ਹਾਂ। ਸਰਬਲੋਹ ਦਾ ਕੜਾ ਹੱਥ ਰੱਖਣਾ। ਹੇ ਭਾਈ ਕਹਿੰਦੇ ਹਨ ਅੱਜ ਸਰਬਲੋਹ ਦਾ ਕੜਾ ਕਹਿੰਦੇ ਜ਼ੰਗ ਲੱਗ ਜਾਂਦਾ ਹੈ। ਕਈਆਂ ਨੇ ਚੂੜੀ ਦੀ ਸ਼ਕਲ ਦਾ ਕੜਾ ਪਾ ਲਿਆ। ਸਾਨੂੰ ਗੁਰੂ ਨੇ ਚੂੜੀ ਨਹੀਂ ਪਹਿਨਾਈ। ਅੱਜ-ਕੱਲ੍ਹ ਦੇ ਕਈ ਸ਼ੌਕੀਨ ਮੁੰਡੇ ਕੜਾ ਵੀ ਪਾਉਂਦੇ ਨੇ ਪਰ ਚੂੜੀ ਵਰਗਾ। ਇਹਨੂੰ ਮੇਰੀਆਂ ਬੀਬੀਆਂ ਭੈਣਾਂ ਕੰਗਨੀ ਕਹਿੰਦੀਆਂ ਨੇ। ਸਾਨੂੰ ਕੜਾ ਪਹਿਨਾਇਆ ਕੰਗਨੀ ਨਹੀਂ ਪਹਿਨਾਈ ਤੇ ਕੜਾ ਕਿਹੜਾ ਪਾਉਣਾ ਹੈ। ਸਰਬਲੋਹ ਦਾ ਕੜਾ ਹੱਥ ਰੱਖਣਾ। ਦੋਨੋਂ ਵਕਤ ਕੇਸਾਂ ਦੀ ਪਾਲਨਾ ਕੰਘੇ ਸਿਉਂ ਕਰਨੀ।

ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਨੂੰ ਜੇ ਰੱਬ ਨਾ ਆਖੀਏ ਤਾਂ ਕੀ ਆਖੀਏ। ਜਦੋਂ ਕਲਗੀਧਰ ਪਾਤਿਸ਼ਾਹ ਨੇ ਖਾਲਸਾ ਪੰਥ ਪ੍ਰਗਟ ਕੀਤਾ, ਉਦੋਂ ਗੈਂਡੇ ਦੀਆਂ ਕੰਘੀਆਂ ਨਹੀਂ ਸਨ ਹੁੰਦੀਆਂ, ਪਲਾਸਟਿਕ ਦੀਆਂ ਕੰਘੀਆਂ ਨਹੀਂ ਸਨ, ਪਰ ਮੇਰੇ ਗੁਰੂ ਨੂੰ ਪਤਾ ਹੈ ਕਿ ਆਉਣ ਵਾਲੇ ਜ਼ਮਾਨੇ ਵਿਚ ਮੇਰੇ ਕਈ ਢਿੱਲੇ ਸਿੱਖਾਂ ਨੇ ਆਲਸੀ ਦਲਿੱਦਰੀ ਹੋ ਜਾਣਾ ਹੈ। ਅਸੀਂ ਆਪਣੇ ਘਰ ਆਪ ਸ਼ੀਸ਼ੇ ਦੇ ਅੱਗੇ ਪਲਾਸਟਿਕ ਦੀਆਂ ਦੋ-ਚਾਰ ਕੰਘੀਆਂ ਰੱਖੀਆਂ ਹਨ ਵਧੀਆ-ਵਧੀਆ। ਜੇ ਤਾਂ ਸਰਦਾਰ ਜੀ ਉਠੇ ਤਾਂ ਉਹਨਾਂ ਨੇ ਉਹ ਕੇਸਾਂ 'ਚ ਫੇਰ ਲਈ ਤੇ ਬੀਬੀ ਨੇ ਤਾਂ ਪਲਾਸਟਿਕ ਦੀ ਕੰਘੀ ਹੀ ਵਰਤਣੀ ਹੈ, ਪਰ ਜੋ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਆਪਣਾ ਇਸ਼ਟ ਮੰਨਦਾ ਹੈ ਨਾ, ਭਾਵੇਂ ਉਹ ਭੈਣ ਹੈ, ਭਾਵੇਂ ਉਹ ਵੀਰ ਹੈ, ਭਾਵੇਂ ਉਹ ਮਰਦ ਹੈ, ਭਾਵੇਂ ਉਹ ਇਸਤਰੀ ਹੈ, ਉਹਨੂੰ ਹੁਕਮ ਹੈ ਲੱਕੜ ਦਾ ਕੰਘਾ ਵਰਤਣ ਦਾ।

ਮੈਂ ਪਹਿਲਾਂ ਤੁਹਾਨੂੰ ਬੇਨਤੀ ਕੀਤੀ ਏ ਕਿ ਜਿਹੜਾ ਮੈਂ ਅੱਜ ਜ਼ਿਕਰ ਕਰ ਰਿਹਾ ਹਾਂ, ਤੁਹਾਡੇ ਨਾਲ ਵਿਚਾਰ ਕਰ ਰਿਹਾ ਹਾਂ, ਇਹ ਗੁਰੂ ਮਹਾਰਾਜ ਨੇ ੧੭੫੬-੨੬ Date ਨੂੰ ਕਾਬਲ ਦੀ ਸੰਗਤ ਨੂੰ ਹੁਕਮਨਾਮਾ ਲਿਖਿਆ ਤੇ ਉਹਦੀ ਫੋਟੋ ਸਟੇਟ ਕਾਪੀ ਮੇਰੇ ਕੋਲ ਮੌਜੂਦ ਹੈ। ਉਸ ਹੁਕਮਨਾਮੇ ਦੀ ਫੋਟੋ ਸਟੇਟ ਕਾਪੀ ਅਤੇ ਉਸ ਫੋਟੋ ਸਟੇਟ ਕਾਪੀ ਦੇ ਉਤੋਂ ਮੈਂ ਤੁਹਾਨੂੰ ਵਿਚਾਰ ਦੇ ਰਿਹਾ ਹਾਂ ਤਾਂਕਿ ਕੋਈ ਉਂਗਲ ਨਾ ਉਠਾਵੇ। ਪਾਤਸ਼ਾਹ ਫ਼ੁਰਮਾਉਂਦੇ ਨੇ ਦੋਨੋਂ ਵਕਤ ਕੇਸਾਂ ਦੀ ਪਾਲਣਾ ਕੰਘੇ ਨਾਲ ਕਰਨੀ ਭਾਵ ਕਿ ਪਲਾਸਟਿਕ ਦੀ ਕੰਘੀ ਜਾਂ ਕੰਘਾ ਕੇਸਾਂ 'ਚ ਨਹੀਂ ਫੇਰਨਾ। ਇਹਦੀ ਅੱਗੇ ਜਾ ਕੇ ਵਿਆਖਿਆ ਕਰਾਂਗਾ ਕਿ ਲੱਕੜ ਦਾ ਕੰਘਾ ਕਿਉਂ ਵਰਤਣਾ ਹੈ, ਉਹਦੇ ਵਿਚ ਕੀ ਖ਼ੂਬੀ ਹੈ, ਕਿਉਂਕਿ ਅੱਗੇ ਆਪਾਂ ਜਨਮ ਸੰਸਕਾਰ, ਵਿਆਹ ਸੰਸਕਾਰ, ਮ੍ਰਿਤਕ ਸੰਸਕਾਰ, ਵਿਦਿਅਕ ਸੰਸਕਾਰ ਇਹਨਾਂ ਦੀ ਵਿਆਖਿਆ ਕਰਨੀ ਹੈ। ਅੱਜ ਕੇਵਲ ਤੇ ਕੇਵਲ ਇੰਨਾ ਕਿ ਕੰਘਾ ਦੋਵੇਂ ਟਾਇਮ ਕਰਨਾ ਹੈ। ਭਾਈ ਸਾਹਿਬ ਭਾਈ ਨੰਦ ਲਾਲ ਦੇ ਬੋਲ ਨੇ 'ਕੰਘਾ ਦੋਨੋਂ ਵਕਤ ਕਰੇ ਪਾਗ ਚੁਣ ਕਰ ਬਾਂਧੇ, ਦਾਤਣ ਨੀਤ

ਕਰੇ ਨਾ ਦੁੱਖ ਪਾਵੇ। ਭਾਈ ਨੰਦ ਲਾਲ ਜੀ ਦੇ ਬਚਨ ਹਨ- ਕੰਘਾ ਦੋਨੋਂ ਵਕਤ ਕਰੇ, ਪਾਗ ਚੁਣ ਕਰ ਬਾਂਧੇ। ਪੱਗ ਨੂੰ ਚੁਣ ਕੇ ਬੰਨ੍ਹਣਾ ਹੈ। ਪਤਾ ਨਹੀਂ ਜ਼ਮਾਨਾ ਕਿਹੜੇ ਪਾਸੇ ਜਾ ਰਿਹਾ ਹੈ। ਮਾਇਆ ਲੁਆ ਲੈਣੀ, ਪੱਗ ਨੂੰ ਠੋਕ ਕੇ ਪਾਈਆ ਚੌਲ ਲਾ ਲੈਣੇ ਤੇ ਮੁੜ ਕੇ ਭਾਵੇਂ ਸਾਰੇ ਜ਼ਮਾਨੇ ਦੀਆਂ ਮੱਖੀਆਂ ਪੱਗ ਤੇ ਬਹਿਣ। ਬੱਸ ਇਕ ਮਹੀਨਾ ਪੱਗ ਨੂੰ ਮੁੜ ਕੇ ਬਦਲਣਾ ਨਹੀਂ। ਹੁਣ ਉਹ ਆਟਾ ਚੋਲਾਂ ਦਾ ਤੇ ਮੱਖੀਆਂ ਨੇ ਤਾਂ ਉਥੇ ਆਉਣਾ ਹੀ ਹੈ। ਮੱਖੀਆਂ ਦੀ ਰਾਜਧਾਨੀ ਤਾਂ ਬਣਾ ਲਈ ਪਰ ਮਾਈ ਦੇ ਲਾਲ ਨੇ ਪੱਗ ਨਹੀਂ ਦੁਬਾਰਾ ਬੰਨ੍ਹੀ। ਉਹੀ ਭੌਂ-ਚੌਂ ਕੇ ਟੋਪੀ ਬੰਨ੍ਹ ਲੈਣੀ।

ਆਹ ਤੁਹਾਡੇ ਸਾਹਮਣੇ ਗੁਰਮੁਖਾਂ ਨੇ ਮਾਟੋ ਲਗਾਇਆ ਹੈ ਤੁਸੀਂ ਆਪ ਪੜ੍ਹ ਲਉ। ਬੜੀ ਕ੍ਰਿਪਾ ਕੀਤੀ ਗੁਰਮੁਖਾਂ ਨੇ ਜਿਨ੍ਹਾਂ ਲਾਇਆ ਹੈ। ਜੇ ਪੱਗ ਚੁਣ ਕੇ ਨਾ ਬੰਨ੍ਹੀਏ ਤਾਂ ਇਹਨੂੰ ਕਹਿੰਦੇ ਨੇ ਟੋਪੀ ਅਤੇ ਸਪੱਸ਼ਟ ਲਿਖਿਆ ਐ।

ਸਿੱਖ ਹੋਏ ਸਿਰ ਟੋਪੀ ਧਰੇ, ਸਾਤ ਜਨਮ ਕੁਸ਼ਟੀ ਹੋਏ ਮਰੇ।

ਸਿੱਖ ਦਾ ਪੁੱਤ ਹੋ ਕੇ ਸਿਰ 'ਤੇ ਟੋਪੀ ਬੰਨ੍ਹੇ, ਉਹਨੂੰ ਸੱਤ ਜਨਮ ਕੋਹੜੀ ਦੇ ਭੋਗਣੇ ਪੈਣਗੇ। ਆ ਕ੍ਰਿਕਟ ਦੇ ਮੈਚ ਹੁੰਦੇ ਨੇ। ਬੜੀ ਚੰਗੀ ਗੱਲ ਹੈ। ਖੇਡਣਾ ਕੋਈ ਮਾੜਾ ਜਾਂ ਪਾਪ ਨਹੀਂ। ਐਤਵਾਰ ਵਾਲੇ ਦਿਨ ਸਾਡੇ ਨੌਜਵਾਨ ਜਾਂਦੇ ਨੇ ਸਿੱਖਾਂ ਦੇ ਲੜਕੇ ਖੇਡਣ ਲਈ ਤੇ ਪੁੱਠੀ ਟੋਪੀ ਜੂੜੇ ਤੇ ਪਾਈ ਹੋਏਗੀ। ਤੈਨੂੰ ਪਤਾ ਨਹੀਂ ਇਸ ਦਸਤਾਰ ਦਾ। ਇਹ ਦਸਤਾਰ ਕਲਗੀਧਰ ਪਾਤਿਸ਼ਾਹ ਮਹਾਰਾਜ ਦੇ ਪੁੱਤਰਾਂ ਦੇ ਖੂਨ ਨਾਲ ਰੰਗੀ ਹੈ। ਇਹ ਪੱਗ ਐਵੇਂ ਨਹੀਂ ਮਿਲੀ। ਜਿਹੜੀਆਂ ਦਸਤਾਰ ਦੀਆਂ ਤੰਦਾਂ ਨੇ ਨਾ ਨਸ਼ੁਕਰਿਆ ਬੰਦਿਆ, ਤੈਨੂੰ ਦਸਤਾਰ ਦੀਆਂ ਇਹਨਾਂ ਤੰਦਾਂ ਦੀ ਕੀਮਤ ਨਹੀਂ ਪਤਾ। ਜਿਹੜਾ ਤਾਣਾ ਏ ਨਾ ਤਾਣਾ, ਇਹ ਧੰਨ ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਦੀਆਂ ਆਂਦਰਾਂ ਨੇ ਤੇ ਪੇਟਾ ਮਾਤਾ ਗੁਜਰੀ ਦੇ ਖ਼ੂਨ ਦਾ ਹੈ। ਤਾਣਾ ਤੇ ਪੇਟਾ ਦੋ ਹੁੰਦੇ ਹਨ। ਜਿਹੜਾ ਤਾਣਾ ਏ ਨਾ ਇਹ ਧੰਨ ਗੁਰੂ ਤੇਗ਼ ਬਹਾਦਰ ਸੱਚੇ ਪਾਤਿਸ਼ਾਹ ਦੀ ਕੁਰਬਾਨੀ ਹੈ। ਇਸ ਰੰਗ ਨੂੰ ਪੱਕਿਆਂ ਕਰਨ ਲਈ ੬ ਘੰਟੇ ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਮਹਾਰਾਜ ਜੀ ਦੇ ਪੜਦਾਦਾ ਜੀ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਦਾਦਾ ਜੀ ਮੀਰੀ ਪੀਰੀ ਦੇ ਮਾਲਕ ਧੰਨ ਗੁਰੂ ਹਰਿ ਗੋਬਿੰਦ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਸਤਿਕਾਰ ਯੋਗ ਪਿਤਾ ਜੀ ਮਾਂ ਭਾਨੀ ਦਾ ਲਾਡਲਾ ਸਾਡੇ ਸਿਰਾਂ ਦਾ ਤਾਜ, ਸਾਡੀ ਜਿੰਦਜਾਨ, ਸਾਡਾ ਲੋਕ ਤੇ ਪਰਲੋਕ ਦਾ ਰਾਖਾ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਉਹ ਨਸ਼ੁਕਰਿਆ ! ੬ ਘੰਟੇ ਤੱਤੀ ਤੱਵੀ 'ਤੇ ਬੈਠਾ ਰਿਹਾ ਤਾਂਕਿ ਪੱਗ ਦਾ ਰੰਗ ਪੱਕਾ ਰਹਿ ਜਾਵੇ। ਸਿਰ 'ਤੇ ਰੇਤ ਪਈ, ਦੇਗ ਵਿਚ ਉਬਲਿਆ, ਅੱਜ ਤੈਨੂੰ ਇਸ ਪੱਗ ਦੀ ਕੀਮਤ ਦਾ ਗਿਆਨ ਨਹੀਂ। ਕਦੇ ਸੋਚਿਆ ਨਹੀਂ ਦਸਤਾਰ ਕਿੰਨੀ ਕੁ ਕੀਮਤੀ ਏ ਕਿ ਮੇਰੇ ਵਡੇਰਿਆਂ ਨੇ ਕਿਵੇਂ ਲੈ ਕੇ ਦਿੱਤੀ ਏ।

ਗੁਰਦੇਵ ਫ਼ਰਮਾਉਂਦੇ ਨੇ ਦੋਵੇਂ ਵਕਤ ਕੇਸਾਂ ਦੀ ਪਾਲਣਾ ਕੰਘੇ ਸਿਉਂ ਕਰਨੀ ਪਰ ਦੋਵੇਂ

ਟਾਇਮ ਕੇਸਾਂ ਨੂੰ ਸਾਫ ਕਰਨਾ ਹੈ। ਸਰਬੱਤ ਸੰਗਤ ਅਭਾਖਿਆ ਦਾ ਕੁੱਠਾ ਮਾਸ ਖਾਵੇ ਨਹੀਂ। ਤੂੰ ਤਾਂ ਖਾਣ ਲੱਗਿਆਂ ਵੇਖਦਾ ਨਹੀਂ। ਤੇਰੀ ਪਲੇਟ ਵਿਚ ਚਾਰ ਡਲੀਆਂ ਪੈਣੀਆਂ ਚਾਹੀਦੀਆਂ ਹਨ। ਕਹਿੰਦਾ ਹੈ ਕਿ ਸੰਖੀਆਂ ਮੋਟੀਆਂ-ਮੋਟੀਆਂ ਪਾ ਦਿਉ ਬਾਕੀ ਭਾਵੇਂ ਰਹਿਣ ਦਿਉ, ਮੈਂ ਇਹਨੂੰ ਬਦਲਣਾ ਨਹੀਂ, ਭਾਵੇਂ ਗੁਰੂ ਦਾ ਹੁਕਮਨਾਮਾ ਹੈ। ਸਰਬੱਤ ਸੰਗਤ ਇਕ ਨਹੀਂ, ਸਾਨੂੰ ਸਾਰਿਆਂ ਨੂੰ ਕਿਹਾ ਹੈ, 'ਅਭਾਖਿਆ ਦਾ ਕੁੱਠਾ ਮਾਸ ਖਾਵੇ ਨਾਹੀਂ।' ਜਿਹਦੇ 'ਤੇ ਕਲਮਾ ਪੜ੍ਹਿਆ ਜਾਂਦਾ ਹੈ, ਇਸ ਮਾਸ ਨੂੰ ਭੁੱਲ ਕੇ ਵੀ ਨਹੀਂ ਖਾਣਾ, ਅਗਰ ਖਾ ਬੈਠੇਂ ਤਾਂ ਗੁਰੂ ਦੀ ਸਿੱਖੀ 'ਚੋਂ ਖ਼ਾਰਿਜ ਹੋ ਜਾਵੇਂਗਾ। ਪਤਿਤ ਹੋ ਜਾਵੇਂਗਾ। ਤੰਬਾਕੂ ਨਾ ਵਰਤਣਾ। ਅੱਜ-ਕੱਲ੍ਹ ਲੋਕਾਂ ਨੇ ਚੁਟਕੀਆਂ ਬਣਾ ਲਈਆਂ ਹਨ। ਪੁੜੀ ਲਉ, ਉਂਗਲਾਂ ਨਾਲ ਘਸਾਇਆ, ਚੁਟਕੀ ਲਈ ਤੇ ਤੁੰਨ ਲਿਆ ਮੂੰਹ ਵਿਚ। ਜਿਹੜਾ ਇਹ ਸਾਡਾ ਮੂੰਹ ਹੈ, ਜਿਹੜੇ ਇਹ ਸਾਡੇ ਬੁੱਲ੍ਹ ਹਨ ਇਹ ਬੁੱਲ੍ਹ ਜਪੁਜੀ ਸਾਹਿਬ ਦਾ ਪਾਠ ਕਰਨ ਵਾਸਤੇ ਹਿੱਲਣੇ ਚਾਹੀਦੇ ਸਨ। ਇਹਨਾਂ ਬੁੱਲ੍ਹਾਂ ਨਾਲ ਰਹਿਰਾਸ ਦੇ ਪਾਠ ਦਾ ਉਚਾਰਨ ਚਾਹੀਦਾ ਸੀ, ਇਹਨਾਂ ਬੁੱਲ੍ਹਾਂ ਨਾਲ ਅਨੰਦ ਦੇਣ ਵਾਲੀ ਆਨੰਦ ਸਾਹਿਬ ਦੀ ਬਾਣੀ ਪੜ੍ਹ ਲਉ। ਤੇਰੀ ਮੱਤ ਨੂੰ ਕੀ ਹੋ ਗਿਆ ? ਤੂੰ ਜਗਤ ਜੂਠ ਇਹਨਾਂ ਬੁੱਲ੍ਹਾਂ ਵਿਚ ਰੱਖ ਲਿਆ। ਮੇਰਾ ਗੁਰੂ ਕਹਿੰਦਾ ਏ ਤੰਬਾਕੂ ਨਾ ਵਰਤਣਾ।

ਜਦੋਂ ਭਾਈ ਸਾਹਿਬ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਿਸ਼ਾਹ ਦੀ ਸ਼ਰਨ ਵਿਚ ਆਏ ਨੇ ਨਾ, ਭਾਈ ਮਰਦਾਨਾ ਕਹਿੰਦਾ ਹੈ, ਗੁਰੂ ਬਾਬਾ ਦੁਨੀਆਂ ਨੂੰ ਤਾਰੀ ਜਾਨਾਂ ਏਂ, ਕਿਤੇ ਮੇਰੇ ਵੱਲ ਵੀ ਕ੍ਰਿਪਾ ਕਰ, ਕਿਤੇ ਮੈਨੂੰ ਵੀ ਗੱਫਾ ਦੇ। ਮਰਦਾਨੇ ਦਾ ਜਨਮ ਮੁਸਲਮਾਨ ਪਰਿਵਾਰ ਵਿਚ ਹੋਇਆ। ਮੰਗ-ਪਿੰਨ ਕੇ ਖਾਣਾ, ਗੁਜ਼ਾਰਾ ਕਰਨਾ ਉਹਨਾਂ ਦਾ ਖ਼ਾਨਦਾਨੀ ਪੇਸ਼ਾ ਸੀ। ਮਿੱਤਰੋ ! ਗੁਰੂ ਨਾਨਕ ਮਹਾਰਾਜ ਜੀ ਨੇ ਭਾਈ ਮਰਦਾਨੇ ਨੂੰ ਤਿੰਨ ਗੱਲਾਂ ਕਹੀਆਂ ਨੇ ਜੋ ਸਾਡੇ ਇਤਿਹਾਸ ਵਿਚ ਅੱਜ ਲਿਖਤ ਰੂਪ ਵਿਚ ਮੌਜੂਦ ਹਨ। ਮਰਦਾਨਿਆਂ ! ਕੇਸਾਂ ਦੀ ਬੇਅਦਬੀ ਨਹੀਂ ਕਰਨੀ। ਆਪਾਂ ਕਹਿਨੇ ਹਾਂ ਨਾ ਗੁਰਦੇਵ ਦਸਵੇਂ ਪਾਤਿਸ਼ਾਹ ਨੇ ਕੇਸ ਰਖਾਏ ੧੬੯੯ ਈ: ਦੀ ਵਿਸਾਖੀ ਨੂੰ। ਭਾਈ ਮਰਦਾਨਾ ੧੬੯੯ ਨੂੰ ਨਹੀਂ ਜੰਮਿਆ। ਭਾਈ ਮਰਦਾਨਾ ਉਮਰ ਕਰਕੇ ਗੁਰੂ ਨਾਨਕ ਪਾਤਿਸ਼ਾਹ ਕੋਲੋਂ ੧੦ ਸਾਲ ਵੱਡਾ ਹੈ। ਧੰਨ ਗੁਰੂ ਨਾਨਕ ਪਾਤਿਸ਼ਾਹ ਮਹਾਰਾਜ ਨੇ ੧੪੬੯ ਕੱਤਕ ਦੀ ਪੂਰਨਮਾਸ਼ੀ ਨੂੰ ਅਵਤਾਰ ਧਾਰਨ ਕੀਤਾ, ਪਰ ਸਤਿਕਾਰਯੋਗ ਭਾਈ ਮਰਦਾਨਾ ਦਾ ਜਨਮ ੧੪੫੯ ਵਿਚ ਹੋਇਆ, ੧੦ ਸਾਲ ਪਹਿਲਾਂ ਹੋਇਆ। ਭਾਈ ਬਾਲਾ ਜੀ ਗੁਰਦੇਵ ਨਾਲੋਂ ਦੁਨਿਆਵੀ ਉਮਰ ਕਰਕੇ ਤਿੰਨ ਸਾਲ ਵੱਡੇ ਸਨ। ਮਰਦਾਨਾ ਜੀ ਕੇਸਾਂ ਦੀ ਬੇਅਦਬੀ ਨਹੀਂ ਕਰਨੀ। ਮਹਾਰਾਜ ਹੋਰ ਹੁਕਮ :- ਤੰਬਾਕੂ ਦੀ ਭੁਲਕੇ ਵਰਤੋਂ ਨਹੀਂ ਕਰਨੀ। ਤੀਸਰਾ ਲੋੜਵੰਦ ਦੀ ਯਥਾ ਯੋਗ ਮਦਦ ਕਰਨੀ। ਭੁੱਖੇ ਨੂੰ ਰੋਟੀ ਖੁਆਉਣੀ। ਮਰਦਾਨਿਆ, ਇਹ ਤੈਨੂੰ ਸੱਚਖੰਡ ਦੀਆਂ ਕੁੰਜੀਆਂ ਦੇ ਦਿੱਤੀਆਂ। ਕੇਸਾਂ ਨੂੰ ਰੱਖਣ ਦੀ ਹਦਾਇਤ ਮੇਰੇ ਗੁਰੂ ਬਾਬੇ ਨੇ ਆਰੰਭ ਦੇ ਵਿਚ ਹੀ ਆਪਣੇ ਨਿਕਟਵਰਤੀ ਭਾਈ ਮਰਦਾਨਾ ਜੀ ਨੂੰ ਕਰ ਦਿੱਤੀ। ਤੰਬਾਕੂ ਨਹੀਂ ਵਰਤਣਾ। ਭਾਦਣੀ ਤਥਾ ਕੰਨਿਆਂ ਮਾਰਨ

ਵਾਲੇ ਸੇ ਮੇਲ ਨਾ ਰੱਖੋ। ਭਾਦਣੀ ਦਾ ਅਰਥ ਵੀ ਉਹੀ ਹੈ। ਕੇਸਾਂ ਦੀ ਬੇਅਦਬੀ ਕਰਨ ਵਾਲੇ ਲੋਕ ਹੁਣ ਤਾਂ ਗੁਰਮੁਖੋ ਗੁਜ਼ਾਰਾ ਨਹੀਂ ਚਲਦਾ। ਕਿਥੇ ਜਾਈਏ। ਭਾਦਣੀ ਤਥਾ ਕੰਨਿਆ ਮਾਰਨ ਵਾਲੇ ਸੇ ਮੇਲ ਨਾ ਰੱਖੋ। ਉਹ ਲੋਕ ਜਿਹੜੇ ਲੜਕੀਆਂ ਨੂੰ ਮਾਰਦੇ ਨੇ ਉਹਨਾਂ ਨਾਲ ਮਿਲਾਪ ਨਹੀਂ ਰੱਖਣਾ। ਨੇੜੇ ਮਸੰਦੀਏ ਰਾਮ ਰਾਈਏ ਕੀ ਸੰਗਤ ਨਾ ਬੈਸੇ। ਉਹਨਾਂ ਨਾਲ ਖਾਣਾ-ਪੀਣਾ ਤਾਂ ਇਕ ਪਾਸੇ ਗੁਰੂ ਬਾਬਾ ਕਹਿੰਦਾ ਹੈ ਮੀਣਿਆਂ ਦੀ ਸੰਗਤ ਨਾ ਕਰੋ। ਮੀਣੇ ਕੌਣ ਨੇ ਬਾਬੇ ਪ੍ਰਿਥਵੀ ਚੰਦ ਦੀ ਔਲਾਦ ਜਿਹੜੇ ਗੁਰੂ ਮਰਿਆਦਾ ਵਿਚ ਨਹੀਂ ਆਏ। ਮਸੰਦੀਏ ਉਹ ਲੋਕ ਜਿਨ੍ਹਾਂ ਧਰਮ ਦਾ ਬਾਣਾ ਤਾਂ ਪਾ ਲਿਆ ਪਰ ਆਪਣੀ ਕਮਾਈ ਤਕ ਸੀਮਤ ਰਹੇ ਤੇ ਗੁਰੂ ਦੇ ਮਿਸ਼ਨ ਤੋਂ ਪਾਸੇ ਹੋ ਗਏ ਉਹ ਮਸੰਦ।

ਗੁਰਮੁਖੋ ਕੇਵਲ ਉਹਨਾਂ ਚੋਹਾਂ ਦੱਸਾਂ ਬੰਦਿਆਂ ਨੂੰ ਗੱਲ ਕਹੀ ਜਾਈਏ, ਅਗਰ ਅੱਜ ਵੀ ਅਸੀਂ ਗੁਰੂ ਕਾ ਬਾਣਾ ਪਾ ਕੇ ਧਾਰਮਿਕ ਹੋਣ ਦਾ ਦਾਅਵਾ ਕਰਕੇ ਅਸੀਂ ਗੁਰੂ ਦੀ ਮਰਿਆਦਾ ਵਿਚ ਪਰਪੱਕ ਨਹੀਂ ਤਾਂ ਸਾਨੂੰ ਵੀ ਮਸੰਦ ਸਮਝੋ। ਮੈਂ ਕਥਾ ਕਰਦਾ ਹਾਂ, ਤੁਹਾਨੂੰ ਕੁਝ ਹੋਰ ਕਹਾਂ ਧਾਰਮਿਕ ਜੀਵਨ ਦੀ ਸਿੱਖਿਆ ਦੇਵਾਂ ਪਰ ਮੇਰਾ ਗੁਰਮਤਿ ਰਹਿਤ ਮਰਿਆਦਾ ਦੇ ਮੁਤਾਬਿਕ ਜੀਵਨ ਨਹੀਂ ਤਾਂ ਮੈਂ ਗੁਰੂ ਦਾ ਦੇਣਦਾਰ ਹਾਂ। ਮਸੰਦਾਂ ਦਾ ਅਰਥ ਹੁੰਦਾ ਹੈ ਧਾਰਮਿਕ ਆਗੂ ਜਿਹਨੂੰ ਅੱਜ-ਕੱਲ੍ਹ ਦੀ ਮਾਡਰਨ ਭਾਸ਼ਾ ਵਿਚ ਕਹਿੰਦੇ ਨੇ ਗਜ਼ਟਿਡ, ਸਤਿਕਾਰਯੋਗ ਹਸਤੀ। ਮਸੰਦ ਲਫਜ਼ ਬਣਾਇਆ ਮੰਜੇ ਤੋਂ। ਉਸ ਮੌਕੇ 'ਤੇ ਇਹ ਲੋਕ ਸੰਗਤਾਂ ਦੇ ਕੋਲ ਜਾ ਕੇ ਤੇ ਉੱਚੀ ਥਾਂ 'ਤੇ ਬੈਠ ਕੇ ਗੁਰੂ ਦੇ ਮਿਸ਼ਨ ਸਿੱਖ ਸੰਗਤਾਂ ਨੂੰ ਦੇਂਦੇ ਸਨ, ਪਰ ਸਮੇਂ ਦੇ ਪ੍ਰਭਾਵ ਨਾਲ ਮਾਇਆ ਦਾ ਰੰਗ ਬਹੁਤਾ ਚੜ੍ਹ ਗਿਆ ਇਹਨਾਂ ਨੂੰ, ਗੁਰੂ ਭੁੱਲ ਗਿਆ ਤੇ ਮਾਇਆ ਚੇਤੇ ਰਹਿ ਗਈ। ਜਿਵੇਂ ਅੱਜ ਵੀ ਸਾਡੇ ਵਿਚੋਂ ਕੁਝ ਲੋਕ ਕਰਨ ਲੱਗ ਪਏ ਕਿ ਮੈਂ ੧੫੦੦ ਰੁਪਇਆ ਲਵਾਂਗਾ ਤੇ ਇਕ ਸ਼ਬਦ ਫੇਰ ਲਾਵਾਂਗਾ ਨਹੀਂ ਤੇ ਮੇਰਾ ਟਾਇਮ ਪੂਰਾ ਹੋ ਗਿਆ। ਜੇਕਰ ਇਸ ਤਰ੍ਹਾਂ ਅਸੀਂ ਕਹੀਏ ਕਿ ਮੈਂ ੨ ਮਿੰਟ ਕਥਾ ਵੱਧ ਕੀਤੀ ਤਾਂ ਮੈਂ ਇੰਨੇ ਵੱਧ ਲਵਾਂਗਾ ਜਾਂ ਮੈਂ ੨ ਮਿੰਟ ਕੀਰਤਨ ਵੱਧ ਕੀਤਾ ਤਾਂ ਮੈਂ ਇੰਨੇ ਵੱਧ ਲਵਾਂਗਾ, ਮਸੰਦਾਂ ਨਾਲੋਂ ਘੱਟ ਨਹੀਂ।

ਰਾਮ ਰਾਏ ਗੁਰੂ ਘਰ ਨਾਲੋਂ ਕਿਉਂ ਟੁੱਟੇ ਕਿਉਂਕਿ ਉਹਨੇ ਗੁਰੂ ਦੀ ਬਾਨੀ ਦੇ ਅਰਥ ਨੂੰ, ਗੁਰੂ ਦੀ ਬਾਨੀ ਦੀ ਪੰਗਤੀ ਨੂੰ ਬਦਲਣ ਦਾ ਯਤਨ ਕੀਤਾ। ਇਕ ਸ਼ਬਦ ਨੂੰ, ਮੈਂ ਪੰਗਤੀ ਗ਼ਲਤ ਕਹਿ ਗਿਆ। ਮਿੱਟੀ ਮੁਸਲਮਾਨ ਦੀ ਥਾਂ ਤੇ ਮਿੱਟੀ ਬੇਈਮਾਨ ਦੀ ਕਿਹਾ, ਮੁਸਲ ਦੀ ਥਾਂ ਤੇ ਬੇਈ ਕਿਹਾ ਤੇ ਅੱਜ ਉਹ ਲੋਕ ਜਿਹੜੇ ਆਪਣੀਆਂ ਬਾਣੀਆਂ ਬਣਾ ਕੇ ਗੁਰਬਾਣੀ ਨੂੰ ਤੋੜ-ਮਰੋੜ ਕੇ ਕੰਨਾਂ ਵਿਚ ਫੂਕਾਂ ਮਾਰ ਕੇ ਆਪਣੇ ਚੇਲੇ ਬਣਾਉਂਦੇ ਹਨ, ਉਹਨਾਂ ਨੂੰ ਇਸ ਸ਼੍ਰੇਣੀ ਵਿਚ ਗਿਣਨਾ ਕਰੋ, ਕਿਉਂਕਿ ਨਿਯਮ ਤਾਂ ਪਹਿਲਾਂ ਉਹਨਾਂ ਭੰਗ ਕਰ ਦਿੱਤਾ, ਭਾਈਆਂ ਰਾਹੀਂ ਅੰਮ੍ਰਿਤ ਛਕਾਉਂਦੇ ਹਨ। ਉਹਨਾਂ ਆਪਣੀਆਂ ਲਗਾਂ ਮਾਤਰਾਂ ਲਾ ਕੇ ਤੋੜ-ਮਰੋੜ ਕੇ ਤੇ ਗੁਰਬਾਣੀ ਦੀ ਗ਼ਲਤ ਵਿਆਖਿਆ ਕੀਤੀ, ਗੁਰਬਾਣੀ ਦੇ ਗ਼ਲਤ ਅਰਥ ਕੀਤੇ,

ਆਪਣੇ ਕੋਲੋਂ ਵਾਧਾ ਘਾਟਾ ਕੀਤਾ, ਉਹਨਾਂ ਨੂੰ ਅਸੀਂ ਰਾਮਰਾਏ ਦੀ ਸ਼੍ਰੇਣੀ ਵਿਚੋਂ ਕਹਿ ਸਕਦੇ ਹਾਂ। ਗੁਰਦੇਵ ਫ਼ੁਰਮਾਉਂਦੇ ਹਨ ਕਿ ਰਾਮਰਾਈਏ ਕੀ ਸੰਗਤ ਨਾ ਬੈਸੋ, ਗੁਰਬਾਣੀ ਪੜ੍ਹਨੀ, ਨਾਲ ਗੁਰੂ ਨੇ ਹਦਾਇਤ ਕੀਤੀ ਗੁਰਬਾਣੀ ਪੜ੍ਹਨੀ। ਕਈ ਕਿੰਨੇ ਭੋਲੇ ਨੇ, ਨਾਮ ਲੈਣ ਚੱਲੇ ਹਾਂ ਫਲਾਨੇ ਥਾਂ ਤੋਂ। ਗਿਆਨੀ ਜੀ ਕੀ ਜਪਿਆ ਕਰੀਏ ? ਉਹ ਗੁਰਮੁਖੋ, ਭੋਲਿਉ, ਗੁਰੂ ਨੇ ਸਾਨੂੰ ਸਪੱਸ਼ਟ ਕਹਿ ਦਿੱਤਾ ਹੈ ਕਿ ਗੁਰਬਾਣੀ ਪੜ੍ਹਨੀ, ਵਾਹਿਗੁਰੂ ਵਾਹਿਗੁਰੂ ਜਪਣਾ, ਅਜੇ ਵੀ ਸ਼ੱਕ ਹੈ। ਵਾਹਿਗੁਰੂ ਵਾਹਿਗੁਰੂ ਜਪਣਾ, ਗੁਰੂ ਕੀ ਮੱਤ ਰੱਖਣੀ, ਜਿਹੜੀ ਗੁਰੂ ਕੀ ਮੱਤ ਹੈ ਨਾ ਗੁਰੂ ਕੀ ਮੱਤ ਰੱਖਣੀ, ਸਰਬੱਤ ਸੰਗਤ ਉਪਰ ਮੇਰੀ ਖੁਸ਼ੀ ਹੈ, ਜਿਹੜੀ ਗੁਰੂ ਕੀ ਮੱਤ ਹੈ ਉਹਨੂੰ ਧਾਰਨ ਕਰਨਾ ਸਾਰਿਆਂ 'ਤੇ ਮੈਂ ਖ਼ੁਸ਼ ਹਾਂ। ਇਹ ਗੁਰਮੁਖੋ ਹੁਕਮਨਾਮਾ ਗੁਰਦੇਵ ਨੇ ੨੬ ਜੇਠ ੧੭੫੬ ਬਿਕਰਮੀ ੧੬੯੯ ਨੂੰ ਕਾਬਲ ਦੀ ਸੰਗਤ ਪ੍ਰਥਾਏ ਉਚਾਰਨਾ ਕੀਤਾ। ਇਸਦੀਆਂ ਸੂਖਮ ਵੀਚਾਰਾਂ ਤੁਹਾਡੇ ਨਾਲ ਸਾਂਝੀਆਂ ਕੀਤੀਆਂ ਨੇ, ਬਾਕੀ ਦੇ ਸੰਸਕਾਰ ਕ੍ਰਿਪਾਨ, ਕਛਹਿਰਾ, ਆਨੰਦ ਕਾਰਜ ਦੀ ਕੀ ਮਹਾਨਤਾ ਹੈ। ਇਹ ਆਪਾਂ ਰੋਜ਼ਾਨਾ ਉਚਾਰਿਆ ਕਰਾਂਗੇ। ਹੁਣ ਮਰਿਆਦਾ ਦੇ ਮੁਤਾਬਿਕ ਜੋ ਗੁਰੂ ਦਾ ਸ਼ਬਦ ਹੈ, ਬਾਕੀ ਦੇ ਅਰਥ ਨੇ, ਆਪ ਸੁਣ ਕੇ ਸਰਵਨ ਕਰੋ, ਬੋਲੋ ਸਤਿਨਾਮ ਵਾਹਿਗੁਰੂ : ਹਾਂ ਜੀ!

ਇਹੁ ਜਗੁ ਜਲਤਾ ਨਦਰੀ ਆਇਆ

ਹਜ਼ੂਰ ਫ਼ੁਰਮਾਉਂਦੇ ਨੇ ਇਹ ਸਾਰਾ ਸੰਸਾਰ ਸਾਨੂੰ ਸੜਦਾ ਨਜ਼ਰ ਆਇਆ ਹੈ।

ਗੁਰ ਕੈ ਸਬਦਿ ਸੁਭਾਇ॥

ਇਹ ਕਿਵੇਂ ਪਤਾ ਚੱਲਿਆ ਕਿ ਸੰਸਾਰ ਦੇ ਲੋਕ ਦੁਖੀ ਨੇ, ਸਾਨੂੰ ਕਿਵੇਂ ਪਤਾ ਲੱਗੇਗਾ ? ਗੁਰਦੇਵ ਫ਼ੁਰਮਾਉਂਦੇ ਹਨ ਗੁਰਮੁਖਾ, ਗੁਰੂ ਕੇ ਉਪਦੇਸ਼ ਨੂੰ ਸ੍ਰੇਸ਼ਟ ਭਾਵਨਾ ਨਾਲ ਸਰਵਣ ਕਰ, ਇਹ ਗੱਲ ਭਲਾ ਕੀ ਹੋਈ ਸ੍ਰੇਸ਼ਟ ਭਾਵਨਾ ਨਾਲ, ਹਾਂ ਸ੍ਰੇਸ਼ਟ ਭਾਵਨਾ ਉਹ ਹੈ- ਮੇਰੇ ਗੁਰੂ ਨਾਨਕ ਪਾਤਿਸ਼ਾਹ, ਗੁਰੂ ਰਾਮਦਾਸ, ਹੇ ਅਕਾਲ ਪੁਰਖ ਵਾਹਿਗੁਰੂ, ਮੇਰੇ 'ਤੇ ਵੀ ਮਿਹਰ ਕਰ ਤੇ ਦੂਜਿਆਂ 'ਤੇ ਵੀ ਰਹਿਮਤ ਕਰ। ਇਹ ਹੈ ਚੰਗੀ ਭਾਵਨਾ। ਜੇ ਆਪਾਂ ਇਹ ਕਹੀਏ ਕਿ ਸਾਡਾ ਗਿਆਨੀ ਜੀ ਗੁਆਂਢੀ ਬੜਾ ਤੰਗ ਕਰਦਾ ਹੈ ਤੇ ਸਾਨੂੰ ਕੋਈ ਢੰਗ ਦੱਸੋ ਉਹਦਾ ਫਸਤਾ ਕਿਵੇਂ ਵੱਢਿਆ ਜਾਵੇ, ਇਹ ਤੇ ਬੁਰੀ ਭਾਵਨਾ ਹੋਈ ਨਾ, ਗੁਰਬਾਣੀ ਤਾਂ ਬੁਰਾ ਕਰਦੀ ਨਹੀਂ। ਗੁਰਬਾਣੀ ਦਾ ਮਿਸ਼ਨ ਹੈ, 'ਸਭ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ' ਗੁਰਬਾਣੀ ਦਾ ਸਿਧਾਂਤ ਹੈ, ਗੁਰਬਾਣੀ ਦੀ ਪੰਗਤੀ ਨਹੀਂ ਪਰ ਗੁਰਬਾਣੀ ਦਾ ਸਿਧਾਂਤ ਹੈ : 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ'। ਗੁਰਮੁਖਾ, ਜੇ ਤੂੰ ਗੁਰੂ ਦੇ ਸ਼ਬਦ ਨਾਲ ਸ੍ਰੇਸ਼ਟ ਭਾਵਨਾ ਕਰਕੇ ਜੁੜੇਂਗਾ ਤਾਂ ਤੈਨੂੰ ਪ੍ਰਤੀਤ ਹੋਵੇਗਾ ਕਿ ਸੰਸਾਰ ਵਿਚ ਵਿਕਾਰਾਂ ਦੀ ਅੱਗ ਬਲਦੀ ਹੈ।

ਸਬਦਿ ਰਤੇ ਸੇ ਸੀਤਲ ਭਏ

ਜੋ ਗੁਰਮੁਖ ਪਿਆਰੇ ਗੁਰੂ ਦੇ ਸ਼ਬਦ ਨਾਲ ਰੰਗੇ ਗਏ ਨੇ ਉਹਨਾਂ ਨੂੰ ਠੰਢ ਪੈ ਗਈ। ਆਪਾਂ

ਪੜ੍ਹਦੇ ਆਂ ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਦਾ ਪਾਵਣ ਸ਼ਬਦ "ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥ ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ॥"

ਨਾਨਕ ਸਚੁ ਕਮਾਇ॥੧॥

ਗੁਰਮੁਖਾ ਸੱਚੀ ਕਮਾਈ ਕਰ, ਨੇਕ ਕਰਮ ਕਰ। ਅਥਵਾ ਸੱਚ ਕੀ ਹੈ ? ਪ੍ਰਮਾਤਮਾ। ਜਿਹੜਾ ਪਰਮਾਤਮਾ ਨੂੰ ਚੇਤੇ ਕਰਨਾ, ਵਾਹਿਗੁਰੂ ਨਾਲ ਜੋੜਨਾ ਹੈ, ਇਹ ਸੱਚ ਦੀ ਕਮਾਈ ਕਰਨੀ ਹੈ।

ਮः ੩ ॥ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ॥

ਕਿਸੇ ਵੇਲੇ ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਗੁਰੂ ਦੀ ਸੇਵਾ ਕੀਤੀ ਹੈ, ਉਹਨਾਂ ਦੀ ਸੇਵਾ ਅਜਾਈਂ ਨਹੀਂ ਜਾਏਗੀ, ਉਹਨਾਂ ਦੀ ਸੇਵਾ ਨੂੰ ਫਲ ਲੱਗੇਗਾ। ਗੁਰਮੁਖੋ, ਬਾਬਾ ਬਿਧੀ ਚੰਦ ਕੋਈ ਆਪਣਾ ਰਿਸ਼ਤੇਦਾਰ ਸੀ, ਨਹੀਂ। ਪਰ ਗੁਰੂ ਕੀ ਸੇਵਾ ਕਰਦਿਆਂ ਆਪਣੀ ਜਾਨ ਦੀ ਪ੍ਰਵਾਹ ਨਹੀਂ ਕੀਤੀ। ਬਲਦੇ ਭੱਠ ਵਿਚ ਬੈਠ ਗਿਆ, ਗੁਰੂ ਦੀ ਸੇਵਾ ਕਰਦਿਆਂ ਜਾਨ ਦੀ ਪ੍ਰਵਾਹ ਨਹੀਂ ਕੀਤੀ। ਸੰਮਨ ਬੁਰਜ ਵਿਚੋਂ ਘੋੜੇ ਨੂੰ ਛਾਲ ਮਰਵਾਈ ਰਾਵੀ ਵਿਚ, ਇਕ ਦਮ ਡਿੱਗਾ, ਕੋਈ ਵੀ ਭਾਣਾ ਵਰਤ ਸਕਦਾ ਸੀ, ਪਰ ਆਖਿਆ ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ! ਮੇਰਾ ਜੀਵਨ ਤੇਰੀ ਅਮਾਨਤ ਹੈ। ਮੈਂ ਤੇਰਾ ਹਾਂ। ਗੁਰਦੇਵ ਨੇ ਕਿਹਾ— ਬਿਧੀ ਚੰਦਾ, ਅਗਰ ਤੇਰੇ ਅੰਦਰ ਇਹ ਭਾਵਨਾ ਹੈ ਤਾਂ ਫੇਰ ਤੂੰ ਤਾਂ ਮੇਰਾ ਦਿਲ ਹੋ ਗਿਆ ਹੈਂ ਦਿਲ। ਬਿਧੀ ਚੰਦ ਛੀਨਾ ਗੁਰੂ ਕਾ ਸੀਨਾ, ਜੋ ਵਰ ਮੰਗਿਆ ਸੋਈ ਦੀਨਾ, ਕਮੀ ਕਿਸੇ ਗੱਲ ਕੀ ਨਾ। ਚੰਗਾ ਫੇਰ ਬਿਧੀ ਚੰਦਾ ਜੇ ਇਹ ਗੱਲ ਹੈ ਤਾਂ ਤੂੰ ਜੋ ਮੰਗਿਆ ਤੈਨੂੰ ਸਭ ਕੁਝ ਦਿੱਤਾ। ਤੈਨੂੰ ਕਿਸੇ ਗੱਲ ਦਾ ਘਾਟਾ ਨਹੀਂ ਰਹੇਗਾ। ਜਿਨ੍ਹਾਂ ਗੁਰਮੁਖਾਂ ਨੇ ਸਤਿਗੁਰੂ ਪਾਤਿਸ਼ਾਹ ਦੀ ਸੇਵਾ ਕੀਤੀ ਉਹਨਾਂ ਦਾ ਜਨਮ ਸਫਲਾ ਹੋਇਆ :

ਜਿਨਾ ਸਤਿਗੁਰ ਜੀਵਦਿਆ ਮੁਇਆ ਨ ਵਿਸਰੈ

ਉਹ ਪਰਮ ਨੇਕ ਨੇ, ਲੇਖੇ 'ਚ ਨੇ। ਕਿਨ੍ਹਾਂ ਦੀ ਗੱਲ ਐ ? ਜਿਹੜੇ ਗੁਰਮੁਖ ਪਿਆਰੇ ਜੀਵਨ ਪ੍ਰਯੰਤ ਗੁਰੂ ਨਾਲ ਜੁੜੇ ਰਹੇ। ਅੱਗੇ ਆਇਆ 'ਮੁਇਆ ਨਾ ਵਿਸਰੈ' ਤੇ ਗੱਲ ਤਾਂ ਬੜੀ ਅਜੀਬੋ-ਗ਼ਰੀਬ ਹੈ। ਇਹਦੇ ਅਰਥ ਕਰਨੇ ਬੜੇ ਔਖੇ ਨੇ ਤੇ ਜਿਹੜਾ ਬੰਦਾ ਜਿਊਂਦਾ ਰਹੇ ਉਹ ਤਾਂ ਰੱਬ ਦਾ ਨਾਂ ਲਏਗਾ ਪਰ ਜਿਹੜਾ ਸਰੀਰ ਛੱਡ ਚੁੱਕਾ ਹੈ ਉਹ ਕਿਵੇਂ ਲਏਗਾ ? ਇਹਦਾ ਜਵਾਬ ਗੁਰਮੁਖੋ ਦਿੱਲੀ ਦਾ ਚਾਂਦਨੀ ਚੌਕ ਦੇਂਦਾ ਹੈ।

ਸ਼ਹੀਦ ਬਿਲਾਸ ਗ੍ਰੰਥ ਵਿਚ ਲਿਖਿਆ ਐ ਭਾਈ ਮਤੀ ਦਾਸ 'ਤੇ ਜਦੋਂ ਆਰਾ ਚੱਲਿਆ 'ਪੰਚ ਪਰਵਾਨ ਪੰਚ ਪਰਧਾਨੁ॥' ਦੀ ਪਉੜੀ ਤੇ ਆਇਆ ਪਾਠ ਸਰੀਰ ਦੋ ਫਾੜ ਤੇ ਜਾਪ ਅਜੇ ਵੀ ਚੱਲਦਾ ਹੈ। ਕਿਸੇ ਬੰਦੇ ਦੀ ਸ਼ਾਹ ਰਗ ਵੱਢੀ ਜਾਏ, ਆਪਾਂ ਕਹਿੰਦੇ ਹਾਂ ਕਿ ਖ਼ਤਮ ਹੋ ਗਿਆ, ਬੱਸ ਮਰ ਗਿਆ, ਉਹਦੀ ਸ਼ਾਹ ਰਗ ਕੱਟੀ ਗਈ ਤੇ ਜਿਹੜੇ ਬਾਬੇ ਨਾਲ ਆਪਣਾ

ਪ੍ਰੇਮ ਐ ਬਾਬਾ ਦੀਪ ਸਿੰਘ ਨਾਲ, ਸ਼ਾਹ ਰਗ ਕੱਟੀ ਗਈ ਸੀਸ ਕੱਟਣ ਨਾਲ, ਪਰ ਖੱਬੀ ਤਲੀ 'ਤੇ ਰੱਖਿਆ ਸੀਸ, ਸੱਜੇ ਹੱਥ ਵਿਚ ਖੰਡਾ, ਜਪੁਜੀ ਸਾਹਿਬ ਦਾ ਪਾਠ ਕਰਦਾ ਤੁਰਿਆ ਆਉਂਦਾ ਬਜ਼ੁਰਗ ਬਾਬਾ, ੭੫ ਸਾਲ ਦੀ ਉਮਰ। ਪ੍ਰਕਰਮਾਂ ਵਿਚ ਪੈਰ ਰੱਖ ਕਹਿਣ ਲੱਗੇ ਗੁਰੂ ਰਾਮਦਾਸ ਪਾਤਿਸ਼ਾਹ ! ਮੈਨੂੰ ਗੁਰਬਾਣੀ ਦੀ ਕਦਰ ਹੈ। ਤੂੰ ਮੇਰੇ 'ਤੇ ਮੇਹਰ ਕੀਤੀ ਹੈ। ਮੈਂ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੇ ਪਾਵਣ ਸਰੂਪ ਚਾਰ ਗੁਰਮੁਖੀ ਵਿਚ ਲਿਖੇ ਹਨ, ਕੱਚੇ ਬੇਰ ਖਾ ਖਾ ਕੇ। ਇਕ ਅਰਬੀ 'ਚ ਲਿਖਿਆ ਹੈ ਤੇ ਤੂੰ ਅੱਜ ਮੇਰੇ 'ਤੇ ਕ੍ਰਿਪਾ ਕੀਤੀ ਐ ਮੈਨੂੰ ਸੇਵਾ ਦਾ ਮੌਕਾ ਬਖ਼ਸ਼ਿਆ ਕਿ ਮੇਰਾ ਸਰੀਰ ਸਫਲਾ ਹੋ ਜਾਏ। ਮੈਂ ਤਰਨਤਾਰਨ ਪੈਦਲ ਤੁਰਿਆ ਤੇ ਚੱਬੇ ਦੇ ਲਾਗੇ ਤੇਰੀ ਕ੍ਰਿਪਾ ਹੋਈ। ਤੂੰ ਮੇਰਾ ਸੀਸ ਕ੍ਰਿਪਾ ਕਰਕੇ ਤੇ ਪ੍ਰਵਾਨ ਕਰ ਲਿਆ। ਸੀਸ ਕੱਟਿਆ ਗਿਆ। ਤੂੰ ਐਂ ਰਾਜਾ ਮੈਂ ਹਾਂ ਤੇਰੀ ਰਈਅਤ ਤੇ ਰਈਅਤ ਉਹ ਹੁੰਦੀ ਏ ਜਿਹੜੀ ਰਾਜੇ ਦੇ ਅੱਗੇ ਆ ਕੇ ਭੇਟ ਰੱਖੇ ਤੇ ਗੁਰੂ ਰਾਮਦਾਸ ਸੱਚੇ ਪਾਤਸ਼ਾਹ ਤੇਰੇ ਵਰਗਾ ਰਾਜਾ ਕੋਈ ਨਹੀਂ। ਮੈਂ ਤੇਰੀ ਰਈਅਤ ਵਿਚੋਂ ਤੇਰਾ ਨਾਮ ਧਰੀਕ ਸਿੱਖ ਹਾਂ। ਮੇਰੇ ਸਰੀਰ ਨੂੰ ਮੁੜ੍ਹਕਾ ਆਇਆ ਏ, ਮੈਂ ਤੇਰੇ ਪਾਵਣ ਦਰਬਾਰ ਦਾ ਅਦਬ ਕਰਦਾ ਹਾਂ ਤੇ ਪ੍ਰਕਰਮਾ ਵਿਚ ਮੇਰੀ ਇਹ ਸੇਵਾ ਪ੍ਰਵਾਨ ਕਰ। ਬਾਬੇ ਨੇ ਪਾਵਣ ਸੀਸ ਰੱਖਿਆ ਪ੍ਰਕਰਮਾ ਵਿਚ ਧੜ ਨੂੰ ਟਿਕਾਇਆ ਤੇ ਅੰਦਰੋਂ ਆਖਿਆ:-

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥
(ਪੰਨਾ ੧੩੭੫)

ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਇਹ ਅਹਿਸਾਨ ਨਹੀਂ, ਸ਼ੁਕਰ ਹੈ ਤੇਰਾ। ਤੇਰੀ ਦਿੱਤੀ ਹੋਈ ਅਮਾਨਤ ਪ੍ਰਵਾਨ ਹੋ ਗਈ।

ਸੋਈ ਪੁਰਖ ਸੁਜਾਣ॥

ਉਹਨਾਂ ਨੂੰ ਚਤੁਰ ਪੁਰਖ ਸਮਝਣਾ ਹੈ।

ਕੁਲ ਉਧਾਰੇ ਆਪਣਾ

ਜੋ ਵੀ ਉਹਨਾਂ ਗੁਰਮੁਖ ਪਿਆਰਿਆਂ ਦੇ ਸੰਪਰਕ ਵਿਚ ਆਏ ਉਹ ਸਾਰੇ ਦੇ ਸਾਰੇ ਤਰ ਗਏ, ਉਹਨਾਂ ਦਾ ਖ਼ਾਨਦਾਨ ਉਧਰ ਗਿਆ।

ਸੋ ਜਨੁ ਹੋਵੈ ਪਰਵਾਣੁ॥

ਉਹ ਗੁਰਮੁਖ ਪਿਆਰੇ ਕਈ ਦਾਸਾਂ ਭਾਵ ਧਾਰ ਕੇ ਪ੍ਰਵਾਨ ਹੁੰਦੇ ਨੇ। ਜਨੁ ਦਾ ਅਰਥ ਹੁੰਦਾ ਹੈ ਦਾਸਾਂ ਭਾਵ।

ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ

ਜਿਹੜੇ ਗੁਰਮੁਖ ਹਨ ਅਤੇ ਉਹ ਜਿੰਨਾ ਚਿਰ ਜੀਉਂਦੇ ਨੇ ਉਹਨਾਂ ਦਾ ਉਦੋਂ ਵੀ

ਸਤਿਕਾਰ ਭਾਈ ਭਗਤੂ ਜੀ ਵਰਗਿਆਂ ਦਾ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਵਰਗਿਆਂ ਦਾ ਹੁੰਦਾ ਹੈ ਜਦੋਂ ਉਹ ਸਰੀਰ ਛੱਡ ਗਏ। ਮੁੜ ਕੇ ਅਸੀਂ ਉਹਨਾਂ ਦੀਆਂ ਕਥਾ ਕਹਾਣੀਆਂ ਕਰਕੇ ਆਪਣੇ ਜੀਵਨ ਨੂੰ ਸੇਧ ਦਿੰਦੇ ਹਾਂ।

ਮਨਮੁਖਿ ਜਨਮਿ ਮਰਾਹਿ ॥

ਪਰ ਜਿਹੜੇ ਮਨ ਦੇ ਮਗਰ ਲੱਗੇ ਨੇ, ਜੀਉਂਦੇ ਵੀ ਮਰੇ ਨੇ, ਉਹਨਾਂ ਨੂੰ ਜਿਉਂਦਿਆਂ ਵੀ ਫਿਟਕਾਰਾਂ ਪੈਂਦੀਆਂ ਹਨ।

ਨਾਨਕ ਮੁਏ ਨ ਆਖੀਅਹਿ

ਉਹਨਾਂ ਨੂੰ ਭਾਈ ਮਰੇ ਨਾ ਕਹੋ। ਆਪਾਂ ਕਹਿੰਦੇ ਹਾਂ, ਫਲਾਣਾ ਬੰਦਾ ਮਰ ਗਿਆ ਹੈ। ਹਜ਼ੂਰ ਕਹਿੰਦੇ ਹਨ ਉਹਨਾਂ ਨੂੰ ਮਰੇ ਨਾ ਕਹੋ, ਕਿਨ੍ਹਾਂ ਨੂੰ :

ਜਿ ਗੁਰ ਕੈ ਸਬਦਿ ਸਮਾਹਿ ॥੨॥

ਜੋ ਗੁਰਮੁਖ ਪਿਆਰੇ ਗੁਰੂ ਦੇ ਉਪਦੇਸ਼ ਦੇ ਵਿਚ ਅਭੇਦ ਨੇ। ਜੋ ਗੁਰੂ ਦੇ ਸ਼ਬਦ ਦੀ ਕਮਾਈ ਕਰਦੇ ਹਨ।

ਪਉੜੀ ॥ ਹਰਿ ਪੁਰਖੁ ਨਿਰੰਜਨੁ ਸੇਵਿ

ਪਿਆਰਿਓ, ਪਰਮਾਤਮਾ ਜਿਹੜਾ ਸਾਰਿਆਂ ਦੀ ਰੱਖਿਆ ਕਰਨ ਵਾਲਾ ਹੈ, ਜਿਹੜਾ ਦੁੱਖਾਂ ਦਾ ਨਾਸ਼ਕ ਹੈ, ਜਿਹੜਾ ਅਵਿੱਦਿਆ ਦੀ ਕਾਲਖ ਤੋਂ ਰਹਿਤ ਹੈ, ਉਹਦੀ ਸੇਵਾ ਕਰ।

ਹਰਿ ਨਾਮੁ ਧਿਆਈਐ ॥

ਇਕ ਨਾਮ ਨਾਲ ਜੁੜਨ ਕਰਕੇ ਮਨ ਤੋਂ ਕੇਂਦਰਤ ਹੋਣ ਕਰਕੇ, ਹਰੀ ਦਾ ਨਾਮ ਸਿਮਰ

ਸਤਸੰਗਤਿ ਸਾਧੂ ਲਗਿ

ਉਹ ਮਹਾਤਮਾ ਜਨ ਜਿਹੜੇ ਆਪ ਸਭ ਨਾਲ ਜੁੜੇ ਹੋਏ ਨੇ, ਪਰਮਾਤਮਾ ਨਾਲ ਜੁੜੇ ਨੇ, ਉਹਨਾਂ ਨਾਲ ਜੁੜਨ ਦਾ ਯਤਨ ਕਰ।

ਹਰਿ ਨਾਮਿ ਸਮਾਈਐ ॥

ਉਹਨਾਂ ਨਾਲ ਜੁੜਨ ਦਾ ਯਤਨ ਕਰੀਏ ਤੇ ਮਿਲ ਜੁੜ ਕੇ ਸਾਰੇ ਜਣੇ, ਕੁਝ ਕਹੇ, ਕੁਝ ਸੁਣੇ, ਸਾਰੇ ਪਰਮੇਸ਼ਰ ਦੇ ਨਾਮ ਵਿਚ ਲੀਨ ਹੋਣ ਦਾ ਯਤਨ ਕਰੀਏ।

ਹਰਿ ਤੇਰੀ ਵਡੀ ਕਾਰ

ਅਸੀਂ ਮੰਗ ਕਰਨੀ ਹੈ ਪਾਤਿਸ਼ਾਹ ਕੰਮ ਬਹੁਤ ਵੱਡਾ ਹੈ। ਹਾਂ, ਮੈਂ ਨਿਕੰਮਾ ਹਾਂ, ਮੈਂ ਨਿਮਾਣਾ ਹਾਂ।

ਮੈ ਮੂਰਖ ਲਾਈਐ ॥

ਮੈਨੂੰ ਬਹੁਤੀ ਅਕਲ ਨਹੀਂ। ਮੈਂ ਖਾਣ ਦਾ ਚਸਕੇ ਵਾਲਾ ਬੰਦਾ ਹਾਂ। ਮੈਨੂੰ ਸੱਚ ਬੋਲਣ ਦੀ ਆਦਤ ਨਹੀਂ। ਮੈਂ ਮੂੰਹ ਰੱਖਣੀ ਗੱਲ ਕਰ ਜਾਂਦਾ 'ਹਾਂ। ਇਸ ਕਰਕੇ ਮੈਂ ਹਾਂ ਮੂਰਖ, ਪਰ ਮੇਰੇ 'ਤੇ ਰਹਿਮਤ ਕਰ, ਮੈਨੂੰ ਇਸ ਨੇਕ ਵੱਡੇ ਕਰਮ ਵਿਚ ਲਗਾ, ਜਿਹੜਾ ਤੇਰਾ ਨਾਮ ਜਪਣਾ ਹੈ।

ਹਉ ਗੋਲਾ ਲਾਲਾ ਤੁਧੁ

ਮੇਰੇ ਮਾਲਕਾ, ਮੈਂ ਤੇਰਾ ਮੁੱਲ ਖ਼ਰੀਦ ਗ਼ੁਲਾਮ ਹਾਂ। ਮੇਰੀ ਆਪਣੀ ਮਰਜ਼ੀ ਨਹੀਂ ਚੱਲਣੀ ਤੇ ਜੇ ਮਰਜ਼ੀ ਨਹੀਂ ਚੱਲਣੀ ਤੇ ਫਿਰ ਕੀ ਹੋਵੇਗਾ ?

ਮੈ ਹੁਕਮੁ ਫੁਰਮਾਈਐ ॥

ਮੈਂ ਤੇਰੇ ਹੁਕਮ ਦੀ ਪਾਲਣਾ ਕਰਨੀ ਹੈ, ਕਿਉਂਕਿ ਮੈਂ ਤੇਰਾ ਮੁੱਲ ਖ਼ਰੀਦਾ ਗ਼ੁਲਾਮ ਹਾਂ। ਮੇਰੇ 'ਤੇ ਹੁਕਮ ਕਰ।

ਹਉ ਗੁਰਮੁਖਿ ਕਾਰ ਕਮਾਵਾ

ਇਹ ਮੇਰੇ 'ਤੇ ਹੁਕਮ ਕਰ ਕਿ ਮੈਂ ਤੇਰੇ ਸਨਮੁਖ ਰਹਿ ਕੇ ਜੋ ਤੁਹਾਡੀ ਆਗਿਆ ਹੈ ਉਹਦੇ ਮੁਤਾਬਿਕ ਤੁਹਾਡਾ ਹਰ ਕਰਮ ਕਰਾਂ ਜੀ।

ਜਿ ਗੁਰਿ ਸਮਝਾਈਐ ॥੨॥

ਅਖ਼ੀਰ ਵਿਚ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ, ਭਾਈ ਤੇਰੀ ਅਕਲ ਇੰਨੀ ਸ੍ਰੇਸ਼ਟ ਨਹੀਂ, ਤੂੰ ਆਪਣੇ ਆਪ ਇੰਨੇ ਜੋਗਾ ਨਹੀ, ਤੂੰ ਗੁਰੂ ਅੱਗੇ ਹਾੜਾ ਕੱਢ। ਗੁਰੂ ਅੱਗੇ ਤਰਲਾ ਕਰ। ਜਦੋਂ ਗੁਰੂ ਸਮਝਾਏਗਾ ਤਾਂ ਤੇਰੀ ਗੱਲ ਬਣ ਜਾਏਗੀ। ਇਹ ਢੰਗ ਤਰੀਕਾ ਤੈਨੂੰ ਗੁਰੂ ਰਾਹੀਂ ਮਿਲੇਗਾ। ਸਤਿਗੁਰ ਪਾਤਿਸ਼ਾਹ ਗੁਰਮੁਖੋ ਸਾਡੇ ਸਾਰਿਆਂ 'ਤੇ ਦਇਆ ਕਰਨ। ਅਸੀਂ ਨਾਮ ਨਾਲ ਜੁੜੀਏ। ਗੁਰੂ ਕੀ ਮਰਿਆਦਾ ਵਿਚ ਰਹੀਏ।

ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ ॥
ਹਉ ਗੁਰਮੁਖਿ ਕਾਰ ਕਮਾਵਾ ਜਿ ਗੁਰਿ ਸਮਝਾਈਐ ॥

(ਪੰਨਾ ੬੪੩)

☆☆☆

# ਮਨ ਨੂੰ ਕਾਬੂ ਕਰਨਾ

## ਰਾਗੁ ਸੋਰਠਿ ਵਾਰ ਮਹਲੇ ੪ ਕੀ

### ੴ ਸਤਿਗੁਰ ਪ੍ਰਸਾਦਿ ॥

ਸਲੋਕੁ ਮਃ ੩ ॥ ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥
ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥ ੧ ॥
ਮਃ ੩ ॥ ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥
ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥ ੨ ॥
ਪਉੜੀ ॥ ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥
ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥
ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥
ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥
ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ ॥ ੧੪ ॥

(ਪੰਨਾ ੬੪੭-੬੪੮)

ਗੁਰੂ ਕੀ ਸਾਜੀ ਨਿਵਾਜੀ ਗੁਰੂ ਰੂਪ ਗੁਰੂ ਖਾਲਸਾ ਸਾਧਸੰਗਤਿ ਜੀ! ਆਪਾਂ ਜੋ ਇਹ ਪਾਵਨ ਪਵਿੱਤਰ ਸਤਿਗੁਰੂ ਪਾਤਿਸ਼ਾਹ ਮਹਾਰਾਜ ਦਾ ਹੁਕਮਨਾਮਾ ਸਰਵਣ ਕੀਤਾ ਹੈ, ਇਹ ਸੋਰਠਿ ਦੀ ਵਾਰ ਵਿਚ ਅੰਕਿਤ ਹੈ ਅਤੇ ਇਸ ਵਾਰ ਵਿਚ ਪਉੜੀਆਂ ਸੋਢੀ ਸੁਲਤਾਨ ਗੁਰੂ ਰਾਮਦਾਸ ਪਾਤਿਸ਼ਾਹ ਮਹਾਰਾਜ ਦੀਆਂ ਉਚਾਰਣ ਕੀਤੀਆਂ ਹਨ ਅਤੇ ਜਿਹੜੇ ਸਲੋਕ ਹਨ, ਉਹ ਤੀਸਰੇ ਪਾਤਿਸ਼ਾਹ ਸਤਿਗੁਰ ਅਮਰਦਾਸ ਜੀ ਨਾਲ ਸੰਬੰਧਿਤ ਹਨ। ਇਕ ਜਗਿਆਸੂ ਨੇ ਸਤਿਗੁਰੂ ਅਮਰਦਾਸ ਪਾਤਿਸ਼ਾਹ ਨੂੰ ਬੇਨਤੀ ਕੀਤੀ ਕਿ ਮਹਾਰਾਜ, ਕਿਸੇ ਢੰਗ ਨਾਲ ਮਨ ਸਥਿਰ ਨਹੀਂ ਹੁੰਦਾ, ਆਪ ਕ੍ਰਿਪਾ ਕਰਕੇ ਕੋਈ ਢੰਗ ਤਰੀਕਾ ਦੱਸੋ ਜਿਸ ਢੰਗ ਦੇ ਨਾਲ ਇਹ ਅਵਾਰਾ ਮਨ ਕਾਬੂ ਵਿਚ ਆ ਜਾਏ, ਪਰ ਗੁਰੂ ਮਹਾਰਾਜ ਨੇ ਪਹਿਲੇ ਸਲੋਕ ਵਿਚ ਮਨ ਨੂੰ ਕਾਬੂ ਕਰਨ ਵਾਸਤੇ ਉਦਾਹਰਣਾਂ ਦਿੱਤੀਆਂ ਹਨ, ਭਾਵੇਂ ਕੋਈ ਅਮੀਰ ਹੈ, ਭਾਵੇਂ ਕੋਈ

ਗ਼ਰੀਬ ਹੈ, ਭਾਵੇਂ ਕੋਈ ਚੰਗਾ ਭਾਵੇਂ ਕੋਈ ਮਾੜਾ ਹੈ, ਅਸੀਂ ਆਪਣੇ ਆਪ ਨੂੰ ਕੁਝ ਨਾ ਕੁਝ ਸਮਝਦੇ ਹਾਂ, ਸਾਨੂੰ ਕੋਈ ਬਹੁਤ ਵੱਡਾ ਭੁਲੇਖਾ ਹੈ।

ਸੋ ਧੰਨ ਗੁਰੂ ਅਮਰਦਾਸ ਪਾਤਿਸ਼ਾਹ ਜੀ ਨੇ ਇਹ ਵੀ ਨਿਰਣਾ ਕੀਤਾ ਕਿ ਲੇਖੇ ਵਿਚ ਕੌਣ ਹੈ ? ਵੈਸੇ ਤਾਂ ਆਪਾਂ ਨੂੰ ਮਨੁੱਖੀ ਜਾਮਾ ਮਿਲਿਆ ਹੈ, ਅਸੀਂ ਆਪਣੇ ਆਪ ਨੂੰ ਬੰਦੇ ਅਖਵਾਉਂਦੇ ਹਾਂ, ਪਰ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਅਸਲੀ ਇਨਸਾਨ ਕੌਣ ਹੈ ? ਉਹਦਾ ਨਿਰਣਾ ਵੀ ਗੁਰਦੇਵ ਨੇ ਇੱਥੇ ਪਉੜੀ ਦੇ ਵਿਚ ਦਿੱਤਾ ਹੈ। ਪਉੜੀ ਦੇ ਵਿਚ ਸੋਢੀ ਸੁਲਤਾਨ ਗੁਰੂ ਰਾਮਦਾਸ ਮਹਾਰਾਜ ਜੀ ਨੇ ਗੁਰੂ ਦੀ ਨਿਗ੍ਹਾ ਬਾਰੇ ਚਾਨਣਾ ਪਾਇਆ ਹੈ। ਇਹ 'ਨਿਗ੍ਹਾ ਲਫ਼ਜ਼ ਮੈਂ ਤਾਂ ਕਿਹਾ ਹੈ ਪਰ ਅਸੀਂ ਸੰਸਾਰੀ ਲੋਕ ਆਪਣੀ ਔਲਾਦ ਵਲ ਵਿਸ਼ੇਸ਼ ਨਿਗ੍ਹਾ ਕਰਦੇ ਹਾਂ। ਜਿਥੇ ਭਤੀਜੇ ਤੇ ਪੁੱਤਰ ਦੇ ਹੱਕਾਂ ਦੀ ਗੱਲ ਆ ਜਾਵੇ, ਭਾਵੇਂ ਸਾਡੀ ਔਲਾਦ ਸਾਡਾ ਬੇਟਾ ਕਿੰਨਾ ਵੀ ਘਟੀਆ ਤੇ ਨਿਕੰਮਾ ਕਿਉਂ ਨਾ ਹੋਵੇ, ਅਸੀਂ ਭਤੀਜੇ ਨੂੰ ਪਿੱਛੇ ਕਰਕੇ ਆਪਣੇ ਪੁੱਤਰ ਨੂੰ ਪਹਿਲ ਦੇਂਦੇ ਹਾਂ। ਚਾਚੇ ਤਾਏ ਦੇ ਪੁੱਤਰਾਂ ਨਾਲ ਤਕਰਾਰ ਬਣ ਜਾਏ, ਮਾਮੇ ਦੇ ਪੁੱਤਰਾਂ ਨਾਲ ਮਤਭੇਦ ਹੋ ਜਾਏ, ਉਸ ਮੌਕੇ ਤੇ ਅਸੀਂ ਆਪਣੇ ਸਕੇ ਭਰਾ ਨੂੰ ਪਹਿਲ ਦੇਂਦੇ ਹਾਂ। ਜਦੋਂ ਸਾਡੇ ਭਰਾ ਤੇ ਪੁੱਤਰ ਦੇ ਦਰਮਿਆਨ ਠਣ ਜਾਏ, ਉਦੋਂ ਅਸੀਂ ਆਪਣੀ ਅੰਮੀ ਜਾਂ ਭਰਾ ਨੂੰ ਵੀ ਛੱਡ ਕੇ ਪੁੱਤਰ ਨੂੰ ਪਹਿਲ ਦੇਂਦੇ ਹਾਂ। ਸੋ ਗੁਰੂ ਰਾਮਦਾਸ ਪਾਤਿਸ਼ਾਹ ਜੀ ਨੇ ਇਸ ਪਉੜੀ ਵਿਚ ਇਹ ਵੀ ਨਿਰਣਾ ਕੀਤਾ ਹੈ ਕਿ ਗੁਰੂ ਦੀ ਨਿਗ੍ਹਾ ਵਿਚ ਪੁੱਤਰ, ਭਰਾ ਤੇ ਸਿੱਖ ਬਰਾਬਰ ਹਨ। ਜਿਵੇਂ-ਜਿਵੇਂ ਇਹ ਹਜ਼ੂਰ ਨਿਰਣਾ ਕਰਨਗੇ, ਕਿਉਂਕਿ ਆਪਾਂ ਅੱਜ ਦੇ ਦਿਨ ਦੇ ਵਿਚ ਵੀ ਜੋ ਇਥੋਂ ਦਾ ਪਾਵਣ ਇਤਿਹਾਸ ਹੈ ਇਹਦੀ ਵਿਚਾਰ ਵੀ ਕਰਨੀ ਹੈ, ਜਿਹੜੇ ਅੱਖਰੀ ਅਰਥ ਹਨ, ਆਪ ਕ੍ਰਿਪਾ ਕਰਕੇ ਸਰਵਣ ਕਰੋ ਜੀ।

ਸਲੋਕ ਮ: ੩ ॥

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥

ਗੁਰਮੁਖ ਪਿਆਰੇ ਜਿਹੜੇ ਹਾਥੀ ਫੜਨ ਵਾਲੇ ਲੋਕ ਹਨ ਉਹ ਜੰਗਲ ਦੇ ਵਿਚ ਬਹੁਤ ਖੁੱਲ੍ਹੇ ਆਕਾਰ ਦਾ ਪਹਿਲਾਂ ਟੋਇਆ ਪੁੱਟਦੇ ਹਨ ਅਤੇ ਉਸ ਟੋਏ ਦੇ ਉਪਰ ਬਹੁਤ ਅਨਮੋਲੀ ਸੋਟੀਆਂ ਵਗੈਰਾ ਰੱਖ ਕੇ ਉਪਰੋਂ ਉਹਨੂੰ ਢੱਕ ਦੇਂਦੇ ਹਨ, ਫੇਰ ਉਸ ਕੱਖ ਕਾਨੇ ਦੇ ਉਪਰ ਕਾਗ਼ਜ਼ ਦੀ ਨਕਲੀ ਹੱਥਨੀ ਬਣਾਉਂਦੇ ਹਨ। ੮੪ ਲੱਖ ਜੂਨਾਂ ਦੇ ਵਿਚੋਂ ਸਭ ਤੋਂ ਵਿਕਾਰੀ ਜਾਂ sexy ਜੂਨ ਹਾਥੀ ਨੂੰ ਮੰਨਿਆ ਹੈ।

ਇਕ ਥਾਂ 'ਤੇ ਗੁਰੂ ਪਾਤਿਸ਼ਾਹ ਦਾ ਸਲੋਕ ਆਉਂਦਾ ਹੈ ਕਿ ਅਸੀਂ ਆਪਣੇ ਆਪ ਨੂੰ ਬਹੁਤ ਮਹਾਨ ਸਮਝਦੇ ਹਾਂ, ਮੈਂ ਬਹੁਤ ਸਿਆਣਾ ਅਕਲਮੰਦ ਹਾਂ, ਮੇਰਾ ਮਨ 'ਤੇ ਕਾਬੂ ਹੈ, ਮੈਂ ਬੜਾ ਚੜ੍ਹਦੀ ਕਲਾ ਵਿਚ ਹਾਂ। ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ ਕਿ ਦਾਅਵਾ ਨਾ ਕਰਿਆ ਕਰ। ਜੀਵਾਂ ਦੇ ਵਿਚ ਵੱਖ-ਵੱਖ ਚੀਜ਼ਾਂ ਹਨ। ੮੪ ਲੱਖ ਜੂਨ ਦੇ ਵਿਚ ਉਹਨਾਂ

ਜਾਨਵਰਾਂ ਵਿਚ ਇਕ ਐਬ ਹੈ, ਇਕ ਐਬ ਅਤੇ ਇਕ ਐਬ ਕਰਕੇ ਆਪਣੇ ਨਿਸ਼ਾਨੇ ਤੋਂ ਖੁੰਝ ਗਏ, ਪ੍ਰੇਸ਼ਾਨ ਹੋਏ, ਦੁਖੀ ਹੋਏ ਤੇ ਬੰਦਿਆ! ਉਹਨਾਂ ਵਿਚ ਇਕ ਐਬ ਹੀ- ਉਹਨਾਂ ਦੇ ਪੱਤਣ ਦਾ ਕਾਰਨ ਬਣਿਆ। ਤੇਰੇ ਇਕੱਲੇ ਵਿਚ ਪੰਜ ਐਬ ਹਨ। ਸਲੋਕ ਆਉਂਦਾ ਹੈ- ਮ੍ਰਿਗ ਮੀਨ ਤਰੰਗ ਪਤੰਗ ਕੁੰਚਰ ਏਕ ਦੋਖ ਬਿਨਾਸ। ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥

ਗੁਰਦੇਵ ਫ਼ੁਰਮਾਉਂਦੇ ਹਨ, ਮਿੱਤਰਾ ਉਹ ਇਕ ਔਗੁਣ ਕਰਕੇ ਮਾਰੇ ਜਾਂਦੇ ਹਨ ਤੇ ਤੇਰੇ ਇਕੱਲੇ ਵਿਚ ਪੰਜ ਔਗੁਣ ਹਨ, ਤੂੰ ਕਿਵੇਂ ਪਾਰ ਹੋਵੇਂਗਾ ? ਬੜਾ ਔਖਾ ਹੈ ਤੇ ਗੁਰਮੁਖ ਪਿਆਰੇ ਜਿਹੜਾ ਹਾਥੀ ਹੁੰਦਾ ਹੈ, ਉਹ ਉਸ ਕਾਗਜ਼ ਦੀ ਨਕਲੀ ਹੱਥਨੀ ਨੂੰ ਅਸਲੀ ਸਮਝਦਾ ਹੈ ਅਤੇ ਉਹ ਕਾਮ ਪੀੜਾ ਦਾ ਸਤਾਇਆ ਹੋਇਆ ਜਦੋਂ ਉਸ ਕਾਗਜ਼ ਦੀ ਹੱਥਨੀ ਦੇ ਕੋਲ ਆਉਂਦਾ ਹੈ ਤਾਂ ਉਸ ਟੋਏ ਦੇ ਉਪਰ ਜਿਹੜੀਆਂ ਉਹਨਾਂ ਮਾਮੂਲੀ ਜਿਹੀਆਂ ਸੋਟੀਆਂ ਰੱਖੀਆਂ ਹੁੰਦੀਆਂ ਹਨ, ਉਹਦੇ ਉਪਰ ਪੈਰ ਰੱਖਦਿਆਂ ਹੀ ਉਹ ਥੱਲੇ ਟੋਏ ਵਿਚ ਡਿੱਗ ਪੈਂਦਾ ਹੈ। ਤਿੰਨ ਚਾਰ ਦਿਨ ਉਹ ਹਾਥੀਆਂ ਨੂੰ ਪਕੜਣ ਵਾਲੇ ਲੋਕ ਉਸ ਹਾਥੀ ਨੂੰ ਨਾ ਤਾਂ ਪਾਣੀ ਪੀਣ ਨੂੰ ਦੇਂਦੇ, ਨਾ ਕੋਈ ਖਾਣ ਵਾਸਤੇ ਵਸਤੂ ਦੇਂਦੇ, ਇਸ ਕਾਰਨ ਕਰਕੇ ਹਾਥੀ ਕਮਜ਼ੋਰ ਹੋ ਜਾਂਦਾ ਹੈ। ਉਪਰੰਤ ਉਹ ਸੰਗਲ ਪਾ ਕੇ ਹਾਥੀ ਨੂੰ ਬਾਹਰ ਕੱਢ ਲੈਂਦੇ ਹਨ। ਜਿਹੜੇ ਹਾਥੀਆਂ ਦੀ ਪਿੱਠ 'ਤੇ ਹੁੰਦੇ ਹਨ, ਉਹਨਾਂ ਨੂੰ ਮਹਾਵਤ ਆਖਿਆ ਜਾਂਦਾ ਹੈ, ਜਿਹੜੇ ਘੋੜਿਆਂ ਦੇ ਅਸਤਬਲ ਵਿਚ ਹੁੰਦੇ ਹਨ, ਉਹਨਾਂ ਨੂੰ ਸਾਈਸ ਆਖਿਆ ਜਾਂਦਾ ਹੈ ਅਤੇ ਉਹ ਮਹਾਵਤ ਜਿਸ ਤਰ੍ਹਾਂ ਆਪਣੇ ਪੱਲੇਦਾਰ ਭਰਾ ਬੋਰੀਆਂ ਚੁੱਕਣ ਲਈ ਕੁੰਡਾ ਰੱਖਦੇ ਹਨ, ਇਸੇ ਪ੍ਰਕਾਰ ਇਕ ਲੋਹੇ ਦਾ ਮਜ਼ਬੂਤ ਕੁੰਡਾ ਆਪਣੇ ਹੱਥ ਵਿਚ ਰੱਖਦੇ ਹਨ। ਜਦੋਂ ਉਹ ਸੱਜੇ ਖੱਬੇ ਗ਼ਲਤੀ ਕਰੇ ਜਾਂ ਮਛਰੇ ਤਾਂ ਉਹ ਮਹਾਵਤ ਉਸ ਕੁੰਡੇ ਨਾਲ ਹਾਥੀ ਨੂੰ Direction ਦੇ ਕੇ ਸਿੱਧੇ ਰਾਹੇ ਤੋਰਦਾ ਹੈ।

ਸੋ ਧੰਨ ਗੁਰੂ ਅਮਰਦਾਸ ਪਾਤਿਸ਼ਾਹ ਫ਼ੁਰਮਾਉਂਦੇ ਹਨ ਕਿ ਮਿੱਤਰਾ ਜਿਹੜਾ ਤੇਰਾ ਮਨ ਵਿਗੜਿਆ ਹਾਥੀ ਵਰਗਾ ਹੈ, ਜਿਵੇਂ ਉਸ ਵਿਗੜੇ ਹਾਥੀ ਨੂੰ ਕਾਬੂ ਕਰਨ ਵਾਸਤੇ ਕੁੰਡਾ ਰੱਖਦੇ ਹਨ, ਇਸ ਪ੍ਰਕਾਰ ਗੁਰੂ ਰੂਪੀ ਮਹਾਵਤ ਦੇ ਰਾਹੀਂ ਜਿਹੜਾ ਸ਼ਬਦ ਰੂਪੀ ਕੁੰਡਾ ਹੈ, ਉਹ ਸ਼ਬਦ ਦੇ ਕੁੰਡੇ ਨਾਲ ਆਪਣੇ ਮਨ ਰੂਪੀ ਹਾਥੀ ਨੂੰ ਸਿੱਧਿਆਂ ਕਰ।

ਮਨੁ ਤਨੁ ਆਗੈ ਰਾਖਿ ਕੈ

ਜਿਵੇਂ ਲੋਹੇ ਦੇ ਉਪਰ ਸੱਟਾਂ ਮਾਰਦੇ ਹਨ ਤੇ ਵਿਚਾਰੀ ਆਪ ਸੱਜੇ ਖੱਬੇ ਨਹੀਂ ਹੁੰਦੀ, ਇਸ ਪ੍ਰਕਾਰ ਆਪਣਾ ਮਨ ਤੇ ਆਪਣਾ ਤਨ ਗੁਰੂ ਨੂੰ ਸਮਰਪਣ ਕਰ। ਆਪਾਂ ਗੁਰਮੁਖੋ ਤਨ ਦੇ ਉਪਰ ਕਛਹਿਰਾ ਪਾਉਂਦੇ ਹਾਂ, ਤਨ ਦੇ ਉਪਰ ਕਿਰਪਾਨ ਪਾਉਂਦੇ ਹਾਂ, ਤਾਂਕਿ ਤਨ ਗ਼ਲਤੀ ਨਾ ਕਰੇ ਤੇ ਮਨ ਨੂੰ ਕਾਬੂ ਕਰਨ ਵਾਸਤੇ ਗੁਰਬਾਣੀ ਪੜ੍ਹਦੇ ਹਾਂ। ਆਪਾਂ ਨੂੰ ਹੁਕਮ ਹੈ ਕਿ ਗੁਰੂ

ਦਾ ਸਿੱਖ ਬਾਣੀ ਤੇ ਬਾਣੇ ਵਿਚ ਪ੍ਰਪੱਕ ਰਹੇ। ਜਿਹੜੀ ਬਾਣੀ ਹੈ ਉਹ ਮਨ ਨੂੰ ਕੰਟਰੋਲ ਕਰਦੀ ਹੈ ਤੇ ਬਾਣਾ ਤਨ ਨੂੰ ਕੰਟਰੋਲ ਕਰਦਾ ਹੈ। ਇਸ ਪ੍ਰਕਾਰ ਗੁਰਮੁਖਾ ਆਪਣਾ ਮਨ ਤੇ ਆਪਣਾ ਤਨ ਗੁਰੂ ਨੂੰ ਸਮਰਪਣ ਕਰ।

ਊਭੀ ਸੇਵ ਕਰੇਇ॥

ਊਭੀ ਦਾ ਅਰਥ ਹੁੰਦਾ ਹੈ ਅੰਗਰੇਜ਼ੀ ਵਿਚ-ਬੀਅਟੈਂਟ। ਸਾਵਧਾਨ ਹੋ ਕੇ ਜਦੋਂ ਤੂੰ ਸੇਵਾ ਕਰਦਾ ਏਂ, ਬਿਲਕੁਲ ਸਾਵਧਾਨ ਰਹੋ। ਅਸੀਂ ਬਰਤਨ ਧੋਂਦੇ ਹਾਂ ਤਾਂ ਸਾਡੇ ਮਨ ਵਿਚ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਬਰਤਨ ਧੋਂਦਿਆਂ-ਧੋਂਦਿਆਂ ਸਾਡੇ ਹੱਥ ਕਿਸੇ ਬੀਬੀ ਦੇ ਸਰੀਰ ਨੂੰ ਨਾ ਛੋਹੇ। ਇਹਨੂੰ ਕਹਿੰਦੇ ਨੇ 'ਊਭੀ ਸੇਵ' ਦੂਜੇ ਦੇ ਸਰੀਰ ਤੋਂ ਆਪਣੇ ਸਰੀਰ ਨੂੰ ਸੁਚੇਤ ਰੱਖੋ। ਇਸ ਪ੍ਰਕਾਰ ਸਾਵਧਾਨ ਹੋ ਕੇ ਮਤਾਂ ਕਿਤੇ ਗ਼ਲਤੀ ਹੋ ਜਾਵੇ, ਇਹ ਸੇਵਾ ਕਰਿਆ ਕਰੋ।

ਇਉ ਗੁਰਮੁਖਿ ਆਪੁ ਨਿਵਾਰੀਐ

ਫੇਰ ਆਪਣੇ ਤੋਂ ਇਹ ਵੱਡੀ ਗ਼ਲਤੀ ਹੁੰਦੀ ਹੈ ਕਿ ਸੇਵਾ ਕਰਕੇ ਅਸੀਂ ਕਹਿੰਦੇ ਹਾਂ ਕਿ ਮੈਂ ਇਹ ਕੁਝ ਕੀਤਾ।

ਗੁਰਦੇਵ ਫ਼ੁਰਮਾਉਂਦੇ ਹਨ ਕਿ ਹੇ ਗੁਰਮੁਖ ਪਿਆਰਿਆ ! ਜੇ ਤੂੰ ਤਨ ਦੀ ਸੇਵਾ ਕਰਦਾ ਹੈਂ, ਜੇ ਤੂੰ ਮਨ ਦੀ ਸੇਵਾ ਕਰਦਾ ਹੈਂ ਤਾਂ ਆਪਣੇ ਆਪ ਨੂੰ ਪਾਸੇ ਰੱਖ। ਆਪਾਂ ਲੰਗਰ ਲਿਆ ਰਹੇ ਹਾਂ ਤਾਂ ਕੋਈ ਇਹ ਕਹਿੰਦਾ ਹੈ ਕਿ ਮੈਂ ਤਿੰਨ ਟੋਕਰੇ ਪ੍ਰਸ਼ਾਦਿਆਂ ਦੇ ਲਿਆਂਦੇ ਹਨ, ਅਖ਼ੀਰ ਦੀ ਸੇਵਾ ਮੈਂ ਕੀਤੀ ਤੇ ਗੁਰਮੁਖੋ ਇਹ ਇੰਝ ਹੋਇਆ ਜਿਵੇਂ ਖੀਰ ਤਿਆਰ ਕਰਕੇ ਵਿਚ ਮੱਖੀ ਪੈ ਜਾਵੇ, ਉਹ ਖਾਣ ਦੇ ਯੋਗ ਨਹੀਂ ਰਹਿ ਜਾਂਦੀ। ਕਿਸੇ ਨੂੰ ਪਤਾ ਨਾ ਲੱਗੇ, ਕੋਈ ਕੀ ਲਿਆਇਐ, ਕਿਉਂਕਿ ਸਾਰਾ ਕੁਝ ਗੁਰੂ ਦਾ ਹੈ, ਇਹਨੂੰ ਗੁਰੂ 'ਮੈਂ' ਹੀ ਤਾਂ ਕਹਿੰਦੇ ਹਨ, ਕਿਉਂਕਿ ਸਾਡੀ 'ਮੈਂ' ਪਾਸੇ ਹੋ ਜਾਵੇ। ਇਉਂ ਗੁਰਮੁਖਾ, ਜਿਹੜਾ ਆਪਾ ਹੈ, ਇਸਨੂੰ ਨੀਵਾਂ ਕਰਨਾ ਕਰ, ਅਗਰ ਕਰੇਂਗਾ ਤਾਂ :

ਸਭੁ ਰਾਜੁ ਸ੍ਰਿਸਟਿ ਕਾ ਲੇਇ॥

ਤੂੰ ਪ੍ਰਿਥਵੀ ਦਾ ਰਾਜਾ ਬਣ ਜਾਏਂਗਾ ਤੇ ਲੋਕੀਂ ਤੇਰੀ ਪੂਜਾ ਕਰਨਗੇ।

ਨਾਨਕ ਗੁਰਮੁਖਿ ਬੁਝੀਐ

ਅਕਸਰ ਅਸੀਂ ਸੋਚਦੇ ਹਾਂ ਕਿ ਫਲਾਣੇ ਬੰਦੇ ਨੇ ਬੜੀ ਬੰਦਗੀ ਕੀਤੀ। ਗੁਰਮੁਖੋ, ਗੱਲ ਬੰਦਗੀ ਦੀ ਨਹੀਂ ਹੈ। ਮੈਂ ਆਪਣੇ ਘਰੋਂ ਆ ਰਿਹਾ ਸਾਂ ਤਾਂ ਰਸਤੇ ਵਿਚ ਮੈਨੂੰ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਮਿਲ ਪਏ। ਸਾਡੀ ਸੰਪਰਦਾ ਦੇ ਉਹ ਮੁਖੀ ਹਨ ਤੇ ਮੈਂ ਆਪਣੇ ਜੱਥੇ ਦਾ ਜਥੇਦਾਰ ਸਮਝ ਕੇ ਉਹਨਾਂ ਦੇ ਕੋਲ ਗਿਆ ਤੇ ਫਤਹਿ ਬੁਲਾਈ। ਉਹ

ਮੈਨੂੰ ਕਹਿਣ ਲੱਗੇ, ਗਿਆਨੀ ਜੀ, ਤੁਸੀਂ ਅੱਗੇ ਨਾ ਆਉ। ਮੈਂ ਆਖਿਆ ਕਿਉਂ ? ਤੁਸੀਂ ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਦੇ ਸੇਵਾਦਾਰ ਹੋ, ਜਿਥੇ ਤੁਸੀਂ ਸੇਵਾ ਕਰਦੇ ਹੋ, ਪਤਾ ਨਹੀਂ ਕਿੰਨੇ ਜਨਮਾਂ ਦਾ ਇਹ ਤਪੱਸਿਆ ਦਾ ਫਲ ਹੈ। ਇਥੇ ਆਮ ਲੋਕ ਬੈਠ ਨਹੀਂ ਸਕਦੇ। ਮੈਂ ਉਹਨਾਂ ਨੂੰ ਬੇਨਤੀ ਕੀਤੀ, ਬਾਬਾ ਜੀ ਤੁਹਾਡੇ ਬਚਨ ਠੀਕ ਹੋਣਗੇ, ਤੁਸੀਂ ਅਧਿਆਤਮਕ ਪੁਰਸ਼ ਹੋ, ਪਰ ਮੈਨੂੰ ਆਪਣਾ ਇਹ ਪਤਾ ਹੈ ਕਿ ਜਿਵੇਂ ਕਿਸੇ ਨੂੰ ਰਿਆਇਤ ਮਿਲਦੀ ਹੈ, ਮੈਨੂੰ ਵੀ ਰਿਆਇਤ ਵਿਚ ਗੁਰੂ ਪਾਤਿਸ਼ਾਹ ਨੇ ਬਖ਼ਸ਼ਿਸ਼ ਕੀਤੀ ਹੈ। ਮੈਂ ਇੰਨਾ ਯੋਗ ਨਹੀਂ, ਕਹਿਣ ਤੋਂ ਮੁਰਾਦ ਗੁਰਮੁਖੋ ਇਹ ਹੈ ਕਿ ਕੋਈ ਮਿਹਨਤ ਨਾਲ ਨਹੀਂ ਪਹੁੰਚ ਸਕਦਾ, ਜਿਸ 'ਤੇ ਵਾਹਿਗੁਰੂ ਦੀ ਬਖ਼ਸ਼ਿਸ਼ ਹੁੰਦੀ ਹੈ, ਕ੍ਰਿਪਾ ਹੁੰਦੀ ਹੈ, ਉਹ ਹੀ ਇਸ ਗੱਲ ਨੂੰ ਸਮਝ ਸਕਦੇ ਹਨ, ਉਹਨਾਂ ਨੂੰ ਹੀ ਗਿਆਤ ਪਵੇਗੀ। ਗੁਰਮੁਖਾ, ਗੁਰੂ ਦੇ ਸਨਮੁਖ ਰਹਿਣ ਕਰਕੇ ਗੁਰੂ ਦੇ ਰਾਹੀਂ ਇਸ ਗੱਲ ਨੂੰ ਸਮਝ।

ਜਾ ਆਪੇ ਨਦਰਿ ਕਰੇਇ ॥੧॥

ਉਹ ਸੰਭਲਿਆ ਕਦੋਂ ਜਾਏਗਾ ਜੇ ਉਹਦੀ ਬਖ਼ਸ਼ਿਸ਼ ਹੋ ਜਾਏ, ਉਹਦੀ ਕ੍ਰਿਪਾ ਹੋ ਜਾਏ ਤਾਂ।

ਮ: ੩ ॥ ਜਿਨ ਗੁਰਮੁਖਿ ਨਾਮੁ ਧਿਆਇਆ

ਜਿਹਨਾਂ ਨੇ ਗੁਰੂ ਦੇ ਦੱਸੇ ਤਰੀਕੇ ਨਾਲ ਇਕ ਭਗਵਾਨ, ਇਕ ਪ੍ਰਮਾਤਮਾ ਨੂੰ ਚੇਤੇ ਕੀਤਾ।

ਆਏ ਤੇ ਪਰਵਾਣੁ ॥

ਉਹਨਾਂ ਦਾ ਸੰਸਾਰ ਵਿਚ ਆਇਆ ਸਫਲਾ। ਕੇਵਲ ਛਕ ਛਕਾ ਕੇ ਚਲੇ ਗਏ, ਕਿਸੇ ਨਾਲ ਮੋਹ ਪਾ ਲਿਆ ਤੇ ਕਿਸੇ ਦੀ ਨਿੰਦਾ ਕੀਤੀ। ਗੁਰਮੁਖੋ ਇਹ ਆਇਆ ਸਫਲਾ ਨਹੀਂ। ਸਫਲਾ ਕੇਵਲ ਉਹਨਾਂ ਦਾ ਹੈ, ਜਿਨ੍ਹਾਂ ਨੇ ਗੁਰੂ ਦੇ ਦੱਸੇ ਢੰਗ ਤਰੀਕੇ ਨਾਲ ਕੇਵਲ ਤੇ ਕੇਵਲ ਇਕ ਪ੍ਰਮਾਤਮਾ ਨੂੰ ਹੀ ਚੇਤੇ ਕੀਤਾ ਹੈ।

ਨਾਨਕ ਕੁਲ ਉਧਾਰਹਿ ਆਪਣਾ

ਗੁਰੂ ਜੀ ਫ਼ੁਰਮਾਉਂਦੇ ਹਨ ਕਿ ਆਪਣੀਆਂ ਕੁੱਲਾਂ ਦੀ ਕਲਿਆਣ ਕਿਵੇਂ ਕੀਤੀ ? ਆਪਣੇ ਸਾਹਮਣੇ ਇਤਿਹਾਸ ਹੈ ਕਿ ਗੁਰੂ ਰਾਮਦਾਸ ਪਾਤਿਸ਼ਾਹ ਨੇ ਸੇਵਾ ਕੀਤੀ, ਆਪ ਨੂੰ ਗੁਰੂ ਪਦਵੀ, ਪੁੱਤ ਨੂੰ ਗੁਰੂ ਪਦਵੀ, ਕੁਲਾਂ ਦਾ ਕਲਿਆਣ, ਕੁਲਾਂ ਦਾ ਉਧਾਰ ਹੋ ਗਿਆ। 'ਨਾਨਕ ਕੁਲ ਉਧਾਰਹਿ ਆਪਣਾ' ਅਥਵਾ ਜੋ ਗੁਰਮੁਖ ਪਿਆਰੇ ਨਾਮ ਜਪਦੇ ਹਨ, ਉਹਨਾਂ ਦੇ ਕੋਲ ਜਿੰਨੇ ਵੀ ਆਏ, ਉਹਨਾਂ ਸਾਰਿਆਂ ਦਾ ਉਧਾਰ ਹੋ ਗਿਆ, ਕਲਿਆਣ ਹੋ ਗਿਆ।

ਦਰਗਹ ਪਾਵਹਿ ਮਾਣੁ ॥੨॥

ਅਤੇ ਉਹ ਭਾਗਾਂ ਵਾਲੇ ਪਰਮਾਤਮਾ ਦੀ ਦਰਗਾਹ ਵਿਚ ਮਾਨ ਸਨਮਾਨ ਨੂੰ ਪ੍ਰਾਪਤ ਕਰਦੇ ਹਨ।

ਪਉੜੀ॥ ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ॥

ਕੇਵਲ ਸਿੱਖ ਉਹ ਹੀ ਗੁਰੂ ਦੇ ਪਿਆਰ ਵਾਲੇ ਹਨ, ਜਿਨ੍ਹਾਂ ਨੂੰ ਗੁਰੂ ਨੇ ਆਪਣੇ ਨਾਲ ਮਿਲਾਇਆ ਹੋਇਆ ਹੈ।

ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ॥

ਉਹ ਗੁਰੂ ਘਰ ਦੇ ਸੇਵਾਂਦਾਰ ਬਾਬਾ ਬੁੱਢਾ ਜੀ ਵਰਗੇ, ਭਾਈ ਸਾਹਿਬ ਭਾਈ ਗੁਰਦਾਸ ਜੀ ਵਰਗੇ, ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ ਵਰਗੇ, ਉਹ ਗੁਰੂ ਦੇ ਕੋਲ ਆ ਕੇ ਸੇਵਾ ਕਰਦੇ ਨੇ, ਇਕ ਗੁਰਮੁਖ ਪਿਆਰੇ ਭਾਈ ਮਾਧੋ ਜੀ ਵਰਗੇ। ਸੋ ਇਸ ਪ੍ਰਕਾਰ ਭਾਈ ਬਲੋ ਜੀ ਵਰਗੇ ਗੁਰੂ ਦੇ ਹੁਕਮ ਦੇ ਮੁਤਾਬਿਕ ਪਾਸ ਜਾ ਕੇ ਸੇਵਾ ਕਰਦੇ ਹਨ।

ਜਿਨਾ ਗੁਰੁ ਪਿਆਰਾ ਮਨਿ ਚਿਤਿ

ਜਿਨ੍ਹਾਂ ਗੁਰਮੁਖ ਪਿਆਰਿਆਂ ਨੂੰ ਮਾਲਕ ਦੇ ਪਿਆਰ ਕਰਕੇ ਗੁਰੂ ਦਾ ਚੇਤਾ ਹੈ, ਜੋ ਮਨ ਕਰਕੇ ਗੁਰੂ ਨਾਲ ਜੁੜੇ ਹਨ।

ਤਿਨਾ ਭਾਉ ਗੁਰੂ ਦੇਵਾਈਆ॥

ਕਹਿੰਦੇ ਹਨ ਕਿ ਗੁਰੂ ਮਹਾਰਾਜ ਉਹਨਾਂ ਨੂੰ ਪ੍ਰੇਮ ਦੇਂਦੇ ਹਨ, ਉਹਨਾਂ ਨੂੰ ਭਾਉ ਬਖ਼ਸ਼ਦੇ ਹਨ।

ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥

ਇਹਦੇ ਦੋ ਅਰਥ ਹਨ, ਗੁਰਮੁਖੋ, ਇਕ ਤਾਂ ਇਹ ਹੈ ਕਿ ਜਿਹੜਾ ਗੁਰੂ ਹੈ, ਉਹਦਾ ਸਾਰੇ ਸਿੱਖਾਂ ਨਾਲ ਇਕੋ ਜਿਹਾ ਪਿਆਰ ਹੈ, ਭਾਵੇਂ ਉਹ ਗੁਰੂ ਦਾ ਭਾਈ ਹੈ, ਭਾਵੇਂ ਉਹ ਗੁਰੂ ਦਾ ਮਿੱਤਰ ਹੈ, ਭਾਵੇਂ ਉਹ ਗੁਰੂ ਦਾ ਪੁੱਤਰ ਹੈ, ਅਥਵਾ ਜਿਹੜੇ ਗੁਰੂ ਦੇ ਸਿੱਖ ਨੇ, ਉਹਨਾਂ ਦੀ ਨਿਗ੍ਹਾ ਵਿਚ ਸਨਮਾਨ ਪਿਆਰ ਸਮਾਨ ਹੈ, ਸੋ ਇਸ ਪ੍ਰਕਾਰ ਉਹ ਆਪਣੇ ਮਿੱਤਰਾਂ ਨੂੰ, ਆਪਣੇ ਪੁੱਤਰਾਂ ਨੂੰ ਅਤੇ ਆਪਣੇ ਭਰਾਵਾਂ ਨੂੰ ਗੁਰੂ ਦੇ ਪਿਆਰੇ ਜਾਣ ਕੇ ਸਨਮਾਨ ਦੇਂਦੇ ਹਨ।

ਗੁਰੁ ਸਤਿਗੁਰੁ ਬੋਲਹੁ ਸਭਿ

ਇਸ ਕਰਕੇ ਹੀ ਗੁਰੂ ਕੇ ਸਿੱਖੋ ! ਕਹੋ ਧੰਨ ਗੁਰੂ ਨਾਨਕ, ਹੇ ਗੁਰੂ ਕੇ ਸਿੱਖੋ ! ਕਹੋ ਧੰਨ ਗੁਰੂ ਨਾਨਕ।

ਗੁਰੁ ਆਖਿ ਗੁਰੂ ਜੀਵਾਈਆ॥੧੪॥

(ਪੰਨਾ ੬੪੭)

ਜੇ ਤੂੰ ਗੁਰੂ ਦਾ ਧਿਆਨ ਧਰੇਂਗਾ ਤਾਂ ਗੁਰੂ ਤੈਨੂੰ ਜੀਵਨ ਦਾਤ ਦੇਵੇਗਾ, ਗੁਰੂ ਤੇਰੇ ਜੀਵਨ ਨੂੰ ਬਦਲ ਦੇਵੇਗਾ। ਤੇਰੇ ਸੰਸਾਰ ਘਰ ਵਾਲੇ ਪਾਸੇ ਜੋ ਤੇਰੀ ਬਿਰਤੀ ਹੈ, ਇਹ ਬਦਲ

ਜਾਵੇਗੀ, ਤੇਰਾ ਜਨਮ ਗੁਰੂ ਦੇ ਘਰ ਹੋ ਜਾਏਗਾ।

ਇਹ ਸੀ ਗੁਰਮੁਖੋ ਗੁਰੂ ਦੇ ਹੁਕਮ ਦੀ ਸੀਮਤ ਵਿਚਾਰ। ਅੱਜ ਦੇ ਦਿਨ ਆਪਾਂ ਜਿਸ ਪਾਵਨ ਸਥਾਨ 'ਤੇ ਸਜੇ ਹੋਏ ਹਾਂ, ਇਸ ਨਾਲ ਗਹਿਰਾ ਸੰਬੰਧ ਹੈ, ਕਿਉਂਕਿ ਅੱਜ ਦੇ ਦਿਨ ਸਿੱਖ ਜਗਤ ਵਿਚ ਜਿਥੇ ਕਿਥੇ ਵੀ ਗੁਰੂ ਨਾਨਕ ਨਾਮ ਲੇਵਾ ਹੈ, ਉਹ ਬਾਰਹ ਮਾਹ ਦੀ ਪਾਵਨ ਬਾਣੀ ਦਾ ਪਾਠ ਕਰਦਾ ਹੈ, ਉਹ ਬਾਰਹ ਮਾਹ ਦੀ ਪਾਵਨ ਬਾਣੀ ਦਾ ਪਾਠ ਸੁਣਦਾ ਹੈ, ਇਹ ਸਾਡੇ ਸਿੱਖ ਜਗਤ ਵਿਚ ਇਕ ਰਿਵਾਇਤ ਹੈ। ਸੋ ਗੁਰਮੁਖੋ, ਇਸ ਕਥਾ ਦਾ ਅੱਜ ਦਾ ਜਿਹੜਾ ਮੁੱਢ ਹੈ, ਉਹ ਇਹ ਹੈ ਕਿ ਗੁਰੂ ਘਰ ਵਿਚ ਗੁਰੂ ਘਰ ਦੇ ਕੀਰਤਨੀਏ ਕੀਰਤਨ ਕਰਦੇ ਹਨ ਅਤੇ ਗੁਰੂ ਕੇ ਸਿੱਖ ਉਹਨਾਂ ਕੀਰਤਨ ਕਰਨ ਵਾਲਿਆਂ ਦਾ ਸਤਿਕਾਰ ਕਰਦੇ ਹਨ।

ਇਕ ਬ੍ਰਾਹਮਣ ਜਿਹੜਾ ਵਿੱਦਿਆ ਨੂੰ ਕੇਵਲ ਧੰਦੇ ਦੇ ਤੌਰ 'ਤੇ ਵਰਤਣਾ ਜਾਣਦਾ ਸੀ, ਉਹਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ! ਸਾਡੇ ਭਾਰਤੀ ਲੋਕ ਵਿਸ਼ੇਸ਼ ਤਰ੍ਹਾਂ ਦੇ ਮੌਕਿਆਂ 'ਤੇ ਆਪਣੇ ਧੰਦਿਆਂ ਨੂੰ ਸੰਕੋਚ ਕੇ ਤੀਰਥਾਂ 'ਤੇ ਜਾਂਦੇ ਹਨ ਅਤੇ ਧਾਰਮਿਕ ਆਗੂ ਆਪਣੇ ਅਧਿਆਤਮਕ ਤਜਰਬੇ ਦੇ ਦੁਆਰਾ ਅਧਿਆਤਮਕ ਗ੍ਰੰਥਾਂ ਦੇ ਦੁਆਰਾ ਅਧਿਆਤਮਕ ਸੁਰ ਤੇ ਵਿਚਾਰ ਦੁਆਰਾ ਆਏ ਹੋਏ ਜਗਿਆਸੂਆਂ ਨੂੰ ਕੁਝ ਨਾ ਕੁਝ ਸਮਝਾਂਦੇ ਬੁਝਾਂਦੇ ਹਨ, ਮੇਰੇ 'ਤੇ ਮੇਹਰ ਕਰੋ ਕਿ ਮੈਂ ਵੀ ਇਹਨਾਂ ਦਿਨਾਂ 'ਤੇ ਆ ਕਰਕੇ ਕਥਾ ਕਰਿਆ ਕਰਾਂ ਤੇ ਗੁਰੂ ਕੀਆਂ ਸਿੱਖ ਸੰਗਤਾਂ ਮੇਰਾ ਮਾਨ-ਸਨਮਾਨ ਕਰਿਆ ਕਰਨ ਤਾਂਕਿ ਮੇਰੀ ਰੋਟੀ ਚਲਦੀ ਰਹੇ। ਗੁਰਦੇਵ ਕਹਿਣ ਲੱਗੇ, ਗੁਰਮੁਖਾ ਕੋਈ ਗੱਲ ਨਹੀਂ, ਜੀ ਆਇਆਂ ਨੂੰ, ਤੂੰ ਆਇਆ ਕਰ। ਇਸ ਪ੍ਰਕਾਰ ਹੇ ਗੁਰਮੁਖੋ! ਜਿਹੜਾ ਉਹ ਪੰਡਿਤ ਸੀ, ਕਥਾ ਕਰਨ ਲੱਗ ਪਿਆ। ਮੈਂ ਪਹਿਲਾਂ ਵੀ ਬੇਨਤੀ ਕੀਤੀ ਕਿ ਉਹ ਕਥਾ ਨੂੰ ਕੇਵਲ ਧੰਦੇ ਦੇ ਤੌਰ 'ਤੇ ਵਰਤਦਾ ਸੀ। ਸਿੱਖ ਸੰਗਤਾਂ ਦੇ ਵਿਚ ਉਹਦਾ ਮਾਨ ਤੇ ਸਨਮਾਨ ਹੋ ਗਿਆ।

ਪੰਡਤ ਜੀ ਕਥਾ ਬੜੀ ਸੋਹਣੀ ਕਰਦੇ ਸਨ, ਪੰਡਿਤ ਨੂੰ ਇਸ ਗੱਲ ਦਾ ਭੁਲੇਖਾ ਪੈ ਗਿਆ ਕਿ ਸ਼ਾਇਦ ਮੈਂ ਕੋਈ ਮਹਾਨ ਹਾਂ। ਜਦੋਂ ਚੇਤ ਦੀ ਸੰਗਰਾਂਦ ਦਾ ਦਿਹਾੜਾ ਆਇਆ, ਗੁਰੂ ਕੀਆਂ ਸਿੱਖ ਸੰਗਤਾਂ ਉਚੇਚੇ ਤੌਰ 'ਤੇ ਗੁਰੂ ਦੇ ਦਰਬਾਰ ਵਿਚ ਆਈਆਂ। ਉਨ੍ਹਾਂ ਸੋਚਿਆ ਕਿ ਪੰਡਿਤ ਜੀ ਅੱਜ ਸਾਨੂੰ ਸੰਕ੍ਰਾਂਤੀ ਦੇ ਸੰਬੰਧ ਵਿਚ ਕੋਈ ਨਾ ਕੋਈ ਕਥਾ ਸੁਣਾਉਣਗੇ, ਪੰਡਿਤ ਆਕੜ ਗਏ। ਉਹਨੂੰ ਪੁੱਛਿਆ ਗਿਆ, ਪੰਡਿਤ ਜੀ ਕੀ ਗੱਲ ਹੈ ? ਕਹਿਣ ਲੱਗਾ ਮੈਂ ਕਥਾ ਕਰਨ ਤਾਂ ਜਾਵਾਂਗਾ, ਪਰ ਸੁਣਨ ਵਾਲੇ ਪ੍ਰੇਮੀ ਆ ਕੇ ਮੈਨੂੰ ਮੱਥਾ ਟੇਕਣ। ਇਹ ਗੁਰੂ ਕਾ ਸਿੱਖ ਗੁਰੂ ਕੇ ਬਿਨਾਂ ਕਿਸੇ ਨੂੰ ਮੱਥਾ ਟੇਕਦਾ ਨਹੀਂ। ਇਹ ਹੈਰਾਨੀ ਦੀ ਗੱਲ ਹੈ, ਕਥਾ ਮੈਂ ਕਰਦਾਂ, ਲੋਕੀਂ ਗੁਰੂ ਪੰਜਵੇਂ ਪਾਤਿਸ਼ਾਹ ਜੀ ਨੂੰ ਮੱਥਾ ਟੇਕਦੇ ਹਨ, ਇਹ ਮੈਂ ਬਰਦਾਸ਼ਤ ਨਹੀਂ ਕਰ ਸਕਦਾ, ਮੱਥਾ ਮੈਨੂੰ ਟੇਕੋ। ਬਾਬਾ ਬੁੱਢਾ ਜੀ ਤੇ ਹੋਰ ਕਈ ਗੁਰਮੁਖਾਂ ਨੇ ਸਮਝਾਇਆ- ਪੰਡਿਤ ਜੀ ਠੀਕ ਤੁਸੀਂ ਬਲਵਾਨ ਹੋ, ਪਰ ਤੁਸੀਂ ਗੁਰੂ ਤਾਂ ਨਹੀਂ। ਤੁਸੀਂ ਸਾਨੂੰ ਪਰਮਾਤਮਾ ਦੇ ਸੰਬੰਧ ਵਿਚ ਕੁਝ ਵਿਚਾਰਾਂ ਦੇਂਦੇ ਹੋ ਤੇ ਅਸੀਂ ਪਰਮਾਤਮਾ ਦੀਆਂ ਵਿਚਾਰਾਂ ਕਰਕੇ ਤੁਹਾਡਾ

ਸਤਿਕਾਰ ਕਰਦੇ ਹਾਂ, ਵਰਨਾ ਤੁਸੀਂ ਸਾਡੇ ਵਰਗੇ ਹੋ ਪਰੰਤੂ ਪੰਡਿਤ ਆਕੜ ਗਿਆ। ਕਹਿਣ ਲੱਗਾ ਮੈਂ ਕਥਾ ਕਰਨ ਨਹੀਂ ਆਉਣਾ।

ਉਸ ਮੌਕੇ ਬਾਬਾ ਬੁੱਢਾ ਜੀ ਨੇ ਗੁਰੂ ਪੰਚਮ ਪਾਤਿਸ਼ਾਹ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਗੁਰੂ ਕੀਆਂ ਸਿੱਖ ਸੰਗਤਾਂ ਆਈਆਂ ਹਨ, ਤੁਸੀਂ ਸਾਨੂੰ ਬਹੁਤ ਸਾਰੇ ਕਾਰਜਾਂ ਦੇ ਵਿਚ ਇਹਨਾਂ ਬ੍ਰਾਹਮਣ ਧਰਮ ਦੇ ਠੇਕੇਦਾਰਾਂ ਕੋਲੋਂ ਮੁਕਤ ਕਰਾਇਆ ਹੈ, ਸਾਡਾ ਮਰਨਾ ਇਨ੍ਹਾਂ ਨਾਲੋਂ ਅੱਡ, ਸਾਡੇ ਜਨਮ ਦੇ ਸੰਸਕਾਰ ਇਹਨਾਂ ਕੋਲੋਂ ਅੱਡ, ਸਾਡੇ ਵਿਆਹ ਦਾ ਸੰਸਕਾਰ ਇਹਨਾਂ ਨਾਲੋਂ ਅੱਡ ਤੇ ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਹੜਾ ਸੰਗਰਾਂਦ ਦਾ ਸੰਬੰਧ ਹੈ, ਇਹ ਵੀ ਤੁਸੀਂ ਸਾਡਾ ਇਹਨਾਂ ਨਾਲੋਂ ਅੱਡ ਕਰ ਦਿਉ।

ਗੁਰੂ ਪੰਚਮ ਪਾਤਿਸ਼ਾਹ ਫ਼ੁਰਮਾਣ ਲੱਗੇ ਬਾਬਾ ਜੀ ! ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਜੋ ਤੁਖਾਰੀ ਰਾਗ ਵਿਚ ਪਹਿਲਾਂ ਬਾਰਹ ਮਾਹਾ ਉਚਾਰਣ ਕੀਤਾ ਹੈ, ਕੀ ਉਹ ਗੁਰੂ ਕੀ ਬਾਣੀ ਨਹੀਂ? ਉਸ ਤੁਖਾਰੀ ਰਾਗ ਦੇ ਬਾਰਹ ਮਾਹਾ ਵਿਚ ਤੁਸੀਂ ਕਥਾ ਵਿਚਾਰ ਕਰ ਲਉ। ਬਾਬਾ ਬੁੱਢਾ ਜੀ ਨੇ ਬੇਨਤੀ ਕੀਤੀ, ਪਾਤਿਸ਼ਾਹ ਤੁਹਾਡਾ ਹੁਕਮ ਸਿਰ ਮੱਥੇ 'ਤੇ, ਪਰ ਇਕ ਬੇਨਤੀ ਹੈ ਕਿ ਜਿਹੜੀ ਗੁਰੂ ਨਾਨਕ ਮਹਾਰਾਜ ਜੀ ਦੀ ਬਾਣੀ ਹੈ, ਬਹੁਤ ਹੀ ਮਹਿੰਗੀ ਹੈ, ਮਹਿੰਗੀ ਦਾ ਅਰਥ ਕਠਨ ਹੈ, ਜਿਹੜੀ ਆਮ ਬੰਦੇ ਦੇ ਸਮਝ ਵਿਚ ਨਹੀਂ ਆਉਂਦੀ ਤੇ ਮਹਾਰਾਜ ਸਾਡੀ ਬੁੱਧੀ ਇੰਨੀ ਬਰੀਕ ਨਹੀਂ ਕਿ ਅਸੀਂ ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਕਠਨ ਬਾਣੀ ਨੂੰ ਸਮਝ ਸਕੀਏ। ਆਪ ਕ੍ਰਿਪਾ ਕਰੋ, ਜਿਹੜੀ ਗੁਰੂ ਨਾਨਕ ਪਾਤਿਸ਼ਾਹ ਨੇ ਤੁਖਾਰੀ ਰਾਗ ਵਿਚ ਬਾਰਹ ਮਾਹਾ ਉਚਾਰਣ ਕੀਤਾ ਹੈ, ਉਸਦਾ ਸੁਖੈਨ ਟੀਕੇ ਦੇ ਰੂਪ ਵਿਚ ਉਚਾਰਣ ਕਰੋ, ਤਾਂਕਿ ਅਸੀਂ ਇਸਨੂੰ ਸਮਝ ਸਕੀਏ। ਸੋ ਗੁਰਮੁਖੋ, ਅੱਜ ਦੇ ਦਿਨ ਜੋ ਇਸ ਵੱਡੇ ਹਾਲ ਦੇ ਨਾਲ ਸੰਗਮਰਮਰ ਦਾ ਮੰਜੀ ਸਾਹਿਬ ਬਣਿਆ ਹੈ, ਇਸ ਥਾਂ 'ਤੇ ਗੁਰੂ ਪੰਚਮ ਪਾਤਿਸ਼ਾਹ ਜੀ ਨੇ ਬੈਠ ਕੇ ਇਸ ਸਮੁੱਚੀ ਬਾਰਹ ਮਾਹਾ ਦੀ ਬਾਣੀ ਉਚਾਰਣ ਕੀਤੀ ਹੈ। ਇਸ ਬਾਣੀ ਦੀਆਂ ਚੋਦਾਂ ਪਉੜੀਆਂ ਹਨ, ਇਹਦਾ ਨਿਯਮ ਇਹ ਹੈ ਕਿ ਜਦੋਂ ਬਾਰਹ ਮਾਹਾ ਦੀ ਕਥਾ ਹੋਣੀ ਏ, ਚੇਤ ਦੇ ਮਹੀਨੇ ਦਾ ਅਰੰਭ ਹੈ ਸਾਲ ਦਾ ਤੇ ਪਹਿਲੇ ਮੰਗਲ ਦੇ ਨਾਲ ਕਥਾ ਕੀਤੀ ਜਾਏ। ਜਦੋਂ ਫੱਗਣ ਦੀ ਸੰਗਰਾਂਦ ਆਵੇ, ਉਦੋਂ ਫੱਗਣ ਦੇ ਮਹੀਨੇ ਦੀ ਕਥਾ ਦੇ ਨਾਲ ਜਿਹੜੀ ਅਖੀਰਲੀ ਪਉੜੀ ਆਉਂਦੀ ਹੈ, ਉਹਦੀ ਕਥਾ ਕੀਤੀ ਜਾਵੇ, ਇਹ ਇਕ ਨਿਯਮ ਹੈ। ਸੋ ਇਸ ਨਿਯਮ ਮੁਤਾਬਿਕ ਹੇ ਭਾਈ ! ਬਾਰਹ ਮਾਹਾ ਦੀਆਂ ਪਹਿਲੀਆਂ ਦੋ ਪਉੜੀਆਂ ਦੀ ਕਥਾ ਆਪ ਸਰਵਣ ਕਰੋ ਜੀ।

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥

ਇਸ ਸੰਗਰਾਂਦ ਦਾ ਵੈਸੇ ਅਰਥ ਕੀ ਹੈ ? ਜਦੋਂ ਕੋਈ ਪੁੱਛੇ, ਸੰਗਰਾਂਦ ਮਨਾਉਂਦੇ ਕਿਉਂ ਹੋ ? ਇਹਦਾ ਅਰਥ ਕੀ ਹੈ ? ਗੁਰਮੁਖਾ, ਦਰਅਸਲ ਸੰਗਰਾਂਦ ਲਫਜ਼ ਇਹ ਆਪਾਂ ਆਪਣੇ ਕੋਲੋਂ ਘੜਿਆ ਹੈ। ਲਫਜ਼ ਹੈ ਸੰਕ੍ਰਾਂਤਿ, ਸਿਹਾਰੀ ਹੁੰਦੀ ਲਘੂ ਮਾਤਰਾ। ਲਘੂ ਮਾਤਰਾ

ਕਈ ਥਾਂ ਤੇ ਬੋਲਦੀਆਂ ਹਨ ਤੇ ਕਿਤੇ ਨਹੀਂ ਬੋਲਦੀਆਂ, ਲੇਕਿਨ ਦੀਰਘ ਮਾਤਰਾ ਬੋਲਦੀ ਹੈ, ਜਿਵੇਂ ਦੁਲੈਂਕੜੇ ਹੁੰਦੇ ਹਨ, ਬਿਹਾਰੀ ਹੁੰਦੀ ਹੈ, ਇਸਨੂੰ ਕਹਿੰਦੇ ਹਨ ਦੀਰਘ ਮਾਤਰਾ ਤੋਂ ਲਪਤਿਅ ਸੰਕ੍ਰਾਂਤਿ ਤੇ ਸੰ: ਕ੍ਰਾਂਤਿ ਸੰ ਦਾ ਅਰਥ ਹੁੰਦਾ ਹੈ— ਵਿਸ਼ੇਸ਼ ਤੇ ਕ੍ਰਾਂਤਿ ਦਾ ਅਰਥ ਹੁੰਦਾ ਹੈ— ਤਬਦੀਲੀ, ਜਿਹੜੀ ਵਿਸ਼ੇਸ਼ ਤਬਦੀਲੀ ਆਵੇ, ਉਸ ਨੂੰ ਸੰਕ੍ਰਾਂਤਿ ਕਹਿੰਦੇ ਹਨ। ਵਿਸ਼ੇਸ਼ ਤਬਦੀਲੀ ਇਹ ਆਉਂਦੀ ਹੈ ਕਿ ਗੁਰਮੁਖੋ ੧੨ ਰਾਸ਼ੀਆਂ ਹਨ ਤੇ ਸੂਰਜ ਇਹਨਾਂ ਬਾਰਾਂ ਰਾਸ਼ੀਆਂ ਦੇ ਵਿਚੋਂ ਵਿਚਰਦਾ ਹੈ। ਜਦੋਂ ਇਕ ਰਾਸ਼ੀ ਦੇ ਵਿਚੋਂ ਸੂਰਜ ਦੂਜੀ ਰਾਸ਼ੀ ਵਿਚ ਜਾਂਦਾ ਹੈ ਤਾਂ ਉਸਨੂੰ ਸੰਕ੍ਰਾਂਤਿ ਕਹਿੰਦੇ ਹਨ, ਹੋਰ ਕੁਝ ਵੀ ਨਹੀਂ। ਇਹਦਾ ਪੰਜਾਬੀ ਰੂਪ ਆਪਾਂ ਬਣਾਇਆ ਹੈ— ਸੰਗਰਾਂਦ।

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥

ਬਾਰਹ ਤਾਂ ਬਾਣੀ ਦਾ ਸਿਰਲੇਖ ਹੈ, ਮਾਂਝ ਰਾਗ ਹੈ।

ਸੋਢੀ ਸੁਲਤਾਨ ਗੁਰੂ ਰਾਮਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਪਰਮਾਤਮਾ ਇਕ ਹੈ, ਸਤਿ ਸਰੂਪ ਹੈ, ਜੋ ਕਿ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥

ਆਪਾਂ ਗੁਰਮੁਖੋ, ਆਮ ਰਾਗੀ ਸਿੰਘਾਂ ਦੀ ਪਾਵਨ ਰਸਨਾ ਤੋਂ ਪੰਗਤੀ ਸੁਣਦੇ ਹਾਂ। ਆਮ ਕਰਕੇ ਬਹੁਤੇ ਰਾਗੀ ਸ਼ਬਦ ਪੜ੍ਹਦੇ ਹਨ -

ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥
(ਪੰਨਾ ੭੬੩)

ਗੁਰਮੁਖੋ ! ਜਦੋਂ ਅਸੀਂ ਪਿੰਡ ਵਿਚ ਰਹਿੰਦੇ ਹੁੰਦੇ ਸਾਂ, ਕੋਈ ਸਾਧਨ ਨਾ ਹੋਣ ਕਰਕੇ ਸਾਨੂੰ ਅੰਮ੍ਰਿਤਸਰ ਬੜਾ ਦੂਰ ਜਾਪਦਾ ਸੀ, ਲੇਕਿਨ ਅੱਜ ਅਮਰੀਕਾ, ਇੰਗਲੈਂਡ, ਕਨੇਡਾ ਇਉਂ ਹਨ ਜਿਵੇਂ ਸਾਡੇ ਹੱਥ ਥੱਲੇ ਹੋਣ। ਸਵੇਰੇ ਬੰਦਾ ਰੋਟੀ ਖਾ ਕੇ ਜਹਾਜ਼ 'ਤੇ ਚੜ੍ਹਿਆ ਤੇ ਸ਼ਾਮ ਨੂੰ ਦੂਜੇ ਮੁਲਕ ਵਿਚ, ਹੁਣ ਦੂਰੀ ਕਾਹਦੀ ਰਹਿ ਗਈ ? ਗੁਰੂ ਦੀ ਬਾਣੀ ਵਿਚ ਮੀਲਾਂ ਤੇ ਕੋਹਾਂ ਦੀ ਦੂਰੀ ਦਾ ਜ਼ਿਕਰ ਨਹੀਂ, ਦੂਰੀ ਇਹ ਹੈ :-

ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥
(ਪੰਨਾ ੧੭੬)

ਮੇਰੇ ਮਾਲਕਾ ! ਪਤਾ ਨਹੀਂ ਮੈਂ ਕਿੰਨੇ ਕੁ ਜਨਮਾਂ ਵਿਚ ਕੀੜਾ ਤੇ ਪਤੰਗਾ ਰਿਹਾ ਹਾਂ। ਕਿੰਨੀਆਂ ਕੁ ਜੂਨਾਂ ਮੈਂ ਪਸ਼ੂਆਂ ਦੀਆਂ ਭੋਗੀਆਂ ਹਨ। ਮੈਂ ਪਸ਼ੂਆਂ ਤੇ ਪੰਛੀਆਂ ਦੀਆਂ ਜੂਨਾਂ ਦੀ ਦੂਰੀ ਕੱਟ ਕੇ ਤੇ ਹੁਣ ਤੇਰੇ ਕੋਲ ਆਇਆ ਹਾਂ, ਇਹ ਤੇਰਾ ਮੇਰਾ ਵਿਛੋੜਾ ਸੀ, ਕਿਰਤ

ਕਰਮ ਕੇ ਵਿਛੜੇ ਆਪਣੀ ਕਿਰਤ ਕਰਕੇ, ਆਪਣੇ ਕਰਮਾਂ ਕਰਕੇ ਅਸੀਂ ਤੇਰੇ ਨਾਲੋਂ ਟੁੱਟੇ ਹੋਏ ਸਾਂ।

ਕਰਿ ਕਿਰਪਾ ਮੇਲਹੁ ਰਾਮ॥

ਆਪ ਹੁਣ ਕ੍ਰਿਪਾ ਕਰਕੇ ਸਾਨੂੰ ਆਪਣੇ ਨਾਲ ਮੇਲ ਲਉ। ਗੁਰਮੁਖੋ, ਜੇ ਗੁਰੂ ਦੇ ਬਣ ਜਾਈਏ ਤਾਂ ਗੁਰੂ ਮਿਲਦਾ ਹੈ। ਬਾਰਹ ਮਾਹਾ ਦੇ ਵਿਚ ਪੰਗਤੀ ਆਉਂਦੀ ਹੈ:-

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥
ਗਿਆਨ ਹੀਣੰ ਅਗਿਆਨ ਪੂਜਾ॥
ਅੰਧ ਵਰਤਾਵਾ ਭਾਉ ਦੂਜਾ॥ (ਪੰਨਾ੧੪੧੨/੩)

ਇਹਦੇ ਵਿਚ ਗੁਰੂ ਨਾਨਕ ਪਾਤਿਸ਼ਾਹ ਫ਼ੁਰਮਾਉਂਦੇ ਹਨ, ਮੂਲਿਆ ਕਿਰਾੜਾਂ ਦੀ ਯਾਰੀ ਮਾੜੀ। ਇਥੇ ਕਰਾੜ ਤੁਸੀਂ ਕਿਸੇ ਜਾਤੀ ਨਾਲ ਨਾ ਜੋੜ ਲੈਣਾ, ਕਰਾੜ ਉਹ ਹੁੰਦਾ ਹੈ, ਜਿਹੜਾ ਹਰ ਥਾਂ 'ਤੇ ਲੈਣ ਦੇਣ ਵਿਚ ਪੈਸੇ ਨੂੰ ਮੁੱਖ ਰੱਖੇ। ਕੋਈ ਬਾਣੀਆ ਆਪਣੇ ਗਾਹਕ ਦੀ ਗ਼ਲਤੀ ਕਰਕੇ ਉਹਦੇ ਕੋਲ ਪਿਸਤੋਲ ਸੀ ਗੋਲੀ ਮਾਰਨ ਲੱਗਾ ਤਾਂ ਉਹ ਬਾਣੀਆ ਕਹਿਣ ਲੱਗਾ, ਸੇਠ ਜੀ ਕਿੰਨੇ ਦੀ ਵੇਚਣੀ ਜੇ ਪਿਸਤੌਲ ? ਉਹ ਕਹਿਣ ਲੱਗਾ ਕਿੰਨੇ ਦੇਏਂਗਾ ? ਉਸਨੂੰ ਗੋਲੀ ਮਾਰਨੀ ਭੁੱਲ ਗਈ; ਇਹ ਇਕ ਦ੍ਰਿਸ਼ਟਾਂਤ ਹੈ। ਛੇ ਮਹੀਨੇ ਗੁਰੂ ਨਾਨਕ ਮਹਾਰਾਜ ਜੀ ਨਾਲ ਰਿਹਾ। ਹਜ਼ੂਰ ਕਹਿੰਦੇ, ਮੂਲਿਆ ਤੇਰੀ ਘਰ ਵਾਲੀ ਸੜਨ ਲੱਗੀ ਹੈ, ਸਤੀ ਹੋਣ ਲੱਗੀ ਹੈ, ਜਾਹ ਘਰ ਦੇ ਜੀਆਂ ਨੂੰ ਸੰਭਾਲ। ਆ ਗਿਆ, ਕੀ ਹੋਇਆ ਫੇਰ ? ਗੁਰਮਖ ਪਿਆਰਿਓ, ਆਵਾਜ਼ ਮਾਰੀ ਭਾਈ ਮਰਦਾਨੇ ਨੇ ਤਾਂ ਮੂਲਾ ਘਰ ਵਾਲੀ ਦੇ ਆਖੇ ਲੱਗ ਕੇ ਪਾਥੀਆਂ ਦਾ ਗੁਹਰਾ ਸੀ, ਉਥੇ ਲੁੱਕ ਗਿਆ। ਯਾਦ ਰੱਖਣਾ ਮਨੁੱਖ ਦੇ ਮਨ ਦੀ ਦਸ਼ਾ ਹਰ ਮੌਕੇ ਬਰਾਬਰ ਨਹੀਂ ਰਹਿੰਦੀ, ਸਾਰੇ ਆਪੋ ਆਪਣੇ ਅੰਦਰ ਝਾਤੀ ਮਾਰੋ, ਕਿਸੇ ਮੌਕੇ ਸਾਡਾ ਮਨ ਕਿਸੇ ਦੇ ੧੦੦ ਰੁਪਏ 'ਤੇ ਬੇਈਮਾਨ ਵੀ ਨਹੀਂ ਹੁੰਦਾ ਪਰ ਕਈ ਵੇਰਾਂ ਆਪਾਂ ੧ ਰੁਪਏ 'ਤੇ ਬੇਈਮਾਨ ਹੋ ਜਾਂਦੇ ਹਾਂ, ਇਹ ਮਾਨਸਿਕ ਦਸ਼ਾ ਉਸ ਸਮੇਂ ਭਾਈ ਮੂਲੇ ਦੀ ਸੀ ਜਿਨ੍ਹੇ ਭਾਈ ਮਰਦਾਨੇ ਕੋਲੋਂ ਟਕਾ ਲਿਆ ਸੀ, ਲਿਖ ਕੇ 'ਮਰਨਾ ਸੱਚ ਜੀਊਣਾ ਝੂਠ' ਅੱਜ ਲਿਖਤ ਭੁੱਲ ਗਈ। ਘਰ ਵਾਲੀ ਨੂੰ ਕਹਿਣ ਲੱਗਾ ਤੂੰ ਕਹਿ ਦੇ ਮੂਲਾ ਘਰ ਨਹੀਂ। ਘਰ ਵਾਲੀ ਨੇ ਕਹਿ ਦਿੱਤਾ, ਜੀ ਉਹ ਘਰ ਨਹੀਂ। ਗੁਰਦੇਵ ਕਹਿਣ ਲੱਗੇ ਫੇਰ ਕਿਤੇ ਵੀ ਨਹੀਂ। ਸੱਪ ਲੜਿਆ ਮੌਤ ਹੋਈ। ਹੁਣ ਗੁਰੂ ਦਾ ਚੇਤਾ ਆਇਆ ਤੇ ਮੂਲੇ ਦੀ ਮੰਜੀ ਨੂੰ ਚੁੱਕ ਕੇ ਪਰਿਵਾਰ ਦੇ ਮੈਂਬਰ ਜਿਥੇ ਬਾਬੇ ਦੀ ਬੇਰ ਏ ਨਾ ਸਿਆਲਕੋਟ, ਉਸ ਬਾਬੇ ਦੀ ਬੇਰ ਥੱਲੇ ਆ ਕੇ ਬੈਠ ਗਏ। ਉਥੇ ਨਾਨਕ ਪਾਤਿਸ਼ਾਹ ਨੇ ਨਿਵਾਸ ਕੀਤਾ, ਉਸਨੂੰ ਕਹਿੰਦੇ ਨੇ ਬਾਬੇ ਦੀ ਬੇਰ। ਸਾਡੇ ਜ਼ਮਾਨੇ 'ਚ ਕਿਸੇ ਬੰਦੇ ਨੇ ਕੋਈ ਚੀਜ਼ ਮੰਗਣੀ ਹੋਵੇ ਤਾਂ ਕਹਿੰਦੇ ਹਨ, ਤੂੰ ਬਾਬੇ ਦੀ ਬੇਰ ਥੱਲਿਓਂ ਆਇਐਂ?

ਉਹ ਬਾਬੇ ਦੀ ਬੇਰ ਸਿਆਲਕੋਟ ਵਿਚ ਹੈ। ਪਰਿਵਾਰ ਨੇ ਮਿੰਨਤ ਕੀਤੀ। ਮੂਲੇ ਨੇ ਹੌਕਾ ਭਰਿਆ ਤੇ ਜਿੰਦ ਨਿਕਲ ਗਈ ਤੇ ਹਜ਼ੂਰ ਨੇ ਫ਼ਰਮਾਇਆ, "ਮੂਲਿਆ ਦੇਰ ਆਇਓਂ ਦਰੁਸਤ ਆਇਓਂ ਫੇਰ ਵੀ ਸ਼ਰਨ ਪੱਕੜੀ ਏ, ਕੋਈ ਗੱਲ ਨਹੀਂ, ਗ਼ਲਤੀ ਦਾ ਖ਼ਮਿਆਜ਼ਾ ਤਾਂ ਭੋਗਣਾ ਪਵੇਗਾ। ਮਿੱਤਰਾ ਦਸਵੇਂ ਜਾਮੇ ਵਿਚ ਤੈਨੂੰ ਮੁਕਤ ਕਰਾਂਗੇ।"

ਉਹ ਗੁਰੂ ਜਿਹੜਾ ਬਾਦਸ਼ਾਹਾਂ ਨਾਲ ਟਕਰਾਂ ਲੈਂਦਾ ਸੀ, ਜਿਹੜਾ ਸ਼ੇਰਾਂ ਦਾ ਸ਼ਿਕਾਰ ਕਰਦਾ ਸੀ, ਮੇਰਾ ਬਾਜਾਂ ਵਾਲਾ ਕਲਗੀਧਰ ਪਾਤਿਸ਼ਾਹ ਅੱਜ ਖ਼ਰਗੋਸ਼ ਦੇ ਮਗਰ ਲੱਗਾ। ਹਜ਼ੂਰ ਨੇ ਵਰਜਿਆ, ਸਿੰਘੋ ਤੁਸੀਂ ਇਹਦੇ 'ਤੇ ਵਾਰ ਨਹੀਂ ਕਰਨਾ ਤੇ ਸਹਿਆ ਕਾਹਲਾ ਪਿਆ ਕਿ ਕਦੋਂ ਗੁਰੂ ਮੇਰੇ 'ਤੇ ਕ੍ਰਿਪਾ ਕਰੇ ਤੇ ਮੇਰਾ ਕਲਿਆਣ ਹੋਵੇ। ਮੇਰੇ ਕਲਗੀਧਰ ਪਾਤਿਸ਼ਾਹ ਨੇ ਕੱਸ ਕੇ ਤੀਰ ਮਾਰਿਆ। ਸਹੇ ਦੀ ਜੂਨ ਮੁੱਕ ਗਈ। ਮੂਲੇ ਦੀ ਆਤਮਾ ਨੇ ਧੰਨਵਾਦ ਕੀਤਾ। ਅੱਜ ਉਥੇ ਗੁਰਦੁਆਰਾ ਬਣਿਆ ਹੈ ਸ਼ਿਕਾਰ ਘਾਟ। ਆਪਾਂ ਕਹਿੰਦੇ ਹਾਂ ਕਿ ਗੁਰੂ ਨੇ ਸ਼ਿਕਾਰ ਕੀਤਾ ਸੀ ਤਾਂ ਸਾਨੂੰ ਮੁਰਗਾ ਮਾਰਨ ਵਿਚ ਕੀ ਫ਼ਰਕ ਪੈਂਦਾ ਹੈ ? ਗੁਰਮੁਖੋ, ਗੁਰੂ ਜੋ ਵੀ ਕਰਦਾ ਹੈ ਕਿਸੇ ਦੇ ਭਲੇ ਲਈ ਕਰਦਾ ਹੈ।

ਸਾਡੇ ਕੋਲੋਂ ਕਿਸੇ ਨੂੰ ਬਲੇਡ ਵੱਜ ਜਾਵੇ ਤਾਂ ਸਾਡੇ 'ਤੇ ਦਫਾ ਲੱਗ ਸਕਦੀ ਹੈ, ਪਰ ਇਕ ਡਾਕਟਰ ਉਸ ਨੂੰ ਅਸੀਂ ਉੱਚੇਚੇ ਤੌਰ 'ਤੇ ਪੈਸੇ ਦੇਂਦੇ ਹਾਂ ਤੇ ਕਹਿੰਦੇ ਹਾਂ, ਡਾਕਟਰ ਸਾਹਿਬ, ਅਪ੍ਰੇਸ਼ਨ ਚੰਗਾ ਕਰਿਆ ਜੇ, ਮਾਇਆ ਦਾ ਖ਼ਿਆਲ ਨਾ ਰੱਖਣਾ ਅਤੇ ਅਸੀਂ ਉਸ ਡਾਕਟਰ ਦੀ ਜੇਬ ਦੇ ਵਿਚ ੫੦ ਹਜ਼ਾਰ ਰੁਪਇਆ ਪਾ ਕੇ ਕਹਿੰਦੇ ਹਾਂ, ਤੁਹਾਡਾ ਧੰਨਵਾਦ, ਤੁਸੀਂ ਸਾਡੇ 'ਤੇ ਬੜੀ ਕ੍ਰਿਪਾ ਕੀਤੀ। ਅਸੀਂ ਜ਼ਿੰਦਗੀ ਭਰ ਭੁੱਲ ਨਹੀਂ ਸਕਦੇ। ਚੀਰਿਆ ਡਾਕਟਰ ਨੇ ਵੀ ਹੈ ਤੇ ਚੀਰਾ ਸਾਡੇ ਕੋਲੋਂ ਵੀ ਲੱਗਾ, ਪਰ ਗੁਰਮੁਖੋ ਸਾਡੇ ਚੀਰਨ ਵਿਚ ਫ਼ਰਕ ਹੈ, ਕਿਉਂਕਿ ਅਸੀਂ ਬੁਰੀ ਭਾਵਨਾ ਨਾਲ ਕਿਸੇ ਨੂੰ ਚੀਰਿਆ ਹੈ, ਡਾਕਟਰ ਨੇ ਚੀਰਿਆ ਤਾਂ ਹੈ, ਪਰ ਭਲੀ ਭਾਵਨਾ ਕਰਕੇ। ਇਸੇ ਤਰ੍ਹਾਂ ਗੁਰੂ ਜੋ ਵੀ ਕਰਦਾ ਹੈ, ਡਾਕਟਰ ਗੁਰੂ ਹੈ, ਵੈਦ ਗੁਰੂ ਹੈ, ਮਾਸਟਰ ਗੁਰੂ ਹੈ, ਇਨ੍ਹਾਂ ਦੇ ਹਰ ਕਰਨ ਵਿਚ ਕੁਝ ਭਾਵ ਹੈ, ਕੁਝ ਰਾਜ਼ ਹੈ। ਸੋ ਅਸੀਂ ਬੇਨਤੀ ਕਰੀਏ ਮਹਾਰਾਜ ਤੁਸੀਂ ਜਿਹੜਾ ਮਨੁੱਖ ਆਪਣੀ ਕਿਰਤ ਕਰਕੇ ਆਪਣੇ ਕਰਮਾਂ ਕਰਕੇ ਵਿਸਰਿਆ ਹੈ ਉਸਨੂੰ ਆਪਣੇ ਨਾਲ ਮੇਲ ਲਓ ਜੀ।

ਚਾਰਿ ਕੁੰਟ ਦਹ ਦਿਸ ਭ੍ਰਮੇ

ਚਾਰ ਗੁੱਠਾ ਉੱਤਰ, ਦੱਖਣ, ਪੂਰਬ ਤੇ ਪੱਛਮ ਦਾ ਅਰਥ ਹੁੰਦਾ ਹੈ, ਇਹ ਜਿਹੜੀਆਂ ਚਾਰ ਦਿਸ਼ਾਵਾਂ, ਚਾਰੇ ਕੋਨੇ - ਇਹ ਚਾਰ ਗੁੱਠਾਂ ਦੇ ਨਾਮ ਹਨ। ਇਹ ਬਣ ਗਏ ਅੱਠ, ਨੌਵੇਂ ਅਕਾਸ਼ ਤੇ ਦਸਵਾਂ ਧਰਤੀ। ਇਸਨੂੰ ਕਹਿੰਦੇ ਨੇ ੧੦ ਦਿਸ਼ਾਵਾਂ, ਚਾਰ ਗੁੱਠਾਂ, ੧੦ ਦਿਸ਼ਾਵਾਂ ਵਿਚ ਭਰਮ ਕੇ, ਭਟਕ ਕੇ, ਥੱਕ ਕੇ

ਥਕਿ ਆਏ ਪ੍ਰਭ ਕੀ ਸਾਮ॥

ਤੁਹਾਡੀ ਸ਼ਰਨ ਗ੍ਰਹਿਣ ਕੀਤੀ। ਸਾਮ ਕਹਿੰਦੇ ਨੇ ਸ਼ਰਨ। ਥੱਕ ਕੇ, ਅੱਕ ਕੇ ਹੁਣ

ਤੁਹਾਡੀ ਸ਼ਰਨ ਵਿਚ ਆਏ, ਕਿਉਂ ਆਏ ਹਾਂ ? ਸੁਲਤਾਨਪੁਰ ਦੇ ਭੱਟਾਂ ਨੇ ਬੜਾ ਸੁੰਦਰ ਲਿਖਿਆ ਹੈ— ਉਹ ਕਹਿੰਦੇ ਹਨ ਮਿੱਤਰੋ ! ਤੁਸੀਂ ਗੁਰੂ ਨਾਨਕ ਪਾਤਿਸ਼ਾਹ ਦੀ ਸ਼ਰਨ ਵਿਚ ਕਿਉਂ ਆਉਂਦੇ ਹੋ ? ਅਸੀਂ ਦਸਮ ਗੁਰੂ ਸਹਿਬਾਨਾਂ 'ਤੇ ਅਕੀਦਾ ਕਿਉਂ ਰੱਖਦੇ ਹਾਂ ? ਸਾਡੇ ਗੁਰੂ ਸਾਹਿਬਾਨਾਂ ਨੇ ਜੋ ਸਾਨੂੰ ਕਿਹਾ, ਉਹਦੇ ਤੇ ਪਹਿਲਾਂ ਆਪ ਚਲੇ, ਫੇਰ ਚੱਲਣ ਦੀ ਪ੍ਰੇਰਨਾ ਦਿੱਤੀ। ਸਗੋਂ ਮੇਰੇ ਮਨ ਵਿਚ ਪੜ੍ਹਦਿਆਂ-ਪੜ੍ਹਦਿਆਂ, ਪਾਠ ਕਰਦਿਆਂ-ਕਰਦਿਆਂ ਇਕ ਪੰਗਤੀ ਚੇਤੇ ਆ ਗਈ, ਕਿਸੇ ਗ੍ਰੰਥ ਦੀ। ਅਕਬਰ ਦੇ ਨੌਂ ਰਤਨਾਂ ਦੇ ਵਿਚੋਂ ਇਕ ਮਹਾਨ ਸੰਗੀਤਕਾਰ ਹੋਇਆ ਹੈ ਤਾਨਸੈਨ ਤੇ ਪੰਗਤੀ ਸੀ ਕਿ ਤਾਨਸੈਨ ਨੇ ਜਦੋਂ ਉਸਨੇ ਪੁੱਤਰ ਦੀ ਮੌਤ ਸੁਣੀ ਤਾਂ ਉਹਦੀ ਜ਼ਬਾਨ ਬੰਦ ਹੋ ਗਈ, ਲੇਕਿਨ ਗੁਰੂ ਗੋਬਿੰਦ ਸਿੰਘ ਮਹਾਰਾਜ ਦੋ ਪੁੱਤਰਾਂ ਦੀਆਂ ਲੋਥਾਂ ਕੋਲੋਂ ਦੀ ਲੰਘ ਕੇ ਆਏ ਤੇ ਉਨ੍ਹਾਂ ਮਾਛੀਵਾੜੇ ਦੇ ਜੰਗਲ ਵਿਚ ਆ ਕੇ ਸ਼ਬਦ ਪੜ੍ਹਿਆ "ਯਾਰੜੇ ਦਾ ਸਾਨੂੰ ਸਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ" ਅਸੀਂ ਤਾਂ ਗੁਰੂ ਨਾਨਕ ਨੂੰ ਗੁਰੂ ਮੰਨਦੇ ਹਾਂ। ਸਾਡਾ ਦਸਾਂ ਗੁਰੂ ਸਾਹਿਬਾਨਾਂ ਦੇ ਉਪਰ ਨਿਸ਼ਚਾ ਤਾਂ ਹੈ, ਮਹਾਰਾਜ ਤੁਹਾਡੀ ਸ਼ਰਨ ਵਿਚ ਤਾਂ ਆਏ ਹਾਂ, ਕਿਉਂਕਿ ਤੁਹਾਡੇ ਹੁੰਦਿਆਂ ਸਾਨੂੰ ਕਿਸੇ ਵੀ ਪ੍ਰਕਾਰ ਦਾ ਖ਼ਤਰਾ ਨਹੀਂ।

ਧੇਨੁ ਦੁਧੈ ਤੇ ਬਾਹਰੀ

ਉਦਾਹਰਣ ਦੇਂਦੇ ਹੋਏ ਫ਼ਰਮਾਂਦੇ ਹਨ, ਹੇ ਮਿੱਤਰੋ ! ਧੇਨੁ ਗਾਂ ਉਹ ਕਿਸ ਕੰਮ, ਜਿਹੜੀ ਦੁੱਧ ਨਾ ਦੇਵੇ।

ਕਿਤੈ ਨ ਆਵੈ ਕਾਮ ॥

ਉਹ ਗਾਂ ਕਿਸੇ ਕੰਮ ਨਹੀਂ ਆਉਂਦੀ, ਇਸੇ ਪ੍ਰਕਾਰ ਜਿਹੜੀ ਦੇਹ ਦੇ ਨਾਲ ਅਸੀਂ ਗੁਰਮੁਖੋ ਮੁਕਤੀ ਰੂਪੀ ਦੁੱਧ ਨੂੰ ਪ੍ਰਾਪਤ ਨਹੀਂ ਕਰ ਸਕਦੇ, ਇਹ ਦੇਹ ਵੀ ਕਿਸੇ ਕੰਮ ਦੀ ਨਹੀਂ।

ਜਲ ਬਿਨੁ ਸਾਖ ਕੁਮਲਾਵਤੀ

ਜਿਵੇਂ ਪਾਣੀ ਤੋਂ ਬਿਨਾਂ ਸਬਜ਼ੀ ਦੀਆਂ, ਬ੍ਰਿਛ ਦੀਆਂ ਟਾਹਣੀਆਂ ਕੁਮਲਾ ਜਾਂਦੀਆਂ ਹਨ।

ਉਪਜਹਿ ਨਾਹੀ ਦਾਮ ॥

ਜਿਹੜੀ ਫ਼ਸਲ ਪਾਣੀ ਬਿਨਾਂ ਸੁੱਕ ਗਈ ਹੋਵੇ, ਉਹਦੇ ਤੋਂ ਜ਼ਿਮੀਂਦਾਰ ਵਿਚਾਰਾ ਕੀ ਵੱਟੇਗਾ ? ਇਸੇ ਪ੍ਰਕਾਰ ਗੁਰਮੁਖੋ, ਜਿਹੜੀ ਸਾਡੀ ਦੇਹ ਹੈ ਫ਼ਸਲ ਵਰਗੀ, ਜੇ ਇਸਨੂੰ ਨਾਮ ਰੂਪੀ ਪਾਣੀ ਨਾ ਦਿੱਤਾ ਤਾਂ ਇਹ ਕੁਮਲਾ ਜਾਵੇਗੀ ਅਤੇ ਇਸਦੇ ਕੋਲੋਂ ਸਾਨੂੰ ਮੁਕਤੀ ਰੂਪੀ ਦਮੜੀ ਨਹੀਂ ਪ੍ਰਾਪਤ ਹੋਵੇਗੀ।

ਹਰਿ ਨਾਹ ਨ ਮਿਲੀਐ ਸਾਜਨੈ

ਜਿੰਨਾ ਚਿਰ ਅਸੀਂ ਆਪਣੇ ਪਤੀ ਪ੍ਰਮਾਤਮਾ ਨੂੰ ਮਿਲਦੇ ਨਹੀਂ।

ਕਤ ਪਾਈਐ ਬਿਸਰਾਮ॥

ਗੁਰੂ ਪੰਚਮ ਪਾਤਿਸ਼ਾਹ ਫ਼ੁਰਮਾਉਂਦੇ ਹਨ, ਹੇ ਮਿੱਤਰਾ। ਗੁਰੂ ਤੋਂ ਬਿਨਾਂ ਟਿਕਾਅ ਨਹੀਂ ਹੋਣਾ, "ਗੁਰ ਬਿਨ ਘੋਰ ਅੰਧਾਰ ਗੁਰ ਬਿਨ ਸਮਝ ਨਾ ਆਵੇ॥ ਗੁਰ ਬਿਨ ਸੁਰਤ ਨਾ ਸਿਧ ਗੁਰ ਬਿਨ ਮੁਕਤ ਨਾ ਪਾਵੇ।" ਗੁਰੂ ਤੋਂ ਬਿਨਾਂ ਨਾ ਹੀ ਮੁਕਤੀ ਮਿਲਦੀ ਹੈ ਤੇ ਨਾ ਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥

ਜੇ ਪਤੀਵ੍ਰਤਾ ਔਰਤ ਦਾ ਪਤੀ ਉਸਦੇ ਕੋਲ ਨਾ ਹੋਵੇ ਤਾਂ ਉਸਨੂੰ ਘਰ ਵੱਢ-ਵੱਢ ਖਾਂਦਾ ਹੈ, ਉਸਨੂੰ ਘਰ ਚੰਗਾ ਨਹੀਂ ਲੱਗਦਾ, ਉਸਦਾ ਮਨ ਕਲਪਦਾ ਤੇ ਸੜਦਾ ਹੈ। ਇਸੇ ਪ੍ਰਕਾਰ ਸਾਡਾ ਸਰੀਰ ਇਕ ਘਰ ਹੈ, ਜਿਹੜੀ ਜੀਵ ਆਤਮਾ ਹੈ, ਇਹ ਹੈ ਪਤਨੀ ਅਤੇ ਉਹ ਪਰੀਪੂਰਨ ਪਰਮਾਤਮਾ ਜਿਹੜਾ ਹੈ, ਉਹ ਪਤੀ ਹੈ। ਐ ਗੁਰਮੁਖਾ, ਐ ਸਿੱਖਾ, ਐ ਮੇਰੀ ਭੈਣੇ, ਜੇ ਸਰੀਰ ਰੂਪੀ ਘਰ ਵਿਚ ਤੈਨੂੰ ਪਤੀ ਪਰਮਾਤਮਾ ਦੀ ਪ੍ਰਾਪਤੀ ਨਹੀਂ, ਫੇਰ ਕਾਮ, ਕ੍ਰੋਧ, ਲੋਭ ਦਾ ਸਾੜਾ ਪੈਂਦਾ ਰਹੇਗਾ, ਟਿਕਾਅ ਨਹੀਂ ਆਵੇਗਾ।

ਸਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥

ਅੱਜ-ਕੱਲ੍ਹ ਦੇ ਜ਼ਮਾਨੇ ਵਿਚ ਗੁਰਮੁਖੋ ਕਥਾ ਕਰਨੀ ਤੇ ਇਹਦੇ ਅਰਥਾਂ ਨੂੰ ਸਮਝਣਾ ਬੜਾ ਔਖਾ ਹੋ ਗਿਆ ਹੈ। ਉਪਰੋਕਤ ਪੰਗਤੀ ਦਾ ਅਰਥ ਇਹ ਹੈ:

ਖਾਮ ਕਹਿੰਦੇ ਨੇ ਕੱਚਿਆਂ ਨੂੰ, ਸੀਗਾਰ ਤੰਬੋਲ ਦਾ ਅਰਥ ਹੈ—ਪਾਨ ਖਾਣਾ। ਜਿਹੜੀਆਂ ਪੂਰਬ ਦੀਆਂ ਔਰਤਾਂ ਹਨ ਉਹਦੇ ਸ਼ਿੰਗਾਰਾਂ ਦੇ ਵਿਚ ਇਕ ਸ਼ਿੰਗਾਰ ਇਹ ਵੀ ਹੈ। ਉਹ ਔਰਤਾਂ ਆਪਣੇ ਪਤੀ ਦੀ ਖ਼ੁਸ਼ੀ ਲਈ ਮਿੱਠਾ ਪਾਨ ਖਾਂਦੀਆਂ ਹਨ, ਉਸਨੂੰ ਕਹਿੰਦੇ ਨੇ ਤੰਬੋਲ। ਕਥਾ ਇਕ ਇਹੋ ਜਿਹਾ ਵਿਸ਼ਾ ਹੈ ਕਿ ਸਾਨੂੰ ਹਰ subject ਬੜਾ ਬਰੀਕੀ ਨਾਲ ਪੜ੍ਹਨਾ ਪੈਂਦਾ ਹੈ। ਭਾਵੇਂ ਉਹ ਕੰਮ ਆਵੇ ਭਾਵੇਂ ਨਾ ਆਵੇ। ਹੁਣ ਵੇਖੋ ਕਿ ਕਥਾ ਕਰਨੀ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੀ ਬਾਣੀ ਦੀ ਅਤੇ ਗੁਰੂ ਇਤਿਹਾਸ ਦੀ। ਲੇਕਿਨ ਕਥਾਵਾਚਕ ਨੂੰ ਇਹ ਵੀ ਪੜ੍ਹਨਾ ਪੈਂਦਾ ਹੈ, ਕੰਠ ਕਰਨਾ ਪੈਂਦਾ ਹੈ ਕਿ ਸ਼ਿੰਗਾਰ ਕਿੰਨੀ ਕਿਸਮ ਦੇ ਹਨ:-

ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥

(ਪੰਨਾ ੧੩੬੧)

ਗੁਰੂ ਪੰਜਵੇਂ ਪਾਤਿਸ਼ਾਹ ਦਾ ਸ਼ਬਦ ਆਉਂਦਾ ਹੈ ਜੋ ਕਿ ਉਹਨਾਂ ਨੇ ਮਉ ਪਿੰਡ ਵਿਚ ਉਚਾਰਣ ਕੀਤਾ, 'ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥' ਔਰਤ ਨੇ ਸੋਲਾਂ ਸ਼ਿੰਗਾਰ ਕੀਤੇ ਤੇ ਅੱਖਾਂ ਵਿਚ ਸੁਰਮਾ ਪਾਇਆ। ਸੋਲਾਂ ਸ਼ਿੰਗਾਰ ਕਿਹੜੇ ਹਨ—ਤਿੰਨ ਕਾਲੇ, ਦੋ ਚੀਕਨੇ, ਔਰਤ ਦੇ ਤਿੰਨ ਅੰਗ ਕਾਲੇ ਹੋਣ, ਦੋ ਚੀਕਨੇ ਹੋਣ, ਪਤਲੇ ਪੰਜ ਪ੍ਰਕਾਰ ਪੰਜ ਅੰਗ ਪਤਲੇ ਹੋਣ, ਚਾਰ ਅੰਗ ਸਖਤ, ਦੋ ਬਹੁਤ ਕਰੜੇ ਹੋਣ। ਇਹ ਸੋਲਾਂ ਸ਼ਿੰਗਾਰ ਪਰਮਾਤਮਾ

ਨੇ ਔਰਤ ਦੇ ਸਰੀਰ ਵਿਚ ਪੈਦਾ ਕੀਤੇ। ਇਸੇ ਪ੍ਰਕਾਰ ਇਸਦਾ ਅਰਥ ਇਹ ਹੈ ਕਿ ਭਾਵੇਂ ਔਰਤ ਨੇ ਸੋਲਾਂ ਸ਼ਿੰਗਾਰ ਕੀਤੇ ਹਨ, ਉਸਨੇ ਮਿੱਠਾ ਪਾਨ ਵੀ ਖਾਧਾ ਹੈ, ਪਰ ਜੇ ਪਤੀ ਪ੍ਰਦੇਸ਼ ਵਿਚ ਤੇ ਸ਼ਿੰਗਾਰ ਲੋਕਾਂ ਦੀਆਂ ਉਂਗਲਾਂ ਦਾ ਕਾਰਨ ਬਣ ਜਾਏ, ਉਹ ਸ਼ਿੰਗਾਰ ਦੁਖਦਾਈ ਹੈ। ਲੋਕਾਂ ਨੇ ਕਹਿਣਾ ਹੈ— ਪਤੀ ਪ੍ਰਦੇਸ਼ ਵਿਚ ਹੈ, ਸ਼ਿੰਗਾਰ ਕਰੀ ਬੈਠੀ ਹੈ, ਕਾਹਦੇ ਲਈ ਕੀਤਾ ਹੈ ?

ਹੁਣ ਤਾਂ ਪਤਾ ਨਹੀਂ ਲੱਗਦਾ ਕੁਆਰੀਆਂ ਵੀ ਸ਼ਿੰਗਾਰ ਕਰਦੀਆਂ ਹਨ। ਸ਼ਿੰਗਾਰ ਦਾ ਸੰਬੰਧ ਕੇਵਲ ਤੇ ਕੇਵਲ ਪਤੀ ਨਾਲ ਹੁੰਦਾ ਹੈ। ਮੇਰੇ ਨਾਲੋਂ ਕਈ ਵਡੇਰੀ ਉਮਰ ਦੇ ਬੈਠੇ ਹੋਣਗੇ, ਮੇਰੀਆਂ ਬੀਬੀਆਂ, ਭੈਣਾਂ ਵਿਚ ਮੇਰੇ ਨਾਲੋਂ ਵਡੇਰੀ ਉਮਰ ਦੀਆਂ ਹੋਣਗੀਆਂ। ਅੱਗੇ ਪਤਾ ਚਲਦਾ ਸੀ ਕਿ ਬੀਬੀ ਦੇ ਪੇਕੇ ਕਿਥੇ ਹਨ, ਹੁਣ ਪਤਾ ਨਹੀਂ ਚਲਦਾ, ਕਿਹੜੀ ਬੀਬੀ ਫਿਰਦੀ ਏ ਪੇਕਿਆਂ ਵਾਲੀ, ਸੋਹਰਿਆਂ ਵਾਲੀ। ਕਈ ਵੇਲੇ ਜਦੋਂ ਮੈਂ ਪੇਕਿਆਂ ਦੇ ਘਰ ਬੀਬੀਆਂ ਦਾ ਸ਼ਿੰਗਾਰ ਵੇਖਦਾਂ, ਮੈਨੂੰ ਖੁਦ ਸ਼ਰਮ ਆਉਂਦੀ ਹੈ ਕਿ ਬੀਬੀ ਦੀ ਸੋਚ ਕਿੰਨੀ ਘਟੀਆ ਹੈ। ਇਹਦਾ ਪਤੀ ਇਹਦੇ ਕੋਲ ਨਹੀਂ, ਇਹ ਸ਼ਿੰਗਾਰ ਕਿਸ ਨੂੰ ਕਰਕੇ ਵਿਖਾਉਂਦੀਆਂ ਹਨ। ਸ਼ਿੰਗਾਰ ਦੀ ਕੋਈ ਨਾ ਕੋਈ ਜਗ੍ਹਾ ਹੈ। ਸ਼ਿੰਗਾਰ ਦਾ ਸੰਬੰਧ ਕੇਵਲ ਤੇ ਕੇਵਲ ਪਤੀ ਨਾਲ ਹੈ, ਪੇਕਿਆਂ ਦੇ ਘਰ। ਇਕ ਮੈਂ ਸਾਦੀ ਜਿਹੀ ਉਦਾਹਰਣ ਦੇਵਾਂ ਕਿ ਜਿਹੜਾ ਗਲ ਵਿਚ ਗਹਿਣਾ ਪਾਇਆ ਜਾਂਦਾ ਹੈ, ਇਹ ਇਕ ਚਿੰਨ੍ਹ ਹੁੰਦਾ ਸੀ। ਵਿਆਹੀਆਂ ਹੋਈਆਂ ਬੱਚੀਆਂ ਬੀਬੀਆਂ ਬੇਸ਼ਕ ਜਿੰਨੇ ਮਰਜ਼ੀ ਗਹਿਣੇ ਪਾਉਣ, ਪਰ ਕੁਆਰੀ ਕਦੇ ਗਲੇ ਵਿਚ ਇਹ ਗਹਿਣਾ ਨਹੀਂ ਸੀ ਪਾਉਂਦੀ। ਹੁਣ ਤਾਂ ਭਰਜਾਈ ਨੂੰ ਭਾਵੇਂ ਮਿਲੇ ਭਾਵੇਂ ਨਾ ਮਿਲੇ, ਨਨਾਣ ਕਹਿੰਦੀ ਹੈ ਕਿ ਮੈਂ ਤਾਂ ਪਾਉਣਾ ਭਰਜਾਈ ਤੋਂ ਪਹਿਲਾਂ, ਮੈਨੂੰ ਬਣਾ ਕੇ ਦੇਵੋ। ਸੋ ਕਹਿੰਦੇ ਹਨ, ਉਸ ਪਰਮਾਤਮ ਤੋਂ ਬਿਨਾਂ ਜਿਹੜੇ ਕਰਮ ਕਾਂਡ ਰੂਪੀ ਸ਼ਿੰਗਾਰ ਨੇ ਕਿਸੇ ਕੰਮ ਨਹੀਂ ਆਉਂਦੇ।

ਪ੍ਰਭ ਸੁਆਮੀ ਕੰਤ ਵਿਹੂਣੀਆ

ਅਤੇ ਪਰਮਾਤਮਾ ਨੂੰ ਮਿਲਣ ਲਈ ਇਹ ਦੁਨਿਆਵੀ ਗੱਲਾਂ ਨਹੀਂ। ਗੁਰੂ ਪੰਚਮ ਪਾਤਿਸ਼ਾਹ ਫ਼ੁਰਮਾਉਂਦੇ ਹਨ— ਬੀਬੀਓ ਭੈਣੋਂ ਕਿਤੇ ਗੁੱਸਾ ਨਾ ਮੰਨ ਜਾਇਓ, ਮੈਂ ਤਾਂ ਪ੍ਰਭੂ ਪਰਮਾਤਮਾ ਦੀ ਗੱਲ ਕਰਦਾ ਹਾਂ। 'ਪ੍ਰਭੂ ਸੁਆਮੀ ਕੰਤ ਵਿਹੂਣੀਆ' ਪਰਮਾਤਮਾ ਰੂਪੀ ਪਤੀ ਤੋਂ ਬਿਨਾਂ,

ਮੀਤ ਸੱਜਣ ਸਭਿ ਜਾਮ॥

ਬਾਕੀ ਦੇ ਜਿੰਨੇ ਵੀ ਮੀਤ ਸੱਜਣ ਨੇ, ਜਮ ਰੂਪ ਹਨ, ਜੇ ਪਤੀ ਕੋਲ ਨਹੀਂ ਤਾਂ -

ਨਾਨਕ ਕੀ ਬੇਨੰਤੀਆ

ਪਰ ਕੇਵਲ ਬੇਨਤੀ ਕਰਦੇ ਹਾਂ,

ਕਰਿ ਕਿਰਪਾ ਦੀਜੈ ਨਾਮੁ॥

ਸਾਡੇ 'ਤੇ ਮਿਹਰ ਕਰ, ਸਾਨੂੰ ਨਾਮ ਦੀ ਖ਼ੈਰ ਪਾਉ ਜੀ।

ਹਰਿ ਮੇਲਹੁ ਸੁਆਮੀ ਸੰਗਿ ਪ੍ਰਭ

ਅੱਜ ਨਵੇਂ ਸਾਲ ਦੇ ਦਿਨ ਹੇ ਪਰਮਾਤਮਾ ਸਾਨੂੰ ਆਪਣੇ ਨਾਲ ਮਿਲਾਉ ਜੀ।

ਹੇ ਵਾਹਿਗੁਰੂ ! ਸਾਨੂੰ ਆਪਣੇ ਨਾਲ ਜੋੜੋ। ਕਿਹੜੇ ਪਰਮਾਤਮਾ ਦੀ ਗੱਲ ਕਰਦੇ ਹਾਂ :

ਜਿਸ ਕਾ ਨਿਹਚਲ ਧਾਮ॥੧॥

ਗੁਰਮੁਖ ਪਿਆਰਿਉ, ਜਿਹੜਾ ਡੋਲਦਾ ਨਹੀਂ, ਜਿਹੜਾ ਬਦਲਦਾ ਨਹੀਂ।

ਇਕ ਬਹੁਤ ਵੱਡਾ ਵੈਦ ਸੀ ਤੇ ਸਾਡੀਆਂ ਬੀਬੀਆਂ ਭੈਣਾਂ ਆ ਕੇ ਇਹਦੇ ਕੋਲੋਂ ਨਾਮ ਸੁਣਦੀਆਂ ਸਨ। ਅੱਜ ਮੇਰੇ ਨਾਲ ਵੀ ਇਹ ਦਾਅ ਲੱਗਾ। ਸਵੇਰੇ ਮੈਂ ਚਾਹ ਪੀਣ ਲੱਗਾ ਤਾਂ ਮੈਨੂੰ ਸਿੰਘਣੀ ਕਹਿਣ ਲੱਗੀ, ਸਿੰਘ ਸਾਹਿਬ ਜੀ ਅੱਜ ਮਹੀਨਾ ਕਿਹੜਾ ਚੜ੍ਹਿਐ ? ਜਦੋਂ ਮੈਂ ਬੋਲਿਆ ਨਾ ਮੁੜਕੇ ਮੈਂ ਵੀ ਸਮਝ ਗਿਆ ਕਿ ਮੈਂ ਵੀ ਅੱਜ ਬੁੱਧੂ ਬਣ ਗਿਆ। ਫਿਰ ਇਹਨੇ ਮੈਨੂੰ ਸਕੀਮ ਨਾਲ ਪੁੱਛਿਆ ਇਹ ਗੁਰਮਤਿ ਨਹੀਂ ਆਦਮੀ ਦੇ ਕੋਲੋਂ ਮਹੀਨਾ ਸੁਣੋ। ਆਦਮੀ ਢਾਈ ਢਾਈ ਕਿਲੋ ਲਾਹਨ ਪੀ ਜਾਵੇ ਤੇ ਔਰਤ ਰੋਜ਼ਾਨਾ ਗੁਰਦੁਆਰੇ ਝਾੜੂ ਮਾਰੇ। ਮਰਦਾਂ ਨਾਲੋਂ ਔਰਤ ਚੰਗੀ ਜੇ। ਚਮੜੀ ਦੀ ਰਗ ਨਾ ਬਣਿਆ ਕਰੋ, ਭਈ ਆਦਮੀ ਚੰਗਾ ਉਹ ਜਿਸਦੇ ਕੋਲ ਚੰਗਿਆਈ ਹੈ, ਭਾਵੇਂ ਉਹ ਛੋਟਾ ਹੋਵੇ ਭਾਵੇਂ ਵੱਡਾ। ਜਦੋਂ ਅੱਠਵੇਂ ਪਾਤਿਸ਼ਾਹ ਨੂੰ ਗੱਦੀ ਮਿਲੀ ਸੀ, ਉਦੋਂ ਧੀਰ ਮੱਲ ਜਿਉਂਦਾ ਸੀ ਪਰ ਵੱਡਾ ਸੀ, ਪੱਲੇ ਕੱਖ ਨਹੀਂ ਸੀ। ਅੱਠਵੇਂ ਪਾਤਿਸ਼ਾਹ ੫ ਸਾਲ ਦੇ ਗੱਦੀ 'ਤੇ ਬੈਠੇ, ਉਹਨਾਂ ਕੋਲ ਚੰਗਿਆਈ ਸੀ। ਸੋ ਸੱਤਵੇਂ ਪਾਤਿਸ਼ਾਹ ਮਹਾਰਾਜ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਦੀ ਚੰਗਿਆਈ ਕਰਕੇ ਚੋਣ ਕੀਤੀ। ਹੋਰ ਰਿਸ਼ਤੇਦਾਰ ਸਾਕ ਸੰਬੰਧੀ ਹੋਣਗੇ ਪਰ ਅੱਠਵੇਂ ਪਾਤਿਸ਼ਾਹ ਨੇ ਆਪਣੇ ਬਾਬੇ ਦੀ ਚੋਣ ਕੀਤੀ, ਭਰਾ ਦੀ ਚੋਣ ਨਹੀਂ ਕੀਤੀ। ਗੁਰਦੇਵ ਫ਼ੁਰਮਾਉਂਦੇ ਹਨ :

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥

ਗੁਰਮੁਖਾ ! ਚੇਤ ਦਾ ਮਹੀਨਾ ਚੇਤੇ ਕਰ। ਕੀ ਕਰਾਂ? ਗੋਬਿੰਦ ਨੂੰ ਚੇਤੇ ਕਰ, ਇਹਦੇ ਨਾਮ ਤੋਂ ਬਿਨਾਂ ਕੀ ਤੈਨੂੰ ਬਹੁਤਾ ਅਨੰਦ ਮਿਲੇਗਾ? ਕਿਸੇ ਨੂੰ ਵਿਸ਼ਿਆਂ ਦਾ ਅਨੰਦ ਪਰ ਇਹ ਸੰਸਾਰੀ ਸੋਚ ਹੈ। ਇਕ ਗ੍ਰੰਥ ਵਿਚਾਰ ਵਾਲਾ, ਉਹਦੇ ਵਿਚ ਲਿਖਿਆ ਹੈ ਕਿ ਵਿਸ਼ਿਆਂ ਦਾ ਅਨੰਦ ਸੰਸਾਰ ਹੈ। ਸੰਸਾਰ ਵਿਸ਼ਿਆਂ ਦੇ ਅਨੰਦ ਵਿਚ ਗਲਤਾਨ ਹੈ, ਇਹਦੇ ਵਿਚ ਪ੍ਰਪੱਕ ਹੈ, ਪਰ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਹਨ, ਉਹਨਾਂ ਨੂੰ ਬ੍ਰਹਮ ਅਨੰਦ ਹੈ। ਉਹ ਅਨੰਦ ਸਭ ਤੋਂ ਮਹਾਨ ਹੈ। ਇਹ ਬ੍ਰਹਮ ਅਨੰਦ ਕੀ ਹੁੰਦਾ ਹੈ? ਅਨੰਦ ਘਣਾ ਕੀ ਹੋਇਆ ? ਗੁਰਮੁਖੋ ! ਜਿਹੜਾ ਗਲਾਸ ਦਾ ਪਾਣੀ ਹੈ ਨਾ ਉਹ ਮੁੱਕ ਜਾਂਦਾ ਹੈ, ਉਹ ਡੁੱਲ੍ਹ ਜਾਂਦਾ ਹੈ, ਲੇਕਿਨ

ਸਮੁੰਦਰ ਦਾ ਪਾਣੀ ਨਾ ਡੁੱਲ੍ਹਦਾ ਹੈ ਤੇ ਨਾ ਮੁੱਕਦਾ ਹੈ। ਜਿਹੜੇ ਦੁਨੀਆਂ ਦੇ ਅਨੰਦ ਹਨ ਇਹ ਪਾਣੀ ਦੇ ਗਲਾਸ ਦੀ ਤਰ੍ਹਾਂ ਸੀਮਤ ਹਨ, ਅੱਜ ਅਨੰਦ ਹੈ, ਕੱਲ੍ਹ ਨਹੀਂ, ਅੱਜ ਖ਼ੁਸ਼ੀ ਹੈ ਕਲ੍ਹ ਗ਼ਮੀ ਹੈ, ਅਨੰਦ ਨਹੀਂ, ਲੇਕਿਨ ਜਿਹੜਾ ਪਰਮਾਤਮਾ ਦੀ ਪ੍ਰਾਪਤੀ ਦਾ ਅਨੰਦ ਹੈ, ਇਹ ਗੁਰਮੁਖ ਪਿਆਰਿਓ ! ਸਮੁੰਦਰ ਦੀ ਤਰ੍ਹਾਂ ਮੁੱਕਦਾ ਨਹੀਂ। ਇਸ ਕਰਕੇ ਮੇਰੇ ਪਾਤਿਸ਼ਾਹ ਫ਼ੁਰਮਾਉਂਦੇ ਹਨ :

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥

ਹੇ ਗੁਰਮੁਖਾ ! ਪਰਮਾਤਮਾ ਨੂੰ ਚੇਤੇ ਕਰੇਂਗਾ, ਤੈਨੂੰ ਬਹੁਤਾ ਹੀ ਅਨੰਦ ਮਿਲੇਗਾ।

ਸੰਤ ਜਨਾ ਮਿਲਿ ਪਾਈਐ

ਪ੍ਰੇਮਸ਼ਰ ਦੇ ਪਿਆਰਿਆਂ ਨਾਲ ਮਿਲ ਕੇ ਇਸ ਅਨੰਦ ਨੂੰ ਪ੍ਰਾਪਤ ਕਰ। ਇਹ ਅਨੰਦ ਮਿਲਦਾ ਕਿਸ ਢੰਗ ਨਾਲ ਹੈ ? ਪੈਸਿਆਂ ਨਾਲ ਮਿਲੇਗਾ, ਯੱਗ ਕੀਤਿਆਂ ਮਿਲੇਗਾ ਜਾਂ ਹਵਨ ਕਰਦਿਆਂ ਮਿਲੇਗਾ ? ਨਹੀਂ :

ਰਸਨਾ ਨਾਮੁ ਭਣਾ ॥

ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ: ਆਪਣੀ ਰਸਨਾ ਨਾਲ ਬੋਲਣ ਕਰਕੇ। ਭਣਾ ਦਾ ਅਰਥ ਹੁੰਦਾ ਹੈ ਬੋਲਣਾ, 'ਰਸਨਾ ਨਾਮੁ ਭਣਾ'। ਆਪਣੀ ਜ਼ੁਬਾਨ ਨਾਲ ਪਰਮਾਤਮਾ ਦਾ ਨਾਂ ਲੈ, ਕਿੰਨੀ ਵੇਰਾਂ ਲਈਏ ? ਹਜ਼ੂਰ ਫ਼ੁਰਮਾਉਂਦੇ ਹਨ, ਬੋਲਹੁ ਰਾਮ ਨਾਮ ਲੱਖ ਵਾਰੀ, ਇਕ ਦੋ ਵੇਰਾਂ ਬੋਲਣ ਨਾਲ ਨਹੀਂ ਬਣਨੀ। ਇਸ ਪਰਮਾਤਮਾ ਦੇ ਨਾਮ ਨੂੰ ਲੱਖਾਂ ਵਾਰੀ ਬੋਲ, ਸੰਤਾਂ ਨਾਲ ਮਿਲਣ ਕਰਕੇ ਰਸਨਾ ਤੋਂ ਪਰਮਾਤਮਾ ਦੇ ਨਾਮ ਨੂੰ ਉਚਾਰਿਆ ਕਰ।

ਜਿਨਿ ਪਾਇਆ ਪ੍ਰਭੁ ਆਪਣਾ

ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਉਸ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ ਹੈ।

ਆਏ ਤਿਸਹਿ ਗਣਾ ॥

ਹਜ਼ੂਰ ਫ਼ੁਰਮਾਉਂਦੇ ਹਨ, ਗੁਰਮੁਖੋ ਕੇਵਲ ਆਪਣੇ ਆਪ ਨੂੰ ਗਿਣੀ ਚੱਲੋ, ਮੈਂ ਕੁਝ ਹਾਂ। ਉਹ ਗਿਣਤੀ ਵਿਚ ਨਹੀਂ, ਜਿਨ੍ਹਾਂ ਨੇ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ।

ਇਕੁ ਖਿਨੁ ਤਿਸੁ ਬਿਨੁ ਜੀਵਣਾ

ਇਕ ਤਾਂ ਗੁਰੂ ਦੀ ਮੱਤ 'ਤੇ ਚਲਣਾ ਹੈ। ਹਜ਼ੂਰ ਫ਼ੁਰਮਾਉਂਦੇ ਹਨ ਕਿ ਪ੍ਰਮਾਤਮਾ ਨਾਲੋਂ ਜਿਹੜਾ ਇਕ ਖਿਨ ਵੀ ਟੁੱਟਦਾ ਹੈ,

ਬਿਰਥਾ ਜਨਮੁ ਜਣਾ ॥

ਹੇ ਭਾਈ ਗੁਰਮੁਖਾ ! ਉਸਦਾ ਜੀਵਨ ਐਵੇਂ ਚਲਾ ਜਾਂਦਾ ਹੈ। ਸਾਨੂੰ ਤਾਂ ਜ਼ਿੰਦਗੀ ਭਰ

ਕਿਤੇ ਪਰਮਾਤਮਾ ਚੇਤੇ ਹੀ ਨਹੀਂ ਆਉਂਦਾ। ਗੁਰੂ ਪੰਚਮ ਪਾਤਿਸ਼ਾਹ ਜੀ ਫ਼ੁਰਮਾਉਂਦੇ ਹਨ ਕਿ ਇਕੁ ਖਿਨੁ ਵੀ ਪਰਮਾਤਮਾ ਭੁੱਲ ਜਾਵੇ ਤਾਂ ਮਿੱਤਰਾ ਤੇਰਾ ਜਨਮ ਐਵੇਂ ਚਲਾ ਗਿਆ 'ਇਕੁ ਖਿਨੁ ਤਿਸੁ ਬਿਨ ਜੀਵਣਾ' ਅੱਖ ਦੇ ਝਮੱਕੇ ਜਿੰਨਾ ਵੀ ਗੁਰਮੁਖੋ ਪਰਮਾਤਮਾ ਨੂੰ ਭੁੱਲ ਜਾਓ ਤਾਂ ਕੀ ਪਤਾ ਤੇਰੀ ਉਦੋਂ ਹੀ ਜਿੰਦ ਨਿਕਲ ਜਾਵੇ, ਇਹ ਤੇਰੇ ਵੱਸ ਵਿਚ ਤਾਂ ਨਹੀਂ ਨਾ, ਇਸ ਕਰਕੇ ਪਰਮਾਤਮਾ ਦੇ ਨਾਲੋਂ ਟੁੱਟ ਕੇ ਰਹਿਣ ਵਾਲੇ ਦਾ ਜਨਮ ਨਿਸਫਲ ਹੈ, ਬੇਮਾਇਨਾ ਹੈ, ਬੇਮਕਸਦ ਹੈ, ਉਹ ਕਿਸੇ ਗਿਣਤੀ ਵਿਚ ਨਹੀਂ।

ਜਲਿ ਥਲਿ ਮਹੀਅਲਿ ਪੂਰਿਆ

ਪਰਮਾਤਮਾ ਰਹਿੰਦਾ ਕਿੱਥੇ ਹੈ ? ਹਜ਼ੂਰ ਫ਼ੁਰਮਾਉਂਦੇ ਹਨ, ਉਹ ਪਾਣੀ ਵਿਚ ਵੀ ਹੈ, ਉਹ ਆਕਾਸ਼ ਵਿਚ ਵੀ ਹੈ, ਉਹ ਧਰਤੀ ਦੇ ਵਿਚ ਵੀ ਹੈ, ਭਾਵ ਕਿ ਕੋਈ ਜਗ੍ਹਾ ਨਹੀਂ, ਜਿਥੇ ਪਰਮਾਤਮਾ ਨਾ ਹੋਵੇ। ਸੁਆਮੀ ਵਿਵੇਕਾਨੰਦ ਮਹਾਨ ਸੰਤ ਹੋਏ ਹਨ, ਉਹਨਾਂ ਨੇ ਆਪਣੇ ਗੁਰੂ ਕੋਲੋਂ ਮੱਤ ਲਈ ਤੇ ਗੁਰੂ ਨੇ ਵੇਖਿਆ ਕਿ ਮੈਂ ਆਪਣੇ ਚੇਲਿਆਂ ਦੀ ਪਰਖ ਕਰਾਂ ਕਿ ਮੇਰੀ ਸਿੱਖਿਆ ਨੂੰ ਕਿਨ੍ਹਾਂ-ਕਿਨ੍ਹਾਂ ਨੇ ਪੱਲੇ ਬੱਧਾ ਹੈ। ਉਹਨਾਂ ਕਬੂਤਰ ਵਾਲੇ ਕੋਲੋਂ ਕਬੂਤਰ ਲੈ ਲਏ ਤੇ ਚੇਲੇ ਨੂੰ ਕਹਿਣ ਲੱਗੇ, ਕਾਕਾ ਮੈਨੂੰ ਲਕਵੇ ਦੀ ਸ਼ਿਕਾਇਤ ਹੈ, ਕਿਸੇ ਨੇ ਆਖਿਆ ਹੈ ਕਿ ਕਬੂਤਰ ਮਾਰ ਕੇ ਖਾਵੇਂ, ਤੇਰੇ ਅੰਦਰ ਗਰਮੀ ਪੈਦਾ ਹੋਵੇਗੀ, ਤੇਰੀ ਸ਼ਿਕਾਇਤ ਘੱਟ ਜਾਵੇਗੀ, ਤੇ ਤੁਸੀਂ ਇਉਂ ਕਰੋ ਇਹ ਕਬੂਤਰ ਮਾਰ ਕੇ ਲਿਆਉ ਤੇ ਮਾਰਨਾ ਉਥੇ, ਜਿਥੇ ਕੋਈ ਵੇਖੇ ਨਾ। ਉਸਨੇ ਪਰਖ ਕਰਨੀ ਸੀ ਢੰਗ ਨਾਲ, ਉਹ ਕਮਲੇ ਚੇਲੇ ਚਲੇ ਗਏ। ਹਰੇਕ ਨੇ ਸੰਜਿਉਂ ਖੱਬਿਉਂ ਕਬੂਤਰ ਮਰੋੜ ਲਏ ਤੇ ਸੁਆਮੀ ਵਿਵੇਕਾਨੰਦ ਜਿਥੋਂ ਬੀਬੀਆਂ ਭੈਣਾਂ ਲਾਲ ਮਿੱਟੀ ਪੁੱਟਦੀਆਂ ਨੇ ਨਾ ਟੋਏ ਵਿਚ ਜਾ ਕੇ ਬੈਠ ਗਏ, ਇਥੇ ਕੋਈ ਨਹੀਂ ਵੇਖਦਾ। ਕਬੂਤਰ ਨੂੰ ਫੜਿਆ ਤੇ ਕਹਿਣ ਲੱਗੇ ਕਿ ਗੁਰਦੇਵ ਕਹਿੰਦੇ ਹਨ, ਪਰਮਾਤਮਾ ਹਰ ਥਾਂ 'ਤੇ ਹੈ ਤੇ ਨਾਲੇ ਜਿਥੇ ਕੋਈ ਵੇਖੇ ਨਾ, ਤੂੰ ਉਥੇ ਜਾ ਕੇ ਮਾਰੀਂ। ਪਹਿਲੀ ਗੱਲ ਤਾਂ ਕਬੂਤਰ ਮੇਰੇ ਵੱਲ ਦੇਖਦਾ ਹੈ, ਦੂਜਾ ਕਬੂਤਰ ਵੱਲ ਮੈਂ ਦੇਖਦਾ ਹਾਂ, ਤੀਜਾ ਸੁਆਮੀ ਜੀ ਨੇ ਆਖਿਆ ਸੀ ਕਿ ਪਰਮਾਤਮਾ ਹਰ ਥਾਂ 'ਤੇ ਵੇਖਦਾ ਹੈ। ਤਿੰਨ ਜਣੇ ਵੇਖਦੇ ਹਨ, ਮੈਂ ਕਬੂਤਰ ਕਿਵੇਂ ਮਾਰਾਂ ? ਕਬੂਤਰ ਲੈ ਕੇ ਵਾਪਸ ਆ ਗਿਆ। ਗੁਰੂ ਕਹਿਣ ਲੱਗੇ, ਪੁੱਤਰ ਤੂੰ ਕਿਉਂ ਨਹੀਂ ਮਾਰਿਆ ? ਕਹਿਣ ਲੱਗਾ, ਤੁਸਾਂ ਕਿਹਾ ਸੀ, ਜਿਥੇ ਕੋਈ ਵੇਖੇ ਨਾ, ਉਥੇ ਤਾਂ ਕਬੂਤਰ ਨੂੰ ਮੈਂ ਵੇਖਦਾ ਸਾਂ, ਪਰਮਾਤਮਾ ਵੇਖਦਾ ਸੀ। ਗੁਰੂ ਨੇ ਘੁੱਟ ਕੇ ਛਾਤੀ ਨਾਲ ਲਾ ਲਿਆ। ਪੁੱਤਰਾ, ਤੂੰ ਸਮਝਿਆ ਹੈ ਮੇਰੇ ਉਪਦੇਸ਼ ਨੂੰ ਕਿ ਐਸੀ ਕੋਈ ਜਗ੍ਹਾ ਨਹੀਂ, ਜਿੱਥੇ ਪਰਮਾਤਮਾ ਨਾ ਵੇਖਦਾ ਹੋਵੇ।

ਰਵਿਆ ਵਿਚ ਵਣਾ ॥

ਜਿੰਨੀ ਬਨਸਪਤੀ ਜੰਗਲ ਵਿਚ ਹੈ, ਇਹਦੇ ਵਿਚ ਵੀ ਪਰਮਾਤਮਾ ਹੈ।

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥

ਗੁਰੂ ਪੰਚਮ ਪਾਤਿਸ਼ਾਹ ਫ਼ੁਰਮਾਉਂਦੇ ਹਨ, ਜਿਸ ਮਨੁੱਖ ਨੂੰ ਪਰਮਾਤਮਾ ਚੇਤੇ ਨਹੀਂ ਆਉਂਦਾ, ਉਸ ਵੇਲੇ ਮੇਰੇ ਮਨ ਨੂੰ ਜਿਹੜਾ ਦੁੱਖ ਹੁੰਦਾ ਹੈ, ਬੋਲ ਕੇ ਨਹੀਂ ਦੱਸ ਸਕਦਾ। ਜਦੋਂ ਮੈਨੂੰ ਪਰਮਾਤਮਾ ਦਾ ਨਾਮ ਭੁੱਲ ਜਾਏ ਤਾਂ ਮੇਰਾ ਮਨ ਇੰਨਾ ਅਸ਼ਾਂਤ ਹੁੰਦਾ ਹੈ, ਇੰਨਾ ਦੁਖੀ ਹੁੰਦਾ ਹੈ ਕਿ ਮੈਂ ਉਹਨੂੰ ਅੱਖਰਾਂ ਵਿਚ ਬਿਆਨ ਨਹੀਂ ਕਰ ਸਕਦਾ, ਕਹਿ ਨਹੀਂ ਸਕਦਾ।

ਜਿਨੀ ਗਾਵਿਆ ਸੋ ਪ੍ਰਭੂ ਤਿਨਾ ਭਾਗੁ ਮਣਾ ॥

ਸਾਹਿਬ ਫ਼ੁਰਮਾਉਂਦੇ ਹਨ, ਜਿਨ੍ਹਾਂ ਨੇ ਪਰਮਾਤਮਾ ਨੂੰ ਚੇਤੇ ਕੀਤਾ ਹੈ, ਉਹਨਾਂ ਦੇ ਮਣਾਂ ਮੂੰਹੀਂ ਭਾਗ ਹਨ, ਉਹ ਕਰਮਾਂ ਵਾਲੇ ਹਨ। ਅਸੀਂ ਕਹਿੰਦੇ ਹਾਂ ਫਲਾਣੇ ਦੀ ਔਲਾਦ ਬੜੀ ਕਰਮਾਂ ਵਾਲੀ, ਫਲਾਣੇ ਦੀ ਔਰਤ ਬੜੀ ਨੇਕ, ਉਹ ਕਰਮਾਂ ਵਾਲੀ, ਫਲਾਣੇ ਦੀ ਔਲਾਦ ਸਾਰੀ set ਹੋ ਗਈ, ਉਹ ਕਰਮਾਂ ਵਾਲਾ ਹੈ। ਲੇਕਿਨ ਹਜ਼ੂਰ ਫ਼ੁਰਮਾਉਂਦੇ ਹਨ ਕਿ ਕਰਮਾਂ ਵਾਲਾ ਉਹ ਹੈ ਜਿਸ ਨੇ ਪਰਮਾਤਮਾ ਨੂੰ ਚੇਤੇ ਕਰ ਲਿਆ। 'ਜਿਨੀ ਗਾਵਿਆ ਸੋ ਪ੍ਰਭੂ, ਤਿੰਨਾ ਭਾਗੁ ਮਣਾ।' ਜਿੰਨ੍ਹਾਂ ਨੇ ਪਰਮਾਤਮਾ ਨੂੰ ਚੇਤੇ ਕਰ ਲਿਆ, ਉਹਨਾਂ ਦੇ ਮਣਾਂ ਮੂੰਹੀਂ ਭਾਗ ਹਨ, ਉਹ ਕਰਮਾਂ ਵਾਲੇ ਹਨ।

ਹਰਿ ਦਰਸਨ ਕੰਉ ਮਨੁ ਲੋਚਦਾ

ਸਾਡਾ ਮਨ ਉਸ ਪਰਮਾਤਮਾ ਦਾ ਦੀਦਾਰ ਕਰਨਾ ਚਾਹੁੰਦਾ ਹੈ।

ਨਾਨਕ ਪਿਆਸ ਮਨਾ ॥

ਸਾਡੇ ਮਨ ਵਿਚ ਉਸ ਪਰਮਾਤਮਾ ਨੂੰ ਮਿਲਣ ਦੀ ਤੀਬਰ ਇੱਛਾ ਹੈ ਜੀ।

ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥

ਗੁਰਸਿੱਖਾਂ ਦਾ ਪ੍ਰਮੇਸ਼ਰ ਦੇ ਪਿਆਰਿਆਂ ਪ੍ਰਤੀ ਕਿੰਨਾ ਪ੍ਰੇਮ ਹੈ, ਆਪ ਫ਼ੁਰਮਾਉਂਦੇ ਹਨ ਕਿ ਜਿਹੜਾ ਵੀ ਕੋਈ ਪ੍ਰਮੇਸ਼ਰ ਦਾ ਪਿਆਰਾ ਸਾਨੂੰ ਪਰਮਾਤਮਾ ਨਾਲ ਮਿਲਾ ਦੇਵੇ, ਅਸੀਂ ਉਹਦੇ ਪੈਰੀਂ ਪੈਂਦੇ ਹਾਂ, ਜਿਹੜਾ ਪਰਮਾਤਮਾ ਨਾਲ ਮਿਲਾ ਦੇਵੇ, ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੀ ਪਾਵਨ ਬਾਣੀ ਵਿਚ ਇਕ ਪੰਗਤੀ ਆਉਂਦੀ ਹੈ, "ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥" ਜਿਹੜਾ ਕੋਈ ਪਰਮੇਸ਼ਰ ਦਾ ਪਿਆਰਾ ਸਾਨੂੰ ਪਰਮਾਤਮਾ ਦੀ ਗੱਲ ਸੁਣਾਉਂਦਾ ਹੈ, ਉਸਨੂੰ ਸਿਰ ਵੀ ਭੇਟ ਕਰਕੇ ਸਿਰ ਤੋਂ ਬਿਨਾਂ ਵੀ ਸੇਵਾ ਕਰੀਏ ਤਾਂ ਮੁੱਲ ਨਹੀਂ ਮੁੜਦਾ। "ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥" ਜਿਹੜਾ ਸਾਨੂੰ ਰੱਬ ਦੀ ਗੱਲ ਸੁਣਾਵੇ, ਇਹ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੇ ਬੋਲ ਹਨ, ਪਿਆਰਿਆ! ਉਹ ਸਿਰ ਵੀ ਭੇਟ ਕਰਕੇ ਤੇ ਸਿਰ ਤੋਂ ਬਿਨਾਂ ਵੀ ਸੇਵਾ ਕਰਨੀ ਪਵੇ ਤਾਂ ਫੇਰ ਵੀ ਪਰਮਾਤਮਾ ਇੰਨਾ ਮਹਾਨ ਹੈ, ਪ੍ਰਮਾਤਮਾ ਦੇ ਪਿਆਰੇ ਇੰਨੇ ਮਹਾਨ ਹਨ। ਸੋ ਗੁਰਮੁਖੋ, ਇੰਨੀਆਂ ਵਿਚਾਰਾਂ ਨੂੰ ਪ੍ਰਵਾਨ ਕਰੋ, ਗੁਰੂ ਬਾਬਾ ਸਾਡੇ 'ਤੇ

ਕ੍ਰਿਪਾ ਕਰੇ। ਇਹ ਚੇਤ ਦੀ ਸੰਗਰਾਂਦ ਵਲੋਂ ਸਾਨੂੰ ਸਿੱਖਿਆ ਮਿਲਦੀ ਰਹੇ ਕਿ ਸਾਨੂੰ ਪਰਮਾਤਮਾ ਚੇਤੇ ਹੈ, ਸਾਡੇ ਅੰਦਰ ਚਿੰਤਨ ਚਲਦਾ ਰਹੇ ਤੇ ਗੁਰਮੁਖੋ ਚਿੰਤਾ ਤੇ ਚਿੰਤਨ ਦੋ ਲਫਜ਼ ਹਨ। ਜਿਹੜੇ ਪਰਮਾਤਮਾ ਦਾ ਚਿੰਤਨ ਕਰਦੇ ਹਨ, ਉਹਨਾਂ ਨੂੰ ਮੁੜ ਕੇ ਚਿੰਤਾ ਨਹੀਂ ਰਹਿੰਦੀ। ਜਿਹੜੇ ਚਿੰਤਨ ਛੱਡ ਕੇ ਤੇ ਚਿੰਤਾ 'ਚ ਲੱਗੇ ਰਹਿੰਦੇ ਹਨ, ਉਹਨਾਂ ਦੀ ਚਿੰਤਾ ਮੁਕਦੀ ਨਹੀਂ। ਗੁਰੂ ਬਾਬਾ ਸਾਨੂੰ ਚਿੰਤਨ ਦੇਵੇ।

ਹਰਿ ਦਰਸ਼ਨ ਕੰਉ ਮਨ ਲੋਚਦਾ ਨਾਨਕ ਪਿਆਸ ਮਨਾ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥ ੨॥

(ਪੰਨਾ ੧੩੩)

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

***

# ਨਾਮ ਦੀ ਦਾਤ ਮੰਗਣੀ

ਰਾਗੁ ਧਨਾਸਿਰੀ ਮਹਲਾ ੩ ਘਰੁ ੪ ੴ ਸਤਿਗੁਰ ਪ੍ਰਸਾਦਿ॥

ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ ॥
ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥ ੧ ॥
ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ ॥
ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ ॥ ੧ ॥ ਰਹਾਉ ॥
ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ ॥
ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥ ੨ ॥
ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ ॥
ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ ॥ ੩ ॥ ੧ ॥ ੯ ॥

ਗੁਰੂ ਕੀ ਸਾਜੀ ਨਿਵਾਜੀ ਗੁਰੂ ਰੂਪ ਗੁਰੂ ਖਾਲਸਾ ਸਾਧਸੰਗਤ ਜੀ ! ਆਪਾਂ ਜਿੰਨੇ ਵੀ ਸ੍ਰਿਸ਼ਟੀ ਦੇ ਮਨੁੱਖ ਹਾਂ ਦਿਨੇ ਰਾਤ ਉਸ ਪ੍ਰਮਾਤਮਾ ਦੇ ਕੋਲੋਂ ਮੰਗਦੇ ਹਾਂ ਅਤੇ ਸਾਡਾ ਮੰਗਣਾ ਫ਼ਰਜ਼ ਵੀ ਹੈ। ਜਿਵੇਂ ਬੱਚਿਆਂ ਦੀਆਂ ਲੋੜਾਂ ਦੀ ਪੂਰਤੀ ਮਾਂ-ਪਿਉ ਕਰਦਾ ਹੈ, ਇਸੇ ਤਰ੍ਹਾਂ ਗੁਰਮੁਖ ਪਿਆਰਿਓ ! ਉਹ ਪਰਮਾਤਾਮਾ ਸਾਡਾ ਬਾਪ ਹੈ। ਆਪਾਂ ਉਹਦੇ ਬੱਚੇ ਬੱਚੀਆਂ ਹਾਂ, ਉਹਦੇ ਕੋਲੋਂ ਮੰਗਣਾ ਵੀ ਸਾਡਾ ਫ਼ਰਜ਼ ਹੈ ਪਰ ਸਤਿਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ, ਗੁਰਮੁਖਾ ! ਰਾਜੇ ਦੇ ਕੋਲੋਂ ਤੂੜੀ ਦੀ ਪੰਡ ਮੰਗੀਏ ਤਾਂ ਰਾਜੇ ਦਾ ਸਤਿਕਾਰ ਨਹੀਂ। ਇਕ ਜ਼ਿਮੀਦਾਰ ਵੀਰ ਹੈ, ਜਿਸ ਦਾ ਧੰਦਾ ਹੈ ਪਸ਼ੂਆਂ ਦੀ ਪਾਲਣਾ ਕਰਨਾ। ਉਹ ਤੂੜੀ ਦੀ ਪੰਡ ਮੰਗੇਗਾ, ਪਰ ਉਸਨੂੰ ਇਹ ਨਹੀਂ ਪਤਾ ਜੇ ਕਿਤੇ ਲਾਲ ਮੰਗੀਏ ਤਾਂ ਤੂੜੀ ਦੀਆਂ ਕਈ ਪੰਡਾਂ ਆ ਜਾਣ। ਮੰਗਣੈ ਆਪਾਂ ਪ੍ਰਭੂ ਪਿਆਰਿਓ ! ਮੰਗਦੇ ਤਾਂ ਹਾਂ ਪਰ ਮੰਗਦੇ ਤੁੱਛ ਹਾਂ, ਤੁੱਛ ਜੇਹੀ ਵਸਤੂ। ਮੰਗਣੇ ਪਦਾਰਥ ਨੇ 'ਮਾਨੁ ਮਾਂਗਉ ਤਾਨੁ ਮਾਂਗਉ ਧਨ ਲਖਮੀ ਸੁਤ ਦੇਹ॥' ਮੇਰੇ ਮਾਣ ਸਨਮਾਨ ਕਾਰਨ ਮੇਰੀ ਸੰਤਾਨ ਆਗਿਆਕਾਰੀ ਹੋਵੇ। ਮੇਰੀਆਂ ਲੋੜਾਂ ਦੀ ਪੂਰਤੀ ਲਈ ਮਾਇਆ ਦੇ ਗੱਡੇ ਬਖਸ਼। ਪਰ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ ਗੁਰਸਿੱਖਾ, ਇਹ ਸਾਰੀਆਂ ਦੀਆਂ ਸਾਰੀਆਂ ਚੀਜ਼ਾਂ ਇਥੇ ਰਹਿ ਜਾਣੀਆਂ ਨੇ। ਉਹ ਵਸਤੂ ਮੰਗ ਜਿਹੜੀ ਇਥੇ ਵੀ ਤੇਰੀ ਮਦਦ ਕਰੇ ਤੇ ਪਰਲੋਕ ਵਿਚ ਵੀ ਤੇਰਾ ਸਾਥ ਦੇਵੇ। ਉਹ ਕੀ ਹੈ : 'ਹਉ ਬਲਿਹਾਰਿ ਜਾਉ ਸਾਚੇ ਤੇਰੇ ਨਾਮ ਵਿਟਹੁ।' ਉਹ ਕੀ ਹੈ ? ਉਹ ਹੈ ਪਰਮਾਤਮਾ ਦਾ

ਨਾਮ। ਐ ਪਰੀਪੂਰਨ ਪਰਮਾਤਮਾ, ਤੇਰੇ ਨਾਮ ਤੋਂ ਸਦਕੇ ਜਾਵਾਂ। ਮੈਂ ਇਕੱਲਾ ਨਹੀਂ, ਅਸੀਂ ਜਿੰਨੇ ਵੀ ਜਗਿਆਸੂ ਹਾਂ, ਰਲ ਕੇ ਤੇਰੇ ਕੋਲੋਂ ਖ਼ੈਰ ਮੰਗਦੇ ਹਾਂ ਤੇ ਸਾਡੀ ਝੋਲੀ ਵਿਚ ਕੁਝ ਨਾ ਕੁਝ ਪਾ। ਇਸ ਨੂੰ ਆਪਾਂ ਸੂਖਮ ਸਰੂਪ ਵਿਚ ਵਿਚਾਰਨ ਦਾ ਯਤਨ ਕਰੀਏ, ਜਿਵੇਂ ਸਤਿਗੁਰੂ ਜੀ ਫ਼ੁਰਮਾਂਦੇ ਹਨ:

ਰਾਗੁ ਧਨਾਸਿਰੀ ਮਹਲਾ ੩ ਘਰੁ ੪

ੴ ਸਤਿਗੁਰ ਪ੍ਰਸਾਦਿ॥

ਸੋ, ਧਨਾਸਰੀ ਰਾਗ ਦੇ ਵਿਚ ਚੌਥੇ ਘਰ ਸੁਰਤਾਲ ਵਿਚ ਸਤਿਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਬਖ਼ਸ਼ਸ਼ਾਂ ਕਰਦੇ ਹਨ ਕਿ ਪ੍ਰਮਾਤਮਾ ਇਕ ਹੈ, ਸਤਿ ਪੁਰਖ ਹੈ, ਉਚਾਰਣ 'ਤੇ ਰੱਖਿਆ ਕਰਦਾ ਹੈ। ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ, ਉਹ ਕ੍ਰਿਪਾ ਕਿਵੇਂ ਹੋਵੇ :

ਹਮ ਭੀਖਕ ਭੇਖਾਰੀ ਤੇਰੇ

ਹੇ ਮੇਰੇ ਵਾਹਿਗੁਰੂ ! ਅਸੀਂ ਤੇਰੇ ਮੰਗਤੇ ਹਾਂ, ਮੰਗਤੇ। ਨਾਲ ਹੈ ਹਮ ਭੀਖਕ ਭੇਖਾਰੀ ਤੇਰੇ। ਮੰਗਤਿਆਂ ਦਾ ਵੀ ਸਟੈਂਡਰਡ ਹੁੰਦਾ ਹੈ। ਕਈ ਮੰਗਤੇ ਰੁਪਈਆ, ਧੇਲੀ ਨਹੀਂ ਲੈਂਦੇ, ਕਈ ਕਹਿੰਦੇ ਦਸਾਂ ਦਾ ਨੋਟ ਦੇਹ ਨਹੀਂ ਤੇ ਅੱਗੇ ਚੱਲ। ਇਸੇ ਪ੍ਰਕਾਰ ਹਮ ਭੀਖਕ ਭੇਖਾਰੀ ਤੇਰੇ ਦਾ ਮਤਲਬ ਇਹ ਹੈ ਕਿ ਪਾਤਿਸ਼ਾਹ ਮੈਂ ਮੰਗਤਿਆਂ ਦਾ ਮੰਗਤਾ ਭਾਵ ਮੈਂ ਅਤਿ ਗ਼ਰੀਬ ਹਾਂ ਤੇ ਸਾਡੇ 'ਤੇ ਮੇਹਰ ਕਰ।

ਤੂ ਨਿਜ ਪਤਿ ਹੈ ਦਾਤਾ॥

ਹੇ ਮੇਰੇ ਮਾਲਕਾ ! ਮੈਂ ਤੇਰੇ ਕੋਲੋਂ ਹੀ ਮੰਗਦਾ ਹਾਂ। ਕੋਈ ਕਿਸੇ ਨੂੰ ਦੇਂਦਾ ਹੈ ? ਨਹੀਂ, ਕੋਈ ਵੀ ਕਿਸੇ ਨੂੰ ਨਹੀਂ ਦੇਂਦਾ, ਪਰ ਤੂੰ ਇਕੱਲੇ-ਇਕੱਲੇ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈਂ, ਤੂੰ ਸਾਰਿਆਂ ਦਾ ਦਾਤਾ ਹੈਂ।

ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ

ਦਇਆ ਦੇ ਘਰ ਵਿਚ ਆ। ਮੈਂ ਹਾਂ ਮੰਗਤਾ। ਮੈਂ ਤੇਰੇ ਕੋਲੋਂ ਪੈਸੇ ਨਹੀਂ ਮੰਗਦਾ, ਮੈਂ ਦੁੱਧ ਤੇ ਪੁੱਤਰ ਦੀ ਮੰਗ ਨਹੀ ਕਰਦਾ, ਮੈਂ ਰਾਜ ਭਾਗ ਦੀ ਮੰਗ ਨਹੀਂ ਕਰਦਾ। ਜੇ ਤਰੁੱਠਾ ਏਂ ਤਾਂ ਕ੍ਰਿਪਾ ਕਰਕੇ ਮੈਨੂੰ ਆਪਣਾ ਮੰਗਤਾ ਜਾਣ ਕੇ ਨਾਮ ਦੀ ਦਾਤ ਦੇਹ। ਇਹ ਨਾਮ ਦੀ ਦਾਤ ਜਿਹੜੀ ਹੈ, ਗੁਰਮੁਖੋ ! ਗੁਰਮਤਿ ਮੁਤਾਬਿਕ ਪੰਜਾਂ ਪਿਆਰਿਆਂ ਦੇ ਰਾਹੀਂ ਅੰਮ੍ਰਿਤ ਦੇ ਰੂਪ ਵਿਚ ਆਪਾਂ ਨੂੰ ਮਿਲਦੀ ਹੈ। ਆਪਾਂ ਪਹਿਲਾਂ ਵਿਚਾਰ ਚੁੱਕੇ ਹਾਂ ਕਿ ਸਭ ਤੋਂ ਪਹਿਲਾਂ ਬੱਚਿਆਂ ਦੇ ਮਾਤਾ ਤੇ ਪਿਤਾ ਧਾਰਮਿਕ ਹੋਣ, ਬੱਚੇ ਦੇ ਅੰਦਰ ਧਾਰਮਿਕ ਸੰਸਕਾਰ ਪੈਣ। ਸਾਨੂੰ ਖਾਲਸੇ ਸਹਿਤ ਉਚਾਰਿਆ ਧਰਮ ਸਮਝਣ ਵਾਸਤੇ ਵਿਦਿਆ ਦੀ ਲੋੜ ਹੈ। ਉਹ ਕਹਿੰਦੇ ਹਨ ਕਿ ਵਿਦਿਆ ਸੰਸਕਾਰ ਤੀਜੇ ਨੰਬਰ 'ਤੇ ਆਉਂਦਾ ਹੈ, ਗੁਰਮੁਖੋ ! ਅੰਮ੍ਰਿਤ ਸੰਸਕਾਰ। ਅੰਮ੍ਰਿਤ

ਸੰਸਕਾਰ ਹੈ ਕੀ ? ਇਹ ਹੈ ਗੁਰਮੁਖੋ ! ਗੁਰੂ ਕੋਲੋਂ ਨਾਮ ਦੀ ਦਾਤ ਲੈਣ ਦਾ ਸਹੀ ਢੰਗ, ਤਰੀਕਾ। ਆਪਾਂ ਕਿਤੇ ਢਿੱਲੇ ਮੱਠੇ ਹੋਈਏ ਤਾਂ ਮੈਡੀਕਲ ਸਟੋਰ ਤੋਂ ਦਵਾਈ ਲੈਂਦੇ ਹਾਂ ਤੇ ਉਸ ਦੁਕਾਨਦਾਰ ਭਰਾ ਨੇ ਸਾਨੂੰ ਦਵਾਈ ਦਿੱਤੀ। ਆਪਾਂ ਉਹ ਦਵਾਈ ਲੈ ਕੇ ਤੁਰ ਪਏ ਤਾਂ ਉਸ ਨੇ ਪਿੱਛੋਂ ਆਵਾਜ਼ ਮਾਰੀ ਸਰਦਾਰ ਜੀ ਇਹ ਪਾਣੀ ਵੀ ਲੈ ਜਾਉ ਟੀਕਿਆਂ ਵਾਲਾ। ਪੈਸੇ ਆਪਾਂ ਪਹਿਲਾਂ ਦੇ ਦਿੱਤੇ ਸਨ ਵੀਰ ਨੂੰ, ਅਸੀਂ ਦੁਬਾਰਾ ਬਟੂਏ ਵਿਚ ਹੱਥ ਪਾ ਕੇ ਉਸ ਵੀਰ ਨੂੰ ਪੈਸੇ ਦੇਣ ਲੱਗੇ, ਕਹਿਣ ਲੱਗਾ ਸਰਦਾਰ ਜੀ ! ਨਹੀਂ ਇਹ ਨਹੀਂ ਬਣਦਾ, ਦਵਾਈ ਦੇ ਮੈਂ ਪੈਸੇ ਲੈ ਲਏ ਨੇ, ਇਹ ਪਾਣੀ ਹੈ।

ਭਾਈ ਸਾਹਿਬ ਜੀ ਪੁੱਛਦੇ ਹਨ ਕਿ ਇਹਦਾ ਲਾਭ ਕੀ ਹੈ ? ਸਰਦਾਰ ਜੀ ਕਿੰਨੇ ਭੋਲੇ ਹੋ, ਇਸ ਪਾਣੀ ਵਿਚ ਦਵਾਈ ਮਿਕਸ ਕਰਕੇ ਤੇ ਟੀਕਾ ਲਾਇਆ ਜਾਂਦਾ ਹੈ ਤੇ ਜੇ ਪਾਣੀ ਨਾ ਹੋਵੇ ਤਾਂ ਦਵਾਈ ਮਿਕਸ ਨਹੀਂ ਹੋਣੀ। ਇਸੇ ਤਰ੍ਹਾਂ ਗੁਰਮੁਖੋ ! ਜਿਹੜੇ ਪੰਜ ਪਿਆਰੇ ਹਨ, ਉਹ ਪਾਣੀ ਦੇ ਵਿਚ ਬਾਣੀ ਪੜ੍ਹ ਕੇ ਸਾਨੂੰ ਅੰਮ੍ਰਿਤ ਤਿਆਰ ਕਰਕੇ ਦੇਂਦੇ ਹਨ। ਪਾਣੀ ਵਿਚ ਕੋਈ ਕਰਾਮਾਤ ਨਹੀਂ, ਅੰਮ੍ਰਿਤ ਤਿਆਰ ਹੋਇਆ, ਪਹਿਲਾਂ ਉਹ ਸਿਰਫ਼ ਪਾਣੀ ਸੀ, ਆਪਾਂ ਪਹਿਲਾਂ ਪਾਣੀ ਨੂੰ ਅੰਮ੍ਰਿਤ ਜਾਣ ਕੇ ਕਿਉਂ ਨਹੀਂ ਛੱਕਿਆ। ਉਸ ਪਾਣੀ ਦੇ ਉਪਰ ਗੁਰੂ ਦੀ ਬਾਣੀ ਪੜ੍ਹੀ ਗਈ ਗੁਰਮੁਖੋ , ਫੇਰ ਉਹ ਪਾਣੀ ਨਾ ਰਿਹਾ, ਉਹ ਬਣ ਗਿਆ ਅੰਮ੍ਰਿਤ, ਜਿਸਨੂੰ ਇਸਲਾਮ ਦੇ ਗ੍ਰੰਥਾਂ ਨੇ ਕਿਹਾ, 'ਆਬੇ ਹਿਯਾਤ'। ਆਬ ਦਾ ਅਰਥ ਹੁੰਦਾ ਹੈ ਪਾਣੀ, ਹਯਾਤ ਦਾ ਅਰਥ ਹੁੰਦਾ ਹੈ ਜ਼ਿੰਦਗੀ। ਉਹ ਪਾਣੀ ਜਿਹੜਾ ਸਾਨੂੰ ਜੀਵਨ ਦਿੰਦਾ ਹੈ। ਮਤਲਬ ਇਹ ਹੈ ਕਿ ਜੀਵਨ ਦੇਂਦਾ ਹੈ, ਪਰ ਮੌਤ ਨੂੰ ਖ਼ਤਮ ਕਰਕੇ ਮੌਤ ਨਹੀਂ ਆਏਗੀ। ਅੰਮ੍ਰਿਤ ਦਾ ਅਰਥ ਹੁੰਦਾ ਹੈ— ਮੌਤ ਤੋਂ ਰਹਿਤ ਕਰਨ ਵਾਲੀ ਤੇ ਜੰਮਣ-ਮਰਨ ਤੋਂ ਬਚਾਉਣ ਵਾਲੀ ਗੁਰੂ ਦੀ ਬਖ਼ਸ਼ੀ ਹੋਈ ਦਾਤ। "ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ' ਆਪਾਂ ਜਿੰਨੇ ਵੀ ਹਾਂ, ਮੌਤ ਦਾ ਖਾਜਾ ਹਾਂ। ਕਿਸੇ ਨੇ ਵੱਡੇ-ਛੋਟੇ ਨਹੀਂ ਰਹਿਣਾ, ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥ ਬਾਲੂ ਦਾ ਅਰਥ ਹੁੰਦਾ ਹੈ ਰੇਤ, ਉਹ ਰੇਤ ਦੇ ਮਕਾਨ ਵੀ ਗੁਰਮੁਖ ਪਿਆਰਿਓ ! ਜਿਸਦੀ ਕੋਈ ਮਿਆਦ ਨਹੀਂ ਤੇ ਆਪਣਾ ਸਰੀਰ ਵੀ ਜਿਹੜਾ ਹੈ ਉਹ ਵੀ ਰੇਤ ਦੇ ਘਰ ਵਰਗਾ ਹੈ। 'ਬਿਨਸਤ ਬਾਰ ਨ ਲਗਈ ਜਿਉ ਕਾਗਦ ਬੂੰਦਾਰ॥' ਸੋ, ਕਾਗਜ਼ ਦੇ ਉਪਰ ਆਪਾਂ ਜੇ ਪਾਣੀ ਡੋਲ ਦੇਈਏ ਜਾਂ ਮੀਂਹ ਦੀ ਕਣੀ ਪੈ ਜਾਏ ਤਾਂ ਕਾਗਜ਼ ਗਲ ਜਾਂਦਾ ਹੈ। ਕਾਗ਼ਜ਼ ਭੀ ਕੋਈ ਪੁੱਖ਼ਤਾ ਚੀਜ਼ ਨਹੀਂ। ਇਸੇ ਤਰ੍ਹਾਂ ਜਿਹੜਾ ਸਾਡਾ ਸਰੀਰ ਹੈ, ਇਹ ਕਾਗ਼ਜ਼ ਜਿਉਂ ਗਲ ਜਾਏਗਾ। ਜਦੋਂ ਬੀਮਾਰੀ ਦੀਆਂ ਕਣੀਆਂ ਪਈਆਂ, ਜਦੋਂ ਮੌਤ ਦਾ ਮੀਂਹ ਪਿਆ, ਉਦੋਂ ਸਾਡੇ ਕਾਗ਼ਜ਼ ਵਰਗੇ ਸਰੀਰ ਨੇ ਗਲਦਿਆਂ ਇਕ ਮਿੰਟ ਨਹੀਂ ਲਾਉਣਾ। ਸੋ, ਇਸ ਪ੍ਰਕਾਰ 'ਮਰਣੁ ਲਿਖਾਇ ਮੰਡਲ ਮਹਿ ਆਏ' ਆਪਾਂ ਬੜਾ ਚਾਰਾ ਕਰਦੇ ਹਾਂ ਕਿ ਮਰੀਏ ਨਾ। ਇਹ ਸਾਡੀ ਸਾਰਿਆਂ ਦੀ ਕੋਸ਼ਿਸ਼ ਹੁੰਦੀ ਹੈ।

ਬਾਬਾ ਫਰੀਦ ਜੀ ਫ਼ੁਰਮਾਉਂਦੇ ਹਨ, "ਜਿਤੁ ਦਿਹਾੜੈ ਧਨ ਵਰੀ ਸਾਹੇ ਲਏ

ਲਿਖਾਇ॥'' ਆਪਾਂ ਬੱਚੀਆਂ ਤੇ ਬੱਚਿਆਂ ਦੀਆਂ ਸ਼ਾਦੀਆਂ ਕਰਦੇ ਹਾਂ, ਉਹਨਾਂ ਦੀ ਸ਼ਾਦੀ ਦਾ ਦਿਨ ਨਿਯਤ ਕਰਦੇ ਹਾਂ, ਆਪਾਂ ਉਸਨੂੰ ਕਹਿੰਦੇ ਹਾਂ ਸਾਹਿਆ ਮਿੱਥਿਆ ਗਿਆ। ਫਲਾਨੀ ਤਰੀਕ ਨੂੰ ਗੁੱਡੀ ਦੀ ਸ਼ਾਦੀ ਹੈ। ਭੁਜੰਗੀ ਦਾ ਅਨੰਦ ਕਾਰਜ ਹੈ। ਬਾਬਾ ਫ਼ਰੀਦ ਜੀ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੀ ਪਾਵਨ ਬਾਣੀ ਦੇ ਰਾਹੀਂ ਫ਼ੁਰਮਾਉਂਦੇ ਹਨ, ਗੁਰਮੁਖਾ ! ਜਿਸ ਦਿਨ ਤੇਰਾ ਜਨਮ ਹੋਇਆ, ਉਸ ਦਿਨ ਤੋਂ ਹੀ ਤੇਰਾ ਸਾਹਾ ਮਿਥਿਆ ਗਿਆ, ਤੂੰ ਕਦੋਂ ਮਰਨਾ ਹੈਂ, 'ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥ ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥' ਕਾਕੇ ਤੇ ਕਾਕੀ ਦਾ ਵਿਆਹ ਕਿਸਦਾ-ਕਿਸਦਾ ਹੋਵੇਗਾ, ਕਿਹੜਾ ਕਾਕਾ ਹੋਇਆ ਹੈ ਤੇ ਭੁਜੰਗਣ ਕਿਹੜੀ ਜਾਏਗੀ। ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ ਕਿ ਜਿੰਦ ਹੈ ਵਹੁਟੀ, ਮੌਤ ਹੈ ਲਾੜਾ, ਜਿੰਦ ਵਹੁਟੀ ਮਰਨ ਵਰ ਲੈ ਜਾਸੀ ਪਰਣਾਇ, ਲਾਜ਼ਮੀ ਵਿਆਹ ਕੇ ਲੈ ਜਾਏਗਾ।

ਜੋ ਜਨਮੈ ਸੋ ਜਾਨਹੁ ਮੂਆ॥ (ਪੰਨਾ ੩੭੫)

ਜਿਹੜਾ ਜੰਮਿਆ ਹੈ, ਉਸਨੂੰ ਮਰਿਆ ਸਮਝੋ। 'ਸੇਖ ਹੈਯਾਤੀ ਜਗਿ ਨਾ ਕੋਈ ਥਿਰੁ ਰਹਿਆ॥ ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ।' ਆਪਾਂ ਜਿੱਥੇ ਆ ਕੇ ਗੁਰਮੁਖ ਪਿਆਰਿਓ ਬੈਠੇ ਹਾਂ, ਸਾਡੇ ਤੋਂ ਪਹਿਲਾਂ ਇਸ ਥਾਂ 'ਤੇ ਕਈ ਸਾਡੇ ਵੱਡੇ-ਵਡੇਰੇ ਬਹਿ ਗਏ ਸਨ। ਅੱਜ ਅਸੀਂ ਬੈਠੇ ਹਾਂ, ਅਸੀਂ ਉੱਠ ਕੇ ਚਲੇ ਜਾਣਾ ਹੈ ਤੇ ਸਾਡੇ ਤੋਂ ਬਾਅਦ ਬੈਠਣ ਵਾਲੇ ਬੜੇ ਹੋਰ ਤਿਆਰ ਹਨ:-

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥
(ਪੰਨਾ ੯੩੬)

ਇਹ ਮੌਤ ਇੰਨੀ ਚੰਦਰੀ ਹੈ, ਨਾ ਇਹ ਗ਼ਰੀਬ ਦਾ ਲਿਹਾਜ਼ ਕਰੇ ਨਾ ਇਹ ਅਮੀਰ ਨੂੰ ਛੱਡੇ। 'ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥' (ਪੰਨਾ ੮੫੫) ਇਹ ਕਾਲ ਇੰਨਾ ਅਸਚਰਜ ਹੈ ਕਿ ਰਾਜਾ, ਪਰਜਾ, ਗ਼ਰੀਬ, ਅਮੀਰ, ਮੂਰਖ, ਵਿਦਵਾਨ, ਪੜ੍ਹਿਆ, ਅਨਪੜ੍ਹਿਆ ਸਭ ਨੂੰ ਮਾਰੀ ਜਾਂਦਾ ਹੈ। ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ ਕਿ ਤੂੰ ਚੂਹੇ ਵਰਗਾ ਹੈਂ, ਜਿਵੇਂ ਚੂਹਾ ਬਿੱਲੀ ਤੋਂ ਡਰਦਾ ਹੈ। ਗੁਰੂ ਕੀ ਬਾਣੀ ਦੇ ਬੋਲ ਨੇ 'ਮਾਨਸੁ ਬਪੁਰਾ ਮੂਸਾ ਕੀਨੋ ਮੀਚੁ॥ ਬਿਲਈਆ ਖਈਹੈ ਰੇ॥ (ਪੰਨਾ ੮੫੫) ਮੂਸਾ ਦਾ ਅਰਥ ਹੁੰਦਾ ਹੈ ਚੂਹਾ, ਗੁਰਦੇਵ ਫ਼ੁਰਮਾਉਂਦੇ ਹਨ ਕਿ ਜਿਹੜਾ ਜੀਵ ਹੈ, ਉਹ ਤਾਂ ਨਿੱਕਾ ਜਿਹਾ ਚੂਹਾ ਹੈ। ਬਪੁਰਾ ਦਾ ਅਰਥ ਹੁੰਦਾ ਹੈ, ਵਿਚਾਰਾ ਤੁੱਛ, ਮਾਮੂਲੀ ਮਨੁੱਖ। 'ਮਾਨਸ ਬਪੁਰਾ ਮੂਸਾ ਕੀਨੋ' ਇਹ ਮਨੁੱਖ ਗਰੀਬ ਚੂਹਾ ਹੈ 'ਮੀਚੁ ਬਿਲਈਆ ਖਈਹੈ ਰੇ॥' ਬਲਈਆ ਦਾ ਅਰਥ ਹੈ— ਬਿੱਲੀ, ਮੀਚ ਦਾ ਅਰਥ ਹੁੰਦਾ ਹੈ— ਮੌਤ। ਮੌਤ ਰੂਪੀ ਬਿੱਲੀ ਨੇ ਇਹ ਜੀਵ ਰੂਪੀ ਚੂਹੇ ਨੂੰ ਗੁਰਮੁਖੋ ਕਾਬੂ ਕਰਨਾ ਹੈ। ਆਪਾਂ ਤਾਂ ਹਾਂ ਹੀ ਮਾਮੂਲੀ ਮਾਨਸ। ਹਰਨਾਖਸ਼ ਵਰਗਿਆਂ ਨੇ ਦੇਵਤਿਆਂ

ਤੋਂ ਕਈ ਵਰ ਲਏ, ਕਿਸੇ ਨੇ ਯੋਗਾ ਅਭਿਆਸ ਕੀਤਾ, ਯੱਗ ਕੀਤਾ, ਪੂਜਾ ਕੀਤੀਆਂ, ਇਥੋਂ ਤਕ ਕਿ ਕਈਆਂ ਨੇ ਦੇਵਤਿਆਂ ਨੂੰ ਵੱਸ ਕੀਤਾ। ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਦਸਮ ਗ੍ਰੰਥ ਵਿਚ ਲਿਖਦੇ ਹਨ : "ਰਾਵਣ ਸੇ ਮੈ ਰਾਵਣ ਸੇ ਘਟ ਕਾਨ੍ਹ ਸੇ ਪਲ ਬੀਚ ਪਿਛਾਰੇ। ਬਾਰਦਨਾਥ ਅਕੰਪਰ ਸੇ ਜਗ ਜੰਗ ਜੁੜੇ ਜਿਨ ਸੋ ਜੰਮ ਹਾਰੇ" ਹੋਰ ਭਾਉ ਭਗਤੀ ਤੋਂ ਬਿਨਾਂ ਧਨੰਤਰ ਵੈਦ ਵਰਗੇ ਆਪਾਂ ਨੇ ਸੁਣੇ ਹਨ ਫਲਾਨਾ ਜਿਹੜਾ ਹਕੀਮ ਹੈ ਮੁਰਦੇ ਵਿਚ ਜਾਨ ਪਾਉਂਦੈ। ਜਦੋਂ ਉਹਦੀ ਮੌਤ ਆਉਂਦੀ ਹੈ ਉਦੋਂ ਆਪਣੀ ਜਾਨ ਤਾਂ ਉਹਦੀ ਪੈਂਦੀ ਨਹੀਂ ਬੜਾ ਤਕੜਾ ਹਕੀਮ ਹੈ, ਕਿਤੇ ਇਕ ਪੁੜੀ ਲੈ ਕੇ ਖਾ ਕੇ ਵੇਖੋ ਤਾਂ ਸਹੀ।

ਪਾਤਿਸ਼ਾਹ ਫ਼ੁਰਮਾਉਂਦੇ ਹਨ, ਭੋਲਿਆ, ਕਮਲਿਆ ! ਗੱਲਾਂ ਨਾ ਕਰਿਆ ਕਰ। ਧਨੰਤਰ ਵੈਦ ਜਿਹੜਾ ੧੪ ਰਤਨਾਂ ਵਿਚੋਂ ਨਿਕਲਿਆ ਹੈ, ਉਹਦੀ ਨਿਗ੍ਹਾ ਵਿਚ ਵੀ ਅੰਮ੍ਰਿਤ ਸੀ। ਕਹਿੰਦੇ ਹਨ ਕਿ ਲੋਕੀਂ ਜਦੋਂ ਉਹਦੀ ਆਪਣੀ ਆਈ, ਉਦੋਂ ਉਹਦਾ ਕੋਈ ਪ੍ਰਬੰਧ ਨਾ ਹੋਇਆ। ਇਕ ਲੁਕਮਾਨ ਹਕੀਮ ਹੋਇਆ ਸੀ ਬੜਾ ਮਸ਼ਹੂਰ ਧਨੰਤਰ ਵੈਦ ਵਰਗਾ, ਸੋ ਲੁਕਮਾਨ ਹਕੀਮ ਵਰਗੇ ਇਥੋਂ ਤਕ ਇਹ ਤਾਂ ਗੱਲਾਂ ਨੇ ਇਥੋਂ ਦੀਆਂ। ਕੁਝ ਆਪਾਂ ਦੇਵੀ ਦੇਵਤੇ ਮੰਨਦੇ ਹਾਂ। ਵੱਡੀਆਂ ਹਸਤੀਆਂ ਦੇਵਤੇ ਇੰਦਰ, ਬ੍ਰਹਮਾ, ਸ਼ਿਵ ਜੀ ਆਦਿ ਤੇ ਕਾਲ ਇੰਨਾ ਪ੍ਰਬਲ ਹੈ, ਇੰਨਾ ਤਗੜਾ ਤੇ ਇੰਨਾ ਕਰੜਾ ਸੀ, ਜਿਸ ਨੇ ਕਿ ਇਨ੍ਹਾਂ ਨੂੰ ਵੀ ਮਾਫ਼ ਨਹੀਂ ਕੀਤਾ। "ਇੰਦ੍ਰ ਪੁਰੀ ਮਹਿ ਸਰਪਰ ਮਰਣਾ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥ ਸਿਵ ਪੁਰੀ ਕਾ ਹੋਇਗਾ ਕਾਲਾ॥" ਆਦਿ ਅਕਾਲ ਪੁਰਖ ਨੇ ਕਲਯੁਗ ਦੇ ਵਿਚ ਗੁਰੂ ਨਾਨਕ ਨਾਮ ਧਾਰ ਕੇ, ਪ੍ਰਗਟ ਹੋ ਕੇ ਸਰਬ ਲੁਕਾਈ ਦੇ ਵੈਦ ਬਣ ਕੇ, ਨਾਮ ਰੂਪੀ ਦਵਾਈ ਦੇ ਕੇ ਆਪਾਂ ਨੂੰ ਜਮਾਂ ਦੀ ਖਾਈ ਤੋਂ ਬਚਾਉਣ ਦਾ ਯਤਨ ਕੀਤਾ ਹੈ। ਅੰਮ੍ਰਿਤ ਨਾਮ ਪਿਲਾ ਕੇ ਸਾਨੂੰ ਸੁਰਜੀਤ ਕੀਤਾ ਹੈ। ਕੇਵਲ ਭਾਉ ਭਗਤੀ ਸਿਮਰਨ ਕਰਨ ਵਾਲੇ ਹੀ ਜਿਹੜੇ ਦੇਵਤੇ ਬਣੇ ਹਨ, ਉਹ ਪਰਮੇਸ਼ਰ ਵਿਚ ਅਭੇਦ ਹੋ ਗਏ ਤੇ ਉਨ੍ਹਾਂ ਨੇ ਅੰਮ੍ਰਿਤ ਪਦਵੀ ਨੂੰ ਪ੍ਰਾਪਤ ਕੀਤਾ "ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ॥" ਹੇ ਵਾਹਿਗੁਰੂ ! ਜਿਹੜੇ ਤੇਰੇ ਪਿਆਰੇ ਹਨ, ਉਹਨਾਂ ਨੂੰ ਕਾਲ ਨਹੀਂ ਖਾਂਦਾ, ਤੇਰੇ ਨਾਮ ਵਿੱਚ ਇੰਨੀ ਵੱਡੀ ਸਤਿਆ ਹੈ, ਪਰ ਮੈਂ ਬੇਨਤੀ ਕੀਤੀ ਹੈ ਕਿ ਗੁਰਮੁਖੋ ਇਹ ਨਾਮ ਮਿਲੇਗਾ ਕਿਵੇਂ ? ਇਹਦਾ ਤਰੀਕਾ ਹੈ- ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ। ਥਾਂ-ਥਾਂ ਤੇ ਲੋਕਾਂ ਨੇ ਆਪਣੀਆਂ ਝੰਡੀਆਂ ਲਾ ਲਈਆਂ ਹਨ ਕਿ ਮੈਂ ਨਾਮ ਦੇਂਦਾ ਹਾਂ, ਮੈਂ ਮੁਕਤੀ ਦੇਂਦਾ ਹਾਂ, ਗੁਰਮੁਖੋ ਕਲਗੀਧਰ ਪਾਤਿਸ਼ਾਹ ਨੇ ਆਪਣੀ ਪਾਵਨ ਰਚਨਾ ਬਚਿੱਤਰ ਨਾਟਕ ਵਿਚ ਲਿਖਿਆ ਹੈ ਕਿ ਮੇਰਾ ਆਣ ਨੂੰ ਜੀਅ ਨਹੀਂ ਸੀ ਕਰਦਾ, ਮੈਨੂੰ ਪਰਮਾਤਮਾ ਨੇ ਮਜਬੂਰ ਕੀਤਾ। ਮੈਂ ਉਹਦੇ ਹੁਕਮ ਦੇ ਅੱਗੇ ਸੀਸ ਝੁਕਾ ਕੇ ਸੰਸਾਰ ਵਿਚ ਆਇਆ ਹਾਂ : "ਚਿਤ ਨ ਭਇਓ ਹਮਰੋ ਆਵਨ ਕਹਿ ਚੁਭੀ ਰਹੀ ਸੁਰਤ ਪ੍ਰਭ ਚਰਨਨ ਮੈਂ" ਪਰਮਾਤਮਾ ਨੇ ਕਲਗੀਧਰ ਪਾਤਿਸ਼ਾਹ ਨੂੰ ਆਖਿਆ :

ਮੈ ਅਪਨਾ ਸੁਤ ਤੁਹਿ ਨਿਵਾਜਾ॥ ਪੰਥੁ ਪ੍ਰਚੁਰ ਕਰਬੇ ਕਹੁ ਸਾਜਾ॥
ਜਾਹਿ ਤਹਾਂ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥

ਜਿਹੜੇ ਕਬੁੱਧੀ ਕਰਕੇ ਗ਼ਲਤ ਕਰਮ ਕਰਦੇ ਹਨ, ਉਹਨਾਂ ਨੂੰ ਰੋਕਣ ਦਾ ਯਤਨ ਕਰੋ। ਪਾਤਿਸ਼ਾਹ ਫ਼ੁਰਮਾਉਂਦੇ ਹਨ, ਫੇਰ ਮੈਂ ਕੀ ਕਰਦਾ। ਆਖ਼ਿਰ ਮੈਨੂੰ ਸਾਵਧਾਨ ਹੋ ਕੇ ਸਿਰ ਝੁਕਾਉਣਾ ਪਿਆ ਕਰਤੇ ਦੀ ਰਜ਼ਾ ਅੱਗੇ :-

ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਯਾਇ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥

ਇਕ ਸ਼ੰਕਾ ਹੈ ? ਇਥੇ ਗ਼ੈਰ ਮੱਤ ਵਾਲਾ ਅਣਮੱਤੀਆ ਜਾਂ ਸਿੱਖ ਧਰਮ ਦਾ ਵਿਰੋਧੀ ਜਿਸ ਨੂੰ ਗੁਰੂ ਨਾਨਕ ਦੀ ਸਿੱਖੀ ਨਾਲ ਬੜੀ alergy ਹੈ, ਨਫ਼ਰਤ ਹੈ, ਉਹ ਹੀ ਕਹੇਗਾ ਕਿ ਇਹ ਤੁਹਾਡੇ ਆਪਣੇ ਪੰਥ ਦੀਆਂ ਗੱਲਾਂ ਹਨ ਤੇ ਖਾਲਸਾ ਪੰਥ ਬਹੁਤਾ ਸ੍ਰੇਸ਼ਟ ਹੈ ਦੂਜਿਆਂ ਨਾਲੋਂ, ਇਹਦੇ ਵਿਚ ਕੀ ਸ੍ਰੇਸ਼ਟਤਾ ਹੈ ?

ਗੁਰਮੁਖੋ ! ਜਿਨ੍ਹਾਂ ਨੇ ਅੰਮ੍ਰਿਤ ਛੱਕਿਆ ਹੈ, ਉਹ ਚੇਤੇ ਕਰਨ, ਜਿਨ੍ਹਾਂ ਦੇ ਕਰਮ ਸਾਥ ਦੇਣ, ਉਹ ਅੱਗੇ ਛੱਕਣ ਦਾ ਯਤਨ ਕਰਨ। ਅਸੀਂ ਜਦੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦੇ ਹਾਂ, ਗੁਰੂ ਦੇ ਬਖ਼ਸ਼ੇ ਪੰਜ ਪਿਆਰੇ ਸਾਨੂੰ ਅੰਮ੍ਰਿਤ ਦੀ ਦਾਤ ਦੇਂਦੇ ਹਨ ਤੇ ਕਹਿੰਦੇ ਹਨ, ਬੋਲ ਗੁਰਮੁਖਾ, ਬੀਬਿਆ, ਭੈਣ ਜੀ, ਇਹ ਬੋਲੋ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥ ਇਹਦਾ ਅਰਥ ਇਹ ਹੈ ਭਾਈ ਤੇਰਾ ਸੰਬੰਧ ਪਰਮਾਤਮਾ ਨਾਲ ਹੈ। ਖਾਲਸਾ ਪੰਥ ਤਾਂ ਮਹਾਨ ਹੈ। ਅਕਾਲ ਪੁਰਖ ਨਾਲ ਜੋੜਿਆ ਹੈ, ਕਿਸੇ ਵਿਅਕਤੀ ਨਾਲ ਨਹੀਂ ਜੋੜਿਆ, ਕਿਸੇ ਦੇਵੀ ਦੇਵਤੇ ਨਾਲ ਨਹੀਂ ਜੋੜਿਆ, ਸਿੱਧਾ ਸੰਬੰਧ ਵਾਹਿਗੁਰੂ ਨਾਲ ਹੈ। ਉਹਦਾ ਬਣੇਂਗਾ, ਫੇਰ ਤੇਰੀਆਂ ਜਿੱਤਾਂ ਹੀ ਜਿੱਤਾਂ, ਪਰ ਜੇ ਬਣਾਂਗੇ ਤਾਂ ਹੀ ਜਿੱਤ ਹੈ, ਜੇ ਆਪਾਂ ਗਾਤਰੇ ਕ੍ਰਿਪਾਨ ਵੀ ਪਾ ਲਈ ਤੇ ਗੱਲ਼ ਵਿਚ ਤਵੀਤ ਵੀ ਪਾ ਲਏ, ਫੇਰ ਖਾਲਸਾ ਤਾਂ ਨਾ ਹੋਇਆ।

ਮੈਨੂੰ ਕੱਲ੍ਹ ਇਕ ਬੀਬਾ ਮਿਲੀ ਸ਼ਾਮ ਦੇ ਟਾਇਮ 'ਤੇ, ਗਲ ਵਿਚ ਉਹਦੇ ਕ੍ਰਿਪਾਨ, ਮੈਨੂੰ ਕਹਿੰਦੀ, ਗਿਆਨੀ ਜੀ ਮੈਨੂੰ ਇਹੋ ਜਿਹਾ ਸ਼ਬਦ ਦੱਸੋ ਕਿ ਮੈਨੂੰ ਸ਼ਾਂਤੀ ਆ ਜਾਵੇ। ਮੈਂ ਉਹਦੇ ਗਾਤਰੇ ਕ੍ਰਿਪਾਨ ਵੇਖ ਕੇ ਆਖਿਆ— ਭੈਣ ! ਪਹਿਲੀ ਗੱਲ ਤਾਂ ਇਹ ਕਿ ਮੈਂ ਸ਼ਬਦ ਵੰਡਦਾ ਨਹੀਂ, ਸ਼ਬਦ ਵੰਡਣ ਦੀ ਤਾਕਤ ਗੁਰੂ ਕੋਲ ਹੈ ਤੇ ਮੈਂ ਗੁਰੂ ਦਾ ਨਿਮਾਣਾ ਜਿਹਾ ਸੇਵਕ ਹਾਂ। ਮੈਂ ਕੌਣ ਹਾਂ ਮਾਲਕ ਦੀ ਚੀਜ਼ ਨੂੰ ਤਕਸੀਮ ਕਰਨ ਵਾਲਾ ? ਮੈਂ ਗੁਰੂ ਬਣ-ਬਣ ਬੈਠਾਂ। ਇਹ ਤਾਂ ਸ਼ਬਦ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਤੇ ਗੁਰੂ ਦੇ ਪੰਜ ਪਿਆਰੇ ਸਾਹਿਬ ਦੇਂਦੇ ਹਨ। ਇਕ ਮੈਨੂੰ ਮੇਰੀ ਭੈਣ ਤੇਰੇ 'ਤੇ ਗਿੱਲਾ ਹੈ, ਤੂੰ ਗਾਤਰਾ ਤੇ ਕ੍ਰਿਪਾਨ ਪਾਈ ਹੈ, ਤੈਨੂੰ ਪੰਜਾਂ ਪਿਆਰਿਆਂ ਦੇ ਸ਼ਬਦ ਨਾਲ ਸ਼ਾਂਤੀ ਨਹੀਂ ਮਿਲੀ ? ਆਮ ਬੜੇ ਮਿਲਦੇ ਹਨ, ਇਸਦਾ ਅਸਲ ਕਾਰਣ ਪਤਾ ਕੀ ਹੈ ? ਆਪਾਂ ਦਵਾਈ ਲਿਜਾ ਕੇ ਉਹਨੂੰ ਪਲਾਸਟਿਕ ਦੇ ਲਿਫ਼ਾਫ਼ੇ ਵਿਚ ਚੰਗੀ ਤਰ੍ਹਾਂ ਲਪੇਟ ਕੇ ਰੱਖ ਦੇਈਏ ਤਾਂ ਆਰਾਮ ਨਹੀਂ ਆਉਣਾ, ਆਰਾਮ ਤਦ ਆਏਗਾ, ਜੇ ਦਵਾਈ ਨੂੰ ਵਰਤਾਂਗੇ। ਆਪਾਂ ਅੰਮ੍ਰਿਤ ਛੱਕ ਲਿਆ ਗੁਰਮੁਖਾ, ਗੁਰੂ ਦੇ ਪੰਜਾਂ ਪਿਆਰਿਆਂ ਨੇ ਮੂਲ ਮੰਤਰ ਗੁਰਮੰਤਰ ਦੀ ਦਾਤ ਦਿੱਤੀ, ਜੇ ਦਵਾਈ ਨਾ ਖਾਵਾਂਗੇ, ਅਭਿਆਸ ਨਾ ਕਰਾਂਗੇ, ਸ਼ਾਂਤੀ

ਕਿਵੇਂ ਆਵੇਗੀ। ਅਭਿਆਸ ਕਰੋ, ਜਾਪ ਕਰੋ, ਮਨੁੱਖਾਂ ਕੋਲ ਕੁਝ ਨਹੀਂ, ਗੁਰੂ ਨੇ ਮਿਹਰ ਕੀਤੀ ਹੈ। ਦਸਮ ਪਾਤਸ਼ਾਹ ਬੇਨਤੀ ਕਰਦੇ ਹਨ— ਮਹਾਰਾਜ, ਤੁਸੀਂ ਕਹਿੰਦੇ ਹੋ ਕਿ ਪੰਥ ਚਲਾਉ ਤੇ ਪੰਥ ਮੈਂ ਆਪਣਾ ਨਹੀਂ ਚਲਾਉਣਾ, ਪੰਥ ਚਲਾਉਣਾ ਹੈ ਤੁਹਾਡਾ। ਚਲੇਗਾ ਤਾਂ ਜੇ ਤੁਸੀਂ ਕ੍ਰਿਪਾ ਕਰੋ। "ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਿਆਇ॥ ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥" ਜਦੋਂ ਤੁਸੀਂ ਸਹਾਇਤਾ ਕਰੋਗੇ, ਫੇਰ ਇਹ ਪੰਥ ਚਲੇਗਾ ਵਾਹਿਗੁਰੂ ਦੀ ਕ੍ਰਿਪਾ ਦੇ ਨਾਲ। ਫੌਜ ਸਾਜੀ ਖੰਡੇ ਦੀ ਧਾਰ ਦਾ ਅੰਮ੍ਰਿਤ ਛਕਾ ਕੇ, ਉਹਦਾ ਨਾਮ ਰਖਿਆ ਖਾਲਸਾ। "ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਉ ਖਾਲਸਾ ਪਰਮਾਤਮ ਕੀ ਮੌਜ॥" ਹਰ ਇਕ ਮੱਤ ਨੇ ਆਪਣੇ ਧਾਰਮਿਕ ਸੰਸਕਾਰ ਕਰਕੇ ਆਪਣਾ ਨਵਾਂ ਜੀਵਨ ਮੰਨਿਆ ਹੈ। ਕਈਆਂ ਨੇ ਛਾਪੇ ਲਾ ਕੇ ਸਰੀਰ ਸਾੜਿਆ।

ਗੁਰਮੁਖੋ ! ਸਾਡੇ ਹਿੰਦੁਸਤਾਨ ਵਿਚ ਇਕ ਮੱਤ ਹੈ, ਮੈਂ ਇਕ ਮਹਾਤਮਾ ਵੇਖਿਆ, ਉਹਦੇ ਮੋਢਿਆਂ 'ਤੇ ਇਕ ਨਿਸ਼ਾਨ ਸੀ, ਮੈਂ ਪੁੱਛਿਆ, ਮਹਾਤਮਾ ਜੀ ਇਹ ਕੀ ? ਉਹ ਮੈਨੂੰ ਕਹਿਣ ਲੱਗੇ, ਪੁੱਤਰ ਮੈਂ ਬੈਰਾਗੀ ਸਾਧੂ ਹਾਂ ਤੇ ਮੈਂ ਕਾਸ਼ੀ ਜਾ ਕੇ ਆਪਣੇ ਇਸ ਮੋਢੇ 'ਤੇ ਛਾਪ ਲੁਆ ਕੇ ਆਇਆ ਹਾਂ। ਕਸੂਰ ਸ਼ਹਿਰ ਦੇ ਸਨ। ਉਹਨਾਂ ਦਾ ਨਾਮ ਸੀ— ਗੋਮਤੀ ਦਾਸ। ਜਿਵੇਂ ਲੋਹਾ ਖੁਭਾਈਦਾ ਹੈ, ਇਸ ਤਰ੍ਹਾਂ ਗੁਰਮੁਖੋ ਤਪਾ ਕੇ ਪਤਾ ਨਹੀਂ ਤਾਂਬਾ ਜਿਹਾ ਲੋਹਾ ਕੀ, ਉਹ ਤਾਂ ਉਹਨਾਂ ਨੂੰ ਹੀ ਪਤਾ ਹੋਵੇਗਾ, ਲੇਕਿਨ ਉਹ ਤਪਿਆ ਹੋਇਆ ਛਾਪ ਉਸ ਮੱਤ ਨੂੰ ਧਾਰਨ ਵਾਲੇ ਦੇ ਮੋਢੇ 'ਤੇ ਲਾਉਂਦੇ ਹਨ। ਸੜਦਾ ਬਲਦਾ ਸਾੜ ਦੇਂਦਾ ਚਮੜੇ ਨੂੰ। ਕਈਆਂ ਨੇ ਸੁੰਨਤ ਕਰਾ ਕੇ ਸਾਬਤ ਸੂਰਤ ਵਿਗਾੜੀ, ਕਈਆਂ ਨੇ ਕੰਨ ਪਾੜੇ, ਅਨੇਕਾਂ ਕਸ਼ਟ ਸਰੀਰ 'ਤੇ ਝੱਲੇ, ਪਰ ਸਾਡਾ ਗੁਰੂ ਧੰਨ ਹੈ, ਜਿਨ੍ਹਾਂ ਨੇ ਮਿੱਠਾ ਅੰਮ੍ਰਿਤ ਤੇ ਕੜਾਹ ਪ੍ਰਸ਼ਾਦਿ ਛਕਾ ਕੇ ਤੇ ਸਾਨੂੰ ਨਾਮ ਦੀ ਵੱਡੀ ਬਖ਼ਸ਼ਿਸ਼ ਕੀਤੀ। ਇਸੇ ਤਰ੍ਹਾਂ ਗੁਰੂ ਘਰ ਵਿਚ ਖੰਡੇ ਦੀ ਪਾਹੁਲ ਦੇਣ ਸਮੇਂ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਉਸੇ ਬਾਟੇ ਵਿਚੋਂ ਭੈਣਾਂ ਨੂੰ ਵੀ ਛਕਾਇਆ ਗਿਆ, ਉਸੇ ਵਿਚੋਂ ਵੀਰਾਂ ਨੂੰ, ਉਸੇ ਵਿਚੋਂ ਬਜ਼ੁਰਗਾਂ ਨੂੰ, ਉਸੇ ਵਿਚੋਂ ਬੱਚਿਆਂ ਨੂੰ "ਚਹੁੰ ਜੁਗਾਂ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥" ਕਈ ਇਥੇ ਮਨੁਖਾਂ ਪੜ੍ਹਦੇ ਹਨ, ਇਹ ਗੁਜਰਾਤੀ ਭਾਸ਼ਾ ਦਾ ਸ਼ਬਦ ਹੈ, ਮਨੁਖਾਂ ਦਾ ਅਰਥ ਹੁੰਦਾ ਹੈ— ਔਰਤ। ਇਹ ੭੯੭ ਅੰਗ 'ਤੇ ਪਾਠ ਆਉਂਦਾ ਹੈ। ਇਸ ਨੂੰ ਕਈ ਅਣਜਾਣ ਪਾਠੀ ਪੜ੍ਹਦੇ ਹਨ, 'ਮਨੁਖਾਂ ਨੋ ਏਕੁ ਨਿਧਾਨਾ॥' ਨਰ ਵੀ ਮਨੁੱਖ ਹੈ ਤੇ ਮਨੁੱਖ ਵੀ ਮਨੁੱਖ। ਇਹਦਾ ਕੀ ਬਣੇਗਾ 'ਨਰ ਮਨੁਖਾਂ ਨੋ ਏਕੁ ਨਿਧਾਨਾ' ਨਰ ਹੋ ਗਿਆ ਪੁਲਿੰਗ ਤੇ ਮਨੁੱਖਾ ਹੋ ਗਿਆ ਇਸਤਰੀ ਲਿੰਗ। ਜਾਤ-ਪਾਤ ਉੱਚਾ ਨੀਵਾਂ ਇਸਤਰੀ, ਮਰਦ, ਗ਼ਰੀਬ, ਅਮੀਰ ਸਾਰੇ ਪੁਰਖਾਂ ਨੂੰ ਮੇਲ ਕੇ ਪੰਜਾਂ ਪਿਆਰਿਆਂ ਦੇ ਸੀਸ ਤਲਵਾਰ ਨਾਲ ਕੱਟ ਕੇ ਆਪਣੀ ਸ਼ਕਤੀ ਨਾਲ ਸੁਰਜੀਤ ਕਰਕੇ ਸਤਿਗੁਰਾਂ ਨੇ ਇਹ ਖਾਲਸਾ ਸਾਜਿਆ। "ਸਤਿਗੁਰੁ ਮੇਰਾ ਮਾਰਿ ਜੀਵਾਲੈ॥ ਸਤਿਗੁਰ ਮੇਰਾ ਸਰਬ ਪ੍ਰਤਿਪਾਲੈ॥" "ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ

ਚੇਲਾ॥'' ਅੱਗੇ ਵਾਸਤੇ ਉਹਨਾਂ ਮਰਿਆਦਾ ਕਾਇਮ ਕਰ ਦਿੱਤੀ ਕਿ ਪੰਜ ਪਿਆਰੇ ਅੰਮ੍ਰਿਤ ਛਕਾ ਕੇ ਗੁਰਮੰਤਰ ਬਖਸ਼ ਕੇ ਗੁਰੂ ਵਾਲਾ ਬਣਾਇਆ ਕਰਨਗੇ। ਕੋਈ ਇਕੱਲਾ ਦੁਕੱਲਾ ਨਹੀਂ। ਇਹ ਨਹੀਂ ਕਿ ਅੰਦਰ ਵਾੜਿਆ, ਕੁੰਡੀ ਲਾਈ ਤੇ ਬਾਬੇ ਦਾ ਮੰਤਰ ਫੂਕ ਦਿੱਤਾ ਕੰਨਾਂ ਵਿਚ, ਮੁੜ ਕੇ ਉੱਚੀ ਨਹੀਂ ਬੋਲਣਾ, ਝੁੰਮਲ ਮਾਟਾ ਮਾਰ ਕੇ ਅਭਿਆਸ ਕਰੋ, ਜਿਵੇਂ ਡੂਮਣਾ ਲਾਉਣਾ ਹੁੰਦਾ ਹੈ, ਮੰਤਰ ਉੱਡ ਨਾ ਜਾਏ। ਚੰਗਾ ਮੰਤਰ ਹੈ ਬਈ, ਜੇ ਕਿਸੇ ਕੋਲ ਚਾਬੀ ਨਾ ਹੋਈ ਤੇ ਫੇਰ ਮੰਤਰ ਗਿਆ, ਹਵਾ ਬੁੱਲੇ ਨਾਲ ਉੱਡ ਜਾਏਗਾ। ਜਿਹੜਾ ਸਾਡੇ ਗੁਰੂ ਨੇ ਮੰਤਰ ਦਿੱਤਾ ਹੈ, ਇਹ ਇੰਨਾ ਪੱਕਾ ਹੈ ਕਿ ਬੰਦ-ਬੰਦ ਵੀ ਕੱਟੇ ਗਏ, ਫੇਰ ਵੀ ਉਡਿਆ ਨਹੀਂ।

ਹਰਿਮੰਦਰ ਸਾਹਿਬ ਦੇ ਸਤਿਕਾਰ ਯੋਗ ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ ਜਿਨ੍ਹਾਂ ਦੀ ਉਮਰ ੯੨ ਸਾਲ ਦੀ ਸੀ, ਕਹਿੰਦੇ ਮੈਂ ਹਾਂ ਖਸਮ ਵਾਲਾ। ਮੇਰਾ ਖਸਮ ਹੈ ਗੁਰੂ ਗੋਬਿੰਦ ਸਿੰਘ ਤੇ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਮਹਾਰਾਜ। ਅਸੀਂ ੪੮ ਸਿੰਘ ਸਾਰੇ ਗੁਰੂ ਦੇ ਸਿੱਖ। ਕਲਗੀਧਰ ਪਾਤਿਸ਼ਾਹ ਨੇ ਸਾਡੇ 'ਤੇ ਰਹਿਮਤਾਂ ਕੀਤੀਆਂ। ਉਹਨਾਂ ਨੇ ਉਥੇ ਬਾਣੀ ਉਚਾਰਣ ਕੀਤੀ ਦਸਮ ਗ੍ਰੰਥ ਮੈਥੋਂ ਲਿਖਵਾਇਆ। ਮਹਾਰਾਜ ਨੇ ਸਵੇਰੇ ਬਾਣੀ ਉਚਾਰਣ ਕਰਨੀ ਉਹ ਸੇਵਾ ਮੈਥੋਂ ਲਈ। ਉਸ ਸਮੇਂ ਮੇਰੇ ਨਾਲ ਭਾਈ ਦੀਪ ਸਿੰਘ ਸੀ। ਬਾਬਾ ਮਨੀ ਸਿੰਘ ਜੱਲਾਦ ਨਾਲ ਗੱਲਾਂ ਕਰਦੇ ਤੇ ਅਸੀਂ ੪੮ ਸਾਂ ਸਾਰੇ ਸਿੱਖ। ਉਹ ਕਹਿੰਦੇ ਸਨ ਗੁਰਮੁਖੋ ਇਕੱਲੇ ਆਪ ਨਾ ਬਾਣੀ ਪੜ੍ਹੀ ਜਾਇਆ ਕਰੋ, ਹੋਰਨਾਂ ਦੇ ਕੰਨਾਂ ਵਿਚ ਵੀ ਬਾਣੀ ਦਾ ਪ੍ਰਚਾਰ ਭੇਜੋ। ਤੁਹਾਡੀ ਡਿਊਟੀ ਹੈ ਗੁਰਮਤਿ ਨੂੰ ਅੱਗੇ ਵੰਡਣ ਦੀ, ਗੁਰੂ ਦਾ ਸੰਦੇਸ਼ਾ ਪਹੁੰਚਾਉਣ ਦੀ। ਮਹਾਰਾਜ ਬੜਾ ਅਨੰਦ ਬਣਿਆ ਅਸੀਂ ਵੀ ਗੁਰਦੇਵ ਦੇ ਲਾਗੇ ਬਹਿੰਦੇ ਹੁੰਦੇ ਸਾਂ, ਨਜ਼ਦੀਕੀ ਸਾਂ ਤੇ ਅਸੀਂ ਵਿਚੋਂ ਬੋਲ ਪਏ ਮੈਂ ਤੇ ਦੀਪ ਸਿੰਘ ਜੀ, ਮੈਂ ਕਿਹਾ ਪਾਤਿਸ਼ਾਹ ! ਬੜਾ ਅਨੰਦ ਬਣਿਆ ਹੈ। ਜਿਹੜਾ ਦੀਪ ਸਿੰਘ ਉਹ ਗੱਭਰੂ ਹੈ, ਮੇਰੇ ਨਾਲੋਂ ਛੋਟਾ ਹੈ, ਬੜਾ ਬਲੀ ਉਹ ਕਹਿਣ ਲੱਗਾ ਮਹਾਰਾਜ ਜੀ ਬੜਾ ਅਨੰਦ ਬਣਿਆ ਤੇ ਪਾਤਿਸ਼ਾਹ ਪਹਿਲਾਂ ਤਾਂ ਮੇਰੇ ਵੱਲ ਮੂੰਹ ਕੀਤਾ ਕਹਿਣ ਲੱਗੇ ਮਨੀ ਸਿੰਘ, ਪੁੱਤ ਤੇਰਾ ਬੰਦ ਬੰਦ ਵੀ ਕੱਟਿਆ ਜਾਏ ਤਾਂ ਵੀ ਤੇਰੇ ਨਾਮ ਵਿਚ ਫ਼ਰਕ ਨਹੀਂ ਪਏਗਾ। ਮੇਰੇ ਮਾਲਕ ਨੇ ਮੈਨੂੰ ਆਖਿਆ ਬੰਦ ਬੰਦ ਕਟਾਉਣ ਲਈ। ਵੈਸੇ ਦੀਪ ਸਿੰਘ ਨੂੰ ਵੀ ਆਖਿਆ ਸੀ ਪੁੱਤਰ ਤੇਰਾ ਸਿਰ ਭਾਵੇਂ ਕੱਟਿਆ ਜਾਏ ਤੇਰੇ ਨਾਮ ਵਿਚ ਫ਼ਰਕ ਨਹੀਂ ਪਏਗਾ। ਉਹ ਘੜੀ ਪਤਾ ਨਹੀਂ ਕਦੋਂ ਆਉਣੀ ਹੈ, ਮਾਲਕ ਜਾਣੇ ਪਰ ਮੈਂ ਆਪਣੀ ਗੱਲ ਕਰਨ ਲੱਗਾ ਹਾਂ। ਤੇਰੇ ਮਾਲਕ ਨੇ ਆਖਿਆ ਤੂੰ ਬੰਦ-ਬੰਦ ਕੱਟ, ਮੇਰੇ ਮਾਲਕ ਨੇ ਆਖਿਆ ਬੰਦ-ਬੰਦ ਕਟਵਾ। ਗੁਰਮੁਖਾ ! ਤੂੰ ਮੇਰੇ ਬੰਦ-ਬੰਦ ਨਾ ਕੱਟੇ ਤਾਂ ਤੂੰ ਵੀ ਦੋਸ਼ੀ, ਮੈਂ ਵੀ ਦੋਸ਼ੀ ਕਿਉਂਕਿ ਮੇਰੇ ਮਾਲਕ ਦੀ ਰਜ਼ਾ, ਮੈਂ ਬੰਦ-ਬੰਦ ਕਟਵਾਵਾਂ, ਤੇਰੇ ਮਾਲਕ ਦੀ ਆਗਿਆ ਤੂੰ ਬੰਦ-ਬੰਦ ਕੱਟੇਂ। ਕੋੜਾ ਬੋਲ ਨਹੀਂ, ਮੱਥੇ 'ਤੇ ਵੱਟ ਨਹੀਂ ਪਾਏ, ਕਸੀਸ ਨਹੀਂ ਵੱਟੀ ਸੀ ਤੇ ਹਾਏ ਨਹੀ ਆਖਿਆ। ਕਹਿਣ ਲੱਗੇ, ਹੀਰਿਆ ! ਅਜੇ ਅਣਜਾਣ ਹੈਂ ਆਪਣੇ ਕੰਮ ਤੋਂ ਤੂੰ। ਉਹ ਵਿਚਾਰਾ ਪੱਥਰ ਹੋ ਗਿਆ। ਇੰਨਾ ਨਿਰਭੈ ਬਾਬਾ ! ਇੰਨਾ ਬੇਖੌਫ਼ ! ਪਤਾ ਨਹੀਂ

ਕਿਹੜਾ ਕਲਾਮ ਪੜ੍ਹਦਾ ਹੈ ? ਚੁੱਪ ਸੀ ਵਿਚਾਰਾ। ਕਹਿੰਦੇ ਹੀਰਿਆ। ਤੇਰੇ ਮਾਲਕ ਨੇ ਆਖਿਆ, ਬੰਦ-ਬੰਦ ਕੱਟਣ ਲਈ ਅਤੇ ਮੇਰੇ ਮਾਲਕ ਨੇ ਆਖਿਆ ਬੰਦ-ਬੰਦ ਕਟਵਾਉਣ ਲਈ ਤੇ ਤੂੰ ਨਿਆਣਾ ਏਂ, ਬੰਦ ਗੁੱਟ ਤੋਂ ਥੋੜ੍ਹਾ ਸ਼ੁਰੂ ਹੁੰਦਾ ਹੈ, ਬੰਦ ਤਾਂ ਪੁੱਤਰ ਪੋਟਿਆਂ ਤੋਂ ਸ਼ੁਰੂ ਹੁੰਦਾ ਹੈ, ਪੋਟਿਆਂ ਦੇ ਸ਼ੁਰੂ ਵੇਖੀਆਂ ਉਂਗਲਾਂ ਮੁੜਦੀਆਂ। ਗੁਰਮੁਖੋ, ਇਤਿਹਾਸ ਪੜ੍ਹੋ ਸਾਡਾ ਤਾਂ ਦਿਲ ਪੱਥਰ ਹੈ। ਅਸੀਂ ਤਾਂ ਗੁਰੂ ਦੇ ਅੰਮ੍ਰਿਤ ਦੀ ਕਦਰ ਨਹੀਂ ਕੀਤੀ। ਨਿਕੰਮਿਆਂ ਦੇ ਡੇਰਿਆਂ ਤੋਂ ਫੂਕਾਂ ਮਰਵਾਉਣ ਚਲੇ ਗਏ। ਜੱਲਾਦ ਨੇ ਟੋਕਾ ਵਗਾਹ ਕੇ ਮਾਰਿਆ। ਮੈਥੋਂ ਨਹੀਂ ਇਹੋ ਜਿਹਾ ਸਾਈਂ ਪੁਰਸ਼ ਮਾਰੀਦਾ, ਨਵਾਂ ਜੱਲਾਦ ਲਿਆਂਦਾ ਗਿਆ। ਇਹ ਲਿਖਿਆ ਇਤਿਹਾਸ ਵਿਚ। ਉਹ ਨਾਮ ਇੰਨਾ ਪੱਕਾ ਹੈ ਕਿ ਬੰਦ-ਬੰਦ ਕੱਟੇ ਜਾਣ 'ਤੇ ਵੀ ਉੱਡਦਾ ਨਹੀਂ ਤੇ ਪਤਾ ਨਹੀਂ ਇਹ ਨਾਮ ਗੁਰੂ ਨੇ ਕਾਹਦੇ ਵਿਚ ਘੋਲ-ਘੋਲ ਕੇ ਤਿਆਰ ਕੀਤਾ ਹੈ।

ਬਾਬਾ ਦੀਪ ਸਿੰਘ ਜੀ ਨੇ ਜਦੋਂ ਅੰਮ੍ਰਿਤ ਛੱਕਿਆ ਹੋਵੇਗਾ, ਜਿਹੜਾ ਬਾਬਾ ਨੌਧ ਸਿੰਘ ਹੈ, ਜਦੋਂ ਆਪਾਂ ਤਰਨਤਾਰਨ ਸਾਹਿਬ ਤੋਂ ਆਉਂਦੇ ਰਸਤੇ ਵਿਚ ਆਉਂਦਾ ਹੈ ਗੁ: ਬਾਬਾ ਨੌਧ ਸਿੰਘ। ਬਾਬੇ ਦੀਪ ਸਿੰਘ ਨਾਲੋਂ ਉਮਰ ਕਰਕੇ ਵਡੇਰਾ ਸੀ, ਵੈਸੇ ਮੀਤ ਜਥੇਦਾਰ ਸਨ। ਬਾਰ੍ਹਾਂ ਮਿਸਲਾਂ ਵਿਚੋਂ ਸ਼ਹੀਦਾਂ ਦੀ ਮਿਸਲ ਦੇ ਆਗੂ ਬਾਬਾ ਦੀਪ ਸਿੰਘ ਜੀ ਸ਼ਹੀਦ ਹੋਏ ਸਨ। ਜਿਹੜਾ ਆਪਾਂ ਪ੍ਰਕਰਮਾਂ ਵਿਚ ਨਮਸਕਾਰ ਕਰਦੇ ਹਾਂ, ਇਹ ਉਸ ਜ਼ਮਾਨੇ ਦੇ ਸ਼ਹੀਦ ਮਿਸਲ ਦਾ ਬੁੰਗਾ ਸੀ, ਇਥੇ ਸ਼ਹੀਦ ਮਿਸਲਾਂ ਦੇ ਬੁੰਗੇ ਹੁੰਦੇ ਸਨ, ਫੇਰ ਕਈ ਬੰਦੇ ਕਹਿੰਦੇ ਹਨ ਕਿ ਬਾਬਾ ਨੌਧ ਸਿੰਘ ਦਾ ਬੜਾ ਮਾਨ ਸਨਮਾਨ ਹੁੰਦਾ ਸੀ, ਜਥੇਦਾਰ ਬਾਬਾ ਦੀਪ ਸਿੰਘ ਜੀ ਵੱਡਾ ਸੀ, ਉਹਦਾ ਕਾਰਣ ਗੁਰਮੁਖੋ ਇਹ ਹੈ ਜਦੋਂ ਬਾਬਾ ਦੀਪ ਸਿੰਘ ਜੀ ਨੇ ਗੁਰੂ ਕਾ ਅੰਮ੍ਰਿਤ ਪਾਨ ਕੀਤਾ ਉਸ ਵੇਲੇ ਬਾਬਾ ਨੌਧ ਸਿੰਘ ਜੀ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਹੋਏ ਸਨ, ਇਤਿਹਾਸ ਵਿਚ ਲਿਖੀ ਗੱਲ ਹੈ। ਭਾਵੇਂ ਬਾਬਾ ਨੌਧ ਸਿੰਘ ਜੀ ਮੀਤ ਜਥੇਦਾਰ ਬਣਕੇ ਰਹੇ, ਪਰ ਬਾਬਾ ਦੀਪ ਸਿੰਘ ਜੀ ਬਾਬਾ ਨੌਧ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਬਾਬਾ ਜੀ ਠੀਕ ਹੈ ਮੈਂ ਤੁਹਾਡੇ ਨਾਲੋਂ ਉਮਰ ਕਰਕੇ ਛੋਟਾ ਹਾਂ। ਤੁਸੀਂ ਮੈਨੂੰ ਮਾਨ ਸਨਮਾਨ ਦੇਂਦੇ ਹੋ, ਪਰ ਗੁਰੂ ਕਲਗੀਧਰ ਪਾਤਿਸ਼ਾਹ ਮਹਾਰਾਜ ਦੀ ਪਾਵਨ ਦਾਤ ਅੰਮ੍ਰਿਤ ਮੈਨੂੰ ਤੁਹਾਡੇ ਹੱਥੀਂ ਮਿਲੀ ਹੈ, ਮੈਂ ਤੁਹਾਡਾ ਦੇਣ ਦੇ ਨਹੀਂ ਸਕਦਾ। ਇਸ ਕਰਕੇ ਬਾਬਾ ਨੌਧ ਸਿੰਘ ਜੀ ਦਾ ਸਤਿਕਾਰ ਆਪਾਂ ਬੜਾ ਕਰਦੇ ਹਾਂ। ਇਹਦਾ ਅਸਲ ਕਾਰਨ ਇਹ ਹੈ ਕਿ ਬਾਬਾ ਦੀਪ ਸਿੰਘ ਜੀ ਨਾਲੋਂ ਦੂਜੇ ਨੰਬਰ 'ਤੇ ਸਨ, ਬਾਬਾ ਦੀਪ ਸਿੰਘ ਜੀ ਨੇ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਦੀ ਦਾਤ ਲਈ ਹੈ। ਪੰਜਾਂ ਪਿਆਰਿਆਂ ਵਿਚੋਂ ਇਕ ਸਿੰਘ ਅਰਦਾਸ ਕਰਦਾ ਹੈ, ਜਿਹੜਾ ਸਾਨੂੰ ਗੁਰਮਤਿ ਤੋਂ ਜਾਣੂੰ ਕਰਵਾਉਂਦਾ ਹੈ, ਉਹਨਾਂ ਨੂੰ ਆਪਾਂ ਕਹਿੰਦੇ ਹਾਂ, ਪੰਜਾਂ ਪਿਆਰਿਆਂ ਦਾ ਜਥੇਦਾਰ ਸਿੰਘ। ਪੰਜ ਪਿਆਰਿਆਂ ਵਿਚੋਂ ਅਰਦਾਸ ਕਰਦਾ ਉਹ ਮੁੜ ਕੇ ਆਪਾਂ ਨੂੰ ਕਹਿੰਦਾ ਹੈ, ਇਹ ਕੁਰਹਿਤਾਂ ਹਨ, ਇਹਨਾਂ ਦਾ ਤਿਆਗ ਕਰਨਾ ਹੈ, ਬਾਣੀਆਂ ਪੜ੍ਹਨੀਆਂ ਨੇ, ਇਹ ਕੰਮ ਕਰਨਾ, ਇਹ ਨਹੀਂ ਕਰਨਾ, ਜਿਹੜਾ ਉਹ ਸਾਰੀ ਨਸੀਹਤ ਦੇਂਦਾ, ਉਸਨੂੰ ਕਹਿੰਦੇ

ਨੇ ਜਥੇਦਾਰ। ਬਾਬਾ ਦੀਪ ਸਿੰਘ ਜੀ ਨੇ ਜਦੋਂ ਅੰਮ੍ਰਿਤ ਪਾਨ ਕੀਤਾ ਤਾਂ ਉਸ ਸਮੇਂ ਬਾਬਾ ਨੌਧ ਸਿੰਘ ਜੀ ਨੇ ਗੁਰਮਤਿ ਸਿੱਖਿਆ ਦਿੱਤੀ। ਇਸ ਕਰਕੇ ਵਿਸ਼ੇਸ਼ ਤੌਰ 'ਤੇ ਅਸੀਂ ਉਹਨਾਂ ਮਹਾਂਪੁਰਸ਼ਾਂ ਦਾ ਸਨਮਾਨ ਵੀ ਕਰਦੇ ਹਾਂ। ਕਹਿਣ ਲੱਗਾ – ਗੁਰਮੁਖੋ ਜਿਹੜੀ ਇਹ ਦਾਤ ਹੈ, ਇਹ ਕੋਈ ਇਕੱਲਾ-ਦੁਕੱਲਾ ਨਹੀਂ ਦੇ ਸਕਦਾ। ਇਹ ਕੇਵਲ ਤੇ ਕੇਵਲ ਗੁਰੂ ਦੇ ਪੰਜ ਪਿਆਰੇ ਸਿੰਘ ਤੇ ਨਾਲ ਗੁਰੂ ਕੀ ਤਾਬਿਆ ਤਿਆਰ-ਬਰ-ਤਿਆਰ ਸਿੰਘ ਹੀ ਦੇ ਸਕਦਾ ਹੈ। ਉਹਨਾਂ ਵਰਗਾ ਉੱਚੇ ਜੀਵਨ ਵਾਲਾ ਗ੍ਰੰਥੀ ਸਿੰਘ ਹੋਵੇ ਤੇ ਫੇਰ ਗੱਲ ਬਣਦੀ ਹੈ।

ਕੋਈ ਕਹਿੰਦਾ ਫਲਾਣਾ ਗੁਰੂ ਧਾਰਨ ਕਰ ਲਿਆ, ਫਲਾਣੇ ਕੋਲੋਂ ਨਾਮ ਲੈ ਕੇ ਆਇਆ ਹਾਂ। ਉਹ ਗੁਰਮੁਖੋ ! ਗੁਰੂ ਨੇ ਤਾਂ ਸਾਨੂੰ ਸੁਚੇਤ ਕੀਤਾ ਹੈ, ਪਤਾ ਨਹੀਂ ਅਸੀਂ ਕਿਹੜੀ ਮਿੱਟੀ ਦੇ ਬਣੇ ਹਾਂ, ਸਾਨੂੰ ਅਸਰ ਹੀ ਨਹੀਂ ਹੁੰਦਾ। 'ਸਤਿਗੁਰ ਬਾਝਹੁ ਗੁਰ ਨਹੀ ਕੋਈ' ਗਿਆਨੀ ਕੋਈ ਗੁਰੂ ਨਹੀਂ, ਐਵੇਂ ਬੰਦੇ ਨੂੰ ਗੁਰੂ ਬਣਾਈ ਫਿਰੋ "ਸਤਿਗੁਰ ਬਾਝਹੁ ਗੁਰ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥" ਇਹ ੪੩੫ ਅੰਗ ਤੇ ਪੰਗਤੀ ਲਿਖੀ ਹੈ। ਗੁਰੂ ਤੋਂ ਬਿਨਾਂ ਗੁਰੂ ਨਹੀਂ, ਨਿਗੁਰੇ ਦਾ ਨਾਂ ਲੈਣਾ ਵੀ ਮਾੜਾ ਹੈ। ਕਈ ਕਹਿੰਦੇ ਹਨ, ਜੀ ਦਿਲ ਸਾਫ਼ ਹੋਣਾ ਚਾਹੀਦਾ ਹੈ। ਇਹ ਨਵਾਂ ਫ਼ਾਰਮੂਲਾ ਪਤਾ ਨਹੀਂ ਕਿਥੋਂ ਲੱਭ ਕੇ ਲਿਆਂਦਾ। ਮੈਂ ਉਹਨੂੰ ਕੀ ਕਹਾਂ ਭਰਾਵਾ ਮੈਂ ਤਾਬਿਆ 'ਤੇ ਬੈਠਾ ਕਹਿੰਦਾ ਫੱਬਦਾ ਨਹੀਂ, ਇਹਦਾ ਮਤਲਬ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਅੰਮ੍ਰਿਤ ਛੱਕਿਆ ਸੀ, ਉਹਨਾਂ ਦਾ ਦਿਲ ਸਾਫ਼ ਨਹੀਂ ਸੀ, ਤੇਰਾ ਸਾਫ਼ ਹੈ ਨਾ। ਮਾਤਾ ਗੁੱਜਰ ਕੌਰ ਨੇ ਅੰਮ੍ਰਿਤ ਛੱਕਿਆ, ਮਾਤਾ ਸਾਹਿਬ ਕੌਰ ਨੇ ਅੰਮ੍ਰਿਤ ਛੱਕਿਆ, ਪੰਜਾਂ ਪਿਆਰਿਆਂ ਨੇ ਅੰਮ੍ਰਿਤ ਛੱਕਿਆ, ਇਹਦਾ ਮਤਲਬ ਤੇਰਾ ਦਿਲ ਪੰਜਾਂ ਪਿਆਰਿਆਂ ਨਾਲੋਂ ਵੀ ਸਾਫ਼ ਹੈ। Dryclean ਕਰਵਾ ਕੇ ਲਿਆਇਆ ਹੋਵੇਂਗਾ। ਬਹੁਤਿਆਂ ਕੋਲੋਂ ਸੁਣਿਆ ਹੈ, ਗਿਆਨੀ ਜੀ ਮਨ ਸਾਫ਼ ਚਾਹੀਦੈ। ਇਹਦਾ ਮਤਲਬ ਕਿ ਪੰਜਾਂ ਪਿਆਰਿਆਂ ਦੇ ਮਨ ਦੀ ਤੈਨੂੰ ਸ਼ੰਕਾ ਹੈ। ਬਾਬੇ ਦੀਪ ਸਿੰਘ ਦੇ ਮਨ ਤੇ ਤੈਨੂੰ ਵਿਸ਼ਵਾਸ ਨਹੀਂ, ਬਾਬਾ ਬੰਦਾ ਸਿੰਘ ਬਹਾਦਰ ਦੇ ਮਨ ਵਿਚ ਵੀ ਕੋਈ ਕਸਰ ਸੀ ? ਬਾਬਾ ਬੰਦਾ ਸਿੰਘ ਬਹਾਦਰ ਅੰਮ੍ਰਿਤ ਛੱਕਣ ਤੋਂ ਪਹਿਲਾਂ ਇੰਨਾ ਬਲੀ ਦੱਸਿਆ ਹੈ ਕਿ ਉਡ ਜਾਂਦਾ ਹੁੰਦਾ ਸੀ, ਜਿਥੇ ਮਰਜ਼ੀ ਚਾਹੇ ਇਹਨੇ ਪਹੁੰਚ ਜਾਣਾ, ਇੰਨੀ ਸਤਿਆ ਦਾ ਮਾਲਕ ਸੀ, ਪਰ ਉਸ ਮਹਾਂਪੁਰਸ਼ ਨੇ ਮਹਿਸੂਸ ਕੀਤਾ ਕਿ ਗੁਰੂ ਕੇ ਅੰਮ੍ਰਿਤ ਤੋਂ ਬਿਨਾਂ ਗੱਲ ਨਹੀਂ ਬਣਨੀ। ਉਹਨੇ ਹੱਥ ਜੋੜ ਕੇ ਗੁਰੂ ਪਾਤਿਸ਼ਾਹ ਤੋਂ ਅੰਮ੍ਰਿਤ ਦੀ ਦਾਤ ਲਈ। ਕਹਿਣ ਲੱਗਾ, ਮੈਂ ਤੁਹਾਡਾ ਬੰਦਾ ਮਹਾਰਾਜ ਜੀ ਮੇਰਾ ਨਾਂ ਕੀ ਹੈ ? ਹਜ਼ੂਰ ਕਹਿੰਦੇ ਗੁਰਬਖਸ਼ ਸਿੰਘ (ਬਾਬਾ ਬੰਦਾ ਸਿੰਘ ਦਾ ਅਸਲੀ ਨਾਂ ਹੋਇਆ ਗੁਰਬਖਸ਼ ਸਿੰਘ), ਬੰਦਾ ਉਹਨਾਂ ਦਾ ਤਖ਼ੱਲਸ ਹੈ, ਲਕਬ ਹੈ। ਇਸ ਕਰਕੇ ਮੇਰੇ ਕਹਿਣ ਤੋਂ ਮੁਰਾਦ ਇਹ ਹੈ ਕਿ ਗੁਰਮੁਖੋ, ਗੁੰਜਾਇਸ਼ ਨਹੀਂ ਸਾਰੇ ਪਰਿਵਾਰ ਨੂੰ ਗੁਰ ਪਾਤਿਸ਼ਾਹ ਨੇ ਉਸੇ ਦਿਨ ਅੰਮ੍ਰਿਤ ਛਕਾਇਆ ਤੇ ਸਾਹਿਬਜ਼ਾਦਿਆਂ ਦੇ ਨਾਮ ਨਾਲ ਸਿੰਘ ਦੀ ਵਰਤੋਂ ਕੀਤੀ। ਇਸ ਕਰਕੇ ਸਾਨੂੰ ਹਿਦਾਇਤ ਹੈ ਅੰਮ੍ਰਿਤ ਪੀਵੋ, ਕੰਨਾਂ ਵਿਚ ਫੂਕਾਂ ਨਾ ਮਰਾਓ।

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥

(ਪੰਨਾ ੪੯੬)

ਗੁਰਮੁਖੋ ! ਇਹੋ ਜਿਹੀ ਚੜ੍ਹਦੀ ਕਲਾ ਬਣੇਗੀ ਕਿ ਤੁਹਾਨੂੰ ਚਿੰਤਾ ਹੀ ਨਹੀਂ ਰਹੇਗੀ। ਕੁੱਪਰਹੀੜੇ ਤੇ ਕਾਨੂੰਵਾਨ ਦੇ ਦੋ ਘਲੂਘਾਰੇ ਹੋਏ ਹਨ। ਹੁਣ ਤਾਂ ਤਿੰਨ ਬਣ ਗਏ ਹਨ, ਇਕ ਛੋਟਾ ਘਲੂਘਾਰਾ, ਇਕ ਵੱਡਾ ਘਲੂਘਾਰਾ ਤੇ ਇਕ ੮੪ ਵਾਲਾ ਘਲੂਘਾਰਾ। ਪਹਿਲਾਂ ਅਸੀਂ ਦੋ ਪੜ੍ਹਦੇ ਹੁੰਦੇ ਸਾਂ, ਸਾਨੂੰ ਕੀ ਪਤਾ ਸੀ ਕਿ ਸਾਡੇ ਸਮੇਂ ਤੀਜਾ ਘਲੂਘਾਰਾ ਵੀ ਹੋ ਜਾਣਾ ਹੈ। ਹੁਣ ਤਿੰਨ ਘਲੂਘਾਰੇ ਹਨ। ਇਕ ਅਹਿਮਦਸ਼ਾਹ ਅਬਦਾਲੀ ਦੇ ਮੌਕੇ 'ਤੇ ਹੋਇਆ, ਇਕ ਲੱਖਪਤ ਰਾਏ ਦੇ ਮੌਕੇ 'ਤੇ ਹੋਇਆ ਜੋ ਕਿ ਖੱਤਰੀ ਸੀ। ਇਹਦਾ ਭਰਾ ਜਸਵੰਤ ਮਾਰਿਆ ਸੀ ਬਾਬੇ ਮਨੀ ਸਿੰਘ ਦੇ ਭਤੀਜੇ ਨੇ ਅਹਿਮਨਾਬਾਦ ਵਿਚ। ਇਹ ਕਾਨੂੰਵਾਨ ਦੇ ਦੇਸ਼ਾਂ ਵਿਚ ਹੋਇਆ। ਇਹਨੂੰ ਕਹਿੰਦੇ ਨੇ ਛੋਟਾ ਘਲੂਘਾਰਾ। ਇਹਦੇ ਵਿਚ ਦੱਸ ਹਜ਼ਾਰ ਸਿੰਘ ਸ਼ਹੀਦ ਹੋਇਆ।

ਦੂਜਾ ਵੱਡਾ ਘਲੂਘਾਰਾ ਹੋਇਆ ਗੁਰਮੁਖੋ ! ਮਲੇਰਕੋਟਲੇ ਦੇ ਲਾਗੇ ਜਗ੍ਹਾ ਹੈ, ਉਸ ਥਾਂ 'ਤੇ। ਇਤਿਹਾਸਕਾਰਾਂ ਦਾ ਵਖਰੇਵਾਂ ਕੋਈ ਕਹਿੰਦਾ ੩੦ ਹਜ਼ਾਰ, ਕੋਈ ਕਹਿੰਦਾ ੫੦ ਹਜ਼ਾਰ, ਮੈਂ ਗੱਲ ਕੇਵਲ ਚੜ੍ਹਦੀ ਕਲਾ ਦੀ ਕਰਨ ਲੱਗਾ ਹਾਂ, ਰਾਗ ਵਿਚ ਪੰਗਤੀ ਆਈ ਸੀ "ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥" ਪਰ ਅੱਜ ਇਹ ਪੰਥ ਪ੍ਰਕਾਸ਼ ਪੜ੍ਹੋ, ਬਾਬੇ ਮਹਿਤਾਬ ਸਿੰਘ ਦੇ ਪੋਤਰੇ ਨੇ ਲਿਖਿਆ ਰਤਨ ਸਿੰਘ ਭੰਗੂ ਜੀ ਨੇ। ੫੦ ਹਜ਼ਾਰ ਜੇ ਅੰਦਾਜ਼ਾ ਲਾਈਏ ਤਾਂ ਇਤਿਹਾਸਕਾਰ ਲਿਖਦੇ ਹਨ ਜਿੰਨੀ ਕੌਮ ਸੀ ਸਾਡੀ ਸਿੱਖਾਂ ਦੀ ਸਾਰੀ ਗਿਣਤੀ, ਉਹਦੇ ਵਿਚੋਂ ੫੦% ਸ਼ਹੀਦ ਹੋ ਗਏ। ਅੰਦਾਜ਼ਾ ਤੁਸੀਂ ਲਗਾ ਲਉ ਜਿੰਨੀ ਸਾਡੀ ਗਿਣਤੀ ਸੀ ਨਾ ਉਹਦਾ ੧/੨ ਹਿੱਸਾ ਭਾਵ ਅੱਧਾ ਹਿੱਸਾ ੧੭੬੨ ਦੇ ਘਲੂਘਾਰੇ ਵਿਚ ਸ਼ਹੀਦ ਹੋ ਗਿਆ। ਅੱਧੀ ਕੌਮ ਖ਼ਤਮ ਹੋ ਗਈ। ਧੰਨ ਉਹ ਮਾਈ ਦੇ ਲਾਲ ਜਦੋਂ ਉਹ ਫ਼ੌਜ ਪਿੱਛੇ ਹਟੀ ਤਾਂ ਗੁਰੂ ਕੇ ਸਿੰਘ ਬਾਲਣ ਲੱਭਦੇ ਫਿਰਦੇ ਹਨ ਕਿ ਅੱਗ ਬਾਲੀਏ ਤੇ ਲੰਗਰ ਤਿਆਰ ਕਰੀਏ ਤੇ ਕਹਿੰਦੇ ਖੋਡ ਖੋਡ ਚਰਬੀ ਕਿਉਂ ਰਹਿ ਗਿਆ ਰੋਂਦਾ ਕੋਈ ਵੀ ਨਹੀਂ। ਕਿਸੇ ਨੇ ਕੀਰਨੇ ਨਹੀਂ ਪਾਏ, ਕਿਸੇ ਨੇ ਹਾਏ ਨਹੀਂ ਆਖਿਆ, ਕਹਿੰਦੇ ਕਈ ਝੜ ਗਏ ਹਨ, ਜਿਹੜੇ ਬਾਕੀ ਰਹਿ ਗਏ ਹੋਰ ਪੁੰਗਰ ਪੈਣਗੇ, ਕੋਈ ਗੱਲ ਨਹੀਂ, ਲੰਗਰ ਛੱਕੋ।

ਕਿੰਨੀਆਂ ਕੁਰਬਾਨੀਆਂ ਨੇ ਮੇਰੇ ਧੰਨ ਗੁਰੂ ਗੋਬਿੰਦ ਸਿੰਘ, ਸੱਚੇ ਪਾਤਿਸ਼ਾਹ ਦੇ ਅੰਮ੍ਰਿਤ ਨਾਮ ਦੀਆਂ। ਕਿਸੇ ਦਾ ਪਿਉ ਚੜ੍ਹਾਈ ਕਰ ਗਿਆ, ਕਿਸੇ ਦੇ ਸਾਰੇ ਦੇ ਸਾਰੇ ਪੁੱਤ ਚੜ੍ਹਾਈ ਕਰ ਗਏ, ਕਿਸੇ ਦਾ ਪੋਤਰਾ ਨਾਲ ਚਲਾ ਗਿਆ ਦੁਨੀਆਂ ਤੋਂ, ਇੰਨੀਆਂ ਲੋਥਾਂ, ਫੇਰ ਵੀ ਚੜ੍ਹਦੀ ਕਲਾ, ' ਇਹ ਕਿਸਦੀ ਮੇਹਰਬਾਨੀ ਹੈ, "ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥" 'ਰੰਗ ਤਮਾਸਾ ਪੂਰਨ ਆਸਾ' ਹੇ ਗੁਰਮੁਖਾ ! ਤੇਰੀਆਂ ਆਸਾਂ ਮੁਰਾਦਾਂ ਪੂਰੀਆਂ ਹੋ ਜਾਣਗੀਆਂ। ਮਨ ਚੜ੍ਹਦੀ ਕਲਾ ਵਿਚ ਰਹੇਗਾ 'ਕਬਹਿ ਨ ਬਿਆਪੈ

ਚਿੰਤਾ ਤੈਨੂੰ ਕੋਈ ਫ਼ਿਕਰ ਨਹੀਂ ਰਹੇਗੀ, ਕਿਉਂਕਿ ਤੇਰਾ ਫ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਲੈ ਲਿਆ ਹੈ। ਸਾਡਾ ਫ਼ਿਕਰ ਸਾਨੂੰ ਕੋਈ ਨਹੀਂ, ਸਾਡਾ ਫ਼ਿਕਰ ਹੈ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਨੂੰ, ਸਾਡਾ ਫ਼ਿਕਰ ਹੈ ਗੁਰੂ ਨਾਨਕ ਸੱਚੇ ਪਾਤਿਸ਼ਾਹ ਨੂੰ। ਇਹ ਅੰਮ੍ਰਿਤ ਉਹ ਹੈ ਭਾਵੇਂ ਦੇਵਤੇ ਰਿਸ਼ੀ ਮੁਨੀ-ਜਨ ਆਦਿਕ ਲੱਭਦੇ ਰਹੇ, ਪਰ ਕਿਸੇ ਨੂੰ ਲੱਭਾ ਨਹੀਂ। ਇਹ ਦਾਤ ਨਾਮ ਅੰਮ੍ਰਿਤ ਦੀ ਬਾਣੀ ਪੜ੍ਹਕੇ ਖੰਡੇ ਬਾਟੇ ਦੇ ਰਾਹੀਂ ਤਿਆਰ ਕੀਤੀ। ਜਿਸ ਨੂੰ ਭੈ ਭੀਤ ਕਰਕੇ ਖਾਲਸੇ ਨੇ ਮੌਤ ਨੂੰ ਮਖੌਲਾਂ ਕੀਤੀਆਂ। ਪੁਰਾਣੀਆਂ ਗੱਲਾਂ ਤਾਂ ਬੜੀਆਂ ਦੂਰ ਦੀਆਂ ਹਨ, ਪਰ ਜਿਹੜੀ ਸਦੀ ਹੁਣੇ ਲੰਘੀ ਹੈ, ਅੰਗਰੇਜ਼ਾਂ ਨੇ ਸਾਡੇ ਬਜ਼ੁਰਗਾਂ ਨੂੰ ਰੇਲ ਗੱਡੀ ਵਿਚ ਬੰਦ ਕਰ ਲਿਆ। ਪੰਜਾਂ ਸਾਹਿਬ ਦੇ ਇਲਾਕੇ ਦੀ ਸੰਗਤ ਨੂੰ ਪਤਾ ਲੱਗਾ। ਲੰਗਰ ਤਿਆਰ ਕੀਤਾ ਗੁਰੂ ਦੀਆਂ ਸਿੱਖ ਸੰਗਤਾਂ ਨੇ, ਜਿਨ੍ਹਾਂ ਦੇ ਅੰਦਰ ਨਾਮ ਬੋਲਦਾ ਸੀ, ਜਿਨ੍ਹਾਂ ਦੇ ਅੰਦਰ ਗੁਰੂ ਦੇ ਖੰਡੇ ਬਾਟੇ ਦਾ ਅੰਮ੍ਰਿਤ ਬੋਲਦਾ ਸੀ, ਉਛਾਲੇ ਖਾਂਦਾ ਸੀ। ਲੰਗਰ ਤਿਆਰ ਕੀਤਾ, ਦੇਗਾਂ ਦਾਲ ਦੀਆਂ ਭਰੀਆਂ, ਚੋਪੜੇ ਪ੍ਰਸ਼ਾਦੇ ਟੋਕਰਿਆਂ ਦੇ ਟੋਕਰੇ, ਕਿਤੇ ਅਚਾਰ ਕਿਤੇ ਗੰਢੇ, ਕਿਤੇ ਮੇਰੀਆਂ ਭੈਣਾਂ ਖੀਰ ਤਿਆਰ ਕਰਕੇ ਲਿਆਈਆਂ, ਗੁਰੂ ਕੇ ਖਾਲਸੇ ਦੀ ਸੇਵਾ ਕਰਨ ਲਈ ! ਸਟੇਸ਼ਨ ਮਾਸਟਰ ਨੂੰ ਆਖਿਆ, ਭਾਈ ਸਾਹਿਬ ! ਸਾਡਾ ਕੋਈ ਬਗਾਵਤ ਦਾ ਫੁਰਨਾ ਨਹੀਂ, ਸਰਕਾਰ ਆਪਣੀ ਮਰਜ਼ੀ ਕਰੇ। ਜ਼ਾਲਮ ਦਾ ਕਰਮ ਹੈ ਜ਼ੁਲਮ ਕਰਨਾ, ਗੁਰੂ ਪਿਆਰੇ ਦਾ ਫ਼ਰਜ਼ ਹੈ, ਜ਼ੁਲਮ ਝਲਣਾ। ਸਾਡੇ ਗੁਰੂ ਨੇ ਸਾਨੂੰ ਗੁੜ੍ਹਤੀ ਦਿੱਤੀ ਹੈ, ਗੁਰੂ ਕਾ ਖਾਲਸਾ ਦਿਆਲੂ ਹੈ। ਸਾਡੇ ਵਡੇਰੇ ਜਦੋਂ ਜੰਗ ਕਰਦੇ ਹੁੰਦੇ ਸਨ, ਉਦੋਂ ਵੀ ੧੨ ਵਜੇ ਕਹਿੰਦੇ ਸਨ ਗੁਰੂ ਕਾ ਲੰਗਰ ਤਿਆਰ ਹੈ, ਆਉ ਛੱਕੋ ਦੁਸ਼ਮਣਾਂ ਨੂੰ ਕਹਿੰਦੇ ਸਨ। ਸਾਡੇ ਭਰਾ ਜਾ ਰਹੇ ਨੇ, ਸਾਡੀਆਂ ਭੈਣਾਂ ਜਾ ਰਹੀਆਂ ਨੇ। ਤੁਸੀਂ ਥੋੜ੍ਹਾ ਜਿਹਾ ਟਾਇਮ ਕ੍ਰਿਪਾ ਕਰੋ ਗੱਡੀ ਰੋਕੋ ਅਸੀਂ ਲੰਗਰ ਛਕਾ ਦੇਵਾਂਗੇ। ਮੁੜਕੇ ਜੋ ਕਾਰਵਾਈ ਕਰਨੀ, ਜਿਥੇ ਵੀ ਲੈ ਜਾਣਾ ਏ, ਲੈ ਜਾਉ। ਅੰਗਰੇਜ਼ ਹਾਕਮ ਸੀ, ਨਾ ਮੰਨਿਆ। ਪੰਜਾ ਸਾਹਿਬ ਸਾਡੇ ਵਡੇਰੇ ਅੰਮ੍ਰਿਤ ਛੱਕਣ ਵਾਲੇ ਲੋਕ ਅੰਮ੍ਰਿਤਧਾਰੀ, ਗੱਡੀ ਦੀ ਜਿਹੜੀ ਲੀਕ ਸੀ ਨਾ ਲਾਇਨ ਉਹਦੇ 'ਤੇ ਲੰਮੇ ਪੈ ਗਏ। ਜਿਹੜਾ ਉਹਦਾ ਸਟੇਸ਼ਨ ਮਾਸਟਰ ਸੀ, ਉਸ ਨੇ ਹਰੀਆਂ ਝੰਡੀਆਂ ਦਿੱਤੀਆਂ ਸੀ ਕਿ ਲੰਘ ਜਾਉ, ਲੰਘ ਜਾਉ। ਵਿਚੋਂ ਸਿੰਘ ਕਹਿਣ ਲੱਗੇ, ਭਰਾਵਾ ਟੀਟੀਆ ਤੇਰਾ ਸਾਡਾ ਵਿਰੋਧ ਕੋਈ ਨਹੀਂ, ਉਹ ਗਾਡਾ ਕਿਉਂ ਧੱਕਾ ਕਰਦਾ ਏਂ। ਸਟੇਸ਼ਨ ਮਾਸਟਰ ਸਾਹਿਬ ਇਹ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਹੈ, ਅਸੀਂ ਤਾਂ ਹਾਥੀ ਨੂੰ ਪੂਛੋਂ ਫੜ ਕੇ ਧੂਹ ਲਿਆ, ਤੇਰੀ ਗੱਡੀ ਕੀ ਚੀਜ਼ ਹੈ। ਗੱਡੀ ਆਈ ਗੁਰੂ ਕੇ ਖਾਲਸੇ ਨੇ ਛਾਤੀਆਂ ਥੱਲੇ ਦਿੱਤੀਆਂ। ਗੱਡੀ ਦਾ ਇੰਜਣ ਜਾਮ ਹੋ ਗਿਆ। ਕੱਲ੍ਹ ਦੀ ਗੱਲ ਹੈ, ਕੱਲ੍ਹ ਦੀ ੨੦ਵੀਂ ਸਦੀ, ਇਹ ਕਿਸ ਦੀਆਂ ਮੇਹਰਬਾਨੀਆਂ ਹਨ। ਅੰਮ੍ਰਿਤ ਦੀਆਂ, ਨਾਮ ਦੀਆਂ। ਇਹ ਗੁਰਮੁਖੋ ਲੰਮਾ subject ਹੈ, ਆਪਾਂ ਅੱਜ ਵਿਚਾਰਿਆ, ਬਾਕੀ ਦੀ ਲੜੀ ਨੂੰ ਆਪਾਂ ਕੱਲ੍ਹ ਵਿਚਾਰਨ ਦਾ ਯਤਨ ਕਰਾਂਗੇ। ਹੁਣ ਜੋ ਗੁਰੂ ਕੇ ਹੁਕਮਨਾਮੇ ਦੀਆਂ ਬਾਕੀ ਪੰਗਤੀਆਂ ਨੇ ਉਹਦੀ ਵਿਚਾਰ ਸਰਵਣ ਕਰੋ। ਮਨ ਦੀ ਲਵਾਈਏ ਹਾਜ਼ਰੀ ਤੇ ਸਾਰੇ ਇਕ ਵੇਰਾਂ ਜੁੜ

ਕੇ ਬੋਲੋ ਸਤਿਨਾਮੁ ਵਾਹਿਗੁਰੂ।

ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ

ਹੇ ਮੇਰੇ ਵਾਹਿਗੁਰੂ ! ਤੂੰ ਦਇਆ ਦਾ ਘਰ ਹੈਂ, ਅਸੀਂ ਤੇਰੇ ਮੰਗਤੇ ਹਾਂ ਤੇ ਦਇਆ ਕਰਕੇ ਸਾਨੂੰ ਨਾਮ ਦੀ ਖ਼ੈਰ ਪਾਉ ਜੀ।

ਸਦਾ ਰਹਉ ਰੰਗਿ ਰਾਤਾ॥੧॥

ਇਕ ਮੇਰੇ 'ਤੇ ਮਿਹਰ ਕਰੋ ਜੀ, ਮਨ ਚੰਦਰਾ ਜਿਹੜਾ ਕਦੇ ਟਿਕਦਾ ਨਹੀਂ "ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥ ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥ (ਪੰਨਾ ੮੭੬) ਕਦੇ ਆਪਾਂ ਤਿਆਗੀ ਬਣ ਜਾਂਦੇ ਹਾਂ ਤੇ ਕਦੀ ਬੇਈਮਾਨ। ਕਿਸੇ ਦਾ ਸੋ ਦਾ ਨੋਟ ਡਿੱਗਾ ਹੋਵੇ ਤਾਂ ਅਸੀਂ ਕਹਿੰਦੇ ਹਾਂ, ਭਾਈ ਸਾਹਿਬ ਇਹ ਤੁਹਾਡਾ ਸੋ ਦਾ ਨੋਟ ਡਿੱਗਾ ਪਿਆ ਹੈ, ਜੇ ਕਿਸੇ ਦੇ ਪੰਜਾਹ ਪੈਸੇ ਵੀ ਡਿੱਗੇ ਹੋਣ ਤਾਂ ਉਪਰ ਪੈਰ ਰੱਖ ਲੈਂਦੇ ਹਾਂ, ਪੈਰ ਪੰਜਾਹ ਪੈਸੇ ਦੇ ਉਪਰ ਤੇ ਜੇ ਸੋ ਦਾ ਨੋਟ ਡਿੱਗਾ ਤੇ ਆਵਾਜ਼ ਮਾਰੀ, ਭਾਈ ਸਾਹਿਬ ਤੁਹਾਡੇ ਪਰਸ ਵਿਚੋਂ ਪੈਸੇ ਡਿੱਗ ਪਏ। ਉਹਨੇ ਵੇਖੇ ਨਹੀਂ ਹੈ ਤੇ ਪੰਜਾਹ ਪੈਸੇ ਨੂੰ ਅਸੀਂ ਪੈਰ ਪੈਸੇ ਉਪਰ ਰਖਿਆ ਤੇ ਪੈਸੇ ਚੁੱਕ ਕੇ ਜੇਬ ਵਿਚ ਪਾ ਲੈਂਦੇ ਹਾਂ। ਵੱਸ ਨਹੀਂ ਗੁਰਮੁਖੋ ਕਿਸੇ ਦੇ ਮਨ ਦੀ ਅਵਸਥਾ ਦਾ। ਇਸ ਕਰਕੇ ਮੰਗ ਕੀਤੀ, ਹੇ ਮੇਰੇ ਮਾਲਕਾ ! ਮੇਰੇ 'ਤੇ ਮਿਹਰ ਕਰ, ਤੇ ਜਿਹੜਾ ਮੇਰਾ ਮਨ ਹੈ, ਉਸ 'ਤੇ ਪ੍ਰੇਮ ਦਾ ਰੰਗ ਚੜ੍ਹਿਆ ਰਹੇ। ਇਹ ਮਨ ਮੇਰਾ ਡੋਲੇ ਨਾ, ਚਲਾਇਮਾਨ ਨਾ ਹੋਵੇ।

ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ॥

ਹੇ ਵਾਹਿਗੁਰੂ ! ਮੈਂ ਤੇਰੇ ਨਾਮ ਤੋਂ ਸਦਕੇ ਜਾਵਾਂ, ਕੁਰਬਾਨ ਜਾਵਾਂ ਜੀ।

ਕਰਣ ਕਾਰਣ ਸਭਨਾ ਕਾ ਏਕੋ

ਸਤਿਗੁਰ ਪਾਤਿਸ਼ਾਹ ਫੁਰਮਾਉਂਦੇ ਹਨ, ਗੁਰਮੁਖੋ ! ਕਾਰਣਾਂ ਨੂੰ ਕਰਨ ਵਾਲਾ ਇਕ ਪਰਮਾਤਮਾ ਤੇ ਬਾਣੇ ਬਣਾਉਣ ਵਾਲਾ ਇਕ ਪਰਮਾਤਮਾ ਹੈ।

ਅਵਰੁ ਨ ਦੂਜਾ ਕੋਈ॥੧॥ਰਹਾਉ॥

ਉਹਦੇ ਤੋਂ ਬਿਨਾਂ ਦੂਜਾ ਕੋਈ ਹੋਰ ਹੈ ਹੀ ਨਹੀਂ।

ਰਹਾਉ॥

ਤੇਰਾ ਸਰੀਰ ਕਉ ਨਾਹੀ, ਜਿਸ ਨੂੰ ਲਵੇ ਲਾਏ ਸੁਣਾਇਆ ਬਿਸਰਾਮ ਦੇ ਕਰਕੇ ਮਿਹਰ ਕਰਦੇ ਹਨ।

ਬਹੁਤੇ ਫੇਰ ਪਏ ਕਿਰਪਨ ਕਉ

ਮੈਂ ਬਹੁਤਾ ਤੇਰੇ ਅੱਗੇ ਹਾੜ੍ਹਾ ਤਾਂ ਕਰਦਾ ਹਾਂ ਕਿ ਮੈਂ ਬੜਾ ਕੰਜੂਸ ਹਾਂ, ਕਿਰਪਨ ਦਾ

ਅਰਥ ਹੁੰਦਾ ਹੈ ਕੰਜੂਸ। ਕਿਸੇ ਨੂੰ ਦੇ ਕੇ ਰਾਜ਼ੀ ਨਾ ਹੋਵੇ। ਆਪਾਂ ਗੁਰਮੁਖੋ ! ਇਕ ਚੀਜ਼ ਦੇ ਕੇ ਰਾਜ਼ੀ ਹਾਂ, ਦੁੱਖ ਹੋਰ ਕੁਝ ਵੀ ਨਹੀਂ, ਜੇ ਕਿਸੇ ਨੂੰ ਦੁੱਖ ਦੇਣਾ ਹੋਵੇ, ਫੇਰ ਅਸੀਂ ਸ਼ੇਰ ਹਾਂ, ਲਿਆ ਮੈਨੂੰ ਫੜਾ ਡਾਂਗ ਮੈਂ ਸਿੱਧਾ ਕਰਦਾਂ ਇਸਨੂੰ। ਜੇ ਆਪਾਂ ਉਸਨੂੰ ਚਾਹ ਪਾਣੀ ਪਿਲਾਣਾ ਹੋਵੇ ਤਾਂ ਕਹਿ ਦੇਂਦੇ ਹਾਂ ਟੁੱਟੇ ਪੈਸੇ ਨਹੀਂ, ਇਹ ਸਾਡੀ ਕਮਜ਼ੋਰੀ ਹੈ। ਕਿਰਪਨ ਦਾ ਅਰਥ ਹੁੰਦਾ ਹੈ ਕਿਸੇ ਨੂੰ ਦੇ ਕੇ ਰਾਜ਼ੀ ਨਹੀਂ। ਮੈਂ ਬੜਾ ਕੰਜੂਸ ਹਾਂ, ਕੰਜੂਸ ਕਿਸ ਤਰ੍ਹਾਂ ? ਸਾਨੂੰ ਹਿਦਾਇਤ ਹੈ ਕਿ ਢਾਈ ਘੰਟੇ ਘੱਟ ਤੋਂ ਘੱਟ ਰੱਬ ਦਾ ਨਾਮ ਲਉ ਰੋਜ਼ਾਨਾ। ਸੋਚਦੇ ਹਾਂ ਗੁਰਮੁਖੋ, ਸਿੱਖੀ ਵਿਚ ਗੁਰਮਤਿ ਹੈ- ਦਸਵੰਧ ਦਿਉ ਗੁਰੂ ਪ੍ਰਮੇਸ਼ਰ ਦੇ ਨਮਿਤ। ਜਿਵੇਂ ਆਪਾਂ ਨੂੰ ਧਨ ਦੇ ਦਸਵੰਧ ਦੀ ਹਿਦਾਇਤ ਹੈ, ਪਰ ਦੇਂਦੇ ਕੋਈ ਨਹੀਂ, ਕੋਈ ਦੇਂਦੇ ਨੇ ਭਾਗਾਂ ਵਾਲੇ। ਬਹੁਤ ਘੱਟ ਨੇ। ਪਰ ਆਪਾਂ ਨੂੰ ਇਹ ਵੀ ਹਿਦਾਇਤ ਹੈ ਕਿ ਆਪਣਾ ਜਿਹੜਾ ਮਨ ਤੇ ਤਨ ਹੈ, ਇਹਦਾ ਵੀ ਦਸਵੰਧ ਦੇਈਏ। ਮਨ ਦਾ ਮਤਲਬ ੨੪ ਘੰਟਿਆਂ ਦੇ ਅੰਦਾਜ਼ੇ ਮੁਤਾਬਿਕ ਢਾਈ ਘੰਟੇ ਬਣੇ, ਘੱਟ ਤੋਂ ਘੱਟ ਪਰਮਾਤਮਾ ਦੇ ਨਾਮ। ਆਪਾਂ ਨਾਮ ਲਈਏ ਘੱਟ ਤੋਂ ਘੱਟ ਢਾਈ ਘੰਟੇ ਅੱਠਾਂ ਪਹਿਰਾਂ ਵਿਚ, ਪਰ ਆਪਾਂ ਇਹ ਵੀ ਦੇ ਕੇ ਰਾਜ਼ੀ ਨਹੀਂ। ਰੱਬ ਨੂੰ ਵਾਹਿਗੁਰੂ ਵਾਹਿਗੁਰੂ ਕਹਿ ਕੇ ਆਪਾਂ ਰਾਜ਼ੀ ਨਹੀਂ ਕਰ ਸਕਦੇ। ਇਸ ਕਰਕੇ ਬੇਨਤੀ ਕੀਤੀ ਹੈ ਕਿ ਮਹਾਰਾਜ ਮੈਂ ਬੜਾ ਕੰਜੂਸ ਹਾਂ, ਕੰਜੂਸ ਕਿਰਪਨ, ਕੰਜੂਸ ਸੂਮ, ਇਸ ਮੇਰੀ ਕਮਜ਼ੋਰੀ ਕਰਕੇ ਮੈਨੂੰ ਬੜੇ ਗੇੜੇ ਪੈਣਗੇ, ਮੈਂ ਕਈ ਜੂਨਾਂ ਵਿਚੋਂ ਆਇਆ ਹਾਂ।

ਅਬ ਕਿਛੁ ਕਿਰਪਾ ਕੀਜੈ ॥

ਹੁਣ ਪਾਤਿਸ਼ਾਹ ਕੁਝ ਮੇਰੇ 'ਤੇ ਰਹਿਮ ਵੀ ਕਰੋ ਜੀ।

ਹੋਹੁ ਦਇਆਲ ਦਰਸਨੁ ਦੇਹੁ ਅਪੁਨਾ

ਮੈਂ ਇਹ ਮੰਗਦਾ ਹਾਂ ਕਿ ਕ੍ਰਿਪਾ ਕਰੋ, ਦਇਆ ਕਰੋ, ਮੈਨੂੰ ਦਰਸ਼ਨ ਬਖ਼ਸ਼ੋ।

ਐਸੀ ਬਖਸ ਕਰੀਜੈ ॥੨॥

ਪ੍ਰਭੂ ਮੇਰੇ 'ਤੇ ਬਖ਼ਸ਼ਿਸ਼ ਕਰੋ, ਗੁਰਮੁਖੋ ! ਦਰਸ਼ਨ ਕਿਹੜੇ ? ਸ਼ਬਦ-ਦਰਸ਼ਨ। ਕਿਹੜੇ ਬੰਦੇ ਦੇ ਦਰਸ਼ਨ ਕਰਾਂਗੇ ? ਕਿਸੇ ਦੀ ਦੇਹ ਦਿੱਸਦੀ ਨਹੀਂ ਆਪਣੀ ਜੋ ਦਰਸ਼ਨ ਕਰੇਗਾ। ਜਵਾਨੀ ਵਿਚ ਆਪਾਂ ਹੋਰ ਤਰ੍ਹਾਂ ਦੇ ਸਾਂ, ਆਪਾਂ ਹੁਣ ਹੋਰ ਤਰ੍ਹਾਂ ਦੇ ਹੋ ਗਏ, ਮੁੜ ਕੇ ਬੁਢਾਪੇ ਵਿਚ ਬਹੁਤਾ ਕਸੂਤੇ ਜਿਹੇ ਬਣ ਜਾਵਾਂਗੇ। ਸਾਡੇ ਕਾਹਦੇ ਦਰਸ਼ਨ ਨੇ, ਸਾਡੇ ਤਾਂ ਦਰਸ਼ਨ ਬਦਲਦੇ ਰਹਿੰਦੇ ਹਨ। ਪਹਿਲਾਂ ਦੰਦ ਸਨ ਕਲੀਆਂ ਵਰਗੇ, ਮੁੜ ਕੇ ਹੁਣ ਖੋਲੇ ਵਰਗਾ ਮੂੰਹ ਹੋ ਗਿਆ, ਬਦਸ਼ਕਲ ਹੋ ਗਿਆ, ਸੁਪਨੇ 'ਚ ਦਰਸ਼ਨ ਕੀਤੇ। ਜਾਗ ਖੁੱਲੀ ਤੇ ਕੱਖ ਵੀ ਨਹੀਂ। ਜਿਹੜਾ ਸ਼ਬਦ-ਦਰਸ਼ਨ ਹੈ ਨਾ ਇਹਦੇ ਵਿਚ ਫ਼ਰਕ ਨਹੀਂ ਪੈਂਦਾ। ਮੂਲ ਮੰਤਰ ਕਿਸੇ ਨੇ ੩੦੦ ਸਾਲ ਪਹਿਲੇ ਪੜ੍ਹਿਆ ਸੀ, ਉਹੋ ਜਿਹਾ ਮੂਲ ਮੰਤਰ ਹੁਣ ਹੈ। ਇਸ ਕਰਕੇ ਬੇਨਤੀ ਕਰੀਏ ਮਹਾਰਾਜ ਮੇਰੇ 'ਤੇ ਮਿਹਰ ਕਰ, ਮੈਨੂੰ ਸ਼ਬਦ ਦਰਸ਼ਨ ਬਖਸ਼, ਮੈਂ ਤੇਰੇ ਸ਼ਬਦ ਨਾਲ ਜੁੜਿਆ ਰਹਾਂ।

ਭਨਤਿ ਨਾਨਕ ਭਰਮ ਪਟ ਖੂਲ੍ਹੇ

ਪਾਤਿਸ਼ਾਹ ਫ਼ੁਰਮਾਉਂਦੇ ਹਨ ਕਿ ਤੇਰੇ ਭਰਮ ਦੇ ਤਖ਼ਤੇ ਲੱਗੇ ਸਨ, ਉਹ ਖੁੱਲ੍ਹ ਗਏ, ਚਾਬੀ ਕਿੱਥੋਂ ਲਈ ?

ਗੁਰ ਪਰਸਾਦੀ ਜਾਨਿਆ ॥

ਬਸ, ਗੁਰੂ ਦੀ ਜਿਹੜੀ ਮਿਹਰ ਹੈ, ਉਸਦੇ ਦੁਆਰਾ ਜਿਹੜਾ ਜਾਣਨਾ ਹੈ, ਇਹ ਆਸ਼ਾ ਤੇ ਅੰਦੇਸ਼ਾ ਦੇ ਤਖ਼ਤੇ ਖੋਲ੍ਹਣੇ ਸਨ। ਇਹ ਭਰਮ ਦੇ ਤਖ਼ਤਿਆਂ ਨੂੰ ਪਾਸੇ ਕਰਨਾ ਸੀ। ਜਦੋਂ ਪਰਦੇ ਖੁੱਲ੍ਹ ਗਏ, ਜਦੋਂ ਗੁਰੂ ਦੀ ਮਿਹਰ ਹੋ ਗਈ।

ਸਾਚੀ ਲਿਵ ਲਾਗੀ ਹੈ ਭੀਤਰਿ

ਜਦੋਂ ਗੁਰਮੁਖ ਪਿਆਰਿਓ ! ਅੰਦਰੋਂ ਸੱਚਾ ਪ੍ਰੇਮ ਲੱਗ ਗਿਆ ਪਰਮਾਤਮਾ ਦੇ ਨਾਲ। ਇਹ ਕਿਨ੍ਹਾਂ ਦਾ ਲੱਗਦਾ ਹੈ, ਕੌਣ ਕਰਦੇ ਨੇ ਪ੍ਰੇਮ ?

ਸਤਿਗੁਰ ਸਿਉ ਮਨੁ ਮਾਨਿਆ ॥੩॥੧॥੯॥

ਜਿਨ੍ਹਾਂ ਭਾਗਾਂ ਵਾਲਿਆਂ ਦਾ ਮਨ ਗੁਰੂ ਦੇ ਉਪਦੇਸ਼ ਨੂੰ ਮੰਨ ਗਿਆ। ਜਿਨ੍ਹਾਂ ਨੂੰ ਗੁਰੂ 'ਤੇ ਵਿਸ਼ਵਾਸ ਆ ਗਿਆ, ਜਿਹੜੇ ਗੁਰੂ ਦੀ ਗੱਲ ਨੂੰ ਦਿਲੋਂ ਮੰਨ ਗਏ, ਉਹਨਾਂ ਦੀ ਅੰਦਰੋਂ ਲਿਵ ਲੱਗੀ। ਸਤਿਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਸਾਡੇ 'ਤੇ ਰਹਿਮਤਾਂ ਕਰਨ, ਇਹ ਸਾਡਾ ਵੀ ਮਨ ਗੁਰੂ ਦੀ ਗੱਲ ਨੂੰ ਮੰਨੇ, ਗੁਰੂ ਕੋਲੋਂ ਨਾਮ ਦੀਆਂ ਮੰਗਾਂ ਮੰਗੀਏ, ਹਜ਼ੂਰ ਸਾਡੇ 'ਤੇ ਰਹਿਮਤਾਂ ਕਰਨ।

ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ ॥
ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ ॥

***

# ਚਾਰ ਕੁਰਹਿਤਾਂ

ਛੰਤ ਬਿਲਾਵਲੁ ਮਹਲਾ ੪ ਮੰਗਲ ੧ੴ ਸਤਿਗੁਰ ਪ੍ਰਸਾਦਿ॥

ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ॥
ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ ॥
ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ ॥
ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ ॥ ੧ ॥
ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ ॥
ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ ॥
ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ ॥
ਜਨੁ ਨਾਨਕੁ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ ਰਾਮ ॥ ੨ ॥
ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ ॥
ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ ॥
ਜਿਨ ਮਾਣਸ ਜਨਮਿ ਨ ਪਾਇਆ ਤਿਨ੍ ਭਾਗੁ ਮੰਦੇਰਾ ਰਾਮ ॥
ਹਰਿ ਹਰਿ ਹਰਿ ਹਰਿ ਰਾਖੁ ਪ੍ਰਭ ਨਾਨਕੁ ਜਨੁ ਤੇਰਾ ਰਾਮ ॥ ੩ ॥
ਗੁਰਿ ਹਰਿ ਪ੍ਰਭੁ ਅਗਮੁ ਦ੍ਰਿੜਾਇਆ ਮਨੁ ਤਨੁ ਰੰਗਿ ਭੀਨਾ ਰਾਮ ॥
ਭਗਤਿ ਵਛਲੁ ਹਰਿ ਨਾਮੁ ਹੈ ਗੁਰਮੁਖਿ ਹਰਿ ਲੀਨਾ ਰਾਮ ॥
ਬਿਨੁ ਹਰਿ ਨਾਮ ਨ ਜੀਵਦੇ ਜਿਉ ਜਲ ਬਿਨੁ ਮੀਨਾ ਰਾਮ ॥
ਸਫਲ ਜਨਮੁ ਹਰਿ ਪਾਇਆ ਨਾਨਕ ਪ੍ਰਭਿ ਕੀਨਾ ਰਾਮ ॥ ੪ ॥ ੧ ॥ ੩ ॥

ਗੁਰੂ ਕੀ ਸਾਜੀ ਨਿਵਾਜੀ ਗੁਰੂ ਰੂਪ ਗੁਰੂ ਖਾਲਸਾ ਸਾਧਸੰਗਤ ਜੀ ! ਸੋਢੀ ਸੁਲਤਾਨ ਸਤਿਗੁਰ ਰਾਮਦਾਸ ਸੱਚੇ ਪਾਤਿਸ਼ਾਹ ਜੀ ਆਪਾਂ ਨੂੰ ਸੰਕੇਤ ਦਿੰਦੇ ਹਨ ਕਿ ਗੁਰੂ ਕੇ ਸਿੱਖਾ, ਤੈਨੂੰ ਮਨੁੱਖਾ ਜਨਮ ਮਿਲਿਆ ਹੈ ਤੇ ਮਨੁੱਖਾ ਜਨਮ ਦਾ ਲਾਭ ਏ ਕਿ ਤੂੰ ਪ੍ਰਮਾਤਮਾ ਨੂੰ ਜਪੇਂ। ਦੂਸਰਾ ਜਦੋਂ ਕਿਸੇ ਭੈਣ ਭਰਾ ਨੇ, ਕਿਸੇ ਰਿਸ਼ਤੇਦਾਰ ਨੇ ਤੇਰੇ ਘਰ ਆਉਣਾ ਹੋਵੇ ਤਾਂ ਉਹਦੇ ਆਦਰ ਸਤਿਕਾਰ ਲਈ ਕਈ ਤਰ੍ਹਾਂ ਦੀਆਂ ਵਿਛਾਈਆਂ ਕਰਦਾ ਹੈਂ, ਕਈ ਤਰ੍ਹਾਂ ਦੇ ਪਕਵਾਨਾਂ ਦੀ ਤਿਆਰੀ ਕਰਦਾ ਹੈਂ। ਕਦੇ ਸੋਚਿਆ ਈ ਤੂੰ ਮਨੁੱਖਾ ਦੀ ਇੰਤਜ਼ਾਰ ਤਾਂ ਕੀਤੀ ਹੈ, ਪਰ ਕਦੇ ਪ੍ਰਮਾਤਮਾ ਦੀ ਕੀਤੀ ਹੈ ? ਅਗਰ ਨਹੀਂ ਕੀਤੀ ਤਾਂ ਆਪਣੇ ਹਿਰਦੇ ਦੀ ਸੇਜ

ਵਿਛਾ ਕੇ ਪ੍ਰਮਾਤਮਾ ਦੀ ਇੰਤਜ਼ਾਰ ਕਰ। ਤੇਰੇ ਜੀਵਨ ਦੀ ਹਾਲਤ ਇਹੋ ਜਿਹੀ ਹੋਣੀ ਚਾਹੀਦੀ ਹੈ, ਜਿਵੇਂ ਮੱਛੀ ਪਾਣੀ ਤੋਂ ਬਿਨਾਂ ਦੋ ਮਿੰਟ ਨਹੀਂ ਰਹਿ ਸਕਦੀ। ਤੇਰਾ ਜੀਵਨ ਮੱਛੀ ਵਰਗਾ ਹੋਵੇ, ਤੂੰ ਪ੍ਰਮਾਤਮਾ ਨੂੰ ਸਾਗਰ ਦੀ ਤਰ੍ਹਾਂ ਪ੍ਰਤੀਤ ਕਰੇਂ ਤਾਂ ਹੀ ਦੁਨੀਆਂ ਦੀ ਤੱਤੀ ਹਵਾ ਤੈਨੂੰ ਪ੍ਰਭਾਵਿਤ ਨਹੀਂ ਕਰ ਸਕੇਗੀ।

ਹੁਣ ਜਿਹੜੇ ਇਹਦੇ ਅੰਤਰੀਵ ਅਰਥ ਹਨ, ਜਿਵੇਂ ਸਤਿਗੁਰ ਪਾਤਿਸ਼ਾਹ ਜੀ ਕ੍ਰਿਪਾ ਕਰਨਗੇ, ਕਿਉਂਕਿ ਅੱਜ ਆਪਾਂ ਕੁਰਹਿਤਾਂ ਦੀ ਵਿਚਾਰ ਕਰਨੀ ਹੈ ਕਿ ਕੁਰਹਿਤਾਂ ਕੀ ਹਨ? ਉਹਨਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ। ਇਸ ਕਰਕੇ ਮੈਂ ਅੱਖਰੀ ਤੌਰ 'ਤੇ ਇਹਦੀ ਜਿਹੜੀ ਵਿਚਾਰ ਹੈ, ਉਹ ਆਪ ਨਾਲ ਸਾਂਝੀ ਕਰਾਂਗਾ। ਕੁਝ ਗੁਰਮੁਖ ਪਿਆਰੇ ਇਹ ਕਥਾ ਰਿਕਾਰਡ ਕਰਦੇ ਹਨ, ਇਸ ਕਰਕੇ ਉਹਨਾਂ ਦੀ ਇੱਛਾ ਨੂੰ ਲੈ ਕੇ ਆਪਾਂ ਚਾਰ ਕੁਰਹਿਤਾਂ ਦੀ ਵਿਚਾਰ ਕਰਾਂਗੇ। ਹੁਣ ਕੇਵਲ ਤੇ ਕੇਵਲ ਜਿਹੜੇ ਅੱਖਰੀਂ ਅਰਥ ਨੇ ਉਹ ਆਪ ਸਰਵਣ ਕਰੋ ਜੀ।

ਛੰਤ ਬਿਲਾਵਲੁ ਮਹਲਾ ੪ ਮੰਗਲ ੴ ਸਤਿਗੁਰ ਪ੍ਰਸਾਦਿ ॥

ਰਾਗਾਂ ਦੇ ਮੁਤਾਬਿਕ ਬਿਲਾਵਲੁ ਰਾਗ ਦੇ ਵਿਚ ਗੁਰਦੇਵ ਨੇ ਇਹ ਛੰਤ ਉਚਾਰਣ ਕੀਤਾ ਹੈ, ਜਿਸ ਦੇ ਵਿਚ ਕਾਵਿ ਤੇ ਸੰਗੀਤ ਦੋਵੇਂ ਪੱਖ ਹਨ। ਮੰਗਲ ਦਾ ਅਰਥ ਹੁੰਦਾ ਹੈ ਗੁਰਮੁਖੋ! ਕਿਸੇ ਵੀ ਕਾਰਜ ਤੋਂ ਪਹਿਲਾਂ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਕਰਨਾ, ਉਹਦੀ ਵਡਿਆਈ ਕਰਨੀ, ਉਸਨੂੰ ਹੀ ਮੰਗਲ ਕਹਿੰਦੇ ਹਨ। ਜਦੋਂ ਕੋਈ ਕਾਰਜ ਸੰਪੂਰਨ ਹੋ ਜਾਏ, ਨੇਪਰੇ ਚੜ੍ਹ ਜਾਏ, ਅਸੀਂ ਪ੍ਰਮਾਤਮਾ ਦਾ ਧੰਨਵਾਦ ਕਰਦੇ ਹਾਂ, ਉਹਨੂੰ ਅਸਤੋਤਰ ਕਿਹਾ ਜਾਂਦਾ ਹੈ। ਇਹ ਮੰਗਲ ਹੈ, ਇਹਦਾ ਭਾਵ ਇਹ ਹੈ ਕਿ ਗੁਰਮੁਖਾ! ਤੂੰ ਸੰਸਾਰ ਵਿਚ ਵਿਚਰਨ ਲਈ ਆਇਆ ਹੈਂ। ਜ਼ਿੰਦਗੀ ਭੋਗਣ ਲਈ ਆਇਆ ਹੈਂ, ਉਸ ਪ੍ਰਮਾਤਮਾ ਦੀ ਪਹਿਲਾਂ ਵਡਿਆਈ ਕਰਨਾ ਤੇਰਾ ਫ਼ਰਜ਼ ਹੈ। ਇਹ ਮੰਗਲ ਸਿੱਖਿਆ ਦਿੰਦਾ ਹੈ, ੴ ਸਤਿਗੁਰ ਪ੍ਰਸਾਦਿ॥ ਪਰਮਾਤਮਾ ਇਕ ਹੈ, ਅਦੁੱਤੀ ਹੈ, ਅਮੇਵਾ ਹੈ, ਉਚਾਰਣ ਤੇ ਗੌਖਿਆ ਕਰਦਾ ਹੈ, ਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦਾ ਹੈ।

ਮੇਰਾ ਹਰਿ ਪ੍ਰਭੁ ਸੇਜੈ ਆਇਆ

ਉਹ ਪਰਮਾਤਮਾ ਮੇਰੇ ਅੰਤਸ਼ਕਰਨ ਰੂਪੀ ਸੇਜ 'ਤੇ ਜਦੋਂ ਟਿਕਿਆ, ਮੈਨੂੰ ਉਹਦੀ ਹੋਂਦ ਅਨੁਭਵ ਹੋਈ।

ਮਨੁ ਸੁਖਿ ਸਮਾਣਾ ਰਾਮ॥

ਤਾਂ ਮੇਰੇ ਮਨ ਨੇ ਸਦੀਵੀ ਸੁੱਖ ਨੂੰ ਅਨੁਭਵ ਕੀਤਾ, ਅਥਵਾ ਸਦੀਵੀ ਸੁੱਖ ਦੀ ਪ੍ਰਾਪਤੀ ਕਰ ਲਈ।

ਗੁਰਿ ਤੁਠੈ ਹਰਿ ਪ੍ਰਭੁ ਪਾਇਆ

ਗੁਰੂ ਪ੍ਰਸੰਨ ਹੋਇਆ ਤਾਂ ਪਰਮਾਤਮਾ ਦੀ ਪ੍ਰਾਪਤੀ ਹੋ ਗਈ, ਪਰ ਕਦੋਂ? ਜਦੋਂ ਪਾਈਏ

ਦੀ ਤਰ੍ਹਾਂ ਆਪਣੇ ਆਪ ਨੂੰ ਛੋਟੇ ਸਮਝਿਆ। ਜਿੰਨਾ ਚਿਰ ਵੱਡੇ ਬਣਦੇ ਹਾਂ, ਟਨਾਂ ਦਾ ਟਨ ਭਾਰ ਸਮਝਦਾ ਹਾਂ ਮੈਂ ਬੜਾ ਭਾਰਾ ਹਾਂ। ਗੱਲ ਨਹੀਂ ਬਣਦੀ। ਜਦੋਂ ਪਾਈਏ ਦੀ ਤਰ੍ਹਾਂ ਆਪਣੇ ਆਪ ਨੂੰ ਛੋਟੇ ਅਨੁਭਵ ਕੀਤਾ ਤਾਂ ਉਦੋਂ ਗੁਰੂ ਪ੍ਰਸੰਨ ਹੋ ਗਿਆ। ਗੁਰੂ ਦੀ ਪ੍ਰਸੰਨਤਾ ਨਾਲ ਪਰਮੇਸ਼ਰ ਦੀ ਪ੍ਰਾਪਤੀ ਹੋ ਗਈ।

ਰੰਗਿ ਰਲੀਆ ਮਾਣਾ ਰਾਮ॥

ਹੁਣ ਅਸੀਂ ਪਰਮਾਤਮਾ ਵਿਚ ਅਭੇਦਤਾ ਦਾ ਅਨੰਦ ਮਾਣਦੇ ਹਾਂ।

ਵਡਭਾਗੀਆ ਸੋਹਾਗਣੀ

ਉਹ ਜੀਵ-ਰੂਪੀ ਇਸਤਰੀਆਂ ਵੱਡੇ ਭਾਗਾਂ ਵਾਲੀਆਂ ਹਨ, ਉਹ ਸੁਹਾਗਣਾਂ ਹਨ।

ਹਰਿ ਮਸਤਕਿ ਮਾਣਾ ਰਾਮ॥

ਜਿਨ੍ਹਾਂ ਦੇ ਮੱਥੇ 'ਤੇ ਪ੍ਰਮਾਤਮਾ ਨੇ ਆਪਣੀ ਰਹਿਮਤ ਕਰਨ ਦਾ ਲੇਖ ਲਿਖ ਦਿੱਤਾ ਹੈ, ਉਹਨਾਂ ਨੂੰ ਸ੍ਰੇਸ਼ਟਮਾਨ ਦੀ ਪ੍ਰਾਪਤੀ ਹੋ ਗਈ। ਅਥਵਾ ਜਿਨ੍ਹਾਂ ਨੇ ਮਨ ਕਰਕੇ ਉਹਨੂੰ ਮੰਨਿਆ ਹੈ— ਮਨ ਦਾ ਅਰਥ ਸ਼੍ਰੋਮਣੀ ਵੀ ਹੁੰਦਾ ਹੈ— ਜਿਹੜੇ ਮਨ ਕਰਕੇ ਸ਼੍ਰੋਮਣੀ ਪ੍ਰਮਾਤਮਾ ਨਾਲ ਜੁੜ ਗਏ ਨੇ ਉਹਨਾਂ ਦੇ ਵੱਡੇ ਭਾਗ ਹੋ ਜਾਂਦੇ ਹਨ।

ਹਰਿ ਪ੍ਰਭੁ ਹਰਿ ਸੋਹਾਗੁ ਹੈ

ਇਕ ਪ੍ਰਮਾਤਮਾ ਹੀ ਸਦੀਵੀ ਤੌਰ 'ਤੇ ਰਹਿਣ ਵਾਲਾ ਸੋਹਾਗੁ ਹੈ।

ਨਾਨਕ ਮਨਿ ਭਾਣਾ ਰਾਮ॥੧॥

ਜਿਹੜੇ ਪਰਮੇਸ਼ਰ ਦੇ ਪਿਆਰੇ ਨੇ ਉਹਨਾਂ ਨੂੰ ਬਹੁਤ ਚੰਗਾ ਲੱਗਦਾ ਹੈ, ਅਥਵਾ ਹਜ਼ੂਰ ਕਹਿੰਦੇ ਹਨ ਸਾਨੂੰ ਉਹ ਚੰਗਾ ਲੱਗਾ ਹੈ।

ਨਿੰਮਾਣਿਆ ਹਰਿ ਮਾਣੁ ਹੈ

ਪ੍ਰਮਾਤਮਾ ਨਿਮਾਣਿਆ ਦਾ ਮਾਣ ਹੈ।

ਹਰਿ ਪ੍ਰਭੁ ਹਰਿ ਆਪੈ ਰਾਮ॥

ਕਰਨ ਕਰਾਉਣ ਵਾਲਾ ਉਹ ਹੈ। ਜੀਵ ਤੇ ਈਸ਼ਵਰ ਰੂਪੀ ਇਕੋ ਹੈ। ਜੀਵ ਦੇ ਵਿਚ ਵੀ ਅਤੇ ਈਸ਼ ਦੇ ਵਿਚ ਵੀ। ਇਸ ਪ੍ਰਕਾਰ ਸਾਰਿਆਂ ਦੇ ਵਿਚ ਉਹ ਆਪ ਵਿਆਪਕ ਹੈ।

ਗੁਰਮੁਖਿ ਆਪੁ ਗਵਾਇਆ

ਸਮਝ ਕਦੋਂ ਪਈ ਜਦੋਂ ਗੁਰੂ ਦੇ ਰਾਹੀਂ ਆਪਣੀ "ਮੈਂ" ਨੂੰ, ਆਪਣੇ ਆਪਾ ਭਾਵ ਨੂੰ ਖ਼ਤਮ ਕੀਤਾ।

ਨਿਤ ਹਰਿ ਹਰਿ ਜਾਪੈ ਰਾਮ॥

ਜਿਨ੍ਹਾਂ ਨੇ 'ਮੈਂ' ਨੂੰ ਗਵਾ ਲਿਆ, ਗੁਰਮੁਖ ਪਿਆਰੇ ਰੋਜ਼ਾਨਾ ਉਹਨੂੰ ਚੇਤੇ ਕਰਦੇ ਨੇ ਅਥਵਾ ਜਾਪੈ ਦਾ ਅਰਥ ਗਾਉਣਾ ਜਾਣਨਾ ਵੀ ਹੁੰਦਾ ਹੈ। ਉਹਨਾਂ ਗੁਰਮੁਖਾਂ ਨੇ ਰੋਜ਼ਾਨਾ ਉਹਨੂੰ ਜਾਣਨਾ ਕੀਤਾ, ਜਾਣਨ ਦਾ ਯਤਨ ਕੀਤਾ।

ਮੇਰੇ ਹਰਿ ਪ੍ਰਭ ਭਾਵੈ ਸੋ ਕਰੈ

ਜੋ ਮੇਰੇ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹ ਕਰਦਾ ਹੈ।

ਹਰਿ ਰੰਗਿ ਹਰਿ ਰਾਪੈ ਰਾਮ॥

ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਪਰਮੇਸ਼ਰ ਦੇ ਪ੍ਰੇਮ ਵਿਚ ਆਪਣੇ ਆਪ ਨੂੰ ਰਾਪੈ ਭਾਵ ਰੰਗਣ ਦਾ ਯਤਨ ਕਰੀਏ।

ਜਨੁ ਨਾਨਕੁ ਸਹਜਿ ਮਿਲਾਇਆ

ਜਿਨ੍ਹਾਂ ਨੇ ਦਾਸਾਂ ਭਾਵ ਧਾਰਨਾ ਕੀਤਾ, ਉਹਨਾਂ ਦੀ ਅਡੋਲ ਅਵਸਥਾ ਹੋ ਗਈ ਤੇ ਅਡੋਲ ਅਵਸਥਾ ਦੇ ਦੁਆਰਾ ਉਹਨਾਂ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਹੋ ਗਈ।

ਹਰਿ ਰਸਿ ਹਰਿ ਧ੍ਰਾਪੈ ਰਾਮ॥੨॥

ਪਰਮੇਸ਼ਰ ਦੇ ਨਾਮ ਦਾ ਰਸ ਲੈ ਕੇ ਉਹ ਗੁਰਮੁਖ ਪਿਆਰੇ ਉਸ ਰਸ ਦੇ ਨਾਲ ਧ੍ਰਾਪੈ ਭਾਵ ਰੱਜ ਗਏ ਹਨ।

ਮਾਣਸ ਜਨਮਿ ਹਰਿ ਪਾਈਐ

ਪਿਆਰਿਓ ! ਪ੍ਰਮਾਤਮਾ ਦੀ ਰਹਿਮਤ ਦੁਆਰਾ ਇਹ ਮਨੁੱਖਾ ਜਨਮ ਸਾਨੂੰ ਮਿਲਿਆ ਹੈ।

ਹਰਿ ਰਾਵਣ ਵੇਰਾ ਰਾਮ॥

ਇਹ ਪਰਮਾਤਮਾ ਨੂੰ ਚੇਤੇ ਕਰਨ ਦਾ ਮੇਰਾ Time ਹੈ।

ਗੁਰਮੁਖਿ ਮਿਲੁ ਸੋਹਾਗਣੀ

ਸੋ ਗੁਰਮੁਖਾ ! ਗੁਰੂ ਨਾਲ ਮਿਲ, ਅਥਵਾ ਗੁਰੂ ਦੇ ਪਿਆਰਿਆਂ ਨਾਲ ਮਿਲਣ ਕਰਕੇ ਪ੍ਰਮਾਤਮਾ ਦੇ ਸੁਹਾਗ ਦਾ ਅਨੰਦ ਮਾਣ ਤਾਂ ਫਿਰ ਕੀ ਹੋਵੇਗਾ ?

ਰੰਗੁ ਹੋਇ ਘਣੇਰਾ ਰਾਮ॥

ਉਹਦਾ ਅਤੇ ਤੇਰਾ ਪ੍ਰੇਮ ਗੁਰਮੁਖ ਪਿਆਰਿਆ, ਬਹੁਤ ਘਣੇਰਾ ਹੋਵੇਗਾ।

ਜਿਨ ਮਾਣਸ ਜਨਮਿ ਨ ਪਾਇਆ

ਸੋ ਜਿਨ੍ਹਾਂ ਨੇ ਮਨੁੱਖਾ ਜਨਮ ਦੀ ਪ੍ਰਾਪਤੀ ਨਹੀਂ ਕੀਤੀ, ਅਥਵਾ ਮਨੁੱਖ ਹੁੰਦਿਆਂ ਜੋ

ਮਨੁੱਖਾਂ ਵਰਗੇ ਨਹੀਂ, ਉਹਨਾਂ ਦੇ ਬਾਰੇ ਕਹਿੰਦੇ ਹਨ।

ਤਿਨ ਭਾਗੁ ਮੰਦੇਰਾ ਰਾਮ॥

ਉਹਨਾਂ ਦੇ ਮਾੜੇ ਭਾਗ ਜਾਣੋ, ਮਾੜੇ ਕਰਮ ਜਾਣੋ।

ਹਰਿ ਹਰਿ ਹਰਿ ਹਰਿ ਰਾਖੁ ਪ੍ਰਭ

ਹੇ ਮੇਰੇ ਵਾਹਿਗੁਰੂ ! ਤੂੰ ਦੁੱਖਾਂ ਦਾ ਨਾਸ਼ਕ ਹੈਂ, ਸੁੱਖ ਦੇਣ ਵਾਲਾ ਹੈਂ, ਰੱਖਿਆ ਕਰੋ।

ਨਾਨਕੁ ਜਨੁ ਤੇਰਾ ਰਾਮ॥੩॥

ਕਿਉਂਕਿ ਮੈਂ ਤੇਰਾ ਦਾਸ ਹਾਂ।

ਗੁਰਿ ਹਰਿ ਪ੍ਰਭੁ ਅਗਮੁ ਦ੍ਰਿੜਾਇਆ

ਜਦੋਂ ਗੁਰੂ ਨੇ ਕ੍ਰਿਪਾ ਕੀਤੀ, ਪ੍ਰਮਾਤਮਾ ਸੀ ਤਾਂ ਅਗਮ, ਪਰ ਉਹ ਦ੍ਰਿੜ ਹੋ ਗਿਆ।

ਮਨੁ ਤਨੁ ਰੰਗਿ ਭੀਨਾ ਰਾਮ॥

ਇਉਂ ਮਨ ਤੇ ਤਨ ਪਰਮੇਸ਼ਰ ਦੇ ਪ੍ਰੇਮ ਵਿਚ ਰੰਗਿਆ ਗਿਆ।

ਭਗਤਿ ਵਛਲੁ ਹਰਿ ਨਾਮੁ ਹੈ

ਜਿਹੜਾ ਪ੍ਰਮਾਤਮਾ ਦਾ ਨਾਮ ਜੋ ਗੁਰਮੁਖ ਪਿਆਰੇ ਲੈਂਦੇ ਨੇ ਉਹ ਪ੍ਰਮਾਤਮਾ ਨੂੰ ਮੰਨ ਲੈਂਦੇ ਨੇ, ਪ੍ਰਮਾਤਮਾ ਉਹਨਾਂ ਗੁਰਮੁਖ ਪਿਆਰਿਆਂ ਦੀ ਮੰਨਦਾ ਹੈ।

ਗੁਰਮੁਖਿ ਹਰਿ ਲੀਨਾ ਰਾਮ॥

ਪਰ ਇਹ ਢੰਗ ਤੇ ਤਰੀਕਾ ਗੁਰੂ ਦੇ ਰਾਹੀਂ ਪ੍ਰਾਪਤ ਹੁੰਦਾ ਹੈ।

ਬਿਨੁ ਹਰਿ ਨਾਮ ਨ ਜੀਵਦੇ

ਜਿਹੜੇ ਗੁਰਮੁਖ ਪਿਆਰੇ ਹਨ, ਉਹਨਾਂ ਦੀ ਅਵਸਥਾ ਇਹ ਹੈ ਕਿ ਉਹ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਜੀਉਂਦੇ ਨਹੀਂ ਰਹਿ ਸਕਦੇ। ਕਿਸ ਤਰ੍ਹਾਂ ?

ਜਿਉ ਜਲ ਬਿਨੁ ਮੀਨਾ ਰਾਮ॥

ਜਿਵੇਂ ਮੱਛੀ ਪਾਣੀ ਤੋਂ ਬਿਨਾਂ ਰਹਿ ਨਹੀਂ ਸਕਦੀ।

ਸਫਲ ਜਨਮੁ ਹਰਿ ਪਾਇਆ

ਜਿਨ੍ਹਾਂ ਪ੍ਰਮੇਸ਼ਰ ਦੇ ਪਿਆਰਿਆਂ 'ਤੇ ਕ੍ਰਿਪਾ ਅਤੇ ਰਹਿਮਤ ਹੋਈ ਅਕਾਲ ਪੁਰਖ ਦੀ, ਉਹਨਾਂ ਨੇ ਮਨੁੱਖਾ ਜਨਮ ਨੂੰ ਪ੍ਰਾਪਤ ਕਰ ਲਿਆ।

ਨਾਨਕ ਪ੍ਰਭਿ ਕੀਨਾ ਰਾਮ॥੪॥੧॥੩॥

ਮਨੁੱਖਾ ਜਨਮ ਨੂੰ ਪ੍ਰਾਪਤ ਕਰਕੇ ਜਿਨ੍ਹਾਂ ਨੇ ਜਾਪੁ ਕੀਤਾ ਤਾਂ ਵਾਹਿਗੁਰੂ ਨੇ ਉਨ੍ਹਾਂ ਨੂੰ ਆਪਣੇ ਬਣਾ ਲਿਆ।

ਇਹ ਸੀ ਗੁਰਮੁਖੋ ਕੇਵਲ ਅੱਖਰੀਂ ਰੂਪ ਦੇ ਵਿਚ ਇਸ ਪਾਵਣ ਹੁਕਮਨਾਮੇ ਦੀ ਵਿਚਾਰ। ਆਪਾਂ ਪੰਜਾਂ ਕਕਾਰਾਂ ਦੀ ਰਹਿਤ ਅਤੇ ਅੰਮ੍ਰਿਤ ਦੀ ਮਹਾਨਤਾ ਕੀ ਹੈ, ਸਿਮਰਨ ਦੇ ਕੀ ਅੰਗ ਹਨ, ਇਹ ਕੁਝ-ਕੁ ਵਿਚਾਰਾਂ ਕਰ ਚੁੱਕੇ ਹਾਂ ਤੇ ਅੱਜ ਦੀ ਕਥਾ ਦੇ ਵਿਚ ਆਪਾਂ ਜੋ ਚਾਰ ਬਜਰ ਕੁਰਹਿਤਾਂ ਹਨ, ਉਹਨਾਂ ਨੂੰ ਵਿਚਾਰਨ ਦਾ ਯਤਨ ਕਰਾਂਗੇ। ਕਈ ਬਹੁਤ ਭੋਲੇ ਵੀਰ ਹਨ ਜਿਹਨਾਂ ਨੂੰ ਇਹ ਨਹੀਂ ਪਤਾ ਕਿ ਕੁਰਹਿਤਾਂ ਕੀ ਹੁੰਦੀਆਂ ਹਨ। ਸੋ, ਇਸ ਕਰਕੇ ਗੁਰਮੁਖਾਂ ਦੇ ਕਹਿਣ 'ਤੇ ਇਸ ਤੁਛ ਬੁੱਧੀ ਦੇ ਮੁਤਾਬਿਕ ਮੈਂ ਤੁਹਾਡੇ ਨਾਲ ਵਿਚਾਰ ਸਾਂਝੇ ਕਰਨੇ ਹਨ। ਜਿਹੜੀਆਂ ਗੱਲਾਂ ਗੁਰਮਤਿ ਦੇ ਮੁਤਾਬਿਕ ਹੋਣ ਉਹਨਾਂ ਨੂੰ ਜ਼ਰੂਰ ਗ੍ਰਹਿਣ ਕਰੋ ਤੇ ਜਿਹੜੀਆਂ ਮੇਰੇ ਕੋਲੋਂ ਕੱਚੀਆਂ ਜਾਂ ਢਿੱਲੀਆਂ ਗੱਲਾਂ ਕਹੀਆਂ ਜਾਣ, ਉਹ ਕ੍ਰਿਪਾ ਕਰਕੇ ਮੈਨੂੰ ਮੁਆਫ਼ੀ ਦੇਣ ਦੀ ਕ੍ਰਿਪਾਲਤਾ ਕਰਨੀ। ਸੋ, ਗੁਰਮੁਖੋ ! ਵੇਦ ਸ਼ਾਸਤਰਾਂ ਦੇ ਉਹ ਜਿਹੜੇ ਨਖਿੱਧ ਕਰਮ ਹੁੰਦੇ ਹਨ, ਉਹਨਾਂ ਨੂੰ ਕੁਰਹਿਤਾਂ ਕਿਹਾ ਜਾਂਦਾ ਹੈ। ਗੁਰਮਤਿ ਮੁਤਾਬਿਕ ਜਿਹੜੇ ਕਰਮ ਕਰਦੇ ਆਂ ਆਪਾਂ ਉਹਨਾਂ ਨੂੰ ਰਹਿਤਾਂ ਕਹਿੰਦੇ ਹਾਂ ਅਤੇ ਜਿਵੇਂ ਹਰ ਅੰਮ੍ਰਿਤਧਾਰੀ ਸਿੰਘ ਵਾਸਤੇ ਪੰਜ ਕਕਾਰਾਂ ਦਾ ਰੱਖਣਾ ਜ਼ਰੂਰੀ ਹੈ, ਉਸੇ ਤਰ੍ਹਾਂ ਚਾਰ ਬਜਰ ਕੁਰਹਿਤਾਂ ਕਰਨ ਵਾਲੇ ਨੂੰ ਸਿੱਖੀ ਤੋਂ ਪਤਿਤ ਸਮਝਿਆ ਜਾਂਦਾ ਹੈ ਤੇ ਜਿੰਨਾ ਚਿਰ ਉਹ ਪੰਜਾਂ ਪਿਆਰਿਆਂ ਕੋਲ ਪੇਸ਼ ਹੋ ਕੇ, ਤਨਖ਼ਾਹ ਲਵਾ ਕੇ ਤੇ ਦੁਬਾਰਾ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਨਹੀਂ ਹੁੰਦਾ, ਉਤਨਾ ਚਿਰ ਬਖ਼ਸ਼ਿਆ ਨਹੀਂ ਜਾ ਸਕਦਾ। ਜਿਵੇਂ ਪੰਜਾਂ ਕੱਕਿਆਂ ਦੇ ਧਾਰਨੀ ਹੋਣਾ ਹੈ, ਉਸੇ ਤਰ੍ਹਾਂ ਚਾਰ ਹਾਹਿਆਂ ਤੋਂ ਵੀ ਬਚ ਕੇ ਰਹਿਣਾ ਹੈ। ਉਹ ਕਿਹੜੇ ਨੇ : ਹਰਿ ਫੁਰ ਹਦਾਇਤ ਅਸਤ ਅਜੀਵ ਪੰਜ ਕਾਫ ਬਿਦਾਰ ਨੰਦ ਬਾਵਰ ਨਾ ਗੋਇਮ ਖਿਲਾਫ਼ ਹੁੱਕਾ ਹਜਾਮਤ। ਇਹਨਾਂ ਹਾਹਿਆਂ ਤੋਂ ਬਚਣਾ ਹੈ ਤੇ ਕੱਕਿਆਂ ਦੇ ਧਾਰਨੀ ਹੋਣਾ ਹੈ। ਹੁੱਕਾ, ਹਜਾਮਤ, ਹਲਾਲ, ਹਰਾਮ ਬਰੀਸ਼ੇ ਹਨ, ਕਰਦੂਰ ਸਿਆ ਫਿਆਮ ਸਾਰਿਆਂ ਤੋਂ ਪਹਿਲਾਂ ਹੈ। ਗੁਰਮੁਖੋ ! ਹੁੱਕਾ ਕਹਿੰਦੇ ਨੇ ਤੰਬਾਕੂ ਨੂੰ। ਸਿੱਖ ਪੰਥ ਵਿਚ ਅਸੀਂ ਇਸ ਨੂੰ ਜਗਤ ਜੂਠ ਕਹਿੰਦੇ ਹਾਂ। ਬਿਖਿਆ ਆਦਿ ਲੈ ਕਰਕੇ ਇਹਦਾ ਬੜਾ ਭਾਰੀ ਨਿਖੇਧ ਕੀਤਾ ਹੈ। ਤੰਬਾਕੂ ਵਰਤਣ ਵਾਲੇ ਦੇ ਸਾਰੇ ਪੁੰਨ ਨਾਸ਼ ਹੋ ਜਾਂਦੇ ਹਨ ਅਤੇ ਉਹ ਨਰਕ ਨੂੰ ਭੋਗਣ ਦਾ ਅਧਿਕਾਰੀ ਬਣ ਜਾਂਦਾ ਹੈ। ਸਤਿਗੁਰ ਰਾਮਦਾਸ ਸੱਚੇ ਪਾਤਿਸ਼ਾਹ ਨੇ ਇਹਦੀ ਅਤਿ ਮਨਾਹੀ ਕੀਤੀ ਹੈ। ਹਜ਼ੂਰ ਫ਼ੁਰਮਾਉਂਦੇ ਹਨ :

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥
ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ॥

(ਪੰਨਾ ੭੨੬)

ਪਾਨ ਚੱਬਣਾ, ਸੁਪਾਰੀ ਖਾਣੀ, ਬੀੜੀ ਪੀਣਾ ਆਦਿ ਹੋਰ ਕਈ ਤਰ੍ਹਾਂ ਦੀਆਂ ਭੈੜੀਆਂ ਚੀਜ਼ਾਂ ਜੋ ਲੋਕੀ ਖਾਂਦੇ ਹਨ ਉਹਨਾਂ ਨੂੰ ਭੁੱਲ ਕੇ ਵੀ ਨਹੀਂ ਵਰਤਣਾ। ਭਗਤ ਕਬੀਰ ਜੀ ਇਥੋਂ ਤੱਕ ਕਹਿੰਦੇ ਨੇ ਕਿ ਤੰਬਾਕੂ ਪੀਣ ਵਾਲਾ ਇਕ ਵਿਅਕਤੀ ਨਹੀਂ ਸਗੋਂ ਸਾਰੇ ਪਰਿਵਾਰ ਦਾ ਨਾਸ਼ ਕਰਦਾ ਹੈ, ਬਿਖਿਆ ਲੈ ਡੂਬੀ ਪਰਿਵਾਰ। ਸੋ ਜਿਵੇਂ ਔਰਤ ਦਾ ਮਾਸਕ ਧਰਮ ਹੁੰਦਾ ਹੈ ਅਤੇ ਉਹਨੂੰ ਗਲੀਜ਼ ਮੰਨਿਆ ਐ ਹਿੰਦੂ ਧਰਮ ਵਿਚ। ਔਰਤ ਮਾਹਵਾਰੀ ਦੇ ਮੌਕੇ 'ਤੇ ਚੌਂਕੇ 'ਚ ਨਹੀਂ ਵੜ ਸਕਦੀ ਪਰ ਤੰਬਾਕੂ ਪੀਣ ਵਾਲੇ ਨੂੰ ਉਹਦੇ ਤੋਂ ਵੀ ਅਪਵਿੱਤਰ ਮੰਨਿਆ ਗਿਆ ਹੈ। ਆਸਾ ਦੀ ਵਾਰ ਵਿਚ ਆਉਂਦਾ ਹੈ-

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ॥

ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥

ਇਸ ਪ੍ਰਕਾਰ ਸੇ ਨਿੱਤ ਨਿੱਤ ਹੋਏ ਖੁਆਰ। ਸੋ ਗੁਰ ਸਿੱਖ ਦੀ ਰਹਿਤ ਕੋ ਤਜੇ ਤੰਬਾਕੂ ਸੰਗ। ਕਿੰਨਾ ਮਾੜਾ ਹੈ- ਮਰਨੀ ਮਰੇ ਤੋ ਅਤਿ ਭਲਾ ਜਗਤ ਜੂਠ ਕੇ ਅੰਗ। ਰਹਿਤਨਾਮੇ 'ਚ ਕਿਹਾ ਹੈ, ਗੁਰੂ ਕੇ ਸਿੱਖਾ ਤੇਰੀ ਮੌਤ ਭਾਵੇਂ ਹੋ ਜਾਏ ਪਰ ਤੂੰ ਤੰਬਾਕੂ ਤੋਂ ਬਚਣ ਦਾ ਯਤਨ ਕਰਨਾ ਹੈ। ਸੋ, ਇਸੇ ਪ੍ਰਕਾਰ ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਦਾ ਘੋੜਾ ਵੀ ਤੰਬਾਕੂ ਵਾਲੇ ਖੇਤ ਵਿਚੋਂ ਨਹੀਂ ਸੀ ਲੰਘਿਆ। ਸੋ, ਰਹਿਤਨਾਮੇ ਦੇ ਬਚਨ ਨੇ: ਹੁਕਮ ਪ੍ਰਮੇਸ਼ਰ ਕੇ ਸਾਧ ਗੁਰੂ ਕਾ ਆਖਣਾ ਹੈ ਜੋ ਸਿੱਖ ਮੇਰਾ ਹੋਵੇ ਤੇ ਉਹਨੂੰ ਤੰਬਾਕੂ ਪੀਣਾ ਨਸਵਾਰ ਆਦਿ ਚੜ੍ਹਾਉਣੀ, ਜੈਸੇ ਗਊ ਦਾ ਮਾਸ ਖਾਇਆ ਤੇ ਤੰਬਾਕੂ ਇਕੋ ਜਿਹਾ ਹੈ। ਭਾਵ ਗਊ ਦੇ ਮਾਸ ਨੂੰ ਖਾਣਾ ਤੇ ਤੰਬਾਕੂ ਦਾ ਸੇਵਨ ਕਰਨਾ ਇਕੋ ਗਲ ਹੈ। ਗੁਰੂ ਕਾ ਬਚਨ ਹੈ ਕਿ ਜੋ ਕੋਈ ਮੇਰਾ ਸਿੱਖ ਹੋਸੀ ਸੋ ਇਹਨਾਂ ਬਚਨਾਂ 'ਤੇ ਪ੍ਰਤੀਤ ਕਰਸੀ। ਔਰ ਮੇਰੇ ਪਾਸੋਂ ਬੇਮੁਖ ਹੋਵੇਗਾ ਜੋ ਇਹਨਾਂ ਨੂੰ ਮੰਨੇਗਾ। ਜੋ ਸਤਿਸੰਗਤਿ ਨੂੰ ਮੰਨੇਗਾ ਸੋ ਨਿਹਾਲ ਹੋਏਗਾ। ਇਹ ਗੱਲ ਨੰਦ ਲਾਲ ਸਿੰਘ ਜੀ ਨੇ ਆਪਣੀ ਲਿਖਤ 'ਚ ਲਿਖੀ ਹੈ: ਸੂਹਾ ਪਹਿਨ ਲਏ ਨਸਵਾਰ। ਗੋਬਿੰਦ ਸਿੰਘ ਜਮ ਕਰੈ ਖੁਆਰ॥੧੦॥ ਇਸੇ ਤਰ੍ਹਾਂ ਭਾਈ ਦਇਆ ਸਿੰਘ ਜੀ ਤੰਬਾਕੂ ਬਾਰੇ ਇਕ ਛੋਟੀ ਜਿਹੀ ਸਾਖੀ ਲਿਖਦੇ ਕਹਿੰਦੇ ਹਨ : ਏਕ ਸਿੱਖ ਨੇ ਦਹੀਂ ਰਾਖਾ ਥਾ ਕੇਸ਼ੀਂ ਇਸ਼ਨਾਨ ਕੇ ਲੀਏ, ਕਾਗ ਨੇ ਚੁੰਝ ਮਾਰਾ ਤਬ ਸਿੰਘ ਗੁਰੂ ਪਾਸ ਆਇਆ ਕਿਹਾ, ਮਹਾਰਾਜ ਜੀ ! ਦਹੀਂ ਖਰਾਬ ਹੋ ਗਿਆ ਹੈ, ਸਾਹਿਬ ਨੇ ਕਿਹਾ ਮੈਂ ਜਾਣਤਾ ਥਾ ਕਿ ਕਿਸੇ ਹੁੱਕੇ ਫੂਕਨੇ ਵਾਲੇ ਕਾ ਹਾਥ ਲੱਗਾ ਹੈ ਇਸ ਤੋਂ ਬਚਾ ਕਰ। ਕਹਿਣ ਤੋਂ ਭਾਵ ਇਹ ਹੈ ਕਿ ਜੇ ਤੰਬਾਕੂ ਪੀਣ ਵਾਲਾ ਕਿਤੇ ਦਹੀਂ ਦੇ ਭਾਂਡੇ ਨੂੰ ਹੱਥ ਲਾ ਦੇਵੇ ਉਸ ਦਹੀਂ ਨੂੰ ਸਿਰ 'ਚ ਪਾਉਣਾ ਵੀ ਗੁਨਾਹ ਹੈ। ਤੰਬਾਕੂ ਦੀ ਵਰਤੋਂ ਤਾਂ ਦੂਰ ਹੈ ਨਾ ਕਿਸੇ ਬੀੜੀ ਤੰਬਾਕੂ ਦੀ ਵਰਤੋਂ ਕਰਨ ਵਾਲਾ ਮਨੁੱਖ ਸੁਭਾਵਿਕ ਭਾਂਡੇ ਨੂੰ ਹੱਥ ਲਾ ਦਿੰਦਾ ਹੈ। ਆਪਾਂ ਉਹਦੇ 'ਚ ਦਹੀਂ ਪਾਇਆ ਹੈ ਇਸ਼ਨਾਨ ਕਰਨ ਲਈ ਜਦ ਕਿ ਅਸੀਂ ਬਾਅਦ ਵਿਚ ਪਾਣੀ ਵੀ ਵਰਤਣਾ ਹੈ। ਰਹਿਤਨਾਮੇ ਵਿਚ ਕਹਿੰਦੇ ਹਨ ਕਿ ਸਿੱਖਾ, ਉਹ ਦਹੀਂ ਵੀ ਆਪਣੇ ਸਿਰ ਵਿਚ ਨਾ ਪਾਈਂ, ਉਹ ਅਪਵਿੱਤਰ ਹੋ ਗਿਆ ਹੈ।

ਜੇ ਧੂਮਰ ਪਾਣ ਕਰੇ ਤਾਂ ੫੦, ੨੫ ਰੁਪਏ ਤੇ ਸਲੋਤਰ ੫੦ ਮਾਰੇ ਪੁਨਾ ਅੰਮ੍ਰਿਤ ਛਕਾਵੇ ਤਾਂ ਉਹ ਸ਼ੁੱਧ ਹੈ ਤੇ ਜਿੰਨੇ ਤੰਬਾਕੂ ਦਾ ਸੇਵਨ ਕਰ ਲਿਆ ਨਾ, ਉਸ ਜ਼ਮਾਨੇ ਦੀਆਂ ਗੱਲਾਂ ਨੇ, ੩੦੦ ਵਰ੍ਹਾ ਪਹਿਲੇ ਦੀਆਂ, ਉਹਨੂੰ ੨੫ ਰੁਪਏ ਜੁਰਮਾਨਾ ਤੇ ੫੦ ਡਾਂਗਾਂ ਮਾਰਨੀਆਂ ਤੇ ਮੁੜ ਕੇ ਉਹ ਪੰਜਾਂ ਪਿਆਰਿਆਂ ਵਿਚ ਪੇਸ਼ ਹੋਵੇ ਤੇ ਗੱਲ ਤਾਂ ਬਣੇਗੀ। 'ਕੁੱਠਾ, ਹੁੱਕਾ, ਚਰਸ, ਤਮਾਕੂ। ਗਾਂਜਾ, ਟੋਪੀ, ਤਾੜੀ, ਖਾਕੂ। ਇਨ ਕੀ ਓਰ ਨ ਕਬਹੂ ਦੇਖੈ। ਰਹਤ ਵੰਤ ਜੋ ਸਿੰਘ ਬਿਸੇਖੈ। ਭਾਂਗ ਤੰਬਾਕੂ ਨਿਕਟ ਨ ਜਾਵੈ। ਤਿਨ ਤੇ ਭੀ ਸੁਚਿ ਦੇਗ ਕਰਾਵੈ।

ਗੁਰੂ ਬਿਲਾਸ ਪਾਤਿਸ਼ਾਹੀ ਦੇ ਬਚਨ ਆਉਂਦੇ ਨੇ : 'ਬੀਖਿਆ ਕਿਰਿਆ ਭਦਨ ਤਯਾਗਹੁ।' ਗੁਰ ਕਾ ਸਿੱਖ ਬਿਖਿਆ ਨਾ ਪੀਵੇ ਭਾਵੇਂ ਸਹਿਜਧਾਰੀ ਹੋਵੇ ਤਾਂ ਭੀ ਨਾ ਵਰਤੇ, ਨਾ ਨਸਵਾਰ ਲਵੇ। ਪੁਰਾਤਨ ਗ੍ਰੰਥ ਐ ਇਕ ਜਿਸ ਨੂੰ ਸ੍ਰੀ ਗੁਰੂ ਸ਼ੋਭਾ ਗ੍ਰੰਥ ਕਹਿੰਦੇ ਹਾਂ, ਜਿਸ ਦਾ ਲਿਖਾਰੀ ਭਾਈ ਸੈਨਾਪਤ ਹੋਇਆ ਹੈ ਜੋ ਗੁਰਦੇਵ ਦਾ ਸਮਕਾਲੀ ਦੱਸਦੇ ਨੇ, ਉਹਨਾਂ ਨੇ ਲਿਖਿਆ ਹੈ ਕਿ ਤੰਬਾਕੂ ਕੇ ਵਰਤ ਮੇਂ ਆਵੈ ਤੰਬਾਕੂ ਦੇ ਵਰਤਣ ਨਾਲ ਤੰਬਾਕੂ ਕੇ ਬਰਤਬੇ ਜਾਪ ਤਪ ਸਭ ਨਾਸ। ਜਿਉਂ ਚੰਗਾਰੀ ਅਗਨ ਕੀ ਪਰਤੇ ਪੁਰਾਣੀ ਘਾਸ। ਤਜੇ ਤੰਬਾਕੂ ਪੁਰਖ ਕਲਿ ਉਦਰਿਆ ਦਰ ਪ੍ਰਵਾਨ। ਪੂਰੀ ਭਈ ਤਿਸ ਭਾਵਨੀ ਸਫਲ ਕਮਾਈ ਜਾਣ। ਹੁਕਾ ਤਿਆਗੇ ਹਰਿ ਗੁਣ ਗਾਵੈ, ਇੱਛਾ ਭੋਜਨ ਹਰਿ ਰਸ ਪਾਵੈ। ਹੁੱਕਾ ਨਾ ਪੀਵੈ ਸੀਸ ਦਾੜੀ ਨਾ ਮੁਨਾਵੈ ਸੋ ਤੋਂ ਵਾਹਿਗੁਰੂ ਵਾਹਿਗੁਰੂ ਜੀ ਕਾ ਖਾਲਸਾ ਤਨਕ ਤੰਬਾਕੂ ਸੇਵੀਐ। ਗਿਆਨੀ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਿਆ ਹੈ– ਤਨਕ ਤੰਬਾਕੂ ਸੇਵੀਐ ਦੇਵ ਪਿਤਰ ਤਜ ਜਾਇ। ਪਾਣੀ ਤਾ ਕੇ ਹਾਥ ਕਾ ਮਦਰਾ ਸਮ ਆਪ ਦਾਇ। ਮਦਰਾ ਦਿਹਤਾ ਸਪਤ ਕੁਲ ਭਨ ਦਹੇ ਤਨ ਏਕ। ਜਗਤ ਜੂਠ ਨਿੰਦਾ ਹੋ ਜਾਏ ਅਨੇਕ। ਤਜੇ ਤੰਬਾਕੂ ਮਨੁੱਖ ਕਲਿ ਉਧਰਿਆ ਦਰ ਪ੍ਰਵਾਨ। ਪੂਰੀ ਭਈ ਤਿਸ ਭਾਵਨੀ ਸਫਲ ਕਮਾਈ ਜਾਣ। ਜਿਹੜੇ ਸਾਡੇ ਹਿੰਦੂ ਭਰਾ ਹਨ, ਉਨ੍ਹਾਂ ਨੂੰ ਅਸੀਂ ਬੇਨਤੀ ਕਰਦੇ ਹਾਂ ਗੁਰਮੁਖੋ ! ਆਪਾਂ ਇਕ ਦੇਸ਼ ਦੇ ਰਹਿਣ ਵਾਲੇ ਹਾਂ, ਆਪਣਾ ਆਪਸ ਵਿਚ ਪਿਆਰ ਹੈ, ਸਾਂਝ ਹੈ, ਤੁਹਾਨੂੰ ਆਪਣੇ ਜਾਣ ਕਰਕੇ ਬੇਨਤੀ ਕਰਦੇ ਹਾਂ ਕਿ ਤੁਹਾਡੇ ਧਰਮ ਗ੍ਰੰਥ ਨੇ ਵੀ ਇਹਨੂੰ ਮਨ੍ਹਾਂ ਕੀਤਾ ਹੈ। ਤੁਸੀਂ ਇਹਦੀ ਵਰਤੋਂ ਨਾ ਕਰੋ। ਉਹ ਕਹਿੰਦੇ ਹਨ ਜੀ ਕਿਵੇਂ ਮਨ੍ਹਾ ਕੀਤਾ ਹੈ ? ਇਹਦਾ ਜਵਾਬ ਗੁਰਮੁਖ ਪਿਆਰਿਓ, ਹਿੰਦੂ ਧਰਮ ਦੇ ਧਰਮ ਗ੍ਰੰਥਾਂ ਦੇ ਵਿਚ ਹੈ। ਪਦਮ ਪੁਰਾਣ ਬੜਾ ਮਸ਼ਹੂਰ ਹੈ ਉਹਦੇ ਵਿਚ ਲਿਖਿਆ ਹੈ : ਤੁਮਰ ਪਾਵਣ ਵਰਤਮ ਵਿਤਰਮ ਦਾਨਵ ਤ੍ਰਵੰਤ ਹੇ ਨਗ ਦਤਾਰੋ ਮ੍ਰਿਤੰਗ ਯਾਤੀ ਬ੍ਰਾਹਮਣੀ ਗ੍ਰਾਮ ਸੁਤਰੈ। ਇਹਦਾ ਅਰਥ ਇਹ ਹੈ ਧੂੰਆਂ ਤੰਬਾਕੂ ਵਾਲੇ ਬ੍ਰਾਹਮਣ ਨੂੰ ਆਦਮੀ ਜੋ ਦਾਨ ਕਰਦਾ ਹੈ ਨਾ, ਆਪਾਂ ਨੂੰ ਤਾਂ ਤੰਬਾਕੂ ਹੈ ਹੀ ਮਨ੍ਹਾਂ ਲੇਕਿਨ ਪਦਮ ਪੁਰਾਣ 'ਚ ਲਿਖਿਆ ਹੈ ਕਿ ਜਿਹੜਾ ਮਨੁੱਖ ਤੰਬਾਕੂ ਪੀਣ ਵਾਲੇ ਬ੍ਰਾਹਮਣ ਨੂੰ ਜੋ ਦਾਨ ਕਰਦਾ ਹੈ ਉਹ ਦਾਨੀ ਨਰਕਾਂ ਨੂੰ ਜਾਂਦਾ ਹੈ ਤੇ ਬ੍ਰਾਹਮਣ ਮਰ ਕੇ ਪਿੰਡ ਦਾ ਸੂਰ ਬਣਦਾ ਹੈ ਤੇ ਨਿਆਈਆਂ ਸਾਫ ਕਰਦਾ ਹੈ। ਮੈਂ ਅੰਦਰ ਹੋ ਸਕਦਾ ਹਾਂ ਪਰ ਪਦਮ ਪੁਰਾਣ ਨੇ ਮੇਰੀ

ਹਿਮਾਇਤ ਕਰਨੀ ਹੈ ਕਿ ਗਿਆਨੀ ਜੀ ਤੁਸੀਂ ਪਾਸੇ ਹੋਵੋ। ਮੈਂ ਕਹਿੰਦਾ ਹਾਂ। ਗੁਰਮੁਖ ਪਿਆਰਿਓ ! ਬੜਾ ਪ੍ਰਸਿੱਧ ਸਕੰਦ ਪੁਰਾਣ ਉਹਦੇ ਵਿਚ ਲਿਖਿਆ ਹੈ- ਹੇ ਨਾਰਦ ! ਜੋ ਪੁਰਸ਼ ਤੰਮਾਕੂ ਪੀਵੇਗਾ ਉਹ ਕੁੰਭੀ ਪਾਣ ਆਦਿ ਨਰਕਾਂ ਵਿਚ ਅਵੱਸ਼ ਜਾਵੇਗਾ, ਇਹ ਮੇਰਾ ਕਹਿਣਾ ਸੱਚ ਹੈ, ਇਹਦੇ 'ਚ ਜ਼ਰਾ ਜਿੰਨਾ ਵੀ ਸੰਦੇਹ ਨਹੀਂ ਕਰਨਾ। ਅੱਗੇ ਸਲੋਕ ਆਉਂਦਾ ਹੈ। ਬ੍ਰਾਹਮਣਾਂ, ਖਤਰੀਆਂ, ਵੈਸ਼ੀਆਂ। ਸੁਦਰੱਸ ਮੁਣ ਸਤੰਮ ਸਬਜ ਸੁਦਰਸਾ ਕਿਆ ਯਸਤ ਤੰਬਾਕੂ ਪੀਣ ਮਾਤਰ ਤੇ ਬ੍ਰਹਮਾ ਜੀ ਕਹਿੰਦੇ ਹਨ, ਹੇ ਨਾਰਦ ! ਖੱਤਰੀ, ਵੈਸ਼ ਤੇ ਇਹ ਚਾਰੇ ਵਰਣ ਤੰਬਾਕੂ ਪੀਣ ਦੇ ਨਾਲ ਚੰਡਾਲ ਦੇ ਬਰਾਬਰ ਹੋ ਜਾਂਦੇ ਨੇ। ਇਸੇ ਪ੍ਰਕਾਰ ਸਕੰਦ ਪੁਰਾਣ ਵਿਚ ਤੰਬਾਕੂ ਦੀ ਨਿਖੇਧੀ ਬਾਰੇ ਬਹੁਤ ਲੰਮਾ ਚੌੜਾ ਲਿਖਿਆ ਹੈ, ਹੇ ਨਾਰਦ ! ਇਹ ਸਭ ਲੋਕ ਤੰਬਾਕੂ ਪੀਣ ਕਰਕੇ ਧਰਮ ਤੋਂ ਭਰਿਸ਼ਟ ਹੋਣ ਕਰਕੇ ਭੂਰ ਰੋਵਰ ਨਾਮੀ ਨਰਕ ਵਿਚ ਪੈਂਦੇ ਹਨ, ਇਸ ਵਿਚ ਜ਼ਰਾ ਵੀ ਸੰਦੇਹ ਨਹੀਂ। ਇਸ ਘੋਰ ਕਲਯੁੱਗ ਦੇ ਵਿਚ ਵਣ ਆਸ਼ਰਮ ਇਸ ਨਾਲ ਪ੍ਰੀਤੀ ਕਰਕੇ ਨਰਕ ਅਗਨੀ ਦੇ ਭਾਗੀ ਬਣਦੇ ਨੇ। ਅਪੱਖ ਮਾਸ ਜਿਸਦਾ ਅਰਥ ਹੁੰਦਾ ਹੈ ਉਹ ਮਾਸ ਜਿਹੜਾ ਅਸੀਂ ਨਹੀਂ ਖਾ ਸਕਦੇ। ਅਪੱਖ ਮਾਸ ਦਾ ਅਰਥ ਹੈ ਗਊ ਮਾਸ ਆਦਿਕ ਖਾਣ ਦੇ ਨਾਲ ਨਾ ਰਮਣ ਯੋਗ ਇਸਤਰੀ ਵੇਸਵਾ ਅਥਵਾ ਪਰਾਈ ਇਸਤਰੀ ਨਾਲ ਸੰਗ ਕਰਨ ਦੇ ਨਾਲ ਤੇ ਜਿੰਨਾ ਸ਼ਰਾਬ ਪੀਣ ਨਾਲ ਪਾਪ ਲੱਗਦਾ ਹੈ, ਵੇਖ ਲਉ ਕਿੰਨਾ ਵੱਡਾ ਗੁਨਾਹ ਹੈ ਕੋਈ ਮਨੁੱਖ ਗਊ ਦਾ ਮਾਸ ਖਾ ਕੇ ਪਰਾਈ ਇਸਤਰੀ ਦੀ ਸੰਗਤ ਵੀ ਕਰਦਾ ਹੈ, ਮੰਦ ਕਰਮ ਕਰਦਾ ਹੈ, ਸ਼ਰਾਬ ਵੀ ਪੀਂਦਾ ਹੈ ਪਰ ਜੇ ਤਿੰਨੇ ਗੱਲਾਂ ਇਕ ਪਾਸੇ ਹੋਣ ਤੇ ਤੰਬਾਕੂ ਪੀਣ ਵਾਲੇ ਦਾ ਇਹਦੇ ਬਰਾਬਰ ਪਾਪ ਹੈ। ਤੰਬਾਕੂ ਪੀਣ ਵਾਲੇ ਦੇ ਪ੍ਰਾਗ ਆਦਿ ਤੀਰਥਾਂ 'ਤੇ ਕੀਤੇ ਕਰੋੜਾਂ ਇਸ਼ਨਾਨ ਨਿਸਫਲ ਹੋ ਜਾਂਦੇ ਹਨ। ਇਕ ਗ੍ਰੰਥ ਹੈ, ਜਿਸ ਦਾ ਨਾਮ ਹੈ ਮੰਨੂ ਸਿਮਰਤੀ। ਉਸ ਮੰਨੂ ਸਿਮਰਤੀ 'ਚ ਲਿਖਿਆ ਹੈ- ਬੀਜੀਆ ਪਾਣ ਕਲਪ ਸੀ ਕੰਤੂ ਦਸ ਕਲਪੰਤੂ ਨਾਗਨੀਸ ਹੰਸ ਰੱਸੂ ਧੁਮਰ ਸੰਖਿਆ ਨਾ ਵੀਦ ਅਤੇ ਬੀਜੀਆ ਏਕ ਕਲਪੰਤੇ ਦੋਏ ਕਲਪੰਤੇ ਨਾਗਨੀ ਵਾਰਨੀਸ ਹੰਸ ਕਲਪੰਤੇ ਧੁਮਰ ਪਾਣ ਨਾ ਵੀਦਅਤੇ। ਇਹ ਇੰਨਾ ਕੁ ਮਾੜਾ ਹੈ।

ਗਿਆਨੀ ਸੰਤੋਖ ਸਿੰਘ ਨੇ ਇਕ ਸਾਖੀ ਲਿਖੀ ਹੈ ਕਿ ਇਕ ਬ੍ਰਾਹਮਣ ਸਾਧੂ ਦੇ ਨਾਲ ਅਜਮੇਰ ਸ਼ਾਹ ਮੁਸਲਮਾਨ ਰਾਜੇ ਦੀ ਲੜਕੀ ਦੀ ਜ਼ਬਰਦਸਤੀ ਸ਼ਾਦੀ ਕੀਤੀ ਗਈ। ਉਹ ਸਾਧੂ ਆਪਣੇ ਧਰਮ ਦੇ ਵਿਚ ਬੜਾ ਪ੍ਰਪੱਕ ਸੀ। ਨਮਸ਼ਕਾਰ ਹੈ ਇਹੋ ਜਿਹੇ ਮਹਾਤਮਾ ਨੂੰ। ਮਜਬੂਰੀ ਨਾਲ ਨਿਕਾਹ ਤਾਂ ਉਹਨਾਂ ਕਰ ਦਿੱਤਾ ਪਰ ਉਹ ਆਪਣੇ ਧਰਮ ਦੇ ਵਿਚ ਪ੍ਰਪੱਕ ਰਿਹਾ। ਉਹ ਮਹਾਂ ਪੁਰਸ਼ ਕੁਝ ਵਿਸ਼ੇਸ਼ ਮੰਤਰਾਂ ਦਾ ਜਾਪ ਕਰਦਾ ਤਾਂ ਉਹਦੇ ਚੌਹ ਪਾਸੇ ਲੋਹੇ ਦਾ ਕਿਲ੍ਹਾ ਬਣ ਜਾਂਦਾ ਅਤੇ ਲੜਕੀ ਸਰੀਰਕ ਭਾਵਨਾ ਕਰਕੇ ਉਹਦੇ ਕੋਲ ਜਾਣਾ ਚਾਹੁੰਦੀ ਪਰ ਉਹਦਾ ਜ਼ੋਰ ਨਹੀਂ ਸੀ ਪੈਂਦਾ। ਕਈ ਦਿਨ ਲੰਘ ਗਏ। ਆਖਿਰ ਬੱਚੀ ਆਪਣੇ ਆਪ 'ਤੇ ਕਾਬੂ ਨਾ ਰੱਖ ਸਕੀ। ਉਹਨੇ ਆਪਣੀ ਮਾਤਾ ਨਾਲ ਗੱਲ ਕੀਤੀ। ਮਾਤਾ ਦੇ ਰਾਹੀਂ ਪਿਤਾ ਕੋਲ

ਇਹ ਗੱਲ ਪਹੁੰਚੀ। ਲੜਕੀ ਦਾ ਦੁੱਖ ਉਹ ਅਜਮੇਰ ਸ਼ਾਹ ਰਾਜਾ ਬਰਦਾਸ਼ਤ ਟ
ਸਕਿਆ। ਉਹਨੇ ਆਪਣੇ ਨਿਕਟੀ ਵਜ਼ੀਰਾਂ ਨਾਲ ਸਲਾਹ ਕੀਤੀ। ਉਹਨਾਂ 'ਚੋਂ ਇਕ
ਚਲਾਕ ਸੀ, ਕਹਿਣ ਲੱਗਾ- ਰਾਜਨ ਆਪਾਂ ਨੂੰ ਜਿਹੜਾ ਕੋਈ ਇਹਦਾ ਭੇਤੀ ਹੋਵੇ, ਉਹ
ਸਕਦਾ ਹੈ ਕਿ ਇਹਨੂੰ ਕਿਵੇਂ ਕਾਬੂ ਕੀਤਾ ਜਾਏ। ਪੈਸਾ ਬੜਾ ਚੰਦਰਾ ਹੈ। ਉਹਨਾਂ ਨੇ
ਵਿਦਵਾਨ ਬੰਦੇ ਨੂੰ ਪੁੱਛਿਆ ਕਿ ਇਸ ਬੰਦੇ ਦੇ ਸਤ ਨੂੰ ਕਿਵੇਂ ਭੰਗ ਕੀਤਾ ਜਾਏ ? ਉਹ ਕ
ਲੱਗਾ ਕਿ ਜੇ ਇਹਦੇ ਅੰਦਰ ਤੰਬਾਕੂ ਚਲਾ ਜਾਏ, ਤੰਬਾਕੂ ਦਾ ਧੂੰਆਂ ਚਲਾ ਜਾਏ ਤਾਂ ਬੱ
ਤੱਪ ਨਾਸ਼ ਹੋ ਜਾਏਗਾ। ਉਹ ਬੰਦਾ ਇਹਦਾ ਸੇਵਨ ਨਹੀਂ ਕਰਦਾ। ਉਹਨਾਂ ਨੀਤੀ ਦੀ ਵਰ
ਕੀਤੀ। ਸੋਨੇ ਦਾ ਹੁੱਕਾ ਬਣਾਇਆ। ਰਾਜੇ ਨੇ ਪਾਰਟੀ ਕੀਤੀ। ਸਾਰੇ ਅਮੀਰ ਵਜ਼ੀਰ ਉਹ
ਸਾਥੀ ਆਏ। ਹੁੱਕੇ ਨੂੰ ਭਰਿਆ ਗਿਆ, ਜਿਸ ਦੇ ਵਿਚ ਤੰਬਾਕੂ ਸੀ। ਸਾਰੇ ਉਹ ਘੁੱਟ ਭਰੀ ਗਏ।
ਆਖ਼ਿਰ ਹੁੱਕਾ ਉਸ ਭੋਲੇ ਬੰਦੇ ਤੱਕ ਪਹੁੰਚਿਆ। ਉਸ ਨੂੰ ਇਸ ਗੱਲ ਦਾ ਗਿਆਨ ਨਹੀਂ ਸੀ ਕਿ ਇਹ ਸਾਰਾ ਕੁਝ ਮੇਰੇ ਵਾਸਤੇ ਕੀਤਾ ਜਾ ਰਿਹਾ ਹੈ। ਉਸ ਭੋਲੇ ਤੇ ਨੇਕ ਪੁਰਖ ਨੇ ਧੋਖੇ ਦੇ ਨਾਲ ਜਦੋਂ ਉਸ ਤੰਬਾਕੂ ਦਾ ਸੇਵਨ ਕੀਤਾ, ਭਾਵ ਹੁੱਕੇ ਦੀ ਘੁੱਟ ਭਰੀ ਤਾਂ ਉਹਨੂੰ ਪਤਾ ਨਹੀਂ ਲੱਗਾ, ਆਪਣੇ ਸੌਣ ਵਾਲੇ ਅਰਾਮ ਕਰਨ ਵਾਲੇ ਟਿਕਾਣੇ 'ਤੇ ਪਹੁੰਚ ਗਿਆ। ਰਾਤ ਸਮੇਂ ਉਹਨੇ ਮੰਤਰ ਪੜ੍ਹੇ ਪਰ ਅੱਜ ਉਹਦਾ ਬੱਲ, ਉਹਦਾ ਤੱਪ ਪਹਿਲਾਂ ਵਾਲਾ ਕੰਮ ਨਾ ਕਰ ਸਕਿਆ। ਆਖ਼ਿਰ ਉਹ ਬੱਚੀ ਆਪਣੇ ਨਿਸ਼ਾਨੇ 'ਚ ਕਾਮਯਾਬ ਹੋ ਗਈ ਅਤੇ ਮਹਾਤਮਾ ਦਾ ਧਰਮ, ਜਤ, ਸਤ ਸਾਰਾ ਕੁਝ ਜਾਂਦਾ ਰਿਹਾ। ਇਹ ਹੈ ਤੰਬਾਕੂ ਦੀ ਮੇਹਰਬਾਨੀ।

ਡਾਕਟਰਾਂ ਨੇ ਇਹਦੇ ਬਾਰੇ ਕੁਝ ਲਿਖਿਆ ਹੈ। ਇੰਗਲੈਂਡ ਦਾ ਇਕ ਪ੍ਰਸਿੱਧ ਡਾਕਟਰ ਹੋਇਆ ਹੈ। ਕਹਿੰਦਾ ਹੈ ਕਿ ਤੰਬਾਕੂ ਮਲੀਨਤਾ ਪੈਦਾ ਕਰਦਾ ਹੈ। ਮਿਹਦੇ ਨੂੰ ਨਿਰਬਲ ਕਰਕੇ ਪਾਚਨ ਸ਼ਕਤੀ ਵਿਗਾੜ ਦਿੰਦਾ ਹੈ, ਦਿਲ ਨੂੰ ਆਲਸੀ ਬਣਾਉਂਦਾ ਹੈ ਤੇ ਉਹਦੇ ਵਿਚ ਵਿਗਾੜ ਪਾਉਂਦਾ ਹੈ। ਪੰਜੇ ਗਿਆਨ-ਇੰਦਰੀਆਂ ਨੂੰ ਸੁਸਤ ਕਰਦਾ ਹੈ, ਦਿਮਾਗ਼ ਵਿਚ ਬਹੁਤ ਸਾਰੇ ਦੁਖਦਾਈ ਮਾਦਿਆਂ ਨੂੰ ਇਕੱਠਾ ਕਰਦਾ ਹੈ, ਨਾੜੀਆਂ ਤੇ ਪੱਠਿਆਂ ਉਪਰ ਇਹਦਾ ਬੜਾ ਬੁਰਾ ਅਸਰ ਪੈਂਦਾ ਹੈ, ਗਲੇ ਤੇ ਨੱਕ ਵਿਚ ਗਰਮੀ ਤੇ ਖ਼ੁਸ਼ਕੀ ਇਕੱਠੀ ਕਰ ਦਿੰਦਾ ਹੈ। ਫੇਫੜਿਆਂ ਵਿਚ ਅਜਿਹੇ ਜ਼ਖ਼ਮ ਪੈਦਾ ਕਰ ਦਿੰਦਾ ਹੈ ਜਿਸ ਦੇ ਨਾਲ ਹਮੇਸ਼ਾਂ ਵਾਸਤੇ ਬਲਗ਼ਮ ਦਾ ਰੋਗ ਰਹਿੰਦਾ ਹੈ।

ਇਕ ਹੋਰ ਡਾਕਟਰ ਅਬਰਨ ਹੋਇਆ ਹੈ ਉਹਨੇ ਲਿਖਿਆ ਹੈ ਕਿ ਤੰਬਾਕੂ ਦੀ ਜ਼ਹਿਰ ਦੰਦਾਂ ਨੂੰ ਹਾਨੀ ਪਹੁੰਚਾਉਂਦੀ ਹੈ। ਕੈਲੀਅਨ ਡਾਕਟਰ ਨੇ ਲਿਖਿਆ ਹੈ ਕਿ ਮੈਂ ਜਿੰਨੇ ਵੀ ਬਦਹਜ਼ਮੀ ਦੇ ਰੋਗੀ ਦੇਖੇ ਨੇ ਉਹ ਸਾਰੇ ਤੰਬਾਕੂ ਲੈਂਦੇ ਸਨ। ਹੋਰ ਵੀ ਬੇਅੰਤ ਵਿਦਵਾਨਾਂ ਦੀਆਂ ਵੱਖ ਵੱਖ ਵਿਚਾਰਾਂ ਹਨ।

ਪਰੰਤੂ ਇਕ ਸਵਾਲ ਪੈਦਾ ਹੁੰਦਾ ਹੈ ਕਿ ਤੰਬਾਕੂ ਪੈਦਾ ਕਿਵੇਂ ਹੋਇਆ ? ਕੋਈ ਦਸ ਸਕਦਾ ਹੈ ? ਬੜਾ ਕੀਮਤੀ ਸਵਾਲ ਹੈ। ਇਹਦਾ ਜਵਾਬ ਗੁਰਮੁਖੋ ! ਇਸ ਤਰ੍ਹਾਂ ਹੈ ਕਿ

ਪਰਸਰਾਮ ਨੂੰ ਅਸੀਂ ਸਾਰੇ ਜਾਣਦੇ ਹਾਂ। ਹਿੰਦੂ ਮੱਤ ਵਿਚ ਜਿਹੜੇ ਬ੍ਰਾਹਮਣ ਭਰਾ ਨੇ ਸਾਡੇ, ਉਹ ਵਿਸ਼ੇਸ਼ ਕਰਕੇ ਪਰਸਰਾਮ ਦਾ ਦਿਹਾੜਾ ਮਨਾਉਂਦੇ ਹਨ, ਉਹਨਾਂ ਦੀ ਪੂਜਾ ਕਰਦੇ ਨੇ। ਉਹ ਬ੍ਰਾਹਮਣਾਂ ਦਾ ਧਾਰਮਿਕ ਵਡੇਰਾ ਪੁਰਸ਼ ਹੋਇਆ ਹੈ। ਤੰਬਾਕੂ ਦੀ ਆਪਾਂ ਉਤਪਤੀ ਦੇ ਬਾਰੇ ਵਿਚਾਰ ਕਰ ਰਹੇ ਹਾਂ, ਗੁਰਮੁਖੋ ! ਸਹੰਸਰ ਬਾਹੂ ਤੇ ਜਮਦਗਨੀ ਦੋ ਸਾਧੂ ਸਨ। ਮੈਂ ਤੰਬਾਕੂ ਦੀ ਉਤਪਤੀ ਬਾਰੇ ਬੇਨਤੀ ਕਰਨ ਲੱਗਾ ਹਾਂ। ਜਮਦਗਨੀ ਨੇਕ ਮਹਾਤਮਾ ਸੀ, ਬੰਦਗੀ ਕਰਨ ਵਾਲਾ ਇਕ ਪੁਰਸ਼ ਸੀ। ਉਹਦੇ ਮਨ ਵਿਚ ਵਿਚਾਰ ਆਈ ਕਿ ਮੈਂ ਆਪਣੇ ਭੈਣ ਤੇ ਭਣਵੱਈਏ ਨੂੰ ਆਪਣੇ ਘਰ ਵਿਚ ਬੁਲਾ ਕੇ ਰੋਟੀ ਖਵਾਵਾਂ। ਮਮਤਾ ਨੇ ਆਪਣੇ ਪਤੀ ਜਮਦਗਨੀ ਨਾਲ ਗੱਲ ਕੀਤੀ, ਉਹਦਾ ਪਤੀ ਕਹਿਣ ਲੱਗਾ, ਭਾਗਾਂ ਵਾਲੀਏ ! ਆਪਾਂ ਰੱਬ ਦਾ ਨਾਂ ਲੈਣ ਵਾਲੇ ਲੋਕ ਹਾਂ, ਉਹ ਰਾਜੇ ਲੋਕ ਹਨ, ਆਪਾਂ ਕੋਲ ਏਨੀ ਪਹੁੰਚ ਨਹੀਂ ਕਿ ਆਪਾਂ ਪ੍ਰਸ਼ਾਦਾ ਪਾਣੀ ਛਕਾ ਸਕੀਏ। ਇਸਤਰੀ ਦੇ ਵਾਰ-ਵਾਰ ਕਹਿਣ 'ਤੇ ਉਸ ਮਹਾਤਮਾ ਨੂੰ ਝੁਕਣਾ ਪਿਆ ਲੇਕਿਨ ਸਹੰਸਰ ਬਾਹੂ ਨੇ ਉਹ ਸਾਂਢੂਆਂ ਵਾਲੀ ਗੱਲ ਨਹੀਂ ਕੀਤੀ। ਅਸਲੀ ਰਿਸ਼ਤੇਦਾਰ ਉਹ ਹੁੰਦਾ ਹੈ, ਅਸਲੀ ਮਿੱਤਰ ਉਹ ਹੁੰਦਾ ਹੈ, ਜਿਹੜਾ ਪਰਦਾ ਪਾਵੇ। ਰਿਸ਼ਤੇਦਾਰ ਤੇ ਭੈਣ ਭਰਾ, ਮਿੱਤਰ ਬਣ ਕੇ ਤੁਹਾਡੀ ਮਿੱਟੀ ਪੁੱਟਦਾ ਤੁਹਾਡੀਆਂ ਕੰਮਜ਼ੋਰੀਆਂ ਨੂੰ ਫੜਦਾ। ਜਮਦਗਨੀ ਵਿਚਾਰਾਂ ਵਿਚ ਪੈ ਗਿਆ। ਆਖਿਰ ਉਹ ਮਹਾਨ ਪੁਰਸ਼ ਸੀ, ਬੰਦਗੀ ਵਾਲਾ ਸੀ, ਉਹ ਕਹਿਣ ਲੱਗਾ ਤੁਸੀਂ ਸਾਰੇ ਆਉ ਜਿੰਨੇ ਮਰਜ਼ੀ।

ਕਹਿੰਦੇ ਨੇ ਜਮਦਗਨੀ ਨੇ ਇੰਦਰ ਦੇਵਤੇ ਦੇ ਕੋਲੋਂ ਕਾਮਧੇਨ ਗਊ ਦੀ ਪ੍ਰਾਪਤੀ ਕੀਤੀ ਸੀ। ਸਹੰਸਰ ਬਾਹੂ ਨੇ ਮਨ ਵਿਚ ਵਿਚਾਰ ਕੀਤੀ ਕਿ ਇਹ ਮਾੜਾ ਜਿਹਾ ਬੰਦਾ ਸਾਨੂੰ ਏਨਿਆਂ ਨੂੰ ਰੋਟੀ ਪ੍ਰਸ਼ਾਦ ਕਿਵੇਂ ਛਕਾਉਂਦਾ ਹੈ। ਕੋਈ ਦਾਲ ਵਿਚ ਕਾਲਾ ਹੈ। ਵੇਖੀਏ ਤਾਂ ਸਹੀ ਕੀ ਕਰਦਾ ਹੈ। ਉਹਦੇ ਸੂਹੀਆਂ ਨੇ ਖ਼ਬਰ ਦਿੱਤੀ ਕਿ ਰਾਜਨ ! ਛੱਪਰ ਦੇ ਵਿਚ ਗਊ ਹੈ, ਉਹਦੀ ਇਹ ਪੂਜਾ ਕਰਦਾ ਤੇ ਸਾਰਾ ਕੁਝ ਉਸ ਛੱਪਰ ਵਿਚੋਂ ਨਿਕਲਦਾ ਹੈ। ਕਹਿਣ ਲੱਗਾ, ਇਹ ਗੱਲ ਹੀ ਸੌਖੀ ਹੈ। ਅਸੀਂ ਜਮਦਗਨੀ ਕੋਲੋਂ ਇਹ ਗਊ ਲੈ ਲੈਂਦੇ ਹਾਂ। ਮੇਰਾ ਸਾਂਢੂ ਹੈ, ਸੁੱਕੀ ਰੋਟੀ ਖੁਆਉਣੀ ਹੈ, ਗਊ ਵੀ ਨਹੀਂ ਦੇ ਸਕਦਾ। ਜਮਦਗਨੀ ਕੋਲ ਸਹੰਸਰ ਬਾਹੂ ਨੇ ਇਹ ਮੰਗ ਰੱਖੀ। ਜਮਦਗਨੀ ਕਹਿਣ ਲੱਗਾ, ਸਹੰਸਰ ਬਾਹੂ, ਆਪਾਂ ਰਿਸ਼ਤੇਦਾਰ ਹਾਂ। ਰਿਸ਼ਤੇਦਾਰੀ ਹੁੰਦੀ ਹੈ ਸੁਗੰਧੀ ਵਰਗੀ, ਧੱਕੇ ਨਾਲ ਗੱਲ ਨਹੀਂ ਬਣਦੀ। ਤੂੰ ਸਾਂਢੂਆਂ ਵਾਲੀ ਗੱਲ ਕਰਨ ਲੱਗਾ ਏਂ, ਮੈਨੂੰ ਨੀਵਾਂ ਦਿਖਾਉਣ ਵਾਲੀ। ਇਹ ਮੈਂ ਅਮਾਨਤ ਦੇ ਰੂਪ ਵਿਚ ਇੰਦਰ ਕੋਲੋਂ ਲਈ ਹੈ, ਮੈਂ ਤੈਨੂੰ ਦੇ ਨਹੀਂ ਸਕਦਾ। ਮੈਂ ਬੇਈਮਾਨ ਨਹੀਂ। ਤਕਰਾਰ ਬਾਜ਼ੀ ਹੋ ਗਈ, ਗੁਰਮੁਖੋ ! ਜਦੋਂ ਜਮਦਗਨੀ ਰਿਸ਼ੀ ਨੇ ਉਸ ਗਊ ਨੂੰ ਮੰਤਰਾਂ ਦੇ ਬੱਲ ਨਾਲ ਉਡਾਣਾ ਚਾਹਿਆ ਤਾਂ ਸਹੰਸਰ ਬਾਹੂ ਨੇ ਤੀਰ ਮਾਰੇ। ਉਸ ਗਊ ਦੇ ਖੁਰਾਂ ਵਿਚ ਤੀਰ ਲੱਗੇ। ਉਹਦੇ 'ਚੋਂ ਖ਼ੂਨ ਦੇ ਤੁਪਕੇ ਧਰਤੀ 'ਤੇ ਡਿੱਗੇ। ਉਹਦੇ ਤੋਂ ਤੰਬਾਕੂ ਦੀ ਭੈੜੀ ਬੂਟੀ ਪੈਦਾ ਹੋਈ। ਇਹ ਪੁਰਾਤਨ ਕਥਾ ਹੈ।

ਪੁਰਾਣਾਂ ਮੁਤਾਬਿਕ ਤੰਬਾਕੂ ਦਾ ਸੇਵਨ ਕਰਨਾ ਗਊ ਦੀ ਰੱਤ ਪੀਣਾ ਹੈ। ਦੂਜੀ ਦਲੀਲ

ਇਹ ਦੇਂਦੇ ਹਨ ਪੁਰਾਣਕ ਮੱਤ ਅਨੁਸਾਰ ਕਲਯੁਗ ਵਿਚ ਗੋ ਮੇਧ ਯੱਗ ਕਰਨਾ ਮਨਾਂ ਹੈ, ਕਿਉਂਕਿ ਪੱਛਮ ਵਿਚ ਯੱਗ ਕਿਸੇ ਨੇ ਕੀਤਾ। ਉਥੇ ਗੋ ਮੇਧ ਕੁੰਡ ਤੋਂ ਤੰਬਾਕੂ ਉਗਿਆ ਭਾਵ ਗਊ ਹੱਤਿਆ ਕਰਨ ਕਰਕੇ ਐਸੀ ਇਕ ਪਾਪ ਦੀ ਬੂਟੀ ਪੈਦਾ ਹੋਈ ਅਤੇ ਉਥੋਂ ਲਿਆ ਕੇ ਰਾਜੇ ਅਜਮੇਰ ਸ਼ਾਹ ਨੇ ਭਾਰਤ ਵਿਚ ਇਹਦਾ ਪ੍ਰਵੇਸ਼ ਕੀਤਾ। ਮੈਂ ਹੈਰਾਨ ਹਾਂ ਕਿ ਸਾਰਾ ਕੁਝ ਸਾਨੂੰ ਹਿੰਦੂ ਧਰਮ ਦੇ ਗ੍ਰੰਥਾਂ ਵਿਚੋਂ ਮਿਲਦਾ ਹੈ। ਉਹ ਸਾਡੇ ਭਰਾ ਹੱਟਦੇ ਨਹੀਂ। ਸਾਡੇ ਨਾਲ ਕੀ ਨਰਾਜ਼ਗੀ ਹੈ ਕਿ ਸਿੱਖ ਦੀ ਤੁਸੀਂ ਗੱਲ ਹੀ ਨਹੀਂ ਮੰਨਣੀ। ਇਹ ਹਿੰਦੂ ਧਰਮ ਦੇ ਗ੍ਰੰਥਾਂ ਦੀਆਂ ਦਲੀਲਾਂ ਨੇ।

ਇਕ ਸਮੇਂ ਸ਼ਿਵ ਜੀ ਤੇ ਪਾਰਬਤੀ ਤੁਰੇ ਜਾ ਰਹੇ ਸਨ ਤਾਂ ਰਸਤੇ ਵਿਚ ਕਲਯੁੱਗ ਵੱਛੀ ਦਾ ਰੂਪ ਧਾਰਨ ਕਰਕੇ ਚਿੱਕੜ ਵਿਚ ਖੁਬਿਆ ਬੈਠਾ ਸੀ। ਸ਼ਿਵ ਜੀ ਨੂੰ ਪਾਰਬਤੀ ਨੇ ਵੱਛੀ ਬਾਹਰ ਕੱਢਣ ਲਈ ਮਜਬੂਰ ਕੀਤਾ। ਜਦੋਂ ਬਾਹਰ ਕੱਢਣ ਲਈ ਸ਼ਿਵਜੀ ਨੇ ਉਹਦੇ ਕੰਨਾਂ ਨੂੰ ਹੱਥ ਪਾਇਆ ਤੇ ਪਾਰਬਤੀ ਨੇ ਪੂਛ ਤੋਂ ਫੜਿਆ ਤਾਂ ਉਹਦੇ ਕੰਨ ਤੇ ਪੂਛ ਪੁੱਟੇ ਗਏ। ਮਾਤਾ ਪਾਰਬਤੀ ਨੇ ਬੜਾ ਪਛਤਾਵਾ ਕੀਤਾ। ਸ਼ਿਵ ਜੀ ਨੇ ਪੂਛ ਨੂੰ ਉਸ ਗਾਰੇ ਵਿਚ ਦੱਬ ਕੇ ਉਪਰ ਕੰਨ ਲਾ ਦਿੱਤੇ ਤੇ ਆਖਿਆ, ਇਹਦੇ ਤੋਂ ਇਕ ਅਜਿਹੀ ਭਰਿਸ਼ਟ ਬੂਟੀ ਪੈਦਾ ਹੋਵੇਗੀ ਜਿਹਦੇ ਸੇਵਨ ਕਰਨ ਨਾਲ ਧਰਮ-ਕਰਮ ਦਾ ਨਾਸ਼ ਹੋ ਜਾਵੇਗਾ। ਇਹ ਹੈ ਗੁਰਮੁਖੋ ਇਹਦਾ ਪਿਛੋਕੜ।

ਅੱਗੇ ਆਉਂਦਾ ਹੈ ਹਜਾਮਤ। ਪਹਿਲਾਂ ਹੋ ਗਿਆ ਹੁੱਕਾ, ਤੰਬਾਕੂ ਤੇ ਦੂਜਾ ਆਉਂਦਾ ਹੈ ਹਜਾਮਤ, ਕੇਸਾਂ ਦੀ ਨਿਰਾਦਰੀ। ਗੁਰਮਤਿ ਵਿਚ ਕੇਸਾਂ ਦੇ ਮੁੰਨਣ ਦੀ ਸਖ਼ਤ ਮਨਾਹੀ ਹੈ। ਸਿਰ ਦੀ ਚੋਟੀ ਤੋਂ ਲੈ ਕੇ ਪੈਰ ਦੇ ਅੰਗੂਠੇ ਤੱਕ ਕਿਸੇ ਵੀ ਕੇਸ ਨੂੰ ਜਾਂ ਰੋਮ ਨੂੰ ਪੁੱਟਣਾ, ਸਾੜਨਾ ਆਦਿਕ ਮਨ੍ਹਾਂ ਹੈ। ਕੇਸ ਅਕਾਲ ਪੁਰਖ ਦੀ ਮੋਹਰ ਹਨ, ਭਾਣਾ ਮੰਨਣ ਦੀ ਨਿਸ਼ਾਨੀ ਹਨ ਅਤੇ ਜਿਸ ਤਰ੍ਹਾਂ ਮਾਤਾ ਦੇ ਗਰਭ ਤੋਂ ਸਾਬਤ ਸੂਰਤ ਪਰਮੇਸ਼ਰ ਨੇ ਸਾਨੂੰ ਬਖ਼ਸ਼ੀ ਹੈ, ਅਖ਼ੀਰਲੇ ਸੁਵਾਸਾਂ ਤੱਕ ਉਸੇ ਤਰ੍ਹਾਂ ਇਹ ਰਹਿਣੀ ਜ਼ਰੂਰੀ ਹੈ।

ਕਬੀਰ ਜੀ ਲਿਖਦੇ ਨੇ ਬਾਣੀ 'ਚ 'ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥ ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥'' ਕਹਿੰਦੇ ਨੇ ਪਿਆਰਿਆ ! ਮਾਂ ਦੇ ਗਰਭ ਵਿਚੋਂ ਜਿਸ ਤਰ੍ਹਾਂ ਤੂੰ ਆਇਆ ਏਂ। ਜੇ ਕਿਤੇ ਨਿਭ ਜਾਏ ਤੇਰੀ, ਹੀਰੇ ਤੇ ਰਤਨ ਇਹ ਤੇਰੇ ਬਰਾਬਰ ਨਹੀਂ।

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ॥
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਂਇ॥

ਕਬੀਰ ਜੀ ਕਹਿੰਦੇ ਹਨ ਕਿ ਸਿਰ ਤਾਂ ਮੁੰਨਾ ਲਿਆ ਮਨ ਨਹੀਂ ਮੁੰਨਿਆ ਤੇ ਸਿਰ ਦੇ ਮੁੰਨਾਉਣ ਦਾ ਤੇ ਮੂੰਹ ਮੁੰਨਾਉਣ ਦਾ ਕੀ ਫ਼ਾਇਦਾ। ਇਕ ਸਲੋਕ ਹੈ ਮੈਂ ਕਹਿਣਾ ਮੁਨਾਸਬ

ਸਮਝਦਾ ਹਾਂ ਜਿਹੜੇ ਲੋਕ ਰੋਮਾਂ ਦੀ ਬੇਅਦਬੀ ਕਰਦੇ ਨੇ ਉਹ ਲਾਜ਼ਮੀ ਇਹ ਸਲੋਕ ਪੜ੍ਹਦੇ ਹੋਣਗੇ। ਮੈਂ ਰਾਜਸਥਾਨ ਵਿਚ ਕਿਤੇ ਕਥਾ ਕੀਤੀ, ਉਧਰ ਸਿਰ ਮੁੰਨਾਉਣ ਦਾ ਬੜਾ ਰਿਵਾਜ ਹੈ। ਇਕ ਬੰਦਾ ਸਿਰ ਮੁੰਨਾਉਣ ਦਾ ਹਾਮੀ ਮੇਰੇ ਲਾਗੇ ਆਇਆ। ਉਹਨੇ ਮੈਨੂੰ ਆਖਿਆ ਕਿ ਐਵੀਂ ਨਿਹੰਗ ਕਹੀ ਜਾਂਦੈ ਪਤਾ ਨਹੀਂ ਕਿਥੋਂ ਆਇਐ। ਬਾਣੀ ਵਿਚ ਲਿਖਿਆ ਹੈ ਕਿ ਭਾਵੇਂ ਲਾਬੇ ਕੇਸ ਕਰ ਭਾਵੇਂ ਘਰੜ ਮੁੰਡਾਏ। ਮੇਰੇ ਕੰਨਾਂ ਵਿਚ ਪੈ ਗਈ ਆਵਾਜ਼ ਮੈਂ ਕਿਹਾ ਕਿ ਇਹਨੂੰ ਬੰਦੇ ਨੂੰ ਮੇਰੇ ਲਾਗੇ ਲਿਆਉ ਤੇ ਪੁੱਛੋ ਕਿ ਇਹਦੀਆਂ ਅੱਖਾਂ ਬਣੀਆਂ ਨੇ ਜੇ ਬਣੀਆਂ ਤਾਂ ਐਨਕ ਲਗਾ ਕੇ ਵੇਖੇ ਕਿ ਲਿਖਿਆ ਕੀ ਹੈ। ਜੇ ਨਹੀਂ ਤੇ ਅੰਮ੍ਰਿਤਸਰ ਅੱਖਾਂ ਬਣਦੀਆਂ ਨੇ ਉਥੋਂ ਅੱਖਾਂ ਬਣਾ ਕੇ ਲਿਆਵੇ ਤੇ ਫੇਰ ਦੇਖੇ ਕਿ ਲਿਖਿਆ ਕੀ ਹੈ, ਲਿਖਿਆ ਹੈ ਭਾਵੇਂ ਲਾਬੇ ਕੇਸ ਕਰ। ਇਹ ਪੰਗਤੀ ਬੜੀ ਗਲਤ ਪੜ੍ਹਦੇ ਨੇ, ਭਾਵੈ ਲਾਬੇ ਕੇਸ ਕਰ ਭਾਵੇਂ ਘਰੜ ਮੁੰਡਾਏ। ਉਹ ਗੁਰਮੁਖਾ ! ਪਰਮਾਤਮਾ ਨੂੰ ਭਾਇਆ ਤੇ ਉਹਨੇ ਲੰਬੇ ਕੇਸ ਰੱਖੇ ਤੇ ਉਹਨੂੰ ਭਾਉਂਦਾ ਤਾਂ ਕੇਸ ਮੁੰਨ ਦੇਂਦਾ, ਬਿੰਦੀ ਕੋਲੋਂ ਲਾ ਕੇ ਆਪਣੇ ਮਤਲਬ ਦੇ ਅਰਥ ਕੱਢਦੇ ਹਨ, ਆਪਣੇ ਮਤਲਬ ਦੇ।

ਜਿਹੜੇ ਕੱਟਦੇ ਨੇ ਉਹਨਾਂ ਨੂੰ ਬੇਨਤੀ ਕਰਾਂ ਤੁਸੀਂ ਬਾਬੇ ਰਾਮ ਰਾਏ ਨਾਲੋਂ ਗੁਰੂ ਦੇ ਬਹੁਤੇ ਲਾਗੇ ਨਹੀਂ। ਰਾਮ ਰਾਏ ਗੁਰੂ ਦਾ ਪੁੱਤਰ ਹੈ, ਗੁਰੂ ਨੇ ਅਸੀਸਾਂ ਦੇ ਕੇ ਦਿੱਲੀ ਨੂੰ ਭੇਜਿਆ। ਉਹਨੇ ਵੇਖ ਲਉ ਮਿੱਟੀ ਮੁਸਲਮਾਨ ਦੀ ਥਾਂ ਤੇ ਮਿੱਟੀ ਬੇਈਮਾਨ ਦੀ ਆਖਿਆ ਤੇ ਗੁਰੂ ਜੀ ਨੇ ਕਿਹਾ, ਮੇਰੇ ਮੱਥੇ ਨਾ ਲੱਗੇ। ਗੁੱਸਾ ਹੁੰਦੈ ਦਿਹਾੜੀ ਦਾ, ਦਿਨਾਂ ਦਾ, ਮਹੀਨੇ ਦਾ, ਸਾਲ ਦਾ। ਇੰਨਾ ਗੁੱਸਾ ਅੱਜ ਤੱਕ ਸਾਡੇ ਮਨ ਵਿਚ ਹੈ। ੪੦੦ ਵਰ੍ਹਾ ਹੋ ਚਲਿਆ ਹੈ। ਜਦੋਂ ਵੀ ਗੁਰੂ ਕੇ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਤੇ ਕਹਿੰਦੇ ਰਾਮ ਰਾਏ ਦੇ ਨਲਕੇ ਤੋਂ ਪਾਣੀ ਵੀ ਨਾ ਪੀਣਾ। ਅਜੇ ਤੱਕ ੪੦੦ ਵਰ੍ਹਾ ਹੋ ਗਿਆ ਏਡੀ ਗ਼ਲਤੀ ਪਿਛੇ ਮੂੰਹ ਜ਼ਬਾਨੀ ਵੀ ਨਾ ਬਦਲੀ।

ਅਸੀਂ ਜੋ ਮਰਜ਼ੀ ਬਣਾਈਏ ਫੇਰ ਗੁਰਮੁਖੋ ! ਗ਼ਲਤ ਗੱਲ ਹੈ। ਬਾਬੇ ਕਬੀਰ ਜੀ ਦਾ ਸੁਭਾਅ ਬੜਾ ਤਰਕਵਾਦੀ ਹੈ, ਬੜਾ ਮਖੌਲੀਆ ਹੈ। ਉਹ ਕਹਿੰਦਾ ਹੈ- ਦੁਨੀਆਂ ਦੇ ਲੋਕੋ ! ਜੇ ਸਿਰ ਮੁੰਨਾਉਣ ਨਾਲ ਗੱਲ ਬਣਦੀ ਹੋਵੇ ਤਾਂ ਫੇਰ ਬੀਬੀ ਭੇਡ ਵੀ ਉਥੇ ਪਹੁੰਚੇਗੀ ਤੇਰੇ ਲਾਗੇ। ਬਾਬਾ ਕਬੀਰ ਜੀ ਕਹਿੰਦੇ ਨੇ 'ਮੂੰਡ ਮੁੰਡਾਏ ਜੋ ਸਿਧਿ ਪਾਈ ਮੁਕਤੀ ਭੇਡ ਨ ਗਈਆ॥' ਗੁਰਮੁਖਾ ਪਿਆਰਿਆ ! ਮੈਂ ਤੈਨੂੰ ਗੁਰਮੁਖ ਤਾਂ ਨਹੀਂ ਕਹਿਣਾ ਚਾਹੁੰਦਾ ਪਰ ਮੇਰਾ ਤਕੀਆ ਕਲਾਮ ਹੈ ਜੇ ਹਜਾਮਤ ਕਰਾਉਣ ਨਾਲ ਸਿਰ ਮੁੰਨਾਉਣ ਨਾਲ ਗੱਲ ਬਣਦੀ ਹੋਵੇ, ਜਿਹੜੇ ਭੇਡਾਂ ਵਾਲੇ ਹਨ, ਉਹ ਭੇਡਾਂ ਨੂੰ ੬ ਮਹੀਨਿਆਂ ਤੋਂ ਬਾਅਦ ਲਾਜ਼ਮੀ ਕਲੀਨ ਸ਼ੇਵ ਕਰਦੇ ਹਨ। ਫੇਰ ਤਾਂ ਉਥੇ ਭੇਡਾਂ ਦਾ ਇਕੱਠ ਹੀ ਹੋਵੇਗਾ।

ਗੁਰਮੁਖੋ ! ਜਿਹੜਾ ਕੰਮ ਕਰਨਾ ਚਾਹੀਦਾ ਹੈ ਉਹ ਆਪਾਂ ਨਹੀਂ ਕਰਦੇ। ਮੁੰਨਣਾ ਤਾਂ ਮਨ ਨੂੰ ਹੈ ਪਰ ਮੁੰਨਦਾ ਕੋਈ ਨਹੀਂ। ਇਹਨਾਂ ਦੇ ਬਾਰੇ ਪੁੱਛਣਾ ਹੈ ਤਾਂ ਭਾਈ ਤਾਰੂ ਸਿੰਘ ਨੂੰ ਪੁੱਛੋ ਕਿ ਕੇਸਾਂ ਦੀ ਕਿੰਨੀ ਕੁ ਮਹਾਨਤਾ ਹੈ। ਉਹਨੇ ਸੂਬੇ ਨੂੰ ਆਖਿਆ, ਸੂਬਿਆ ! ਇਹ ਮੇਰੇ

ਗੁਰੂ ਕੀ ਮੋਹਰ ਹੈ। ਮੇਰਾ ਸਿਰ ਭਾਵੇਂ ਕੱਟ ਦੇ ਪਰ ਮੇਰੇ ਗੁਰੂ ਦੀ ਮੋਹਰ ਮੇਰੇ ਤੋਂ ਪਾਸੇ ਨਾ ਕਰੀਂ। ਬਾਬਾ ਤਾਰੂ ਸਿੰਘ ਦੀ ਖੋਪੜੀ ਲੱਥੀ ਪਰ ਕੇਸ ਸਹੀ ਸਲਾਮਤ ਰਹੇ। ਬਾਬਾ ਸੁਬੇਗ ਸਿੰਘ ਤੇ ਸ਼ਹਿਬਾਜ਼ ਸਿੰਘ ਦੋ ਗੁਰਮੁਖ ਪਿਆਰੇ ਗੁਰੂ ਕੇ ਲਾਲ ਪਿਉ-ਪੁੱਤਰ ਜੰਮਬਰ ਪਿੰਡ ਦੇ ਰਹਿਣ ਵਾਲੇ, ਜਿਹਨਾਂ ਦੀ ਗੋਤ ਵੀ ਜੰਮਬਰ ਸੀ, ਉਹ ਚਰਖੜੀ 'ਤੇ ਤਾਂ ਚੜ੍ਹ ਗਏ, ਉਹਨਾਂ ਸਰੀਰ ਦਾ ਤੂੰਬਾ-ਤੂੰਬਾ, ਰੇਜ਼ਾ-ਰੇਜ਼ਾ ਤਾਂ ਕਰਾ ਲਿਆ ਪਰ ਆਪਣੇ ਰੋਮਾਂ ਦੀ ਬੇਅਦਬੀ ਨਹੀਂ ਕੀਤੀ ਤੇ ਨਾ ਕਰਨ ਦਿੱਤੀ। ਮਾਲਵੇ ਦੇ ਵਿਚ ਇਕ ਪਿੰਡ ਹੈ ਅਬਲੂ ਜ਼ਿਲ੍ਹਾ ਫ਼ਰੀਦਕੋਟ 'ਚ। ਉਸ ਪਿੰਡ ਦਾ ਇਕ ਮਨੁੱਖ ਹੋਇਆ ਹੈ ਭਾਈ ਦਾਨਾ।

ਆਪਾਂ ਕਈ ਵੇਰਾਂ ਸੁਭਾਵਿਕ ਗੱਲ ਕਰਦੇ ਹਾਂ ਇਤਿਹਾਸਕ ਨਹੀਂ ਕਿ ਬਾਬੇ ਮਾਂਹ ਸਿੰਘ ਨੇ ਮਾਝੇ ਦੀ ਰੱਖ ਲਈ, ਆਮ ਹੈ ਰਵਾਇਤੀ ਲਫ਼ਜ਼ ਮੈਂ ਪੂਰਨ ਤੌਰ 'ਤੇ ਇਸ ਵਿਚਾਰ ਨਾਲ ਸਹਿਮਤ ਨਹੀਂ ਕਿਉਂਕਿ ਬੜਾ ਇਹ ਵਿਚਾਰ ਵਾਲਾ point ਹੈ, ਇਹਦੇ ਬਾਰੇ ਹੁਣ ਬੋਲਣਾ ਠੀਕ ਨਹੀਂ ਸਮਝਦਾ।

ਇਸੇ ਤਰ੍ਹਾਂ ਇਕ ਗੁਰਮੁਖ ਪਿਆਰਾ ਹੋਇਆ ਭਾਈ ਦਾਨਾ ਜਿਹੜਾ ਬਾਅਦ ਵਿਚ ਦਾਨ ਸਿੰਘ ਬਣਿਆ। ਉਹਨੇ ਵੀ ਮਾਲਵੇ ਵਾਲੇ ਸਾਡੇ ਭਰਾਵਾਂ ਦੇ ਸਿਰ ਨੂੰ ਉੱਚਿਆਂ ਕੀਤਾ, ਸ਼ਾਨ ਬਣਾਈ ਐ ਸ਼ਾਨ। ਇਹ ਗੁਰੂ ਘਰ ਵਿਚ ਸ਼ਰਧਾ ਬੜੀ ਰੱਖਦਾ ਸੀ। ਬੜਾ ਧਰਮੀ, ਬੜਾ ਨੇਕ। ਕਿਤੇ ਯੱਗ ਹੋਣਾ, ਕਿਤੇ ਦਾਨ ਦੇਣਾ ਤੇ ਇਹਨੇ ਸਾਰਿਆਂ ਤੋਂ ਅੱਗੇ ਹੋ ਕੇ ਸੇਵਾ ਕਰਨੀ। ਬੰਦਾ ਕੋਈ ਪੂਰਾ ਨਹੀਂ, ਹਰ ਬੰਦੇ ਵਿਚ ਕਮੀ ਹੈ। ਇਕ ਗੁਰੂ ਪੂਰਾ ਤੇ ਪਰਮੇਸ਼ਰ ਪੂਰਾ ਹੈ। ਇੰਨਾ ਜ਼ਰੂਰ ਐ ਕਿ ਕਿਸੇ ਵਿਚ ਚਾਰ ਵੱਧ ਨੇ ਤੇ ਕਿਸੇ ਵਿਚ ਚਾਰ ਘੱਟ। ਇਹ ਤੰਬਾਕੂ ਪੀਂਦਾ ਹੁੰਦਾ ਸੀ। ਜਦੋਂ ਕਲਗੀਧਰ ਪਾਤਿਸ਼ਾਹ ਗਏ ਨਾ, ਇਸ ਨੇਕ ਪੁਰਸ਼ ਨੇ ਗੁਰੂ ਦੀ ਖ਼ੁਸ਼ੀ ਲੈਣ ਵਾਸਤੇ ਬੜੀ ਭਾਰੀ ਸੇਵਾ ਕੀਤੀ ਅਤੇ ਗੁਰਦੇਵ ਇਹਦੀ ਸੇਵਾ 'ਤੇ ਪ੍ਰਸੰਨ ਹੋਏ। ਕਹਿਣ ਲੱਗੇ, ਦਾਨਿਆ ! ਮੰਗ ਜੋ ਮੰਗਣਾ ਹੈ। ਕਹਿਣ ਲੱਗਾ, ਪਾਤਿਸ਼ਾਹ ! ਮੈਨੂੰ ਚਰਨਾਂ 'ਚ ਨਿਵਾਸ ਦੇਈਂ ਚਰਨਾਂ 'ਚ। ਹਜ਼ੂਰ ਕਹਿਣ ਲੱਗੇ, ਦਾਨਿਆ ਇਹ ਨਹੀਂ ਗੱਲ ਬਣਨੀ। ਮਹਾਰਾਜ ਨਾਲੇ ਕਹਿੰਦੇ ਮੰਗ ਜੋ ਮੰਗਣਾ ਹੈ ਤੇ ਨਾਲੇ ਕਹਿੰਦੇ ਗੱਲ ਨਹੀਂ ਬਣਨੀ। ਕਹਿੰਦੇ ਤੂੰ ਤੰਬਾਕੂ ਪੀਂਦਾ ਹੈਂ। ਇਹ ਉਲਾਂ ਦਾ ਮਰੀਜ਼ ਸੀ। ਇਹ ਬੀਮਾਰੀ ਹੈ ਜਿਸਨੂੰ ਆਪਾਂ ਪੰਜਾਬੀ ਵਿਚ ਉਲਾਂ ਵੀ ਕਹਿੰਦੇ ਤੇ ਸੇਲ ਵੀ ਕਹਿੰਦੇ ਹਾਂ। ਜਿਹੜੀਆਂ ਪੁੜਪੁੜੀਆਂ ਦੀਆਂ ਦਰਦਾਂ ਹੁੰਦੀਆਂ ਨੇ ਨਾ ਉਹਨੂੰ ਆਪਾਂ ਪੰਜਾਬੀ ਵਿਚ ਕਹਿੰਦੇ ਆਂ ਉਲਾਂ ਪੈ ਜਾਣੀਆਂ ਜਾਂ ਸੇਲ ਪੈਣੇ। ਬਹੁਤ ਦਰਦ ਹੁੰਦੀ ਹੈ ਗੁਰੂ ਕ੍ਰਿਪਾ ਕਰੇ ਜਿੰਨ੍ਹਾਂ ਨੂੰ ਇਹ ਰੋਗ ਹੁੰਦਾ ਹੈ ਬਹਤੁ ਔਖੇ ਹੁੰਦੇ ਨੇ ਸਾਡੇ ਉਹ ਭੈਣਾਂ ਤੇ ਭਰਾ। ਇਹਨੂੰ ਰੋਗ ਸੀ ਵਿਚਾਰੇ ਨੂੰ। ਇਹਨੇ ਦਾੜ੍ਹੀ ਬੜੀ ਸੋਹਣੀ ਲੰਮੀ ਰੱਖੀ ਤੇ ਸਿਰੋਂ ਬਿਲਕੁਲ ਇਹਨੇ ਆਪਣਾ ਸਿਰ ਮੁੰਨਾਇਆ ਹੋਇਆ। ਜਿਹੜੇ ਤੰਬਾਕੂ ਪੀਂਦੇ ਨੇ ਅਤੇ ਜਿਹਨਾਂ ਨੇ ਦਾੜ੍ਹੀ ਰੱਖੀ ਹੈ, ਤੁਸੀਂ ਦੇਖਿਆ ਹੋਵੇਗਾ ਕਿ ਉਹਨਾਂ ਦਾ ਰੰਗ ਪੀਲਾ ਜਿਹਾ ਹੋ ਜਾਂਦਾ ਹੈ, ਹੋਰ ਤਰ੍ਹਾਂ ਦਾ ਹਲਦੀ ਰੰਗ ਜਿਹਾ। ਗੁਰਦੇਵ ਫ਼ੁਰਮਾਉਂਦੇ ਹਨ—ਦਾਨਿਆ !

ਤੈਨੂੰ ਦੋ ਕਮਜ਼ੋਰੀਆਂ ਨੇ ਬਹੁਤ ਵੱਡੀਆਂ, ਇਕ ਤਾਂ ਤੂੰ ਸਿਰ ਮੁੰਨਾਉਂਦਾ ਹੈਂ ਤੇ ਦੂਜਾ ਤੂੰ ਤੰਬਾਕੂ ਦੀ ਵਰਤੋਂ ਕਰਦਾ ਹੈਂ। ਤੂੰ ਹੈਂ ਨੇਕ ਬੰਦਾ, ਅਸੀਂ ਤੈਨੂੰ ਤਾਂ ਨੀ ਦੁਰਕਾਰਦੇ ਪਰ ਸਾਡੇ ਚਰਨਾਂ ਵਿਚ ਤੇਰੇ ਲਈ ਥਾਂ ਕੋਈ ਨਹੀਂ। ਦਾਨਾ ਕਹਿੰਦਾ ਹੈ ਪਾਤਿਸ਼ਾਹ ਤੁਸੀਂ ਕਿਹੜੀ ਗੱਲ ਕਹਿੰਦੇ ਹੋ ? ਭਲਾ ਦੋ ਗ਼ਲਤੀਆਂ ਮੈਂ ਕਿਹੜੀਆਂ ਕਰਦਾ ਹਾਂ ? ਗੁਰਦੇਵ ਕਹਿੰਦੇ ਤੂੰ ਸਿਰ ਮੁੰਨਾਉਂਦਾ ਹੈਂ। ਇਤਿਹਾਸ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਬੜਾ ਭੋਲਾ ਤੇ ਨੇਕ ਇਨਸਾਨ ਹੋਵੇਗਾ। ਕਹਿਣ ਲੱਗਾ, ਮੇਰਾ ਦਾੜ੍ਹਾ ਬੜਾ ਲੰਮਾ ਹੈ। ਹਜ਼ੂਰ ਕਹਿੰਦੇ ਹਨ— ਅਸੀਂ ਸੱਚ ਖੰਡ ਦੇ ਵਿਚ ਜੇ ਤੂੰ ਨਰਕਾਂ ਵਿਚ ਚਲਾ ਵੀ ਗਇਓਂ ਤਾਂ ਤੈਨੂੰ ਸਿਰ ਦੇ ਵਾਲਾਂ ਤੋਂ ਫੜ ਕੇ ਸਚਖੰਡ ਲੈ ਚਲਾਂਗੇ ਤੇ ਕਹਿਣ ਲੱਗਾ ਮਹਾਰਾਜ ਮੇਰਾ ਦਾੜ੍ਹਾ ਬੜਾ ਲੰਮਾ ਹੈ। ਹਜ਼ੂਰ ਹੱਸ ਪਏ ਕਹਿਣ ਲੱਗੇ ਗੁਰਮੁਖਾ, ਰੋਮਾਂ ਦੀ ਬੇਅਦਬੀ ਤਾਂ ਕਰਦਾ ਹੈਂ। ਮਹਾਰਾਜ ਮੈਨੂੰ ਉਲਾਂ ਪੈਂਦੀਆਂ ਨੇ। ਕਲਗੀਧਰ ਪਾਤਿਸ਼ਾਹ ਖਿੜ ਖਿੜਾ ਕੇ ਹੱਸ ਪਏ ਤੇ ਕਿਹਾ, ਦਾਨਿਆ ! ਜੇ ਗੁਰੂ ਤੈਨੂੰ ਨਰਕਾਂ ਤੋਂ ਬਚਾਵੇਗਾ ਤਾਂ ਮਾਮੂਲੀ ਉਲਾਂ ਤੋਂ ਨਾ ਬਚਾਵੇਗਾ। ਨਿੱਕੀ ਜਿਹੀ ਗੱਲ ਕਹਿੰਦਾ ਹੈ—ਜੀ ਅੱਜ ਤੋਂ ਬਾਅਦ ਮੈਂ ਗ਼ਲਤੀ ਨਹੀਂ ਕਰਾਂਗਾ। ਹੁਣ ਗੱਲ ਬਣੇਗੀ ਹਜ਼ੂਰ ਕਹਿੰਦੇ। ਕਹਿਣ ਲੱਗਾ, ਮਹਾਰਾਜ ! ਇਹ ਮੈਨੂੰ ਸ਼ੌਕ ਨਹੀਂ ਇਹ ਮੇਰੀ ਮਜਬੂਰੀ ਹੈ। ਮੈਨੂੰ ਹਕੀਮ ਨੇ ਦੱਸਿਆ ਹੈ। ਹਕੀਮ ਜੜ੍ਹਾਂ ਪੁੱਟਣ ਲੱਗਾ ਹੈ, ਮਹਾਰਾਜ ਮੈਨੂੰ ਅਫਰੇਵਾਂ ਹੋ ਜਾਂਦਾ ਹੈ, ਮੇਰਾ ਪੇਟ ਫੁੱਲ ਜਾਂਦਾ ਹੈ। ਹਜ਼ੂਰ ਕਹਿੰਦੇ, ਦਾਨਿਆ ! ਮੈਂ ਪਹਿਲਾਂ ਵੀ ਤੈਨੂੰ ਕਿਹਾ ਹੈ ਕਿ ਜੇ ਤੈਨੂੰ ਅਸੀਂ ਨਰਕਾਂ 'ਚੋਂ ਕੱਢਾਂਗੇ ਤੇ ਤੇਰੀਆਂ ਉਲਾਂ ਨਾ ਢਾਵਾਂਗੇ, ਜੇ ਤੈਨੂੰ ਤੰਬਾਕੂ ਤੋਂ ਮਨ੍ਹਾਂ ਕਰਦੇ ਹਾਂ ਤਾਂ ਗੁਰੂ ਤੇਰਾ ਅਫਰੇਵਾਂ ਦੂਰ ਨਹੀਂ ਕਰੇਗਾ। ਉਹਨੇ ਗੁਰੂ ਦੇ ਚਰਨਾਂ 'ਚ ਸਿਰ ਰਖਿਆ ਤੇ ਗੁਰੂ ਕਾ ਅੰਮ੍ਰਿਤ ਛਕਿਆ ਤੇ ਸਤਿਗੁਰੂ ਪਾਤਿਸ਼ਾਹ ਨੇ ਉਹਨੂੰ ਸਨਮਾਨ ਦਿੱਤਾ, ਭਾਈ ਦਾਨ ਸਿੰਘ।

ਸੋ, ਇਸ ਕਰਕੇ ਗੁਰਮੁਖੋ ! ਭੁੱਲ ਕਰਕੇ ਵੀ ਆਪਾਂ ਰੋਮਾਂ ਦੀ ਬੇਅਦਬੀ ਨਹੀਂ ਕਰਨੀ। ਦਸਮ ਪਾਤਿਸ਼ਾਹ ਮਹਾਰਾਜ ਦਾ ਇਕ ਗ੍ਰੰਥ ਹੈ ਜੋ ਬਾਬਾ ਦੀਪ ਸਿੰਘ ਜੀ ਨੇ ਲਿਖਿਆ ਹੈ। ਉਹ ਤਖ਼ਤ ਸਾਹਿਬ ਪਟਨਾ ਸਾਹਿਬ ਵਿਚ ਅੱਜ ਵੀ ਮੌਜੂਦ ਹੈ। ਉਹਦੇ ਵਿਚ ਬਚਨ ਆਉਂਦੇ ਨੇ ਜਿਵੇਂ ਆਪਾਂ ਕੋਈ ਬਾਣੀ ਲੱਭਣੀ ਹੋਵੇ ਨਾ ਤੇ ਆਪਾਂ ਪੁੱਛਦੇ ਆਂ ਕਿ ਕਿਹੜੇ ਰਾਗ ਵਿਚ ਹੈ, ਉਹ ਸ਼ਬਦ ਗੁਰੂ ਪਿਆਰਿਓ ਮਾਲ ਕੋਸੀਏ ਦੀ ਵਾਰ ਵਿਚ ਹਨ। ਦਸਮ ਗ੍ਰੰਥ ਵਿਚ ਲਿਖਿਆ ਹੈ। ਬਾਬਾ ਦੀਪ ਸਿੰਘ ਜੀ ਨੇ ਲਿਖਿਆ ਹੈ, ਦਸਮ ਗ੍ਰੰਥ। ਬਿਨ ਕੇਸਾਂ ਸਿਰ ਕੱਟੀਅਨ ਚੰਗਾਰੇ ਕੌਣ ਛਡਾਏ ਹੈ ਭਦਨ ਤਿਆਗ ਕਰੇ ਜੋ ਭਾਈ ਸਭ ਸਿੱਖਣ ਜਿਹ ਬਾਤ ਸੁਣਾਈ। ਮਾਤ ਪਿਤਾ ਮਰੇ ਜੇ ਕੋਇ ਤਉ ਬੀ ਕਰਤ ਨਾ ਭੱਦਣ ਹੋਈ। ਮਾਤ ਪਿਤਾ ਗੋਬਿੰਦ ਹਮਾਰਾ, ਇਹ ਸੰਸਾਰੀ ਧੁੜ ਪਸਾਰਾ। ਤਾਂ ਪਰ ਪਦਨ ਭੁਲ ਨਾ ਕੀਜੈ, ਜਿਹ ਉਪਦੇਸ ਸਤਿ ਕਰ ਲੀਜੈ। ਭੱਦਣ ਭਰਮ ਧਰਮ ਕਿਛੁ ਨਾਹੀ, ਨਿਹਚੈ ਜਾਣੋ ਸੰਤ ਮੰਨ ਮਾਹੀ। ਸੰਗਤ ਭਦਣ ਮਤ ਕਰੋ, ਪੁਰ ਨਾ ਲਾਵੋ ਸੀਸ। ਮਾਤ ਪਿਤਾ ਕੋਈ ਮਰੈ ਸਤਿਗੁਰੂ ਕਹੀ ਹਦੀਸ। (ਸ੍ਰੀ ਗੁਰੂ

ਸੋਭਾ ਕਵੀ ਸੈਨਾਪਤਿ ਅਧਿਆਇ ੫, ਪੰਨਾ ੨੨) ਗਿਆਨੀ ਸੰਤੋਖ ਸਿੰਘ ਨੇ ਰੁਤ ਪੰਜਵੀਂ 'ਚ ਲਿਖਿਆ ਹੈ : 'ਸੁੰਦਰ ਸਰੂਪ ਤੇ ਕਰੂਪ ਬੰਨ ਰੋਡੇ ਹੋ ਤ ਜੈਸੇ ਭੂਪ ਦੰਡ ਦੇਤ ਨੈਕ ਨਾ ਸਰੰਮ ਹੈ। ਮਲਮੂਤ ਬਾਸਨ ਮਲੀਨ ਤੇ ਮਲੀਨ ਮਾਹ ਸਿਸ਼ਨੂ ਲੱਗਤ ਉੱਚ ਨੀਚ ਕੇ ਚਰੰਮ ਹੈ। ਪਾਕ ਮੁਖ ਮੂੜ ਕੈ ਨਿਪਾਕ ਕੋ ਫਿਰਾਵੈ ਨਿਤ ਆਗੇ ਕਰ ਦੇਣ ਜੈਸੇ ਰਾਂਡ ਕੋ ਕਰੱਮ ਹੈ। ਸੋਭਾ ਲੋਕਗਤ ਪਰਲੋਕ ਕੀ ਬਗਾਰੇ ਮੂੜ ਮੁੰਡਨ ਕਰਾਏ ਫੇਰ ਭਾਖਤੇ ਧਰਮ ਹੈ।' ਇਹਦੇ ਅਰਥ ਗੁਰਮੁਖੋ ! ਮੈਨੂੰ ਆਉਂਦੇ ਹਨ ਪਰ ਇੰਨੇ ਕਰੜੇ ਤੇ ਕੌੜੇ ਹਨ ਕਿ ਜੇ ਮੈਂ ਇਹਦੇ ਅਰਥ ਕਰਾਂ ਤਾਂ ਤੁਸੀਂ ਨਾਰਾਜ਼ ਹੋ ਜਾਉਗੇ। ਹਾਂ ਕਿਸੇ ਨੇ ਸੁਣਨੇ ਹੋਣ, ਸ਼ੰਕਾ ਨਿਵਰਤ ਕਰਨਾ ਹੋਵੇ ਤਾਂ ਮੈਨੂੰ ਪ੍ਰਾਈਵੇਟ ਤੌਰ 'ਤੇ ਪੁੱਛ ਸਕਦਾ ਹੈ ਕਿ ਗਿਆਨੀ ਜੀ ਇਹਦੇ ਕੀ ਅਰਥ ਨੇ ਤਾਂ ਮੈਂ ਉਹਨੂੰ ਸਮਝਾਉਣ ਦਾ ਯਤਨ ਕਰਾਂਗਾ। ਬੜੇ ਕਰੜੇ ਅਰਥ ਨੇ। ਅਸੀਂ ਇਹਨਾਂ ਨੂੰ ਹਾਈਲੈਟ ਨਹੀਂ ਕਰ ਸਕਦੇ। ਸਾਡੇ ਵਿਚ ਇੰਨੀ ਜਾਨ ਸ਼ਕਤੀ ਨਹੀਂ। ਵਾਲ ਵਧਾਏ ਪਾਈਏ ਬਰ ਜਟਾ ਪਲਾਸੀ। ਗੁਰਮਤਿ ਵਿਚ ਵੀ ਜਟਾਂ ਬਣਾਉਣੀਆਂ ਮਨ੍ਹਾਂ ਨੇ। ਸਰੇਵੜੇ ਜੈਨੀ ਸਿਰ ਦੇ ਕੇਸ ਭੇਡਾਂ ਵਾਂਗੂੰ ਮੁੰਨਾਉਂਦੇ ਨੇ, ਇਸ਼ਨਾਨ ਨਹੀਂ ਕਰਦੇ। ਇਹਦੇ ਬਾਰੇ ਧੰਨ ਗੁਰੂ ਨਾਨਕ ਪਾਤਿਸ਼ਾਹ ਨੇ ਇਕ ਸ਼ਬਦ ਉਚਾਰਿਆ ਹੈ। ਜਦੋਂ ਆਪਾਂ ਬੰਬੇ ਨੂੰ ਜਾਂਦੇ ਹਾਂ ਤਾਂ ਬੜੌਦਾ ਲੰਘ ਕੇ ਇਕ ਸ਼ਹਿਰ ਆਉਂਦਾ ਹੈ ਬਰੂਚ, ਜਿਸ ਨੂੰ ਪੰਜਾਬੀ ਵਿਚ ਬੜੂਚ ਕਹਿੰਦੇ ਨੇ। ਜਿਥੇ ਇਕ ਸਾਧ ਵੀ ਹੋਏ ਸਨ ਪਿੱਛੇ ਜਹੇ। ਉਥੇ ਮੁਸਲਮਾਨਾਂ ਦੀ ਬਹਤੁ ਗਿਣਤੀ ਹੈ। ਉਥੇ ਗੁਰਦੁਆਰਾ ਸਟੇਸ਼ਨ ਦੇ ਬਿਲਕੁਲ ਲਾਗੇ ਹੈ ਤਕਰੀਬਨ ਕਿੱਲੇ ਦੇ ਕਰੀਬ। ਉਸ ਸਥਾਨ 'ਤੇ ਇਹ ਪਾਵਣ ਪਵਿੱਤਰ ਸ਼ਬਦ ਗੁਰੂ ਨਾਨਕ ਪਾਤਿਸ਼ਾਹ ਨੇ ਇਕ ਜੈਨੀ ਸਰੇਵੜੇ ਦੇ ਪ੍ਰਥਾਏ ਉਚਾਰਣ ਕੀਤਾ ਹੈ। ਉਥੇ ਦੀ ਸੇਵਾ ਗੁਰਮਤਿ ਪਿਆਰੇ ਬਾਬਾ ਲੱਖਾ ਸਿੰਘ ਸਰਿਹਾਲੀ ਵਾਲੇ ਨੇ ਕੀਤੀ ਹੈ। ਬੜਾ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੈ। ਨਾਨਕ ਜੇ ਸਿਰ ਖੁੱਥੇ ਨਹਾਉਣ ਨਾਹੀ ਤਾ ਸਤਿ ਚੱਟੇ ਸਿਰ ਸਾਹੀ। ਭਾਈ ਦੇਸਾ ਸਿੰਘ ਜੀ ਰਹਿਤਨਾਮੇ ਵਿਚ ਕੇਸਾਂ ਦੀ ਉਪਮਾ ਬਾਰੇ ਲਿਖਦੇ ਨੇ— ਜਬ ਪਹਿਲੇ ਸਭ ਸ੍ਰਿਸ਼ਟ ਉਪਾਈ ਤਬ ਹੀ ਮਾਨੁਖ ਦੇਹ ਬਣਾਈ। ਤਨ ਇਸ ਕੋ ਤਨ ਇਸ ਕੇ ਸਿਰ ਕੇ ਜੋ ਦੀਨੋ ਸੋ ਇਹ ਤਨ ਸ਼ਿੰਗਾਰੇ ਕੀਨੋ। ਦਾੜਾ ਮੁਛ ਸਿਰ ਕੇਸ ਬਣਾਈ ਹੈ ਇਹ ਦ੍ਰਿੜ ਜੇ ਪ੍ਰਭੁ ਰਜਾਈ। ਮੇਟ ਰਜਾਏ ਜੇ ਸੀਸ ਮੁੰਡਾਵੈ, ਕਹੋ ਤੇ ਜਰਾ ਕੈਸੇ ਹਰ ਪਾਵੈ। ਪਾਖੋ ਬਿਨ ਬਹੰਗ ਜਿੰਮ ਹੋਈ, ਊਰ ਬਿਨਾਂ ਭੇਡ ਜਿੰਮ ਹੋਈ। ਬਸਨ ਬਿਨਾਂ ਨਾਰੀ ਹੈ ਜੈਸੇ, ਕੇਸਨ ਬਿਨ ਹੋਏ ਨਰ ਤੈਸੇ। ਕੇਸਨ ਨਰਧਾਰੇ ਹੈ ਜਬ ਹੀ, ਪੂਰਨ ਰੂਪ ਹੋਏ ਹੈ ਤਬ ਹੀ। ਕੇਸ ਏਕ ਪੁੰਨ ਰਹਿਤ ਜੋ ਪਾਏ ਤਾ ਕੀ ਮਹਿਮਾ ਕਹੀ ਨਾ ਜਾਏ।

ਇਕ ਗ੍ਰੰਥ ਹੈ ਉਹਦਾ ਨਾਮ ਹੈ ਮੁਕਤਨਾਮਾ। ਉਹ ਭਾਈ ਸਾਹਿਬ ਭਾਈ ਸਾਹਿਬ ਸਿੰਘ ਨੇ ਲਿਖਿਆ ਹੈ। ਗੁਰ ਕੀ ਛਾਪ ਸਿਰ ਕੇਸਰੀ ਪਾਹੁਲ ਦੇ ਉਤਾਰ, ਸੋ ਬੇਮੁਖ ਜਾਨਹੁ। ਬੇਟੇ ਕੋ ਬੰਧ ਕੇ ਛਾਪ ਮੁੰਡਾਵਤ, ਜਮਦੁਖ ਭੋਗ ਕੇ ਪ੍ਰੇਤ ਪਛਾਨਹੁ। ਸਾਕ ਤਜੈ ਤਿਹ ਖਾਨ ਤਜੈ, ਜੋ ਪਾਲਹਿ ਤਾਸੁ ਪਾਪੀ ਹੀ ਮਾਨਹੁ। ਗੋਬਿੰਦ ਸਿੰਘ ਨਿਸੰਗ ਕਹਹਿ ਇਹ ਬੇਮੁਖ ਤਿਆਗਿ

ਕਿਉਂ ਪਾਪਨ ਜਾਨੋ। ਇਕ ਮਹਾਂਪੁਰਸ਼ ਹੋਏ ਨੇ ਭਾਈ ਦੇਸਾ ਸਿੰਘ ਛਿੱਬਰ। ਸਿੱਖ ਪੰਥ ਦੇ ਮਹਾਨ ਵਿਦਵਾਨ ਹੋਏ ਹਨ। ਉਹਨਾਂ ਗ੍ਰੰਥ ਲਿਖਿਆ ਬੰਸਾਵਲੀ ਨਾਮਾ। ਉਹ ਗੁਰਮਤਿ ਪਿਆਰੇ ਲਿਖਦੇ ਹਨ, ਨਾਈ ਦਾ ਹੱਥ ਸੀਸ ਤੇਰੇ ਨਾਲ ਕੇ ਰੰਗ ਚੜਾਇਆ ਐ ਤਾ ਹੋ ਬਣੀ ਪੋਹਲ ਰੰਗ ਕੇਸ ਬਣਾਏ ਬਸ ਢਾਈ। ਸੈਨਾਪਤ ਨੇ ਬੰਸਾਵਲੀ ਨਾਮੇ 'ਚ ਲਿਖਿਆ ਹੈ- ਪਾਜ ਕੀ ਕੁਸੰਗਤ ਤਰ ਸੰਗਤ ਸਿਉ ਪ੍ਰੀਤ ਕਰੈ ਦਇਆ ਔਰ ਧਰਮ ਧਰ ਤਿਆਗ ਸਭ ਲਾਲਸਾ ਹੁਕਾ ਨਾ ਪੀਵੈ ਸੀਸ ਦਾੜੀ ਨਾ ਮੁੰਡਾਵੇ ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ। ਭਾਈ ਦੇਸਾ ਸਿੰਘ ਨੇ ਆਪਣੇ ਰਹਿਤਨਾਮੇ 'ਚ ਲਿਖਿਆ ਹੈ- ਮੜ੍ਹੀ ਦੇਵ ਗੋਰਾ ਤਜੇ ਔਰ ਨਾ ਪੰਥ ਪੁਜਵਾਏ ਕਰੇ ਕੇਸ ਕੋ ਕਲਪਨਾ ਕਾਮ ਕ੍ਰੋਧ ਕੋ ਤਿਆਗ। ਇਹਦੇ ਤੋਂ ਅੱਗੇ ਗੁਰਮੁਖੋ !

ਤੀਜੀ ਕੁਰਹਿਤ ਆਉਂਦੀ ਹੈ, ਇਹਨੂੰ ਕਹਿੰਦੇ ਨੇ ਹਲਾਲ। ਮੁਸਲਮਾਨਾਂ ਦੇ ਕਲਮੇ ਦੇ ਨਾਲ ਜ਼ਿਬ੍ਹਾ ਕੀਤੇ, ਭਾਵ ਕੋਹ ਕੇ ਮਾਰੇ ਜਾਨਵਰ ਦੇ ਮਾਸ ਨੂੰ ਕੁੱਠਾ ਕਿਹਾ ਜਾਂਦਾ ਹੈ, ਜਿਸ ਦੇ ਖਾਣ ਦੀ ਗੁਰੂ ਘਰ ਵਿਚ ਸਖ਼ਤ ਮਨਾਹੀ ਹੈ। ਬਜਰ ਕੁਰਹਿਤ ਹੈ, ਬੁੱਧੀ ਪਸ਼ੂ ਵਰਗੀ ਹੋ ਜਾਂਦੀ ਹੈ, ਜਿਸ ਨੂੰ ਕੋਈ ਮਾਰ ਕੇ ਖਾਵੇ ਉਸੇ ਜੂਨ ਵਿਚ ਪੈਣਾ ਪੈਂਦਾ ਹੈ। ਦਿਲ ਪ੍ਰੇਮ ਤੋਂ ਵਾਂਝਾ ਰਹਿੰਦਾ ਹੈ, ਮਨ ਪੁਸ਼ਟ ਹੋ ਕੇ ਭੋਗਾਂ ਨੂੰ ਬਹੁਤ ਚਾਹੁੰਦਾ ਹੈ। ਜਿਸ ਤਰ੍ਹਾਂ ਆਸਾ ਦੀ ਵਾਰ ਵਿਚ ਪੰਗਤੀਆਂ ਆਉਂਦੀਆਂ ਹਨ- ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥ ਹਿੰਦੂ ਗਲ ਵਿਚ ਜਨੇਊ ਪਾਉਣ ਦੀ ਖ਼ੁਸ਼ੀ ਵਿਚ ਬੱਕਰੇ ਨੂੰ ਕੋਹ ਕੋਹ ਕੇ ਖਾਂਦੇ ਹਨ। ਜੇ ਕੋਈ ਪੁੱਛੇ ਕਿ ਅੱਜ ਕੀ ਕਾਰਨ ਹੈ ਕਿ ਬੱਕਰਾ ਮਾਰ ਕੇ ਰਿਨ੍ਹਿਆ ਹੈ ਤਾਂ ਸਾਰੇ ਕਹਿੰਦੇ ਨੇ ਕਿ ਅੱਜ ਜਨੇਊ ਪਾਇਆ ਹੈ। ਇਸ ਵਾਸਤੇ ਹਜ਼ੂਰ ਨੇ ਇਸ ਗੱਲ ਦਾ ਖੰਡਨ ਕੀਤਾ ਹੈ। ਕਹਿੰਦੇ ਹਨ— 'ਕੋਹ ਬਕਰਾ ਰਿਨ ਖਾਇਆ ਸਭ ਕੋ ਆਖੇ ਪਾਏ।' ਬਾਬਾ ਕਬੀਰ ਜੀ ਲਿਖਦੇ ਹਨ- 'ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥ ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥'

ਜਦੋਂ ਕਾਜ਼ੀ ਨੇ ਸੁਲਤਾਨਪੁਰੇ ਕੁੱਕੜੀ ਜ਼ਿਬ੍ਹਾ ਕੀਤੀ ਤਾਂ ਉਹ ਗਰਮ-ਗਰਮ ਕੁੱਕੜੀ ਜਿਹੜੀ ਸੀ ਕਾਜ਼ੀ ਦੇ ਹੱਥ ਤੋਂ ਵਿਚਾਰੀ ਛੁੱਟ ਗਈ, ਜਦੋਂ ਜਾਨਵਰ ਤੜਫਦਾ ਹੈ ਉਹਦੀਆਂ ਖ਼ੂਨ ਦੀਆਂ ਛਿੱਟਾਂ ਖਿੱਲਰਦੀਆਂ ਹਨ। ਉਹ ਖ਼ੂਨ ਦੀਆਂ ਛਿੱਟਾਂ ਜਦੋਂ ਕਾਜ਼ੀ ਦੇ ਚੋਲੇ 'ਤੇ ਪਈਆਂ ਤਾਂ ਕਾਜ਼ੀ ਇਕਦਮ ਚੋਲਾ ਲਾ ਕੇ ਘਰਦਿਆਂ ਨੂੰ ਕਹਿਣ ਲੱਗਾ ਕਿ ਮੇਰਾ ਚੋਲਾ ਪਲੀਤ ਹੋ ਗਿਆ ਹੈ। ਗੁਰਦੇਵ ਨੂੰ ਮੌਕਾ ਮਿਲਿਆ ਠੋਕਰ ਲਾਉਣ ਦਾ। ਕਹਿਣ ਲਗੇ, ਕਾਜ਼ੀ ਸਾਹਿਬ ! 'ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥' ਜੇ ਕਪੜਾ ਅਪਵਿੱਤਰ ਹੀ ਰਹਿਉ ਜਉ ਸਭ ਮੇ ਏਕ ਖੁਦਾਏ ਕਹਿਤ ਹੋ ਤਉ ਕਿਉ ਮੁਰਗੀ ਮਾਰੇ। ਸਤਿਗੁਰ ਪਾਤਿਸ਼ਾਹ ਕਹਿੰਦੇ ਹਨ ਬੰਦਿਆ ! ਗੱਲਾਂ ਤੂੰ ਬੜੀਆਂ ਉਚੀਆਂ ਸੁੱਚੀਆਂ ਕਰਦਾ ਹੈਂ ਭਗਵਾਨ ਦੇ ਨਾਮ ਦੀਆਂ, ਭਜਨ ਦੀਆਂ। ਜਦੋਂ ਤੂੰ ਜੀਅ ਹੱਤਿਆ ਕਰਦਾ ਹੈਂ ਤੈਨੂੰ ਸ਼ਰਮ ਨਹੀਂ ਆਉਂਦੀ। ਉਹ ਪੰਗਤੀਆਂ ਨੇ : ਬੇਦੁ ਪੜੈ ਮੁਖਿ ਮੀਠੀ ਬਾਣੀ॥ ਜੀਆਂ

ਕੁਹਤ ਨ ਸੰਗੈ ਪਰਾਣੀ॥ ਭਗਤ ਕਬੀਰ ਜੀ ਨੂੰ ਕਿਸੇ ਨੇ ਸ਼ਿਕਾਰ ਲਈ ਮਖੌਲ ਨਾਲ ਆਖਿਆ, ਬਾਬਾ ਕਬੀਰ ਜੀ ! ਆਓ! ਤੁਹਾਨੂੰ ਲੈ ਕੇ ਕਿਤੇ ਸ਼ਿਕਾਰ ਖੇਡਾਂਗੇ। ਬੈਠਿਆਂ-ਬੈਠਿਆਂ ਗੋਡੇ ਜੁੜ ਜਾਣਗੇ। ਬਾਬਾ ਜੀ ਨੇ ਉਸ ਬੰਦੇ ਨੂੰ ਜਵਾਬ ਦਿੱਤਾ— 'ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨੁ॥ ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥' ਕਹਿੰਦੇ, ਗੁਰਮੁਖਾ ! ਸਾਨੂੰ ਖਿਚੜੀ ਚੰਗੀ ਹੈ। ਇਹ ਜੀਅ ਹੱਤਿਆ ਦੇ ਬਦਲੇ ਅਸੀਂ ਕੀ ਖਾਵਾਂਗੇ।

ਮੈਂ ਸੰਖੇਪ ਰੂਪ ਵਿਚ ਕਿਹਾ, ਧ੍ਰਿਤਰਾਸ਼ਟਰ ਨੇ ਸ੍ਰੀ ਕ੍ਰਿਸ਼ਨ ਮਹਾਰਾਜ ਨੂੰ ਪੁੱਛਿਆ ਕਿ ਮਹਾਰਾਜ ! ਮੇਰੇ ਪੁੱਤ ਮਰੇ, ਮੈ ਅੱਖਾਂ ਤੋਂ ਅੰਨ੍ਹਾ ਹੋਇਆ, ਕੀ ਕਾਰਨ ਹੈ ? ਸ੍ਰੀ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਧ੍ਰਿਤਰਾਸ਼ਟਰ ਨੂੰ, ਇਕ ਸੌ ਸੱਤ ਜਨਮ ਪਹਿਲਾਂ ਤੂੰ ਹੰਸਾਂ ਦੇ ਬੱਚੇ ਮਾਰੇ ਸਨ, ਅੱਜ ਤੇਰੇ ਮਰ ਗਏ। ਤੂੰ ਟਿੱਡੇ ਦੀਆਂ ਅੱਖਾਂ ਵਿਚ ਸੂਲਾਂ ਮਾਰੀਆਂ ਅੱਜ ਤੂੰ ਅੰਨ੍ਹਾ ਹੋਇਆ। ਉਹ ਅੱਗੋਂ ਕਹਿੰਦਾ ਹੈ— ਇੰਨਾ ਚਿਰ ਕਿਉਂ ਲੱਗਾ ਹੈ ? ਭਗਵਾਨ ਕ੍ਰਿਸ਼ਨ ਕਹਿਣ ਲੱਗੇ, ਧ੍ਰਿਤ ਰਾਸ਼ਟਰ ! ਜਿੰਨਾ ਚਿਰ ਤੇਰੇ ਤੇਜ ਪ੍ਰਤਾਪ ਦਾ ਬਲ ਸੀ, ਤੇਰੀ ਬੰਦਗੀ ਦਾ ਬਲ ਸੀ, ਬਚਾਅ ਰਿਹਾ, ਹੌਲੀ-ਹੌਲੀ ਘੱਟਦਾ ਘੱਟਦਾ ਘੱਟ ਗਿਆ ਤੇ ਤੇਰੇ ਪਾਪ ਅੱਗੇ ਆ ਗਏ। 'ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥ ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥' ਆਸਾ ਦੀ ਵਾਰ-'ਮਾਣਸਖਾਣੇ ਕਰੇ ਨਵਾਜ॥ ਛੁਰੀ ਵਗਾਇਨ ਤਿਨ ਗਲ ਤਾਗ॥' ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਦੇ ਵਿਚ ਸੈਂਤਵੀਂ ਵਾਰ ਵਿਚ ਇਹ ਸ਼ਬਦ ਉਚਾਰਿਆ ਹੈ- 'ਕਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸੁ ਪਰੋਆ॥' ਸਿੱਖਾ ! ਤੂੰ ਮਾਸ ਬੜਾ ਸ਼ੌਕ ਨਾਲ ਖਾਂਦੈ ਸ਼ਾਮ ਨੂੰ। ਗਿਆਨੀ ਜੀ ਕਿਤੇ ਖਾ ਕੇ ਵੇਖੋ ਬੜਾ ਕਰਾਰਾ ਹੈ, ਖੁਸ਼ਕ ਜਿਹਾ ਖਾ ਕੇ ਵੇਖੋ। ਵਾਹਿਗੁਰੂ ਕ੍ਰਿਪਾ ਕਰੇ ਤੈਨੂੰ ਖੁਸ਼ਕੀ ਚੜ੍ਹੀ ਰਹੇ। ਕਹਿੰਦਾ ਬੜਾ ਖੁਸ਼ਕ ਜਿਹਾ ਹੁੰਦਾ ਹੈ। ਇਹ ਖੁਸ਼ਕੀ ਤੈਨੂੰ ਦਏ ਰੱਬ ਸਾਨੂੰ ਖੁਸ਼ਕੀ ਨਾ ਦਏ। ਉਹਨਾਂ ਸੀਖਾਂ ਵਾਲਿਆਂ ਨੂੰ ਦੇਖਕੇ ਤਾਂ ਭਾਈ ਗੁਰਦਾਸ ਜੀ ਕਹਿੰਦੇ ਹਨ- 'ਤਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸੁ ਪਰੋਆ। ਹਸਿ ਹਸਿ ਬੋਲੇ ਕੁਹੀਂਦੀ ਖਾਧੇ ਅਕਿ ਹਾਲੁ ਇਹੁ ਹੋਆ। ਮਾਸ ਖਾਨਿ ਗਲਿ ਛੁਰੀ ਦੇ ਹਾਲੁ ਤਿਨਾੜਾ ਕਉਣੁ ਅਲੋਆ॥' ਬੱਕਰੀ ਹੱਸੇ ਤੇ ਕਸਾਈ ਕਹਿੰਦਾ ਹੈ ਕਿ ਬੀਬੀ ਕਿਉਂ ਹੱਸੀ ? ਕਹਿਣ ਲੱਗੀ ਮੈਂ ਘਾਹ ਪੱਠਾ ਖਾਂਦੀ ਹਾਂ। ਤੇ ਤੂੰ ਮੈਨੂੰ ਕੋਹ ਕੇ ਤੇ ਪਰੋਨਾ ਏਂ। ਜਿਹੜੇ ਮੇਰੀਆਂ ਬੋਟੀਆਂ ਖਾਣਗੇ ਮੈਂ ਤਾਂ ਘਾਹ-ਫੂਸ ਖਾਧਾ, ਅੱਕ ਦੇ ਪੱਤੇ ਖਾਧੇ ਤੇ ਮੈਨੂੰ ਤੂੰ ਕਬਾਬ ਬਣਾ ਕੇ ਸੀਖਾਂ ਤੇ ਭੁੰਨਨਾ ਏਂ। ਜਿੰਨ੍ਹਾਂ ਮੈਨੂੰ ਭੁੰਨ ਭੁੰਨ ਕੇ ਖਾਧਾ ਉਹਨਾਂ ਦਾ ਕੀ ਬਣੇਗਾ ? ਮੇਰੇ ਗੁਰਦੇਵ ਧੰਨ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਜਦੋਂ ਬਾਣੀ ਆਰੰਭ ਹੁੰਦੀ ਏ ਨਾ ਰਾਗਾਂ ਦੇ ਵਿਚ ਤਾਂ ਗੁਰਮੁਖੋ ਉਥੇ ਬਾਬੇ ਨੇ ਫੁਰਮਾਇਆ ਹੈ- 'ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥' (ਪੰਨਾ ੧੬) ਉਹ ਵਸਤੂ ਨਾ ਖਾ ਜਿਸ ਦੇ ਖਾਣ ਨਾਲ ਤੇਰੇ ਮਨ ਵਿਚ ਔਗੁਣ ਪੈਦਾ ਹੋਣ। ਸੋ, ਗੁਰਮੁਖੋ ! ਸੰਖੇਪ ਰੂਪ ਵਿਚ ਭਾਈ ਦੇਸਾ ਸਿੰਘ ਲਿਖਦੇ ਹਨ- ਕੁੱਠਾ, ਹੁੱਕਾ,

ਚਰਸ, ਤੰਮਾਕੂ। ਗਾਂਜਾ, ਟੋਪੀ ਤਾੜੀ ਖਾਕੂ। (੩੦) ਇਨ ਕੀ ਓਰ ਨਾ ਕਬਹੂ ਦੇਖੈ। ਰਹਿਤਵੰਤ ਜੋ ਸਿੱਖ ਬਿਸੇਖੈ। ਕੁੱਠਾ ਖਾਏ ਸੋ ਨੀਚ ਤਨਖਾਹੀਆ।

ਅੱਗੇ ਆਉਂਦਾ ਹੈ ਚਾਰ ਨੰਬਰ, ਜਿਸ ਨੂੰ ਹਰਾਮ ਕਹਿੰਦੇ ਹਨ। ਜਿਸ ਨੂੰ character ਕਹਿੰਦੇ ਹਨ। ਸਿੱਖ ਲਈ ਜਤੀ-ਸਤੀ ਹੋਣਾ ਬੜਾ ਜ਼ਰੂਰੀ ਹੈ। ਪਹਿਲੇ ਪਾਤਿਸ਼ਾਹ ਮਹਾਰਾਜ ਦੇ ਬੋਲ ਹਨ- ਸਲੋਕ ਮਃ ੧ ਇਹ ਰਾਮਕਲੀ ਦੀ ਵਾਰ ਵਿਚ ਆਉਂਦਾ ਹੈ।

ਸਹੰਸਰ ਦਾਨ ਦੇ ਇੰਦ੍ਰ ਰੋਆਇਆ।

(ਪੰਨਾ ੯੫੩)

ਜੇ ਇੰਦਰ ਦੀ ਭੈੜੀ ਹਾਲਤ ਹੋਈ ਤੇ ਤੇਰੀ ਕੀ ਹੋਵੇਗੀ—

ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥
ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁਮਾਣੀ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥

ਹੇ ਕਾਮੰ ਨਰਕ ਬਿਸਰਾਮੰ ਬਹੁ ਜੋਨੀ ਭ੍ਰਮਣਹ
ਘਰ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥

ਪ੍ਰਭਾਤੀ ਰਾਗ ਦੇ ਵਿਚ ਪ੍ਰਭਾਤੀ ਦੱਖਣੀ ਦੇ ਵਿਚ ਮੇਰੇ ਪ੍ਰੀਤਮ ਫ਼ੁਰਮਾਉਂਦੇ ਹਨ :

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥ ੧ ॥
ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥ ੧ ॥

☆☆☆

# ਪੰਜ ਕਕਾਰਾਂ ਦੀ ਮਹਾਨਤਾ

ਸਲੋਕ ਮਃ ੨ ॥ ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥ ੧ ॥
ਮਃ ੨ ॥ ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਾਲਿਓਇ ॥
ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥ ੨ ॥
ਪਉੜੀ ॥ ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥
ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥
ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥
ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥
ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥ ੨੦ ॥ ੧ ॥

ਗੁਰੂ ਕੀ ਸਾਜੀ ਨਿਵਾਜੀ ਗੁਰੂ ਰੂਪ ਗੁਰੂ ਖਾਲਸਾ ਸਾਧਸੰਗਤ ਜੀ ! ਆਪਾਂ ਜੋ ਇਹ ਪਾਵਨ ਪਵਿੱਤਰ ਹੁਕਮਨਾਮਾ ਸਰਵਨ ਕੀਤਾ ਹੈ, ਇਹ ਸਤਿਗੁਰੂ ਅੰਗਦ ਦੇਵ ਸੱਚੇ ਪਾਤਿਸ਼ਾਹ ਜੀ ਨੇ ਸੂਹੀ ਦੀ ਵਾਰ ਵਿਚੋਂ ਉਚਾਰਨ ਕੀਤਾ ਹੈ। ਇਸ ਪਾਵਨ ਪਵਿੱਤਰ ਸ਼ਬਦ ਵਿਚ ਹਜ਼ੂਰ ਨੇ ਸਾਨੂੰ ਦੋ ਸ੍ਰੇਸ਼ਟ ਬਚਨਾਂ ਦੀ ਪਾਲਣਾ ਦਾ ਹੁਕਮ ਕੀਤਾ ਹੈ। ਇਕ ਤਾਂ ਦੂਜਿਆਂ ਵੱਲ ਨਾ ਦੇਖ ਕਿ ਕਿਹੜੇ ਦੇਵਤੇ ਦੀ ਪੂਜਾ ਕਰਦਾ ਹੈ, ਕਿਹੜੀ ਦੇਵੀ ਦੀ ਪੂਜਾ ਕਰਦਾ ਹੈ, ਤੇਰਾ ਨਿਸ਼ਾਨਾ ਕੇਵਲ ਤੇ ਕੇਵਲ ਇਕ ਗੁਰੂ ਪ੍ਰਮੇਸ਼ਰ ਚਾਹੀਦਾ ਹੈ। ਦੂਜਾ ਖ਼ਿਆਲ ਗੁਰਦੇਵ ਨੇ ਇਹ ਦਿੱਤਾ ਹੈ ਕਿ ਭਾਈ ਮਿੱਤਰਾ ਜੇ ਤੈਨੂੰ ਪ੍ਰਮਾਤਮਾ ਨੇ ਸਵਾਸ ਬਖ਼ਸ਼ੇ ਹਨ, ਜੀਵਨ ਬਖ਼ਸ਼ਿਆ ਹੈ, ਉਹਨੂੰ ਚੇਤੇ ਕਰ। ਜੇ ਪਰਮੇਸ਼ਰ ਦੇ ਬਖ਼ਸ਼ੇ ਸਵਾਸਾਂ ਨੂੰ ਪ੍ਰਾਪਤ ਕਰਕੇ ਉਹਨੂੰ ਚੇਤੇ ਨਹੀਂ ਕਰਦਾ ਤੇ ਇਹਦੇ ਨਾਲੋਂ ਚੰਗਾ ਸੀ ਤੂੰ ਮਰ ਜਾਂਦਾ। ਇਹ ਦੋ ਖ਼ਿਆਲ ਸਲੋਕਾਂ ਦੇ ਵਿਚ ਸਤਿਗੁਰ ਅੰਗਦ ਦੇਵ ਸੱਚੇ ਪਾਤਿਸ਼ਾਹ ਜੀ ਨੇ ਬਖ਼ਸ਼ੇ ਹਨ, ਜਿਵੇਂ ਹਜ਼ੂਰ ਕ੍ਰਿਪਾ ਕਰਦੇ ਹਨ, ਆਪ ਸਰਵਣ ਕਰੋ ਜੀ ।

ਸਲੋਕ ਮ: ੨ ॥ ਕਿਸ ਹੀ ਕੋਈ ਕੋਇ

ਕਹਿੰਦੇ ਨੇ ਕਿਸੇ ਨੂੰ ਕਿਸੇ ਦਾ ਕੋਈ ਨਾ ਕੋਈ ਆਸਰਾ ਹੋਵੇਗਾ, ਜਿਵੇਂ ਗੁਰੂ ਜੀ ਦਾ ਬੋਲ ਹੈ :-

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥

ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥

... ... ... ... ...

ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥

ਗੁਰਦੇਵ ਫ਼ੁਰਮਾਉਂਦੇ ਹਨ। ਕਿਸੇ ਨੂੰ ਆਪਣੇ ਕੁੜਮ 'ਤੇ ਮਾਣ ਹੈ, ਕਿਸੇ ਨੂੰ ਸ਼ਰੀਕੇ 'ਤੇ ਮਾਣ ਹੈ, ਕਿਸੇ ਨੂੰ ਸੱਕਿਆਂ 'ਤੇ ਅਤੇ ਕਿਸੇ ਨੂੰ ਜਵਾਈ 'ਤੇ ਮਾਣ ਹੈ ਪ੍ਰੰਤੂ ਪ੍ਰਮਾਤਮਾ ਮੈਨੂੰ ਤੇਰੇ 'ਤੇ ਮਾਣ ਹੈ, ਮੈਂ ਤੇਰੀ ਪਾਰਟੀ ਦਾ ਹਾਂ, ਇਸ ਕਰਕੇ ਪਾਤਿਸ਼ਾਹ ਫ਼ੁਰਮਾਉਂਦੇ ਹਨ, ਕਿਸੇ ਦਾ ਜਵਾਈ ਹੋਵੇਗਾ, ਕਿਸੇ ਦਾ ਭਾਈਚਾਰਾ ਹੋਵੇਗਾ, ਕਿਸੇ ਦੇ ਕੁੜਮ ਹੋਣਗੇ, ਪਰ :-

ਮੰਞੁ ਨਿਮਾਣੀ ਇਕੁ ਤੂ॥

ਮੰਞੁ ਦਾ ਅਰਥ ਹੈ ਮੇਰਾ, ਨਿਮਾਣੀ ਦਾ ਅਰਥ ਹੈ ਮਾਣ ਤੋਂ ਰਹਿਤ, ਮੈਨੂੰ ਕਿਸੇ 'ਤੇ ਮਾਣ ਨਹੀਂ, ਮੈਨੂੰ ਨਿਮਾਣੀ ਨੂੰ ਕੇਵਲ ਤੇ ਕੇਵਲ ਇਕ ਤੇਰੇ 'ਤੇ ਮਾਣ ਹੈ।

ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥ ੧॥

ਪਾਤਿਸ਼ਾਹ ਫ਼ੁਰਮਾਉਂਦੇ ਹਨ, ਐ ਭੋਲਿਆ ਪੁਰਸ਼ਾ ! ਜਦੋਂ ਤੱਕ ਤੈਨੂੰ ਪ੍ਰਮਾਤਮਾ ਨਹੀਂ ਚੇਤੇ ਆਉਂਦਾ, ਤੂੰ ਮਰ ਕਿਉਂ ਨਹੀਂ ਗਿਆ ? ਤੂੰ ਰੋ ਰੋ ਕੇ ਆਪਣੇ ਸਰੀਰ ਨੂੰ ਤਿਆਗਿਆ ਕਿਉਂ ਨਹੀਂ ?

॥ ਮ: ੨ ॥ ਜਾਂ ਸੁਖੁ ਤਾ ਸਹੁ ਰਾਵਿਓ

ਕੀ ਕਰਨਾ ਚਾਹੀਦਾ ਹੈ, ਜਦੋਂ ਸੁੱਖ ਹੋਵੇ, ਉਦੋਂ ਵੀ ਉਸ ਮਾਲਕ ਨੂੰ ਚੇਤੇ ਕਰਨਾ ਚਾਹੀਦਾ ਹੈ। ਆਪਾਂ ਆਮ ਕਰਕੇ ਪਿਆਰਿਓ ਦੁੱਖ ਦੇ ਮੌਕੇ 'ਤੇ ਚੇਤੇ ਕਰਦੇ ਹਾਂ, ਪਰ ਸੁੱਖ ਦੇ ਮੌਕੇ 'ਤੇ ਪ੍ਰਮਾਤਮਾ ਸਾਨੂੰ ਭੁੱਲ ਜਾਂਦਾ ਹੈ। ਜਦੋਂ ਸੁੱਖ ਸੀ, ਅਸੀਂ ਉਸ ਮੌਕੇ 'ਤੇ ਵੀ ਪ੍ਰਮਾਤਮਾ ਨੂੰ ਯਾਦ ਕੀਤਾ, ਉਹਦੀ ਵਡਿਆਈ ਕੀਤੀ, ਉਹਦਾ ਨਾਮ ਲੈਣਾ ਕੀਤਾ।

ਦੁਖਿ ਭੀ ਸੰਮ੍ਹਾਲਿਓਇ॥

ਹੇ ਪਿਆਰਿਓ ! ਉਸ ਪ੍ਰਮਾਤਮਾ ਨੂੰ ਦੁੱਖ ਵਿਚ ਹੀ ਆਪਣੇ ਹਿਰਦੇ ਵਿਚ ਚੇਤੇ ਰਖਿਆ ਕਰੋ।

ਨਾਨਕੁ ਕਹੈ ਸਿਆਣੀਏ

ਪਾਤਿਸ਼ਾਹ ਫ਼ੁਰਮਾਉਂਦੇ ਹਨ ਕਿ ਹੇ ਭਾਈ, ਰੱਬ ਨੂੰ ਮਿਲਣ ਦਾ ਫ਼ਾਰਮੂਲਾ ਹੈ ਕਿ ਜੇ ਸੁੱਖ ਹੈ ਤਾਂ ਵੀ ਉਹਨੂੰ ਚੇਤੇ ਕਰ ਲਉ, ਜੇ ਦੁੱਖ ਹੈ ਤਾਂ ਉਹਦੀ ਯਾਦ ਆਪਣੇ ਹਿਰਦੇ ਵਿਚ ਟਿਕਾ ਕੇ ਰੱਖੋ।

ਇਉ ਕੰਤ ਮਿਲਾਵਾ ਹੋਇ॥੨॥

ਪਾਤਿਸ਼ਾਹ ਫ਼ੁਰਮਾਉਂਦੇ ਹਨ ਕਿ ਤੁਸੀ ਸਿਆਣੇ ਤਾਂ ਵੈਸੇ ਬਹੁਤ ਹੋ, ਪਰ ਜੇ ਤੁਸੀ ਇਹਨਾ ਨਿਯਮਾਂ ਦੇ ਧਾਰਨੀ ਹੋ ਜਾਉ ਤਾਂ ਤੁਹਾਡਾ ਉਸ ਕੰਤ ਪ੍ਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ।

ਪਉੜੀ॥ਹਉ ਕਿਆ ਸਾਲਾਹੀ ਕਿਰਮ ਜੰਤੁ

ਉਹਨੂੰ ਯਾਦ ਕਿਵੇਂ ਕਰੀਏ, ਉਹਦੀ ਵਡਿਆਈ ਕਿਵੇਂ ਕਰੀਏ, ਪਾਤਿਸ਼ਾਹ ਮੈਂ ਗੰਦਗੀ ਦਾ ਕੀੜਾ ਹਾਂ। ਕਿਰਮ ਦਾ ਅਰਥ ਹੁੰਦਾ ਹੈ ਗੰਦਗੀ ਦਾ ਕੀੜਾ, ਜਿਵੇਂ ਕਿਸੇ ਨੂੰ ਕੀੜੇ ਪੈ ਜਾਣ ਜਾਂ ਕਿਸੇ ਵੀ ਮੈਲੀ ਕੁਚੈਲੀ ਗੰਦੀ ਥਾਂ 'ਤੇ ਕੀੜੇ ਪੈਂਦੇ ਹੁੰਦੇ ਹਨ, ਉਹਨੂੰ ਕਿਰਮ ਕਹਿੰਦੇ ਹਨ, ਮਹਾਰਾਜ ਮੈਂ ਤੇਰੀ ਕੀ ਵਡਿਆਈ ਕਰਾਂ, ਮੈਂ ਤਾਂ ਹਾਂ ਹੀ ਗੰਦਗੀ ਦਾ ਕੀੜਾ। ਤੇਰੀ ਕੀ ਵਡਿਆਈ ਕਰਾਂਗਾ।

ਵਡੀ ਤੇਰੀ ਵਡਿਆਈ॥

ਜਿਹੜੀ ਤੇਰੀ ਮਹਿਮਾ ਹੈ ਉਹ ਬਹੁਤ ਹੀ ਵੱਡੀ ਹੈ।

ਤੂ ਅਗਮ ਦਇਆਲੁ ਅਗੰਮੁ ਹੈ

ਮੇਰੇ ਮਨ ਦੀ ਪਹੁੰਚ ਨਹੀਂ ਪਈ, ਤੂੰ ਕਿਥੋਂ ਤਕ ਹੈਂ, ਤੂੰ ਕਿੱਡਾ ਕੁ ਵੱਡਾ ਹੋ ਸਕਦਾ ਹੈਂ, ਪਰ ਏਨਾ ਪਤਾ ਹੈ, ਤੂੰ ਦਇਆ ਦਾ ਘਰ ਹੈਂ, ਕਿਸੇ ਮਨੁੱਖ ਦੀ ਤੇਰੇ ਤਕ ਪਹੁੰਚ ਨਹੀਂ।

ਆਪਿ ਲੈਹਿ ਮਿਲਾਈ॥

ਜੇ ਰਹਿਮਤ ਕਰਦਾ ਹੈਂ ਤਾਂ ਫੇਰ ਆਪਣੇ ਪਿਆਰੇ ਨੂੰ ਆਪਣੇ ਨਾਲ ਮਿਲਾ ਲੈਂਦਾ ਹੈਂ।

ਮੈ ਤੁਝ ਬਿਨੁ ਬੇਲੀ ਕੋ ਨਹੀ

ਇਹ ਅਰਦਾਸ ਕਰਿਆ ਕਰੀਏ ਕਿ ਪਤਾ ਨਹੀਂ ਆਪਾਂ ਕਿੰਨੇ ਕੁ ਬੇਲੀ ਬਣਾਏ ਹਨ, ਪਰ ਸਾਰੇ ਮਤਲਬ ਦੇ ਹਨ। ਪਾਤਿਸ਼ਾਹ ਫ਼ੁਰਮਾਉਂਦੇ ਹਨ ਕਿ ਉਸ ਪ੍ਰਮਾਤਮਾ ਤੋਂ ਬਿਨਾਂ ਸਾਡਾ ਕੋਈ ਪਰਮ ਮਿੱਤਰ ਨਹੀਂ।

ਤੂ ਅੰਤਿ ਸਖਾਈ॥

ਇਹਨੂੰ ਆਪਣਾ ਪਰਮ ਮਿੱਤਰ ਤਾਂ ਬਣਾਇਆ ਹੈ, ਪਰ ਅੰਤ ਦੇ ਮੌਕੇ 'ਤੇ ਸਾਥ ਨਿਭਾਉਂਦਾ ਹੈ, ਸਖਾਈ ਦਾ ਅਰਥ ਹੁੰਦਾ ਹੈ ਮਿੱਤਰਤਾਈ ਨਿਭਾਉਣ ਵਾਲਾ। ਸਖਾ ਮਿੱਤਰ ਨੂੰ ਬੋਲਦੇ ਹਨ।

ਜੋ ਤੇਰੀ ਸਰਣਾਗਤੀ

ਜੋ ਵੀ ਤੁਹਾਡੀ ਸ਼ਰਨ ਵਿਚ ਆਏ,

ਤਿਨੁ ਲੈਹਿ ਛਡਾਈ॥

ਉਹਨਾਂ ਨੂੰ ਆਪ ਜੀ ਨੇ ਛੁਡਾਣਾ ਹੈ। ਭਾਵੇਂ ਬੀਬੀ ਦਰੋਪਤੀ ਹੈ, ਭਾਵੇਂ ਬਾਬਾ ਬਿਧੀ ਚੰਦ ਜੀ ਹਨ, ਭਾਵੇਂ ਭਗਤ ਪ੍ਰਹਿਲਾਦ ਹੈ, ਜੋ ਵੀ ਆਪ ਜੀ ਦੀ ਚਰਨ ਸ਼ਰਨ ਵਿਚ ਆਏ, ਉਹਨਾਂ ਨੂੰ ਆਪ ਜੀ ਨੇ ਹੀ ਛੁਡਾਣਾ ਹੈ।

ਨਾਨਕ ਵੇਪਰਵਾਹੁ ਹੈ

ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ, ਹੇ ਬੰਦਿਆ ! ਤੈਨੂੰ ਤਾਂ ਕਈ ਤਰ੍ਹਾਂ ਦੀਆਂ ਗ਼ਰਜ਼ਾਂ ਹੁੰਦੀਆਂ ਹਨ, ਜਿਹੜਾ ਪ੍ਰਮਾਤਮਾ ਹੈ ਉਸ ਨੂੰ ਕਿਸੇ ਦੀ ਪਰਵਾਹ ਨਹੀਂ।

ਤਿਸੁ ਤਿਲੁ ਨ ਤਮਾਈ॥੨੦॥੧॥

ਕਈ ਸਖ਼ਤ ਬੰਦੇ ਹੁੰਦੇ ਹਨ, ਉਹਨਾਂ ਨੂੰ ਲਾਲਚ ਦੇ ਕੇ ਮੋੜ ਲਈਦਾ ਹੈ। ਉਹ ਲਾਲਚ ਵਿਚ ਆ ਕੇ ਪਿਆਰਿਓ ਬਦਲ ਜਾਂਦੇ ਹਨ, ਉਹਨਾਂ ਨੂੰ ਤਮ੍ਹਾ ਹੁੰਦਾ ਹੈ। ਮੇਰੇ ਪਾਤਿਸ਼ਾਹ ਫ਼ੁਰਮਾਉਂਦੇ ਹਨ— ਪਿਆਰਿਉ ! ਪ੍ਰਮਾਤਮਾ ਨੂੰ ਭੋਰਾ ਜਿਹਾ ਵੀ ਤਮਾਂ ਨਹੀਂ। ਤਿਲ ਦਾ ਅਰਥ ਭੋਰਾ ਜਿੰਨਾ, ਤਮਾਈ ਦਾ ਅਰਥ ਤਮਾਂ (ਲਾਲਚ) ਉਹਨੂੰ ਤਮਾਂ ਨਹੀਂ। ਸੋ ਇਹ ਗੁਰਮੁਖੋ ! ਗੁਰੂ ਦੇ ਹੁਕਮਨਾਮੇ ਦੀ ਮੈਂ ਸੂਖਮ ਰੂਪ ਵਿਚ ਵਿਚਾਰ ਕੀਤੀ ਹੈ। ਕੁਝ ਗੁਰਮੁਖਾਂ ਨੇ ਹੁਕਮ ਕੀਤਾ ਕਿ ਜੋ ਆਪਾਂ ਵਿਚਾਰਾਂ ਆਰੰਭ ਕੀਤੀਆਂ ਸਨ- ਜਨਮ ਸੰਸਕਾਰ: ਵਿੱਦਿਆ ਸੰਸਕਾਰ ਤੇ ਨਾਲ ਆਪਾਂ ਵਿਚਾਰ ਕੀਤੀ ਸੀ, ਸਿਮਰਨ ਕਿੰਨੀ ਤਰ੍ਹਾਂ ਦਾ ਹੁੰਦਾ ਹੈ ? ਗੁਰੂ ਮੰਤਰ ਦੀ ਕੀ ਮਹਾਨਤਾ ਹੈ ਤੇ ਅੱਜ ਦੀ ਇਸ ਪਾਵਨ ਵਿਚਾਰ ਵਿਚ ਆਪਾਂ ਅੰਮ੍ਰਿਤ ਦੀ ਮਹਾਨਤਾ ਦੇ ਬਾਰੇ ਵਿਚਾਰ ਕਰਾਂਗੇ। ਇਹ ਬਹੁਤ ਜ਼ਰੂਰੀ ਹੈ। ਆਪਾਂ ਅੰਮ੍ਰਿਤ ਕਿਉਂ ਛੱਕਦੇ ਹਾਂ ? ਆਪਾਂ ਨੂੰ ਕੋਈ ਕਹਿ ਸਕਦਾ ਹੈ ਕਿ ਅੱਜ ਦਾ ਜ਼ਮਾਨਾ ਬੜਾ Advance ਹੋ ਗਿਆ ਹੈ। ਹੁਣ ਅੰਮ੍ਰਿਤ ਦੀ ਕੀ ਲੋੜ ਹੈ ? ਇਸ ਨੁਕਤੇ ਨੂੰ ਆਪਾਂ ਸੂਖਮ ਰੂਪ ਵਿਚ ਥੋੜ੍ਹਾ ਜਿਹਾ ਵਿਚਾਰਨ ਦਾ ਯਤਨ ਕਰਾਂਗੇ। ਪਿਆਰਿਓ ! ਸਤਿਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਦੇ ਪਾਵਨ ਬੋਲ ਹਨ "ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥" ਜਿਹੜੇ ਅੰਮ੍ਰਿਤ ਨੂੰ ਦੇਵਤੇ ਤੇ ਮਨੁੱਖ ਲੱਭਦੇ ਰਹੇ, ਉਹ ਗੁਰੂ ਨੇ ਸਾਡੇ 'ਤੇ ਕ੍ਰਿਪਾ ਕੀਤੀ ਤੇ ਸਾਨੂੰ ਦਾਤ ਮਿਲ ਗਈ। ਪੁਰਾਤਨ ਗ੍ਰੰਥਾਂ ਵਿਚ ਜ਼ਿਕਰ ਆਉਂਦਾ ਹੈ ਕਿ ਸਤਯੁਗ ਦੇ ਵਿਚ ਦੇਵਤਿਆਂ ਤੇ ਦੈਂਤਾਂ ਨੇ ਰਲ ਮਿਲ ਸਮੁੰਦਰ ਨੂੰ ਰਿੜਕ ਕੇ ਉਹਦੇ ਵਿਚੋਂ ਚੋਦਾਂ ਰਤਨ ਕੱਢੇ ਸਨ, ਜਿਨ੍ਹਾਂ ਰਤਨਾਂ ਵਿਚੋਂ ਇਕ ਅੰਮ੍ਰਿਤ ਸੀ ਅਤੇ ਐਰਾਵਤੀ ਹਾਥੀ ਤੇ ਸਾਰੰਗ ਨਾਮੇ ਧਨੁਸ਼ ਇਤਆਦਿਕ ਚੋਦਾਂ ਰਤਨ ਸਨ-ਅਤੇ ਇਕ ਜ਼ਹਿਰ ਵੀ ਸੀ, ਸ਼ਰਾਬ ਵੀ ਸੀ। ਵੰਡ ਕਰਨ ਲੱਗਿਆਂ ਵਿਸ਼ਨੂੰ ਨੇ ਮੋਹਣੀ ਰੂਪ ਧਾਰ ਕੇ ਸ਼ਰਾਬ ਦੈਂਤਾਂ ਨੂੰ ਅਤੇ ਜਿਹੜਾ ਅੰਮ੍ਰਿਤ ਸੀ ਉਹ ਦੇਵਤਿਆਂ ਨੂੰ ਦੇ ਦਿੱਤਾ। ਅਤੇ ਇਨ੍ਹਾਂ ਦੇਵਤਿਆਂ ਵਿਚ ਬੈਠ ਕੇ ਕਹਿੰਦੇ ਹਨ ਕਿ ਇਕ ਦੈਂਤ ਨੇ ਵੀ ਅੰਮ੍ਰਿਤ ਪੀ ਲਿਆ। ਹਿੰਦੂ ਪੁਰਾਣਾਂ ਵਿਚ ਇਹਦਾ ਜ਼ਿਕਰ ਆਉਂਦਾ ਹੈ ਕਿ ਜਦੋਂ

ਦੇਵਤਿਆਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਸ਼ਿਕਾਇਤ ਕੀਤੀ ਕਿ ਜਿਹੜਾ ਇਕ ਦੈਂਤ ਹੈ ਉਹ ਅੰਮ੍ਰਿਤ ਪੀਣ ਕਰਕੇ ਅਮਰ ਹੋ ਚੁੱਕਾ ਹੈ, ਜਦੋਂ ਇਹ ਪਤਾ ਲੱਗਾ ਤਾਂ ਕਹਿੰਦੇ ਹਨ ਵਿਸ਼ਨੂੰ ਨੇ ਉਸ ਦੈਂਤ ਦੇ ਦੋ ਟੋਟੇ ਕਰ ਦਿੱਤੇ, ਉਹਨਾਂ ਦੋ ਟੋਟੇ ਤਾਂ ਕਰ ਦਿੱਤੇ, ਪਰ ਫੇਰ ਵੀ ਉਹ ਜਿਉਂਦੇ ਰਹੇ, ਅੰਮ੍ਰਿਤ ਦੀ ਮਹਾਨਤਾ ਵੇਖੋ, ਜਿਹੜਾ ਸਿਰ ਸੀ, ਉਹ ਰਾਹੂ ਬਣ ਗਿਆ, ਜਿਹੜਾ ਧੜ ਸੀ ਉਹ ਕੇਤੂ ਬਣਿਆ। ਪੁਰਾਣਕ ਕਥਾ ਦੇ ਮੁਤਾਬਿਕ ਇਕ ਸੂਰਜ ਤੇ ਦੂਜਾ ਚੰਦਰਮਾ ਨੂੰ ਗ੍ਰਹਿਣ ਰੂਪ ਹੋ ਕੇ ਚਮੜਦਾ ਹੈ ਭਾਵ ਦੈਂਤ ਅੰਮ੍ਰਿਤ ਪੀ ਕੇ ਸਦੀਵੀ ਤੌਰ 'ਤੇ ਅਮਰ ਹੋ ਗਿਆ। ਇਹ ਗੱਲ ਹੈ ਸਤਿਯੁਗ ਦੇ ਜ਼ਮਾਨੇ ਦੀ ਜਾਂ ਉਸਤੋਂ ਪਹਿਲਾਂ ਦੀ। ਇਹਦੇ ਤੋਂ ਬਾਅਦ ਗੁਰਮੁਖ ਪਿਆਰਿਓ ! ਤਰੇਤੇ ਦਾ ਯੁੱਗ ਆਉਂਦਾ ਹੈ, ਇਹਦੇ ਵਿਚ ਕਹਿੰਦੇ ਹਨ ਰਾਵਣ ਦੇ ਪੇਟ ਵਿਚ ਥੋੜ੍ਹਾ ਜਿਹਾ ਅੰਮ੍ਰਿਤ ਹੋਣ ਕਰਕੇ ਭਗਵਾਨ ਰਾਮ ਚੰਦਰ ਜੀ ਉਹਨੂੰ ਮਾਰ ਨਾ ਸਕੇ, ਪਰ ਭਬੀਖਣ ਦੇ ਭੇਦ ਦੇਣ ਤੋਂ ਅਗਨਬਾਨ ਮਾਰ ਕੇ ਅੰਮ੍ਰਿਤ ਨੂੰ ਪੇਟ ਵਿਚੋਂ ਸੁਕਾਇਆ ਤੇ ਰਾਵਣ ਦੀ ਮੌਤ ਹੋਈ। ਇਹਦੇ ਤੋਂ ਮਗਰੋਂ ਅਸ਼ੂ ਮੇਧ ਜੱਗ ਕਰਨ ਸਮੇਂ ਰਾਮ ਤੀਰਥ ਦੇ ਇਸ਼ਨਾਨ ਤੇ ਜਦੋਂ ਲਵ ਤੇ ਕੁਸ਼ ਨੇ ਸ੍ਰੀ ਰਾਮਚੰਦਰ ਮਹਾਰਾਜ ਜੀ ਸਮੇਤ ਸਾਰੀ ਸੈਨਾ ਨੂੰ ਮੂਰਛਿਤ ਕਰ ਦਿੱਤਾ ਸੀ ਤਾਂ ਉਸੇ ਵੇਲੇ ਸੀਤਾ ਜੀ ਨੇ ਆਪਣੇ ਸਤ ਦੇ ਬਲ ਨਾਲ ਦੇਵਤਿਆਂ ਪਾਸੋਂ ਅੰਮ੍ਰਿਤ ਮੰਗਵਾ ਕੇ ਸ੍ਰੀ ਰਾਮ ਚੰਦਰ ਮਹਾਰਾਜ ਜੀ ਤੇ ਬਾਕੀ ਸੈਨਾ ਉਤੇ ਛਿੜਕ ਕੇ ਸੁਰਜੀਤ ਕੀਤਾ। ਪਿਛਲੇ ਯੁੱਗਾਂ ਦੇ ਵਿਚ ਇਸ ਤਰ੍ਹਾਂ ਤਿੰਨ ਵਾਰੀ ਅੰਮ੍ਰਿਤ ਬਾਰੇ ਸੰਕੇਤ ਮਿਲਦਾ ਹੈ, ਪਰ ਕਲਯੁਗ ਦੇ ਜ਼ਮਾਨੇ ਵਿਚ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਜੀ ਨੇ ਸਦਾ ਵਾਸਤੇ ਮਿਰਤੂ ਰਹਿਤ ਕਰਨ ਵਾਲਾ ਸਾਨੂੰ ਖੰਡੇ ਬਾਟੇ ਦਾ ਅੰਮ੍ਰਿਤ ਬਖਸ਼ਿਆ, ਜਿਸਦੇ ਛੱਕਣ ਨਾਲ ਪਿਛਲੇ ਔਗੁਣ ਤੇ ਪਾਪ ਨਾਸ ਹੋਣ ਕਰਕੇ ਮਨੁੱਖ ਦਾ ਚੁਰਾਸੀ ਦਾ ਗੇੜਾ ਕੱਟਿਆ ਜਾਂਦਾ ਹੈ। ਜਾਤ-ਪਾਤ ਗੋਤ ਮਿਟ ਜਾਂਦੀ ਏ ਅਤੇ ਗੁਰੂ ਘਰ ਵਿਚ ਦੁਬਾਰਾ ਜਨਮ ਹੁੰਦਾ ਹੈ, ਪਰ ਰਹਿਤ ਰੱਖਣ ਕਰਕੇ ਸੱਚਖੰਡ ਦੀ ਪ੍ਰਾਪਤੀ ਹੁੰਦੀ ਹੈ। ਜਿਸ ਕਾਲ ਨੇ ਦੇਵਤਿਆਂ, ਪੈਗੰਬਰਾਂ ਮੂਸਾ ਆਦਿਕ ਸਿਧ ਜੋਗੀ ਰਿਸ਼ੀ ਮੁਨੀ, ਦੇਵੀ ਦੇਵਤੇ, ਪੀਰ ਫ਼ਕੀਰ, ਰਾਵਣ ਤੇ ਹਰਨਾਖ਼ਸ਼ ਵਰਗੇ ਵਰ ਪ੍ਰਾਪਤਾਂ ਨੂੰ ਨਾਸ ਕਰ ਦਿੱਤਾ, ਪਰ ਅੰਮ੍ਰਿਤ ਛਕਣ ਵਾਲੇ ਗੁਰਮੁਖ ਪਿਆਰੇ ਨੂੰ ਉਸ ਕਾਲ ਦਾ ਜਿਹੜਾ ਡਰ ਸੀ, ਉਹ ਗੁਰੂ ਨੇ ਅੰਮ੍ਰਿਤ ਛਕਣ ਵਾਲਿਆਂ ਦਾ ਕਾਲ ਦਾ ਡਰ ਖ਼ਤਮ ਕਰ ਦਿੱਤਾ, ਜਿਵੇਂ ਮੌਤ ਤੋਂ ਡਰਦੇ ਹੋਏ ਕਬਰ ਵਿਚ ਪਏ ਜਿਊਂਦੇ ਬਹਿਮੀ ਫ਼ਕੀਰ ਨੂੰ, ਇਹ ਮੁਕਤਸਰ ਇਲਾਕੇ ਦੀ ਗੱਲ ਹੈ ਕਿ ਇਕ ਫ਼ਕੀਰ ਸੀ, ਉਹ ਗੁਰੂ ਪਿਆਰਿਓ ਮੌਤ ਤੋਂ ਭੈ ਭੀਤ ਹੋਇਆ ਪਹਿਲਾਂ ਕਬਰ ਵਿਚ ਜਾ ਕੇ ਲੰਮਾ ਪੈ ਗਿਆ। ਦਸਮ ਪਾਤਿਸ਼ਾਹ ਦਾ ਕਿਤੇ ਤੁਸੀਂ ਇਤਿਹਾਸ ਪੜ੍ਹੋ ਅਤੇ ਗੁਰੂ ਕਲਗੀਧਰ ਪਾਤਿਸ਼ਾਹ ਜੀ ਨੇ ਉਹਨੂੰ ਕਬਰ ਵਿਚੋਂ ਕੱਢਿਆ। ਅੰਮ੍ਰਿਤ ਛਕਾ ਕੇ ਉਹਦਾ ਨਾਮ ਅਜਮੇਰ ਸਿੰਘ ਰਖਿਆ ਅਤੇ ਗੁਰੂ ਕੇ ਚਰਨਾਂ ਵਿਚ ਹਾਜ਼ਰ ਰਹਿ ਕੇ ਰਹਿਤ ਮਰਿਆਦਾ ਦਾ ਧਾਰਨੀ ਹੋ ਕੇ ਉਸ ਗੁਰਮੁਖ ਪਿਆਰੇ ਨੇ ਸੱਚਖੰਡ ਦੀ ਪ੍ਰਾਪਤੀ ਕੀਤੀ। ਅੰਮ੍ਰਿਤ ਛਕਣਾ ਜ਼ਰੂਰੀ ਕਿਉਂ ਹੈ ? ਨੌਵੇਂ ਪਾਤਿਸ਼ਾਹ

ਮਹਾਰਾਜ, ਹਿੰਦ ਦੀ ਚਾਦਰ, ਸੰਸਾਰ ਦੀ ਚਾਦਰ ਨੇ ਜਦੋਂ ਦਿੱਲੀ ਦੇ ਵਿਚ ਸਾਡੀ ਅਣਖ ਆਬਰੂ ਗ਼ੈਰਤ ਤੇ ਧਰਮ ਨੂੰ ਕਾਇਮ ਰੱਖਣ ਲਈ ਕੁਰਬਾਨੀ ਦਿੱਤੀ, ਉਸ ਮੌਕੇ 'ਤੇ ਦਿੱਲੀ ਵਿਚ ਸਿੱਖਾਂ ਦੇ ਚੋਦਾਂ ਸੋ ਘਰ ਸਨ। ਭਾਈ ਜੈਤਾ ਜੀ ਪਵਿੱਤਰ ਸੀਸ ਲੈ ਕੇ ਅਨੰਦਪੁਰ ਸਾਹਿਬ ਪਹੁੰਚੇ। ਗੁਰੂ ਮਰਿਆਦਾ ਦੇ ਮੁਤਾਬਿਕ ਸੀਸ ਦਾ ਸਤਿਕਾਰ ਕਰਨ ਉਪਰੰਤ ਹਜ਼ੂਰ ਦਸਮ ਪਾਤਿਸ਼ਾਹ ਮਹਾਰਾਜ ਜੀ ਨੇ ਦਿੱਲੀ ਤੋਂ ਆਏ ਹੋਏ ਗੁਰੂ ਸਿੱਖਾਂ ਨੂੰ ਪੁੱਛਿਆ — ਭਾਈ ਤੁਸੀਂ ਪਾਵਨ ਸੀਸ ਤਾਂ ਲੈ ਆਏ ਹੋ, ਪਰ ਧੜ ਦਾ ਕੀ ਬਣਿਆ ? ਉਸ ਮੌਕੇ 'ਤੇ ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਦਿੱਲੀ ਵਿਚ ਸਿੱਖ ਤਾਂ ਬਹੁਤ ਸਨ, ਪਰ ਔਰੰਗਜ਼ੇਬ ਤੋਂ ਡਰਦੇ ਹੋਏ ਕਿਸੇ ਨੇ ਉੱਚੀ ਬਾਂਹ ਕਰਕੇ ਨਹੀਂ ਕਿਹਾ ਕਿ ਮੈਂ ਗੁਰੂ ਦਾ ਸਿੱਖ ਹਾਂ ਅਤੇ ਸਤਿਗੁਰੂ ਪਾਤਿਸ਼ਾਹ ਮਹਾਰਾਜ ਜੀ ਦੇ ਧੜ ਦਾ ਸੰਸਕਾਰ ਕਰਨ ਦਾ ਜਦੋਂ ਅਸੀਂ ਤੁਰੇ ਹਾਂ, ਉਦੋਂ ਤਕ ਕਿਸੇ ਨੇ ਹੌਸਲਾ ਨਹੀਂ ਸੀ ਕੀਤਾ। ਇਸ ਗੱਲ ਦੀ ਪੁਸ਼ਟੀ ਜਿਹੜਾ ਗੁਰੂ ਕਾ ਹਜ਼ੂਰੀਆ ਕਵੀ ਹੋਇਆ ਹੈ, ਜਿੰਨੇ ਦਸਮ ਪਾਤਿਸ਼ਾਹ ਮਹਾਰਾਜ ਜੀ ਨੂੰ ਖਿਡਾਇਆ ਸੀ, ਉਸ ਗੁਰਮੁਖ ਪਿਆਰੇ ਨੇ ਆਪਣੀ ਰਚਨਾ ਰਹਿਤਨਾਮੇ ਵਿਚ ਕੀਤੀ ਹੈ, ਉਸ ਮੌਕੇ ਦੀ ਸਾਡੀ ਸਿੱਖਾਂ ਦੀ ਕਮਜ਼ੋਰੀ ਦਾ ਜ਼ਿਕਰ ਕੀਤਾ ਹੈ। ਭਾਈ ਸਾਹਿਬ ਕਹਿੰਦੇ ਹਨ ਚੰਦਨ ਨਾਲ ਸੀਸ ਦਾ ਸਤਿਕਾਰ ਕੀਤਾ। ਬਚਨ ਹੋਆ ਸਿਖਾ ਕਿੰਨੇ ਸਿਖ ਸਨ ਕੰਮ ਨਾ ਆਏ। ਬਚਨ ਹੋਇਆ ਨਿਹਾਲ ਹੋਏ ਮੁਕਤ ਹੋਏ ਪਿਛਲਿਆਂ ਨੂੰ ਤਾਰ ਗਏ। ਫੇਰ ਦੋਏ ਘੜੀ ਪ੍ਰਕ੍ਰਿਤਿਕ ਮਹਾਰਾਜ ਚੁਪ ਰਹੇ ਤ੍ਰੂਸਨ ਰਹੇ ਫੇਰ ਬਚਨ ਹੋਇਆ ਸਿਖਾ ਸਿੱਖ ਤਾਂ ਬਹੁਤੇ ਆਏ ਉਥੇ ਸੱਚੇ ਪਾਤਿਸ਼ਾਹ ਹੋਣਗੇ ਪਰ ਬੇਮੁੱਖ ਹੋ ਕੇ ਫਿਰਗੇ ਨਿਸ਼ਾਨੀ ਤਾਂ ਨਾ ਹੀ ਸਿੱਖੀ ਦੀ ਕਿਸੇ ਨੂੰ ਲੱਗੀ, ਜੋ ਕੁਝ ਸਿੱਖ ਸਹੀ ਕਰੇ। ਉਸ ਮੌਕੇ ਗੁਰਦੇਵ ਨੇ ਬਚਨ ਕੀਤਾ ਐਸੀ ਨਿਸ਼ਾਨੀ ਸਿੱਖਾਂ ਦੀ ਵਿਸਾਖੀ ਲਾਵਾਂਗਾ ਕਿ ਹਜ਼ਾਰਾਂ ਵਿਚ ਵੀ ਖਲੋਤਾ ਸਿੱਖ ਲੁਕ ਨਾ ਸਕੇ ਭਾਵ ਦਸਮੇਸ਼ ਪਿਤਾ ਜੀ ਉਸ ਸਮੇਂ ਬੀਰ ਰਸ ਵਿਚ ਆ ਕੇ ਕਹਿਣ ਲਗੇ ਜਿਵੇਂ ਆਸ਼ਰਮਾਂ ਵਿਚੋਂ ਗ੍ਰਿਸਤ ਪ੍ਰਧਾਨ ਹੈ, ਪੱਥਰਾਂ ਦੇ ਵਿਚੋਂ ਪਾਰਸ, ਨਦੀਆਂ ਦੇ ਵਿਚੋਂ ਸਮੁੰਦਰ ਔਰ ਚੁਰਾਸੀ ਲੱਖ ਜੂਨ ਦੇ ਵਿਚੋ ਮਨੁੱਖ ਉੱਤਮ, ਚੋਪਾਇਆਂ ਵਿਚੋਂ ਸ਼ੇਰ, ਪੰਛੀਆਂ ਵਿਚੋਂ ਹੰਸ, ਪਹਾੜਾਂ ਦੇ ਵਿਚ ਸੁਮੇਰ, ਰਾਗਾਂ ਦੇ ਵਿਚੋਂ ਸ੍ਰੀ ਰਾਗ, ਗਿਆਨਾਂ ਵਿਚੋਂ ਗੁਰੂ ਕਾ ਗਿਆਨ, ਧਿਆਨਾਂ ਵਿਚੋਂ ਗੁਰੂ ਕਾ ਧਿਆਨ ਸਰਵੋਤਮ ਹੈ, ਇਉਂ ਸੰਸਾਰ ਵਿਚੋਂ ਮੈਂ ਸ਼੍ਰੋਮਣੀ ਖਾਲਸਾ ਪੈਦਾ ਕਰਾਂਗਾ ਜੋ ਲੱਖਾਂ ਕਰੋੜਾਂ ਦੇ ਵਿਚ ਵੀ ਖੜਾ ਹੋਵੇ ਤੇ ਸਭ ਨੂੰ ਪਤਾ ਲਗੇ ਕਿ ਉਹ ਗੁਰੂ ਕਾ ਖਾਲਸਾ ਖੜਾ ਹੈ ਜੋ ਕਦੇ ਛੁਪ ਨਹੀਂ ਸਕੇਗਾ। ਇਸ ਪ੍ਰਣ ਨੂੰ ਪੂਰਾ ਕਰਨ ਤੇ ਨੌਵੇਂ ਪਾਤਿਸ਼ਾਹ ਤੱਕ ਚਲੀ ਆ ਰਹੀ ਚਰਨ ਪਾਹੁਲ ਦੀ ਮਰਿਆਦਾ ਨੂੰ ਖੰਡੇ ਦੀ ਪਾਹੁਲ ਵਿਚ ਬਦਲਣ ਵਾਸਤੇ ਲੱਖਾਂ ਦੇ ਇਕੱਠ ਵਿਚ ਤਦ ਸ੍ਰੀ ਕੇਸਗੜ੍ਹ ਸਾਹਿਬ ਦੇ ਪਾਵਨ ਅਸਥਾਨ 'ਤੇ ਸੰਮਤ ੧੭੫੬ ਬਿਕਰਮੀ ੧੬੯੯ ਦੀ ਵਿਸਾਖੀ ੩੦ ਮਾਰਚ ਵਾਲੇ ਦਿਨ ਪੰਜਾਂ ਪਿਆਰਿਆਂ ਦੇ ਸੀਸ ਕੱਟ ਕੇ ਆਤਮ ਸ਼ਕਤੀ ਨਾਲ ਮੁੜ ਕੇ ਸੁਰਜੀਤ ਕੀਤਾ।

ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥

(ਪੰਨਾ ੧੧੪੨)

ਪੰਜ ਬਾਣੀਆਂ ਪੜ੍ਹ ਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਪੰਜਾਂ ਨੂੰ ਛਕਾਇਆ। ਦਸਮ ਪਾਤਿਸ਼ਾਹ ਮਹਾਰਾਜ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਧਾਰਨ ਯੋਗ ਸਭ ਰਹਿਤਾਂ ਤੇ ਤਿਆਗਣ ਯੋਗ ਕੁਰਹਿਤਾਂ ਦੱਸ ਕੇ ਹੋਰ ਹਰ ਤਰ੍ਹਾਂ ਦੀ ਸਿੱਖਿਆ ਦੇ ਕੇ ਸੰਪੂਰਨ ਤੇ ਸਾਵਧਾਨ ਕੀਤਾ। ਉਸ ਵੇਲੇ ਮਹਾਰਾਜ ਆਪ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛੱਕਣ ਲਈ ਤਿਆਰ ਹੋਏ। ਜਦੋਂ ਆਪ ਜੀ ਨੇ ਅੰਮ੍ਰਿਤ ਦੀ ਦਾਤ ਦੀ ਮੰਗ ਕੀਤੀ ਤਾਂ ਪੰਜ ਪਿਆਰਿਆਂ ਨੇ ਹੈਰਾਨ ਹੋ ਕੇ ਬੇਨਤੀ ਕੀਤੀ ਕਿ ਮਹਾਰਾਜ ਆਪ ਸਰਬ ਕਲਾ ਸਮਰੱਥ ਹੋ, ਅਕਾਲ ਪੁਰਖ ਦਾ ਸਰਗੁਣ ਸਰੂਪ ਹੋ, ਗੁਰੂ ਨਾਨਕ ਪਾਤਿਸ਼ਾਹ ਜੀ ਦੀ ਜੋਤ ਆਪ ਜੀ ਵਿਚ ਵਰਤ ਰਹੀ ਹੈ, ਗੁਰੂਤਾ ਗੱਦੀ ਦੇ ਮਾਲਕ ਹੋ, ਅਸੀਂ ਕਿਵੇਂ ਦਾਤ ਦੇਈਏ ? ਤਾਂ ਉਸ ਮੌਕੇ ਮਹਾਰਾਜ ਨੇ ਫੁਰਮਾਇਆ, ਖਾਲਸਾ ਜੀ ਆਪ ਹੁਣ ਪੰਜੇ ਸਮਰੱਥ ਹੋ ਚੁੱਕੇ ਹੋ, 'ਗੁਰੂ ਚੇਲਾ, ਚੇਲਾ ਗੁਰੂ, ਗੁਰਸਿਖ ਸੁਣ ਗੁਰਸਿਖ ਸੁਣਾਵੇ।' ਸਤਿਗੁਰੂ ਮਹਾਰਾਜ ਜੀ ਨੂੰ ਪਤਾ ਸੀ ਕਿ ਅਸੀਂ ਗੁਰੂਤਾ ਗੱਦੀ 'ਤੇ ਧੰਨ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਮਹਾਰਾਜ ਜੀ ਨੂੰ ਸੁਭਾਇਮਾਨ ਕਰਨਾ ਹੈ, ਕੋਈ ਵਿਅਕਤੀ ਆਉਣ ਵਾਲੇ ਸਮੇਂ ਵਿਚ ਗੁਰੂ ਨਹੀਂ ਹੋਵੇਗਾ, ਆਪਣੀ ਜੋਤ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਵਿਚ ਰੱਖਾਂਗਾ ਅਤੇ ਜਿਹੜੀ ਜੁਗਤ ਹੈ ਪੰਜਾਂ ਪਿਆਰਿਆਂ ਕੋਲ ਹੋਵੇਗੀ, ਇਕੱਲਾ ਦੁਕੱਲਾ ਅੰਮ੍ਰਿਤ ਛਕਾ ਨਹੀਂ ਸਕੇਗਾ, ਅੱਗੇ ਵਾਸਤੇ ਸੰਗਤ ਕੋਈ ਸ਼ੰਕਾ ਨਾ ਕਰੇ ਕਿ ਅਸੀਂ ਪੰਜਾਂ ਪਿਆਰਿਆਂ ਤੋਂ ਕਿਉਂ ਅੰਮ੍ਰਿਤ ਛਕੀਏ, ਉਸ ਸ਼ੰਕੇ ਨੂੰ ਮੇਟਣ ਵਾਸਤੇ ਗੁਰੂ ਮਰਿਆਦਾ ਸਦੀਵੀ ਪਰਪੱਕ ਕਰਨ ਲਈ ਤੁਹਾਥੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਹੈ, ਕਿਉਂਕਿ ਜੋ ਵੀ ਗੁਰੂ ਘਰ ਵਿਚ ਮਰਿਆਦਾ ਦਸ ਸਰੂਪਾਂ ਵਿਚ ਅਤੇ ਆਪਣੇ ਸਿੱਖ ਸੇਵਕਾਂ ਨੂੰ ਦ੍ਰਿੜ੍ਹ ਕਰਾਈ, ਉਹਦੇ 'ਤੇ ਸਤਿਗੁਰੂ ਪਾਤਿਸ਼ਾਹ ਨੇ ਆਪ ਚੱਲ ਕੇ ਉਸ ਨੂੰ ਅਪਣਾਇਆ, ਐਸੇ ਪਵਿੱਤਰ ਪੂਰਨੇ ਪਾਏ। ਕੇਵਲ ਦੂਸਰਿਆਂ ਨੂੰ ਕਹਿ ਕੇ ਮਰਿਆਦਾ ਚਲਾਉਣਾ ਤੇ ਆਪ ਨਾ ਚੱਲਣ ਦਾ ਖੰਡਨ ਕੀਤਾ। ਆਮ ਇਹ ਹੁੰਦਾ ਹੈ ਕਿ ਦੂਜਿਆਂ ਨੂੰ ਬੜਾ ਕੁਝ ਕਹਿੰਦੇ ਹਨ, ਪਰ ਆਪ ਨਹੀਂ ਕਰਦੇ। ਮੁਖ ਤੇ ਪੜ੍ਹਤਾ ਟੀਕਾ ਸਹਿਤ ਹਿਰਦੇ ਰਾਮ ਨਹੀਂ, ਪੂਰਨ ਰਹਿਤ ਉਪਦੇਸ ਕਰੇ ਕਰ ਲੋਕ ਦ੍ਰਿੜ੍ਹਾਵੇ ਆਪਣਾ ਕਹਿਆ ਆਪ ਨਾ ਕਮਾਵੇ।

ਅਵਰ ਉਪਦੇਸੈ ਆਪਿ ਨ ਕਰੈ॥
ਆਵਤ ਜਾਵਤ ਜਨਮੈ ਮਰੈ॥

ਇਸ ਵਾਸਤੇ ਪੰਜਾਂ ਪਿਆਰਿਆਂ ਤੋਂ ਜਾਚਨਾ ਕਰਕੇ ਸਭ ਤੋਂ ਪਹਿਲਾਂ ਆਪ ਅੰਮ੍ਰਿਤ ਛਕਿਆ। ਭਾਈਉ ! ਤਾਂ ਭਾਈ ਸਾਹਿਬ ਭਾਈ ਗੁਰਦਾਸ ਸਿੰਘ ਜੀ ਨੇ ਲਿਖਿਆ ਹੈ :-

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਗੁਰੂ ਸੰਗਤ ਨੂੰ ਪਹਿਲਾਂ ਸੰਗਤ ਕਹਿੰਦੇ ਸੀ

ਗੁਰੂ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥
ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ॥

ਇਸੇ ਤਰ੍ਹਾਂ ਅੰਮ੍ਰਿਤ ਛੱਕ ਕੇ ਗੁਰਦੇਵ ਨੇ ਖਾਲਸੇ ਦੀ ਵਡਿਆਈ ਕੀਤੀ ਹੈ, ਮਹਿਮਾ ਕੀਤੀ ਹੈ ਕਿ ਖਾਲਸਾ ਬਹੁਤ ਉੱਚਾ ਹੈ, ਕਹਿੰਦੇ ਹਨ 'ਜੁੱਧ ਜਿਤੇ ਇਨਹੀ ਕੇ ਪ੍ਰਸਾਦਿ' ਇਹ ਸਾਨੂੰ ਗੁਰਦੇਵ ਨੇ ਵਡਿਆਈ ਦਿੱਤੀ ਹੈ।

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋਸੇ ਗਰੀਬ ਕਰੋਰ ਪਰੇ॥

ਪਾਤਿਸ਼ਾਹ ਫ਼ੁਰਮਾਉਂਦੇ ਹਨ, ਮੇਰੇ ਵਰਗੇ ਕਰੋੜਾਂ ਹੀ ਗ਼ਰੀਬ ਹਨ, ਇਹ ਤਾਂ ਕ੍ਰਿਪਾ ਕੀਤੀ ਏ ਇਹਨਾਂ ਨੇ ਮੈਨੂੰ ਸਾਜਿਆ ਹੈ। ਫੇਰ ਜ਼ਰੂਰੀ ਹੁਕਮ ਕੀਤਾ ਹੈ ਕਿ ਹਰ ਸਿੱਖ ਭਾਵੇਂ ਕਿੰਨਾ ਵੀ ਉੱਚੇ ਸੁੱਚੇ ਚਾਲ ਚਲਣ, ਸਿਮਰਨ ਭਜਨ ਵਾਲਾ ਕਿਉਂ ਨਾ ਹੋਵੇ, ਉਹ ਮੁਕਤ ਤਦ ਹੀ ਹੋ ਸਕਦਾ ਹੈ, ਜੇ ਗੁਰੂ ਦਾ ਖੰਡੇ ਬਾਟੇ ਦਾ ਅੰਮ੍ਰਿਤ ਪੰਜਾਂ ਪਿਆਰਿਆਂ ਤੋਂ ਛਕੇ। ਰਹਿਤਨਾਮੇ ਦੇ ਬਚਨ ਹਨ— ਤਿੰਨ ਤਰ੍ਹਾਂ ਦੇ ਸਿਖ ਹਨ- ਤਿੰਨ ਪ੍ਰਕਾਰ ਮਮ ਸਿੱਖ ਹੈ, ਸਹਿਜੇ ਚਰਨੀ, ਖੰਡ ਸਹਿਜਧਾਰੀ, ਚਰਨਧਾਰੀ ਖੰਡੇਧਾਰੀ- ਇਹ ਤਿੰਨ ਪ੍ਰਕਾਰ ਦੇ ਸਾਡੇ ਸਿੱਖ ਹਨ। ਨੌਵੇਂ ਸਰੂਪ ਤੱਕ ਜਿਹੜਾ ਵੀ ਜਗਿਆਸੂ ਗੁਰੂ ਧਾਰਨ ਲਈ ਆਉਂਦਾ ਰਿਹਾ, ਉਹਨੂੰ ਚਰਨ ਪਹੁਲ ਦਿੱਤੀ ਜਾਂਦੀ ਸੀ, ਪਰ ਹੁਣ ਵਿਅਕਤੀਗਤ ਗੁਰੂ ਅੱਗੇ ਵਾਸਤੇ ਨਹੀਂ ਬਣਾਉਣਾ, ਗੁਰੂਤਾ ਗੱਦੀ ਕੇਵਲ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਜੀ ਨੂੰ ਬਖ਼ਸ਼ਣੀ ਸੀ, ਇਸ ਵਾਸਤੇ ਅੰਤਰਜਾਮੀ ਸਤਿਗੁਰੂ ਜੀ ਨੇ ਦੂਰ-ਅੰਦੇਸ਼ੀ ਕਰ ਕੇ 'ਨੇੜੇ ਦਿਸੇ ਮਾਤ ਲੋਕ ਤੁਝ ਸੁਝੇ ਦੂਰ' ਇਹ ਚਰਨ ਪਹੁਲ ਨੂੰ ਖੰਡੇ ਦੀ ਪਹੁਲ ਵਿਚ ਬਦਲ ਦਿੱਤਾ। ਜਿਵੇਂ ਨੌਵੇਂ ਸਰੂਪ ਤੱਕ ਜਿਸ ਨੇ ਵੀ ਗੁਰੂ ਵਾਲੇ ਬਣਨਾ ਹੁੰਦਾ, ਉਸ ਵਾਸਤੇ ਚਰਨ ਪਹੁਲ ਲੈਣੀ ਜ਼ਰੂਰੀ ਸੀ፡ ਇਸ ਤਰ੍ਹਾਂ ਜਿੰਨੇ ਵੀ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਨੂੰ ਗੁਰੂ ਧਾਰਨਾ ਹੈ, ਲੜ ਲਗਣਾ ਜਾਂ ਗੁਰੂ ਵਾਲੇ ਬਣਨਾ ਹੈ, ਉਸ ਵਾਸਤੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛੱਕਣਾ ਅਤਿਅੰਤ ਜ਼ਰੂਰੀ ਹੈ।

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥

ਬਾਬਾ ਦੇਸਾ ਸਿੰਘ ਹੋਏ ਹਨ, ਜਿਨ੍ਹਾਂ ਨੇ ਰਹਿਤਨਾਮਾ ਲਿਖਿਆ ਹੈ, ਉਹ ਕਹਿੰਦੇ ਹਨ "ਪ੍ਰਥਮ ਰਹਿਤ ਜਹਿ ਜਾਨ। ਖੰਡੇ ਦੀ ਪਹੁਲ ਛਕੇ ਸੋਈ ਸਿੰਘ ਪ੍ਰਧਾਨ। ਅਵਰ ਨਾ ਪਹੁਲ ਜੋ ਲਏ। ਪਾਂਚ ਸਿੰਘ ਜੋ ਅੰਮ੍ਰਿਤ ਦੇਵੇ। ਤਾਂ ਕੋ ਸਿਰਧਰ ਸ਼ੰਕ ਪੂਨ ਲੀਵੇ। ਪੂਰਨ ਮਿਲ ਪਾਂਚੋ

ਰਹਿਤ ਜੋ ਪਾਖੇ। ਤਾਂ ਕੋ ਮੰਨ ਮੇਂ ਦ੍ਰਿੜ ਕਰ ਰਾਖੇ'' ਜੋ ਗੁਰੂ ਕੇ ਪੰਜ ਪਿਆਰੇ ਸਾਨੂੰ ਰਹਿਤ ਮਰਿਆਦਾ ਦੇ ਮੁਤਾਬਿਕ ਸਮਝਾਂਦੇ ਹਨ, ਉਹਨਾਂ ਨੂੰ ਪਰਪੱਕਤਾ ਦੇ ਨਾਲ ਉਸ ਰਹਿਤ ਮਰਿਆਦਾ ਨੂੰ ਆਪਣੇ ਜੀਵਨ 'ਚ ਢਾਲਣਾ ਤੇ ਉਹਦੇ ਮੁਤਾਬਿਕ ਚੱਲਣਾ ਹੈ। ਇਸੇ ਤਰ੍ਹਾਂ ਬੇਦੀ ਬੰਸ ਵਿਚੋਂ ਬਾਬਾ ਕਲਾਧਾਰੀ ਜੀ ਹਨ। ਮੈਂ ਬੇਨਤੀ ਕਰ ਰਿਹਾ ਹਾਂ ਕਿ ਅੰਮ੍ਰਿਤ ਛੱਕਣਾ ਜ਼ਰੂਰੀ ਕਿਉਂ ਹੈ ? ਕਈ, ਕਈ ਤਰ੍ਹਾਂ ਦੀਆਂ ਢੁੱਚਰਾਂ ਡਾਹੁੰਦੇ ਹਨ, ਪਰ ਗੁਰਮੁਖੋ ਗੁਰੂ ਕੀ ਬੰਸ ਵਾਲਿਆਂ ਦੇ ਵਿਚ ਵੀ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਉਹ ਪ੍ਰਵਾਨ ਹੋਏ, ਬਾਕੀਆਂ ਨੂੰ ਸਿੱਖ ਸਮਾਜ ਨੇ ਪਾਸੇ ਕਰ ਦਿੱਤਾ। ਬੇਦੀ ਖਾਨਦਾਨ ਵਿਚੋਂ ਭਾਵ ਗੁਰੂ ਨਾਨਕ ਪਾਤਿਸ਼ਾਹ ਦੇ ਬੰਸ ਵਿਚੋਂ ਇਕ ਬਾਬਾ ਕਲਾਧਾਰੀ ਜੀ ਮਹਾਂਪੁਰਸ਼ ਹੋਏ ਹਨ, ਉਹਨਾਂ ਨੇ ਦਸਮ ਪਾਤਿਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ - ਮਹਾਰਾਜ ਅਸੀਂ ਵੀ ਗੁਰੂ ਨਾਨਕ ਮਹਾਰਾਜ ਜੀ ਦੇ ਪਰਿਵਾਰ, ਉਹਨਾਂ ਦੀ ਅੰਸ ਬੰਸ ਹਾਂ, ਮੇਰੇ ਘਰ ਪੋਤਰਾ ਨਹੀਂ, ਕੀ ਗੁਰੂ ਨਾਨਕ ਮਹਾਰਾਜ ਜੀ ਦੀ ਕੁਲ ਰੁੱਕ ਜਾਏਗੀ ? ਤਾਂ ਗੁਰਦੇਵ ਕਹਿੰਦੇ ਹਨ, ਬਾਬਾ ਜੀ, ਤੁਸੀਂ ਆਪਣੇ ਪੁੱਤਰ ਨੂੰ ਅੰਮ੍ਰਿਤ ਛਕਾਉ, ਆਪ ਵੀ ਛੱਕੋ। ਉਹਨਾਂ ਗੁਰੂ ਮਹਾਰਾਜ ਜੀ ਦੇ ਬਚਨਾਂ ਦੀ ਪਾਲਣਾ ਕੀਤੀ। ਕਲਗੀਧਰ ਪਾਤਿਸ਼ਾਹ ਕਹਿਣ ਲੱਗੇ, ਬਜ਼ੁਰਗੋ ! ਤੁਹਾਡੇ ਘਰ ਇਹੋ ਜਿਹਾ ਪੋਤਰਾ ਹੋਵੇਗਾ, ਜਿਹੜਾ ਲੱਕੜ ਦੀਆਂ ਤੋਪਾਂ ਚਲਾਏਗਾ। ਗੁਰਮੁਖੋ, ਬਾਬਾ ਕਲਾਧਾਰੀ ਦੇ ਪੁੱਤਰ ਨੇ ਅੰਮ੍ਰਿਤ ਛੱਕਿਆ ਅਤੇ ਉਹਨਾਂ ਦੇ ਘਰ ਬਾਬਾ ਸਾਹਿਬ ਸਿੰਘ ਜੀ ਬੇਦੀ ਮਹਾਂਪੁਰਸ਼ ਪੈਦਾ ਹੋਏ। ਸਾਡੇ ਸਿਖ ਪੰਥ ਵਿਚ ਇਸੇ ਤਰ੍ਹਾਂ ਸਤਿਗੁਰੂ ਪਾਤਿਸ਼ਾਹ ਜੀ ਨੇ ਕਿਹਾ, ਭਲਿਆਂ ਦੇ ਵਿਚੋਂ ਬਾਬਾ ਬਰੋਤ ਸਿੰਘ, ਕਾਨ ਸਿੰਘ, ਤਰੇੜਾ ਵਿਚੋਂ ਬਾਸ ਸਿੰਘ, ਸੋਢੀਆਂ ਦੇ ਵਿਚੋਂ ਸ਼ਾਮ ਸਿੰਘ ਨੇ ਅੰਮ੍ਰਿਤ ਛੱਕ ਲਿਆ, ਉਹਨਾਂ ਦੀਆਂ ਪੀੜ੍ਹੀਆਂ ਅੱਗੋਂ ਚੱਲ ਰਹੀਆਂ ਹਨ। ਤੁਸੀਂ ਵੀ ਅੰਮ੍ਰਿਤ ਛਕੋਗੇ ਤਾਂ ਤੁਹਾਡੀ ਕੁਲ ਚੱਲੇਗੀ, ਤਾਂ ਬਾਬਾ ਕਲਾਧਾਰੀ ਜੀ ਨੇ ਤੇ ਉਹਨਾਂ ਦੇ ਪੁੱਤਰ ਬਾਬਾ ਅਜੀਤ ਸਿੰਘ ਨੇ ਅੰਮ੍ਰਿਤ ਛੱਕਿਆ ਅਤੇ ਉਹਨਾਂ ਦੀ ਪੀੜ੍ਹੀ ਅੱਗੇ ਚੱਲੀ। ਸੋ ਇਸੇ ਪ੍ਰਕਾਰ ਗੁਰਮੁਖੋ ਅਤਿਅੰਤ ਉਦਾਹਰਣਾਂ ਹਨ। ਮਾਲਵੇ ਦੇ ਇਲਾਕੇ ਵਿਚ ਹਜ਼ੂਰ ਇਕ ਪਿੰਡ ਵਿਚ ਗਏ, ਪਿੰਡ ਦਾ ਨਾਂ ਸੀ ਭੂਚੋਗੇ, ਗੁਰਦੇਵ ਦੇ ਘੋੜੇ ਨੂੰ ਪਿਆਸ ਲੱਗੀ, ਘੋੜਾ ਪਾਣੀ ਦੀ ਢਾਲ ਵਿਚ ਵੜ ਗਿਆ, ਉਹਨੇ ਪਾਣੀ ਸੁੰਘਿਆ ਜ਼ਰੂਰ, ਪਰ ਪੀਤਾ ਨਹੀਂ। ਸਿੰਘਾਂ ਨੇ ਬੇਨਤੀ ਕੀਤੀ, ਮਹਾਰਾਜ ਪ੍ਰਤੀਤ ਹੁੰਦਾ ਹੈ ਘੋੜਾ ਧਿਆਇਆ ਹੈ, ਪਰ ਪਾਣੀ ਨਹੀਂ ਪੀਤਾ। ਪਾਤਿਸ਼ਾਹ ਕਹਿਣ ਲੱਗੇ, ਗੁਰਮੁਖੋ ਇਸ ਪਿੰਡ ਵਿਚ ਨਿਗੁਰੇ ਰਹਿੰਦੇ ਹਨ, ਨਿਗੁਰੇ ਕੌਣ ਹਨ, ਹਜ਼ੂਰ ਕਹਿੰਦੇ, ਭਾਈ ਬਾਬੇ ਆਦਮ ਦਾ ਪੁੱਤਰ ਹੋਇਆ ਭਾਈ ਭਗਤੂ ਤੇ ਭਾਈ ਭਗਤੂ ਦੇ ਅੱਗੇ ਦੋ ਪੁੱਤਰ ਹੋਏ ਹਨ, ਬਾਬਾ ਗੋਰਾ ਜੀ, ਬਾਬਾ ਜੀਵਨ ਜੀ ਅੱਗੇ ਉਨ੍ਹਾਂ ਦੀ ਔਲਾਦ ਵਧੀ ਫੁੱਲੀ ਹੈ, ਜਿਨ੍ਹਾਂ ਦੇ ਵਿਚੋਂ ਗੁਰਮੁਖ ਪਿਆਰਾ ਭਾਈ ਰਾਮ ਸਿੰਘ ਤਾਂ ਅੰਮ੍ਰਿਤਧਾਰੀ ਤੇ ਬਾਕੀ ਪਾਸਾ ਵੱਟਦੇ ਹਨ। ਏਸੇ ਪ੍ਰਕਾਰ ਇਹ ਰਾਮ ਸਿੰਘ ਤੇ ਫਤਹਿ ਸਿੰਘ ਗੁਰਮੁਖੋ ਅੰਮ੍ਰਿਤਧਾਰੀ ਸਨ, ਇਹਨਾਂ ਦੀ ਮਤਰੇਈ ਮਾਂ ਦੇ ਦੋ ਪੁੱਤਰ ਬਗਤੂ ਸਿੰਘ ਤੇ ਤਖਤੂ ਸਿੰਘ

ਸਨ, ਇਹ ਵੀ ਅੰਮ੍ਰਿਤਧਾਰੀ ਸਨ, ਇਹ ਭਾਈ ਭਗਤੂ ਦਾ ਪੋਤਰਾ ਹੋਇਆ ਦਿਆਲ ਦਾਸ ਇਹਨੂੰ ਮਾਣ ਸੀ ਕਿ ਮੈਂ ਤਾਂ ਗੁਰੂ ਕੀ ਬਖਸ਼ਿਸ਼ ਵਿਚੋਂ ਹਾਂ ਤੇ ਮੈਨੂੰ ਅੰਮ੍ਰਿਤ ਛੱਕਣ ਦੀ ਲੋੜ ਨਹੀਂ, ਉਹਨੇ ਦਾਅਵਾ ਕੀਤਾ। ਗੁਰਦੇਵ ਕਹਿੰਦੇ, ਭਾਈ ਉਸ ਦਿਆਲ ਦਾਸ ਨੇ ਅੰਮ੍ਰਿਤ ਨਹੀਂ ਛਕਿਆ, ਉਹਦੇ ਨਿਗੁਰੇ-ਪੁਣੇ ਦੀ ਬੋ ਜਿਹੜੀ ਹੈ, ਇਸ ਛੱਪੜ ਵਿਚ ਆਈ ਹੈ, ਇਸ ਕਰਕੇ ਸਾਡੇ ਘੋੜੇ ਨੇ ਨਿਗੁਰੇ ਬੰਦੇ ਦੇ ਪਿੰਡ ਦਾ ਪਾਣੀ ਪੀਣਾ ਠੀਕ ਨਹੀਂ ਸਮਝਿਆ। ਇਥੋਂ ਗੁਰਮੁਖੋ ਸਾਨੂੰ ਦੂਹਰੀ ਤੀਹਰੀ ਸਿੱਖਿਆ ਮਿਲਦੀ ਹੈ ਕਿ ਆਪਾਂ ਬੰਦੇ ਹੋ ਕੇ ਵੀ ਸਾਨੂੰ ਕਿਤੇ ਚੰਗਾ ਖਾਣ ਪੀਣ ਨੂੰ ਮਿਲ ਜਾਵੇ, ਆਪਾਂ ਪਰਵਾਹ ਨਹੀਂ ਕਰਦੇ, ਆਪਾਂ ਕਹਿੰਦੇ ਬੜਾ ਸੁਆਦੀ ਮਾਲ ਮਿਲਿਆ ਹੈ। ਇਹ ਨਹੀਂ ਵੇਖਦੇ ਕਿ ਇਹ ਗੁਰੂ ਵਾਲਾ ਹੈ ਕਿ ਨਿਗੁਰਾ, ਇਹ ਚੰਗਾ ਹੈ ਕਿ ਮਾੜਾ। ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ, ਜਿਹੜਾ ਚਰਿੱਤਰਹੀਨ ਹੈ, ਉਹਦੇ ਘਰ ਦਾ ਪਾਣੀ ਪੀਣਾ ਮਨ੍ਹਾ ਹੈ। ਜਿਹੜੇ ਚਾਰ ਤਰ੍ਹਾਂ ਦੇ ਪਾਪ ਹਨ, ਉਹਨਾਂ ਵਿਚ ਇਕ ਪਾਪ ਹੈ ਜਿਹੜਾ ਬੰਦਾ ਇਖ਼ਲਾਕ ਦਾ ਪੂਰਾ ਨਹੀਂ ਤਾਂ ਭਾਵੇਂ ਔਰਤ ਹੈ ਭਾਵੇਂ ਮਰਦ ਹੈ, ਜਿਨ੍ਹੂੰ ਆਪਾਂ ਨਿਗੁਰੇ ਕਹਿੰਦੇ ਹਾਂ, ਉਹਨਾਂ ਦੇ ਘਰੋਂ ਪਾਣੀ ਪੀਣਾ ਗੁਰਮੁਖੋ ਚਾਰ ਪਾਪਾਂ ਵਿਚੋਂ ਇਕ ਪਾਪ ਹੈ। ਬਾਣੀ ਵਿਚ ਸਲੋਕ ਵਾਰਾਂ ਦੇ ਅਧੀਨ 'ਚ

ਅਣਚਾਰੀ ਕਾ ਧਾਣ ਬ੍ਰਾਹਮਣ ਕੈਲੀ ਘਾਤ ਕੰਜਕਾ

ਅਣਚਾਰੀ ਦਾ ਧਾਣ ਕਿਸੇ ਪ੍ਰਮੇਸ਼ਰ ਦੇ ਪਿਆਰੇ ਨੂੰ ਮਾਰਨਾ ਗਊ ਨੂੰ ਮਾਰਨਾ, ਬੱਚੀ ਨੂੰ ਮਾਰਨਾ ਤੇ ਚੌਥਾ ਪਾਪ ਹੈ ਇਖ਼ਲਾਕ ਤੋਂ ਗਿਰਿਆਂ ਹੋਇਆਂ ਦੇ ਘਰੋਂ ਕੁਝ ਖਾਣਾ ਇਹ ਵੀ ਇਕ ਪਾਪ ਹੈ। ਗੁਰਦੇਵ ਕਹਿੰਦੇ ਹਨ, ਬਹਾਨੇ ਨਹੀਂ ਚਲਣੇ, ਉਹਨੇ ਲੰਗਰ ਤਾਂ ਤਿਆਰ ਕੀਤਾ, ਪਰ ਗੁਰਦੇਵ ਕਹਿੰਦੇ ਕੀ ਅਸੀਂ ਘੋੜੇ ਨਾਲੋਂ ਵੀ ਗਏ ਗੁਜ਼ਰੇ ਹਾਂ, ਘੋੜੇ ਨੇ ਪਾਣੀ ਨਹੀਂ ਪੀਤਾ, ਅਸੀਂ ਕਿਵੇਂ ਲੰਗਰ ਛੱਕ ਲਵਾਂਗੇ। ਬੜਾ ਹੱਠੀ ਬੰਦਾ ਸੀ, ਗੁਰਮੁਖੋ ਲੰਗਰ ਦਾ ਗੱਡਾ ਭਰ ਕੇ ਦਾਲ ਦਾ ਓਹਨੇ ਦੇਗ ਮਗਰ ਰੱਖੀ ਤੇ ਮਗਰ-ਮਗਰ ਤੁਰਿਆ। ਕਹਿੰਦਾ ਹੈ ਮਹਾਰਾਜ ਨੂੰ ਛਕਾ ਕੇ ਹੀ ਆਉਣਾ ਹੈ। ਹਜ਼ੂਰ ਉਸ ਨਗਰ ਵਿਚੋਂ ਤੁਰ ਪਏ, ਅੱਗੇ ਰਸਤੇ ਵਿਚ ਇਕ ਚੱਕ ਆਉਂਦਾ ਹੈ, ਜਿਨੂੰ ਭਾਈ ਕਾ ਚੱਕ ਕਹਿੰਦੇ ਹਨ, ਉਥੇ ਭਾਈ ਰਾਮ ਸਿੰਘ ਸੀ, ਉਹਨਾਂ ਬੜੀ ਸੇਵਾ ਕੀਤੀ, ਸਤਿਗੁਰੂ ਪਾਤਿਸ਼ਾਹ ਨੇ ਉਹਨਾਂ ਦੇ ਘਰ ਚਰਨ ਪਾਏ, ਭਾਈ ਰਾਮ ਸਿੰਘ ਭਾਈ ਫਤਿਹ ਸਿੰਘ ਭਾਈ ਤਖਤੂ ਸਿੰਘ ਬਕਤੂ ਸਿੰਘ ਨੂੰ ਨਿਹਾਲ ਕੀਤਾ, ਦਿਆਲ ਦਾਸ ਵੀ ਆਇਆ, ਭਾਈ ਰਾਮ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਇਹ ਦਿਆਲ ਦਾਸ ਨੇ, ਬਠਿੰਡੇ ਵਾਲੇ ਕਿਲ੍ਹੇ ਵਿਚ ਆ ਕੇ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਤਿਆਰ ਕੀਤਾ, ਲਿਖਤਾਂ ਮੁਤਾਬਿਕ ਉਹਨੇ ਆਪਣੇ-ਆਪਣੇ ਰਿਸ਼ਤੇਦਾਰਾਂ ਦਾ ਇਕੱਠ ਕੀਤਾ ਅਤੇ ਇਕ ਸੌ ਪੰਜੀ ਪਰਿਵਾਰ ਦੇ ਮੈਂਬਰਾਂ ਨੇ ਅੰਮ੍ਰਿਤ ਛਕਿਆ। ਇਕ ਸੌ ਪੰਜੀ ਪਰਿਵਾਰ ਮੈਂਬਰਾਂ ਨੇ ਸਕੇ ਸੋਦਰੇ ਕਹਿ ਲਉ ਰਿਸ਼ਤੇਦਾਰ ਪਾ ਕੇ ਉਹ ਕਹਿੰਦਾ, ਪਾਤਿਸ਼ਾਹ ਹੁਣ ਕੀ ਹੁਕਮ ਹੈ- ਹਜ਼ੂਰ ਕਹਿੰਦੇ ਗੁਰਮੁਖਾ ਇਹ ਪੜ੍ਹ ਪੰਗਤੀਆਂ :-

ਦੀਨ ਦਇਆਲ ਭਰੋਸੇ ਤੇਰੇ॥
ਸਭੁ ਪਰਵਾਰੁ ਚੜਾਇਆ ਬੇੜੇ॥

ਇਸ ਤਰ੍ਹਾਂ ਗੁਰਮੁਖ ਪਿਆਰਿਓ ਹਜ਼ੂਰ ਕਹਿੰਦੇ ਹਨ ਦਿਆਲ ਦਾਸ, ਹੁਣ ਤਾਂ ਤੂੰ ਦਿਆਲ ਸਿੰਘ ਬਣ ਗਿਆ ਹੈਂ ਤੇ ਲਿਆ ਹੁਣ। ਅਸੀਂ ਲੰਗਰ ਛਕੀਏ, ਉਹ ਕਹਿੰਦਾ, ਪਾਤਿਸ਼ਾਹ ਜਿਹੜਾ ਉਹ ਲੰਗਰ ਹੈ, ਹੁਣ ਤਾਂ ਉਹ ਬੇਹਿਆ ਹੋ ਗਿਆ, ਹਜ਼ੂਰ ਕਹਿੰਦੇ, ਕੀ ਬੇਹਿਆ ਹੁਣ ਤਾਂ ਤੂੰ ਸਾਡਾ ਹੋ ਗਿਆ, ਉਹ ਮਿੱਠਾ ਲੰਗਰ ਹੈ। ਆਪਣੇ ਲੰਗਰਾਂ ਵਿਚੋਂ ਕਈ ਵਾਰ ਜਦੋਂ ਰਾਤ ਦੇ ਪ੍ਰਸ਼ਾਦੇ ਆਪਾਂ ਸਵੇਰੇ ਵੰਡਦੇ ਹਾਂ ਤੇ ਗੁਰਮੁਖ ਪਿਆਰੇ ਕਹਿੰਦੇ, ਜੀ ਤੁਸੀਂ ਮਿੱਠੇ ਪ੍ਰਸ਼ਾਦੇ ਲਵੋ, ਜੀ ਮਿੱਠੇ ਪ੍ਰਸ਼ਾਦੇ, ਇਹ ਮਰਿਆਦਾ ਉਦੋਂ ਤੋਂ ਚਲੀ ਹੈ, ਗੁਰਦੇਵ ਕਹਿੰਦੇ ਹਨ, ਗੁਰਮੁਖਾ ਇਹ ਮਿੱਠਾ ਪ੍ਰਸ਼ਾਦ ਹੈ, ਹਜ਼ੂਰ ਨੇ ਉਹ ਪ੍ਰਸ਼ਾਦੇ ਤੇ ਦਾਲ ਛੱਕ ਕੇ ਉਹਨੂੰ ਕਿਰਤਾਰਥ ਕੀਤਾ ਤੇ ਨਾਲ-ਨਾਲ ਗੁਰਦੇਵ ਨੇ ਸਾਨੂੰ ਗੁਰਮੁਖੋ ਪੰਜਾਂ ਕਕਾਰਾਂ ਦੀ ਰਹਿਤ ਦਾ ਧਾਰਨ ਹੋਣ ਦਾ ਹੁਕਮ ਕੀਤਾ ਹੈ, ਨਾਲ ਹਦਾਇਤ ਕੀਤੀ ਹੈ :-

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥

ਜਾਗਤ ਜੋਤ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥

ਅੰਦਰਲੀ ਰਹਿਤ ਦੇ ਨਾਲ ਨਾਲ ਬਾਹਰਲੀ ਪੰਜਾਂ ਕਕਾਰਾਂ ਦੀ ਰਹਿਤ ਬਖ਼ਸ਼ੀ। ਬਾਹਰਲੀ ਰਹਿਤ ਉਹ ਹੀ ਰੱਖ ਸਕਦਾ ਹੈ, ਜਿਹੜਾ ਅੰਤਰੀਵ ਰਹਿਤ ਦਾ ਦਿਲੋਂ ਧਾਰਨੀ ਹੋਵੇਗਾ। ਜਿਸਦੇ ਅੰਦਰ ਸ਼ਰਧਾ ਨਹੀਂ, ਉਹਨੇ ਬਾਹਰਲੀ ਰਹਿਤ ਮਰਿਆਦਾ ਵਿਚ ਵੀ ਪ੍ਰਪੱਕ ਨਹੀਂ ਰਹਿਣਾ। ਪਹਿਲੋਂ ਦੇ ਜੜ੍ਹ ਅੰਦਰ ਜੰਮੈ ਉਪਰ ਹੋਵੈ ਛਾਉ। ਜੇ ਬ੍ਰਿੱਛ ਦੀ ਜੜ੍ਹ ਧਰਤੀ ਅੰਦਰ ਪੈਦਾ ਹੋਵੇਗੀ, ਫੇਰ ਹੀ ਉਪਰਲਾ ਵੱਡਾ ਮੁੱਢ ਟਾਹਣੀ ਤੋਂ ਪੱਤਿਆਂ ਨਾਲ ਛਾਂ ਹੁੰਦੀ ਹੈ, ਸੋ ਬਾਹਰਲੇ ਪੰਜਾਂ ਕਕਾਰਾਂ ਦੀ ਰਹਿਤ ਰੱਖਣੀ ਅਤਿਅੰਤ ਜ਼ਰੂਰੀ ਹੈ, ਜੋ ਗੁਰਸਿਖੀ ਦੀ ਅੰਦਰਲੀ ਸ਼ਰਧਾ ਤੇ ਭਾਵਨਾ ਪ੍ਰਗਟ ਕਰਦੀ ਹੈ, ਪਰ ਜੇ ਕੇਵਲ ਬਾਹਰੋਂ ਹੀ ਧਾਰਮਿਕ ਚਿੰਨ੍ਹ ਧਾਰਨ ਕੀਤੇ ਹੋਣ, ਅੰਦਰੋਂ ਨਹੀਂ ਤਾਂ ਉਹ ਗੁਰਮੁਖੋ ਪਖੰਡ ਹੈ। ਸਤਿਗੁਰੂ ਪਾਤਿਸ਼ਾਹ ਮਹਾਰਾਜ ਨੇ ਗੁਰਸਿੱਖ ਨੂੰ ਅੰਦਰੋਂ ਬਾਹਰੋਂ ਰਹਿਤ ਦਾ ਧਾਰਨੀ ਬਣਾਇਆ :-

ਜੀਅਹੁ ਨਿਰਮਲ ਬਾਹਰਹੁ ਨਿਰਮਲ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥

ਗੁਰਬਾਣੀ ਵਿਚ ਬਾਹਰਲੇ ਚਿੰਨ੍ਹ ਬਾਰੇ ਜੋ ਇਤਰਾਜ਼ ਕੀਤੇ, ਸੋ ਇਸ ਅਧਾਰ 'ਤੇ ਹਨ ਤੇ ਧਾਰਮਿਕ ਚਿੰਨ੍ਹ ਤਾਂ ਧਾਰਨ ਕੀਤੇ, ਪਰ ਅੰਤਰੀਵ ਕੋਈ ਜੀਵਨ ਨਹੀਂ, ਨਿਰੇ ਭੇਖ ਨੂੰ

ਗੁਰਦੇਵ ਨੇ ਗ਼ਲਤ ਦੱਸਿਆ। ਕਈ ਲੋਕ ਭੇਖੀ ਹਨ, ਪਰ ਅੰਦਰਲਾ ਜੀਵਨ ਨਹੀਂ। ਸ਼ਰਮ ਨਾਲ ਕਹਿਣਾ ਪੈਂਦਾ ਹੈ ਚਿੱਤ ਨਹੀਂ ਕਰਦਾ, ਦੀਵਾਲੀ ਦੇ ਮੌਕੇ ਤੇ ਮੈਂ ਕਈ ਬੰਦੇ ਵੇਖੇ ਹਨ, ਜਿਹੜੇ ਦੀਵਾਲੀ ਤਾਂ ਦੇਖਣਾ ਚਾਹੁੰਦੇ ਹਨ, ਪਰ ਟਿਕਟ ਨਹੀਂ ਲੈਣਾ। ਗੁਰੂ ਪਿਆਰਿਓ ! ਨੀਲੇ ਚੋਲੇ ਪਾਏ ਦਰਬਾਰ ਸਾਹਿਬ ਦੀ ਦੀਵਾਲੀ ਵੇਖੀ ਤੇ ਗੱਡੀ ਵਿਚ ਬੇ-ਟਿਕਟੇ ਬਹਿ ਗਏ, ਉਹਨਾਂ ਨੂੰ ਖਾਲਸੇ ਕਿਵੇਂ ਕਹਾਂਗੇ ? ਮੈਂ ਨਿਮਰਤਾ ਸਹਿਤ ਬੇਨਤੀ ਕਰਾਂ ਬੜੀ ਸ਼ਰਮ ਵਾਲੀ ਗੱਲ ਹੈ ਜਦੋਂ ਵੇਖੀਦਾ ਕਿ ਕਈ ਲੋਕ ਬੱਸਾਂ ਦੇ ਉਪਰ ਬੈਠੇ ਹੁੰਦੇ ਹਨ, ਗੁਰੂ ਕਾ ਬਾਣਾ ਪਾ ਕੇ, ਇਕ ਮਨੁੱਖ ਜਿਹੜਾ ਬੜਾ ਢਿੱਲਾ ਹੈ ਅਤੇ ਉਹ ਕਈ ਤਰ੍ਹਾਂ ਦੇ ਭੈੜੇ ਸ਼ਬਦ ਵਰਤਦਾ ਹੈ, ਪਰ ਉਹ ਲੋਕ ਨੀਵੀਆਂ ਪਾ ਕੇ ਅੱਗੋਂ ਬੈਠੇ ਹੁੰਦੇ ਹਨ। ਜਿਹੜਾ ਖਾਲਸਾ ਜੇ ਨੀਵੀਂ ਪਾ ਕੇ ਨਹੀਂ ਬੈਠਦਾ ਤਾਂ ਖਾਲਸਾ ਹੈ, ਦੱਸ ਰੁਪਏ ਦੇ ਕਿਰਾਏ ਪਿਛੇ ਗੁਰਮੁਖੋ ਦੱਸ ਗੱਲਾਂ ਸੁਣਨੀਆਂ, ਇਹ ਖਾਲਸੇ ਦਾ ਕੰਮ ਨਹੀਂ। ਨੀਵੀਂ ਪਾਉਣੀ ਖਾਲਸੇ ਦਾ ਕੰਮ ਨਹੀਂ, ਉਹਦੇ ਨਾਲੋਂ ਚੰਗਾ ਬੇਸ਼ਕ ਆਪ ਰੋਟੀ ਤੋਂ ਭਾਵੇਂ ਭੁਖੇ ਰਹੀਏ, ਪਰ ਟਿਕਟ ਲਾਜ਼ਮੀ ਲਈਏ, ਬੜਾ ਬੋਲ-ਕੁਬੋਲ ਬੋਲਦੇ ਹਨ, ਸਾਰੀ ਬਸ ਰੌਲਾ ਪਾਉਂਦੀ ਹੈ, ਜੋ ਮੂੰਹ 'ਚ ਕਿਸੇ ਦੇ ਆਉਂਦਾ ਕਹਿੰਦਾ, ਇਹੋ ਜਿਹੇ ਲੋਕਾਂ ਨੂੰ ਖਾਲਸੇ ਨਹੀਂ ਕਿਹਾ ਜਾ ਸਕਦਾ। ਮੈਂ ਕਹਿੰਦਾ ਹਾਂ, ਉਹ ਲੋਕ ਕੌਮ 'ਤੇ ਕਲੰਕ ਹਨ, ਸਾਨੂੰ ਹੁਕਮ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

ਗੁਰਦੇਵ ਨੇ ਸਾਨੂੰ ਵਿਹਲੜਾਂ ਦਾ ਪੰਥ ਨਹੀਂ ਬਣਾਇਆ, ਅਸੀਂ ਕਿਰਤੀ ਸਿੱਖ ਹਾਂ, ਕਿਰਤ ਕਰਨੀ, ਆਪ ਛੱਕਣਾ ਯਥਾ ਯੋਗ ਲੋੜਵੰਦ ਦੀ ਮਦਦ ਕਰਨੀ, ਪਰ ਜੋ ਕੁਝ ਬਾਣੇ ਤੱਕ ਸੀਮਤ ਹਨ, ਉਹ ਖ਼ੁਦਗਰਜ਼ ਲੋਕ ਹਨ, ਉਹ ਗੁਰਮਤਿ ਤੋਂ ਅਣਜਾਣ ਹਨ, ਹਜ਼ੂਰ ਫ਼ੁਰਮਾਉਂਦੇ ਹਨ, ਮੁਖ ਤੇ ਪਰਤਾ ਟੀਕਾ ਸਾਹਿਤ। ਹਿਰਦੇ ਰਾਮ ਨਹੀਂ ਪੂਰਨ ਰਹਿਤ।

ਮਾਥੇ ਤਿਲਕੁ ਹਥਿ ਮਾਲਾ ਬਾਨਾ॥
ਲੋਗਨ ਰਾਮੁ ਖਿਲਉਨਾ ਜਾਨਾ॥

ਬਾਹਰੋਂ ਤਿਲਕ ਪਾ ਲੈ ਲਿਆ, ਬੜਾ ਲਿਬਾਸ ਬਣਾ ਲਿਆ, ਪਰ ਲੋਕਾਂ ਤਾਂ ਰੱਬ ਨੂੰ ਖਿਲੌਣਾ ਬਣਾ ਲਿਆ। ਖਿਡੌਣਾ ਜਿਵੇਂ ਮਰਜ਼ੀ ਮੋੜੀ ਫਿਰਦੇ ਹਨ। ਕਈ ਕਹਿੰਦੇ ਹਨ ਜੀ ਮੈਂ ਜਿਉਂ ਜੰਮਿਆਂ ਮੈਂ ਕਦੇ ਕੇਸ ਨਹੀਂ ਮੁਨਾਏ, ਪਾਤਿਸ਼ਾਹ ਕਹਿੰਦੇ ਹਨ, ਤੂੰ ਬਹੁਤ ਚੰਗਾ ਹੈਂ, ਵਡਭਾਗਾ ਹੈਂ, ਪਰ ਜਿੰਨਾ ਚਿਰ ਅੰਮ੍ਰਿਤ ਨਾ ਛਕਿਆ, ਓਨਾ ਚਿਰ ਭੇਖੀ ਹੈਂ-

ਧਰੇ ਕੇਸ ਪਹੁਲ ਬਿਨ ਭੇਖੀ ਮੂੜਾ ਸਿਖ

ਕਿੰਨੀ ਕੜਵੀ ਗੱਲ ਕਹੀ ਹੈ, ਕਹਿੰਦੇ ਹਨ,

ਧਰੇ ਕੇਸ ਪਹੁਲ ਬਿਨ ਭੇਖੀ ਮੂੜਾ ਸਿਖ॥
ਮੇਰਾ ਦਰਸਨ ਨਾਹੀ ਤਿਸ ਪਾਪੀ ਤਿਆਗੇ ਭਿਖ॥

ਇਸ ਕਰਕੇ ਲੋੜ ਹੈ, ਪੰਜਾਂ ਕਕਾਰਾਂ ਦੀ ਰਹਿਤ ਰਖਣ ਦੀ। ਸਿੱਖਾਂ ਦੀ ਨਿਸ਼ਾਨੀ ਪੰਜ ਕਕਾਰ ਹਨ, ਜਿਨ੍ਹਾਂ ਵਿਚੋਂ ਕੋਈ ਚਾਹੇ ਕਿ ਮਾਫ਼ ਕਰਵਾ ਲਵੇ ਭਾਵ ਨਾ ਧਾਰਨ ਕਰਾਂ ਤਾਂ ਕਦੇ ਵੀ ਕਿਸੇ ਇਕ ਕਕਾਰ ਦੀ ਮੁਆਫ਼ੀ ਨਹੀਂ ਮਿਲ ਸਕਦੀ। ਜਿਵੇਂ ਆਪਾਂ ਗੁਰੂ ਨਾਲ ਵੀ ਚਲਾਕੀ ਖੇਡਦੇ ਹਾਂ, ਡੇਢ ਇੰਚ ਕਿਰਪਾਨ ਪੱਗ ਵਿਚ ਰੱਖਣ ਨਾਲ ਸਿੱਖ ਕਕਾਰਾਂ ਦੇ ਧਾਰਨੀ ਨਹੀਂ, ਆਪਾਂ ਸੌਖਾ ਬਹਾਨਾ ਬਣਾਉਣ ਲੱਗ ਪਏ ਹਾਂ, ਇਕ ਇੰਚੀ ਡੇਢ ਇੰਚੀ ਕਿਰਪਾਨ ਜੂੜੇ ਵਿਚ ਟੰਗ ਲਈ ਕਹਿੰਦੇ ਕਿਰਪਾਨ ਹੈ ਆਪਾਂ ਤਿੰਨ ਇੰਚੀ ਕਛਹਿਰਾ ਨਾਲ ਜੇਬ ਵਿਚ, ਬਟੂਏ ਪਾ ਲਈਏ, ਇਹ ਕਛਹਿਰਾ ਹੈ, ਜੇ ਗੁਰਮੁਖੋ ਡੇਢ ਇੰਚੀ ਕ੍ਰਿਪਾਨ ਹੋ ਸਕਦੀ ਹੈ ਤੇ ਤਿੰਨ ਇੰਚ ਦਾ ਕਪੜੇ ਦਾ ਕਛਹਿਰਾ ਬਣਾ ਲਿਆ। ਮੁੜ ਕੇ ਜੇਬ ਵਿਚ ਪਾ ਲਿਆ। ਫੇਰ ਖਾਲਸਾ ਬਣ ਜਾਵੇਗਾ, ਇਹ ਸਾਨੂੰ ਧਾਰਨ ਲਈ ਦਿੱਤੇ ਹਨ, ਉਦਾਹਰਣ ਲਈ :

> ੧ਓ ਵਾਹਿਗੁਰੂ ਜੀ ਕੀ ਫਤਿਹ॥ ਸ੍ਰੀ ਮੁਖਵਾਕ ਪਾਤਿਸ਼ਾਹੀ ਦਸਵੀਂ,
> ਨਿਸ਼ਾਨਿ ਸਿਖੀ ਈਂ ਪੰਜ ਹਰਫਿ ਕਾਫ਼। ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ਼।
> ਕੜਾ ਕਾਰਦੋਂ ਕੱਛ ਕੰਘਾ ਬਿਦਾਂ।
> ਬਿਨਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ।

ਪਾਤਿਸਾਹ ਫ਼ੁਰਮਾਉਂਦੇ ਹਨ –

> ਗੁਰਸਿਖ ਮੀਤ ਚਲਹੁ ਗੁਰ ਚਾਲੀ॥
> ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥

ਸੀਲ ਜਤ ਕੀ ਕੱਛ ਪਹਿਰ ਪਕੜਿਓ ਹਥਿਆਰਾ। ਕਛਿਹਰਾ ਸਦਾ ਗੋਲ ਰੇਪ ਪਹਿਨਣਾ ਦੂਸਰਾ ਨਹੀਂ। ਮੇਰੇ ਕਹਿਣ ਨੂੰ ਚਿਤ ਨਹੀਂ ਕਰਦਾ, ਕਈਆਂ ਨੇ ਇਉਂ ਕਛਿਹਰਾ ਬਣਾਇਆ ਹੁੰਦਾ ਹੈ, ਥੱਲਿਉਂ ਵੀ ਖੁਲ੍ਹਾ ਉਪਰੋਂ ਵੀ ਖੁਲ੍ਹਾ, ਆ ਬੱਕਰੀਆਂ ਵਾਲੇ ਨੇ ਬੱਕਰੀਆਂ ਵਾਲੇ। ਉਹ ਪਠੋਰਿਆਂ ਤੋਂ ਡਰਦੇ ਉਹ ਕਈ ਵਾਰ ਆਪਣੀ ਬੱਕਰੀ ਨੂੰ ਚੋਲਾ ਚਾੜ੍ਹ ਦੇਂਦੇ ਨੇ ਕਿ ਚੁੰਘੇ ਨਾ, ਜਿਹੜਾ ਕਛਿਹਰਾ ਹੈ ਸਾਡਾ ਪਰਦਾ ਏ, ਨਾ ਹੁਣ ਇਕ ਹੋਰ ਕੰਮ ਚਲਿਆ ਕਿ ਸਵਾ ਮੀਟਰ ਦਾ ਕਛਹਿਰਾ ਇਹ ਵੀ ਗ਼ਲਤ ਹੈ, ਸਾਡੇ ਕਛਹਿਰੇ ਵਿਚ ਇੰਨੇ ਵੱਲ ਹੋਣ ਕਿ ਸਾਡੇ ਅੰਗਾਂ ਦਾ ਪ੍ਰਦਰਸ਼ਨ ਨਾ ਹੋਵੇ, ਸਾਡੇ ਕਛਹਿਰੇ ਵਿਚ ਵੱਲ ਹੋਣੇ ਜ਼ਰੂਰੀ ਹਨ, ਕਿਉਂਕਿ ਗੁਰਸਿੱਖ ਇੱਜ਼ਤ ਵਾਲਾ ਹੈ। ਸਾਡੇ ਧਰਮ ਵਿਚ ਪਰਦਾ ਬੜਾ ਜ਼ਰੂਰੀ ਉੱਤਮ ਹੈ, ਕਛਹਿਰਾ ਗੋਲ ਪਹਿਨਣਾ ਦੂਸਰਾ ਨਹੀਂ। - ਭਾਈ ਗੁਰਦਾਸ ਜੀ ਕਹਿੰਦੇ ਹਨ :

> ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥

'ਕੱਛ ਕਿਰਪਾਨ ਕੇਸ ਤ੍ਰਹਿ ਮੁੰਦਰਾ ਗੁਰੂ ਭਗਤਾ ਰਾਮਦਾਸ ਭਏ' ਇਹ ਸਰਬਲੋਹ ਗ੍ਰੰਥ ਵਿਚ ਲਿਖਿਆ ਹੈ, 'ਕੱਛ ਕਿਰਪਾਨ ਨਾ ਕਬਹੂੰ ਤਿਆਗੇ' ਕਈ ਅੰਮ੍ਰਿਤਧਾਰੀਆਂ ਨੂੰ ਦੇਖਿਆ ਹੈ ਕਿ ਉਹ ਕਛਹਿਰਾ ਤਾਂ ਪਾਉਂਦੇ ਹਨ, ਇਸ਼ਨਾਨ ਕੀਤਾ ਬੜੇ ਪ੍ਰੇਮ ਨਾਲ, ਮੁੜ ਕੇ ਲੱਕ

ਦੇ ਦੁਆਲੇ ਪਰਨਾ ਲਪੇਟਿਆ, ਅਰਾਮ ਨਾਲ ਕਛਹਿਰਾ ਲਾਹ ਕੇ ਦੂਜਾ ਪਾ ਲਿਆ। ਮਿਤਰੋ, ਇਹ ਵਿੱਲਿਆਈ ਹੈ ਸਾਡੀ। ਇਕ ਗਿੱਟੇ ਵਿਚੋਂ ਕਛਹਿਰਾ ਲੈ ਕੇ ਜਿੰਨਾ ਚਿਰ ਦੂਜਾ ਕਛਹਿਰਾ ਨਹੀਂ ਪਾਉਂਦੇ, ਓਨਾ ਚਿਰ ਪਹਿਲਾਂ ਕਛਹਿਰਾ ਦੂਜੇ ਗਿੱਟੇ ਕੋਲੋਂ ਥੱਲੇ ਨਹੀਂ ਉਤਾਰਨਾ ਚਾਹੀਦਾ, ਇਹ ਇੰਨਾ ਜ਼ਰੂਰੀ ਹੈ। ਆਪਣੇ ਕੋਲੋਂ ਕਿਸੇ ਮੌਕੇ ਕੰਘਾ ਕਰਦਿਆਂ ਕੰਘਾ ਡਿੱਗ ਸਕਦਾ ਹੈ, ਹਥੋਂ ਡਿੱਗ ਪੈਂਦਾ ਹੈ ਭਾਈ ਕਈ ਵਾਰੀ ਗਾਤਰਾ ਢਿੱਲਾ ਹੋਣ ਕਰਕੇ ਕ੍ਰਿਪਾਨ ਡਿੱਗ ਪੈਂਦੀ ਹੈ, ਸਾਨੂੰ ਹੁਕਮ ਹੈ ਅਸੀਂ ਗੁਰੂ ਦੀ ਹਜ਼ੂਰੀ ਵਿਚ ਆ ਕੇ ਬੇਨਤੀ ਕਰੀਏ, ਪਾਤਿਸ਼ਾਹ ਇਹ ਮੇਰਾ ਕਕਾਰ ਡਿੱਗ ਪਿਆ ਸੀ, ਮੇਰੇ 'ਤੇ ਮਿਹਰ ਕਰ ਕਿ ਮੈਂ ਰਹਿਤ ਮਰਿਆਦਾ ਵਿਚ ਪ੍ਰਪੱਕ ਰਹਾਂ, ਇਕ ਕਕਾਰ ਮੈਨੂੰ ਵਿਛੜੇ ਨਾ, ਕਿ ਇਹ ਨਿਯਮ ਕਛਹਿਰੇ ਦਾ ਨਹੀਂ ਕਛਹਿਰੇ ਵਾਸਤੇ ਨਿਯਮ ਹੈ, ਜਿਸ ਕਾਰਨ ਸਾਡੇ ਕੋਲ ਭੁਲੇਖੇ ਨਾਲ ਜਾਂ ਕਈ ਵਾਰ ਅਣਗਹਿਲੀ ਕਰਕੇ ਸਾਡੇ ਦੋ ਪੌਚਿਆਂ ਜਾਂ ਪੌਚੇ ਗਿੱਟਿਆਂ ਤੋਂ ਲਹਿ ਗਏ, ਤਾਂ ਗੁਰਮੁਖੋ ਪੰਜਾਂ ਸਿੱਖਾਂ ਕੋਲੋਂ ਅਰਦਾਸ ਕਰਾਉਣੀ ਏ, ਇੰਨਾ ਜ਼ਰੂਰੀ ਹੈ, ਕੰਘੇ ਲਈ ਆਪਣੇ ਆਪ ਕਰ ਲੈਣੀ ਹੈ, ਕ੍ਰਿਪਾਨ ਲਈ ਆਪਣੇ ਆਪ ਕਰ ਲੈਣੀ ਹੈ, ਕੜਾ ਤਾਂ ਵੈਸੇ ਡਿੱਗਦਾ ਨਹੀਂ, ਪਰ ਕਛਹਿਰਾ ਇੰਨਾ ਮਹਾਨ ਤੇ ਏਨਾ ਜ਼ਰੂਰੀ ਹੈ ਕਿ ਜੇ ਕਿਸੇ ਕਰਕੇ ਇਹ ਗ਼ਲਤੀ ਸਾਥੋਂ ਹੋਵੇ ਤਾਂ ਅਸੀਂ ਪੰਜਾਂ ਗੁਰਮੁਖ ਪਿਆਰਿਆਂ ਨੂੰ ਬੇਨਤੀ ਕਰਨੀ ਕਿ ਤੁਸੀਂ ਅਰਦਾਸ ਕਰੋ, ਇਹ ਗੁਰੂ ਕਾ ਕਛਹਿਰਾ ਮੇਰੇ ਸਰੀਰ ਨਾਲੋਂ ਅੱਡ ਨਾ ਹੋਵੇ।

ਕਛ ਕਿਰਪਾਨ ਨ ਕਬਹੂ ਤਿਆਗੈ॥

'ਜਤ ਸਤ ਕਛਹਿਰੇ ਤੋਂ ਬਿਨਾਂ' ਰਾਵਣ ਤੇ ਇੰਦਰ ਵਰਗੇ ਦੇਵਤਿਆਂ ਦੀ ਬੁਰੀ ਹਾਲਤ ਹੋਈ, ਜਤ ਸਤ ਏਨਾ ਜ਼ਰੂਰੀ ਹੈ। ਦਸਮ ਗ੍ਰੰਥ ਵਿਚ ਗੁਰਮੁਖੋ ੯੪੨ ਅੰਕ ਦੇ ਉਪਰ ਮਹਾਰਾਜ ਨੇ ਪੰਗਤੀਆਂ ਉਚਾਰਨ ਕੀਤੀਆਂ ਹਨ- ਕਲਗੀਧਰ ਪਾਤਿਸ਼ਾਹ ਫ਼ੁਰਮਾਉਂਦੇ ਹਨ -

ਪਰ ਨਾਰੀ ਕੇ ਭਜੇ ਸਹਸ ਬਾਸਰ ਭੂਗ ਪਾਏ॥
ਪਰ ਨਾਰੀ ਕੇ ਭਜੇ ਚੰਦਰ ਕਲੰਕ ਲਗਾਏ॥
ਪਰ ਨਾਰੀ ਕੇ ਭਜੇ ਸੀਸ ਕਾ ਸੀਸ ਗਵਾਇਓ॥
ਹੋ ਪਰ ਨਾਰੀ ਕੇ ਹੇਤ ਕੜਕ ਕਾਰਨ ਕੋ ਕਾਇਓ॥

ਅੰਗਰੇਜ਼ੀ ਦੀ ਇਕ ਬੜੀ ਸੁੰਦਰ ਕਹਾਵਤ ਹੈ, ਕਹਿੰਦੇ ਹਨ -

**Wealth is lost, nothing is lost, health is lost, something is lost, Character is lost everything is lost.** ਇਸਦਾ ਅਰਥ ਇਹ ਹੈ ਕਿ ਪੈਸੇ ਚਲੇ ਜਾਣ, ਆ ਜਾਣਗੇ, ਸਰੀਰ ਢਿੱਲਾ ਮੱਠਾ ਹੋ ਗਿਆ, ਬਿਮਾਰ ਹੋ ਗਏ ਹਾਂ, ਕਮਜ਼ੋਰੀ ਆਵੇਗੀ ਤਾਂ ਗੁਰੂ ਮੇਹਰ ਕਰੇਗਾ ਗੁਰਮੁਖੋ ! ਕਹਿੰਦੇ ਸਰੀਰ ਤੰਦਰੁਸਤ ਹੋ ਜਾਏਗਾ, ਬਿਮਾਰੀ

ਭੁਲ ਸਕਦੀ ਹੈ, ਪਰ ਪ੍ਰੇਮੀਆ ਤੇਰੇ ਕੋਲੋਂ ਇਖ਼ਲਾਕ ਚਲਿਆ ਗਿਆ ਤਾਂ ਤੇਰੇ ਪੱਲੇ ਕੱਖ ਨਹੀਂ ਰਹਿਣਾ, ਏਨਾ ਜ਼ਰੂਰੀ ਹੈ ਇਹ ਕਛਹਿਰਾ। ਰਾਮ ਚੰਦਰ ਮਹਾਰਾਜ ਜੀ ਨੇ ਹਨੂੰਮਾਨ ਦੀ ਸੇਵਾ 'ਤੇ ਪ੍ਰਸੰਨ ਹੋ ਕੇ ਜਤ ਸਤ ਦੀ ਨਿਸ਼ਾਨੀ ਬਖਸ਼ਿਆ ਸੀ, ਇਹ ਜਿਉਂਦਿਆਂ ਤੇ ਮੋਇਆਂ ਦੇ ਸਰੀਰ ਦਾ ਪੜਦਾ ਕਛਹਿਰਾ ਜਿਊਂਦਿਆਂ ਤੇ ਮੋਇਆਂ ਦਾ 'ਜੋ ਕੱਛ ਬਿਨਾਂ ਮ੍ਰਿਤਕ ਹੋਵੇ' ਕਿੰਨਾ ਜ਼ਰੂਰੀ ਹੈ, ਮੈਂ ਬੇਨਤੀ ਕਰਾਂਗਾ ਤੁਸੀਂ ਆਪ ਪੜ੍ਹੋ ਅੱਠਾਂ ਦੱਸਾਂ ਰੁਪਇਆਂ ਦੀ ਪੁਸਤਕ ਆ ਜਾਂਦੀ ਹੈ, ਰਹਿਤਨਾਮੇ ਭਾਈ ਪਿਆਰਾ ਸਿੰਘ ਪਦਮ ਜੀ ਨੇ ਛਪਾਈ ਹੈ, ਉਹਦੇ ਵਿਚ ਤੁਸੀਂ ਭਾਈ ਦਇਆ ਸਿੰਘ ਰਹਿਤਨਾਮਾ ਪੜ੍ਹ ਲੈਣਾ, ਕਛਹਿਰਾ ਕਿੱਡਾ ਮਹਾਨ ਹੈ, ਉਹ ਗੁਰਮੁਖ ਪਿਆਰੇ ਲਿਖਦੇ ਹਨ - 'ਜੋ ਕੱਛ ਬਿਨਾਂ ਅੰਮ੍ਰਿਤ ਮ੍ਰਿਤ ਹੋਵੇ' ਕਛਹਿਰੇ ਤੋਂ ਬਿਨਾਂ ਜਿਹਦੀ ਮੌਤ ਹੋ ਜਾਏ ਸੋ ਅਗੱਤੀ ਜਾਣੇ, ਕਿਉਂਕਿ ਸਿੰਘੋ ਕਾ ਏਕ ਪੌਚਾ ਨਿਚੋੜ ਕੇ ਪਾਵੇ। ਕਹਿੰਦੇ ਹਨ ਜੇ ਕਛਹਿਰਾ ਨਹੀਂ ਤਾਂ ਉਹ ਨਿਗੱਤੀ ਮਰਿਆ। ਇਸੇ ਪ੍ਰਕਾਰ ਕਈ ਲੋਕ ਸਾਨੂੰ ਮਖ਼ੌਲ ਕਰਦੇ ਹਨ। ਸੰਤ ਬਾਬਾ ਕਰਤਾਰ ਸਿੰਘ ਖਾਲਸਾ ਜੀ ਪ੍ਰਚਾਰ ਕਰਨ ਗਏ, ਉਥੇ ਇਕ ਨਾਸਤਕ ਪ੍ਰੋਫ਼ੈਸਰ ਸੀ, ਉਸ ਨੇ ਇਕ ਸਵਾਲ ਕੀਤਾ, ਬਾਬਾ ਜੀ, ਪਹਿਲਾਂ ਮੈਨੂੰ ਇਕ ਸਵਾਲ ਦਾ ਜਵਾਬ ਦਿਓ। ਬਾਕੀ ਗੱਲਾਂ ਫੇਰ ਕਰ ਲਿਆ ਜੇ। ਕਹਿੰਦੇ ਹਨ, ਗੁਰਮੁਖਾ ਤੂੰ ਬੜਾ ਪੜ੍ਹਿਆ ਲਿਖਿਆ ਹੈਂ, ਚੰਗਾ ਤੂੰ ਵੀ ਸਵਾਲ ਕਰ ਲੈ। ਪ੍ਰੋਫ਼ੈਸਰ ਕਹਿਣ ਲੱਗਾ, ਕਿ ਤੁਸੀਂ ਬਰੇਕਾਂ ਵਾਲਾ ਕਛਹਿਰਾ ਕਿਉਂ ਪਾਉਂਦੇ ਹੋ ? ਸੰਤ ਕਹਿਣ ਲੱਗੇ ਕਿ ਤੂੰ ਫੇਰ ਵੀ ਪੜ੍ਹਿਆ ਲਿਖਿਆ ਟਿਕਾਣੇ ਡਿੱਗਾ ਐਂ। ਤੂੰ ਆਖਿਆ, ਬਰੇਕਾਂ ਵਾਲਾ ਕਛਹਿਰਾ, ਬਹੁਤ ਠੀਕ ਆਖਿਆ। ਬਰੇਕਾਂ ਵਾਲਾ ਕਛਹਿਰਾ ਕਿਉਂ ਪਾਉਂਦੇ ਹਾਂ, ਕਿਉਂਕਿ ਜਿਹੜੀ ਚੀਜ਼ ਚਲਦੀ ਹੋਵੇ, ਉਸ ਨੂੰ ਬਰੇਕਾਂ ਚਾਹੀਦੀਆਂ ਹਨ, ਖਾਲਸਾ ਚਲਦਾ ਫਿਰਦਾ ਹੈ, ਜੇ ਬਰੇਕਾਂ ਨਾ ਹੋਣਗੀਆਂ ਤਾਂ ਕਿਸੇ ਮੌਕੇ ਟੋਏ-ਟਿੱਬੇ ਦੇ ਵਿਚ ਸੱਟ ਖਾ ਸਕਦਾ ਹੈ। ਕਹਿੰਦੇ ਪ੍ਰੋਫ਼ੈਸਰ ਸਾਹਿਬ ਤੁਸੀਂ ਸ਼ਹਿਰ ਵਿਚ ਗਏ ਹੋਵੋਗੇ, ਕਿਉਂਕਿ ਪੜ੍ਹੇ-ਲਿਖੇ ਹੋ, ਲਾਜ਼ਮੀ ਗਏ ਹੋਵੋਗੇ, ਤੁਹਾਨੂੰ ਪਤਾ ਹੈ ਉਥੇ ਚੌਂਕਾਂ ਦੇ ਵਿਚ ਲਾਲ ਬੱਤੀਆਂ ਹਨ, ਕਿਤੇ ਹਰੀਆਂ ਬੱਤੀਆਂ ਹਨ, ਲਾਲ ਬੱਤੀ ਲੰਘਣ ਵਾਲੇ ਨੂੰ ਕਹਿੰਦੀ ਹੈ, ਭਾਈ ਜੇ ਮੇਰੇ ਹੁਕਮ ਦੀ ਪਾਲਣਾ ਨਾ ਕੀਤੀ ਤਾਂ ਤੇਰੇ 'ਚੋਂ ਮੇਰੇ ਰੰਗ ਵਰਗਾ ਲਾਲ ਰੰਗ ਦਾ ਖ਼ੂਨ ਨਿਕਲੇਗਾ, ਇਸ ਲਈ ਇਥੇ ਖਲੋ ਜਾ। ਜਿਹੜਾ ਨਹੀਂ ਖਲੋਂਦਾ, ਉਹਦਾ ਐਕਸੀਡੈਂਟ ਹੋ ਜਾਂਦਾ ਹੈ, ਉਹਦੇ 'ਚੋਂ ਖ਼ੂਨ ਨਿਕਲਦਾ ਹੈ, ਜਿਹੜਾ ਖਲੋ ਗਿਆ, ਉਹਨੂੰ ਕੋਈ ਡਰ ਨਹੀਂ। ਇਸੇ ਤਰ੍ਹਾਂ ਗੁਰਮੁਖੋ ਆਪਾਂ ਗੁਰੂ ਦੇ ਸਿੱਖ ਹਾਂ, ਸਾਡੇ ਵਾਸਤੇ ਗ਼ੈਰ ਔਰਤਾਂ ਹਨ, ਉਹ ਲਾਲ ਬੱਤੀ ਦੇ ਵਾਂਗ ਹਨ ! ਹਰੀ ਬੱਤੀ ਹੋ ਜਾਏ ਤੇ ਉਹ ਰਾਹ ਅਸੀਂ ਬੇਫ਼ਿਕਰ ਹੋ ਕੇ ਵੀ ਪਾਰ ਕਰ ਜਾਂਦੇ ਹਾਂ। ਸਾਡੇ ਵਾਸਤੇ ਕੇਵਲ ਤੇ ਕੇਵਲ ਸਾਡੀ ਜਿਹੜੀ ਧਰਮ ਪਤਨੀ ਹੈ, ਗੁਰੂ ਕੀ ਹਜ਼ੂਰੀ 'ਚ ਸਾਡਾ ਅਨੰਦ ਕਾਰਜ ਹੋਇਆ ਹੈ, ਸਾਡਾ ਸਰੀਰਕ ਸੰਬੰਧ ਕੇਵਲ ਤੇ ਕੇਵਲ ਉਸ ਔਰਤ ਨਾਲ ਹੈ। ਦੂਸਰਾ ਹੈ ਕੜਾ — ਕੜੇ ਦਾ ਅਰਥ ਹੁੰਦਾ ਹੈ ਕੜਨ ਬੰਨ੍ਹਣਾ, ਇਸ ਦਾ ਮਤਲਬ ਇਹ ਹੈ ਕਿ ਅੱਜ ਤੋਂ ਸਾਡੇ ਹੱਥ ਗੁਰੂ ਗੋਬਿੰਦ ਸਿੰਘ ਸੱਚੇ

ਪਾਤਿਸ਼ਾਹ ਦੇ ਹੋ ਗਏ ਨੇ। ਇਹਨਾਂ ਹੱਥਾਂ ਨਾਲ ਚੋਰੀ ਤੇ ਯਾਰੀ ਨਹੀਂ ਕਰਨੀ, ਪਰ ਨਾਲ ਹੀ ਖ਼ਿਆਲ ਰੱਖਣਾ ਦਸਮ ਗ੍ਰੰਥ ਵਿਚ ਬੜੇ ਕੀਮਤੀ ਬਚਨ ਹਨ, 'ਸਰਬ ਲੋਹ ਕੀ ਰੱਛਾ ਹਮ ਨੇ' ਅੱਜ ਵੇਖਣ ਵਿਚ ਆਉਂਦਾ ਹੈ ਕਿ ਸਾਡੇ ਕਈ ਭਰਾ ਜਿਨ੍ਹਾਂ ਤਿੰਨਾਂ-ਤਿੰਨਾਂ, ਚੋਹਾਂ-ਚੋਹਾਂ ਤੋਲਿਆਂ ਦੇ ਸੋਨੇ ਦੇ ਕੜੇ ਪਾਏ ਹੁੰਦੇ ਹਨ, ਉਹਨਾਂ ਦੇ ਗੁੱਟਾਂ ਵਿਚ ਲੋਹੇ ਦਾ ਕੜਾ ਨਹੀਂ ਹੁੰਦਾ। ਸੋਨੇ ਦਾ ਕੜਾ ਪਾਉਣਾ ਸਾਡੇ ਲਈ ਪਾਪ ਨਹੀਂ, ਪਰ ਮਿੱਤਰਾ ਗੁਰੂ ਗੋਬਿੰਦ ਸਿੰਘ ਜੀ ਕੋਲ ਲੋਹੇ ਦਾ ਕੜਾ ਹੈ, ਸੋਨੇ ਦੇ ਕੜੇ ਜੰਮ-ਜੰਮ ਪਾਉ, ਪਰ ਗੁਰਮੁਖੋ ਗੁਰੂ ਦੀ ਵੀ ਨਿਸ਼ਾਨੀ ਹੋਣੀ ਚਾਹੀਦੀ ਹੈ। ਸਰਬਲੋਹ ਦਾ ਕੜਾ ਹੋਵੇ। ਤੀਜਾ ਕ੍ਰਿਪਾਨ— ਕ੍ਰਿਪਾਨ ਦਾ ਅਰਥ ਹੁੰਦਾ ਹੈ ਕ੍ਰਿਪਾ ਵੀ ਕਰਨੀ ਤੇ ਆਣ ਤੇ ਅਣਖ ਦੀ ਰਾਖੀ ਵੀ ਰੱਖਣੀ ਹੈ, ਕ੍ਰਿਪਾਨ ਪਾ ਕੇ ਜ਼ਾਲਮ ਨਹੀਂ ਬਣਨਾ। ਅਸੀਂ ਆਮ ਕਰਕੇ ਕਹਿੰਦੇ ਹਾਂ ਮੇਰੀ ਕ੍ਰਿਪਾਨ ਤਿੱਖੀ ਲਿਆ, ਮੈਂ ਬੱਕਰਾ ਝਟਕਾਉਣੈ। ਕ੍ਰਿਪਾਨ ਸਿਰਾਂ ਨੂੰ ਜੋੜਨ ਵਾਸਤੇ ਹੈ, ਸਿਰਾਂ ਨੂੰ ਵੱਢਣ ਲਈ ਨਹੀਂ। ਕ੍ਰਿਪਾਨ ਕ੍ਰਿਪਾ ਕਰਨ ਲਈ ਹੈ, ਪਰ ਜਿਹੜਾ ਦੁਸ਼ਟ ਤੇ ਪਾਪੀ ਹੈ, ਉਹਦੇ ਸਿਰ ਨੂੰ ਕੱਟਣ ਵਾਸਤੇ ਬਣਾਈ ਹੈ, ਗਰੀਬ ਤੇ ਗਊ ਦਾ ਸਿਰ ਵੱਢਣ ਲਈ ਨਹੀਂ, ਨਿਮਾਣੇ 'ਤੇ ਜ਼ੁਲਮ ਕਰਨ ਲਈ ਨਹੀਂ। ਕ੍ਰਿਪਾਨ ਪਾ ਕੇ ਅਸੀਂ ਆਪਣੀ ਅਣਖ ਤੇ ਗ਼ੈਰਤ ਨੂੰ ਕਾਇਮ ਰਖਣਾ ਹੈ। ਉਸ ਪ੍ਰੋਫ਼ੈਸਰ ਨੇ ਦੂਜਾ ਸਵਾਲ ਕੀਤਾ, ਬਾਬਾ ਜੀ ਹੁਣ ਤਾਂ ਏਡੀਆਂ-ਏਡੀਆਂ ਮੀਜ਼ਾਇਲਾਂ ਆ ਗਈਆਂ ਹਨ, ਪਸਤੌਲ, ਰਿਵਾਲਵਰ ਤੇ ਹੋਰ ਕਈ ਤਰ੍ਹਾਂ ਦੇ ਪਤਾ ਨਹੀਂ ਕਿੰਨੇ ਕੁ ਹਥਿਆਰ ਹਨ, ਹੁਣ ਭਲਾ ਕ੍ਰਿਪਾਨ ਦੀ ਕੀ ਲੋੜ ਹੈ? ਮਹਾਂਪੁਰਸ਼ ਕਹਿਣ ਲੱਗੇ, ਪ੍ਰੋਫ਼ੈਸਰ ਸਾਹਿਬ, ਤੇਰੇ ਨਾਲ ਤੇਰੀ ਭੈਣ ਹੋਵੇ, ਬੇਟੀ ਹੋਵੇ, ਕੋਈ ਗ਼ਲਤ ਅਨਸਰ ਤੇਰੀ ਧੀ ਤੇ ਭੈਣ ਵੱਲ ਉਂਗਲ ਕਰੇ, ਤੂੰ ਸੈਂਟਰ ਨੂੰ ਫ਼ੋਨ ਕਰੇਂਗਾ ਕਿ ਮਹਾਰਾਜ ਮੈਨੂੰ ਇਥੋਂ ਟੈਂਕ ਭੇਜੋ, ਫੇਰ ਟੈਂਕ ਆਏਗਾ ਤੇਰੇ ਲਈ ਮੀਜ਼ਾਇਲ ਫਿੱਟ ਕਰਨਗੇ, ਜਿਹੜੀ ਪਸਤੌਲ ਹੈ ਉਹਦੀਆਂ ਗੋਲੀਆਂ ਮੁੱਕ ਸਕਦੀਆਂ ਹਨ, ਲੇਕਿਨ ਗੁਰੂ ਦੀ ਕ੍ਰਿਪਾਨ ਨੇ ਮਿਸ ਨਹੀਂ ਹੋਣਾ, ਇਹ ਕਦੇ ਮਿਸ ਨਹੀਂ ਹੁੰਦੀ, ਇਸ ਕਰਕੇ ਗੁਰਮੁਖਾ ਕ੍ਰਿਪਾਨ ਸਦਾ ਵਾਸਤੇ latest ਹੈ, ਨਵੀਂ ਹੈ। ਚੋਥਾ ਹੈ ਗੁਰਮੁਖੋ ਕੰਘਾ— ਕੰਘਾ ਲੱਕੜ ਦਾ ਹੋਣਾ ਚਾਹੀਦਾ ਹੈ, ਆਮ ਕਰਕੇ ਦੇਖਿਆ ਹੈ ਕਿ ਕੰਘੇ ਗੈਂਡੇ 'ਤੇ ਹਾਥੀ ਦੰਦਾਂ ਦੇ ਹੁੰਦੇ ਹਨ। ਤੁਸੀਂ ਕਿਤੇ ਇਸ਼ਨਾਨ ਕਰਕੇ ਵੇਖਣਾ ਖ਼ੁਸ਼ਕ ਕੇਸਾਂ ਵਿਚ ਕੰਘਾ ਕਰਨਾ, ਤੁਹਾਡੇ ਕੇਸਾਂ ਵਿਚ ਚੰਗਿਆੜੇ ਨਿਕਲਣਗੇ, ਜੇ ਤੁਸੀਂ ਪਲਾਸਟਿਕ ਦਾ ਜਾਂ ਹਾਥੀ ਦੰਦ ਦਾ ਕੰਘਾ ਵਰਤੋਗੇ ਤਾਂ ਤੁਹਾਡੀ ਐਨਰਜੀ ਵੇਸਟ ਹੋਵੇਗੀ। ਲੇਕਿਨ ਜਿਹੜੀ ਲੱਕੜ ਹੈ ਨਾ ਇਸਨੂੰ ਅੰਗਰੇਜ਼ੀ ਵਿਚ bad condact of heat ਇਹਨੂੰ ਕੁਚਾਲਕ ਕਹਿੰਦੇ ਹਨ, ਇਹਦੇ ਵਿਚ ਕਰੰਟ ਨਹੀਂ ਪਾਸ ਹੁੰਦਾ, ਜਦੋਂ ਲੱਕੜ ਦਾ ਕੰਘਾ ਕਰਨਗੇ, ਸਾਡੀ ਉਹ Energy Waste ਨਹੀਂ ਹੋਵੇਗੀ। ਸਾਬਤ ਸੂਰਤ ਸਿੱਧਾ ਦਾੜ੍ਹਾ ਕਾਠ ਦਾ ਕੰਘਾ ਕੇਸੀ ਚਾੜਾ। ਲੱਕੜ ਦਾ ਕੰਘਾ ਕੇਸਾਂ ਵਿਚ ਰੱਖਣਾ ਹੈ, ਪਲਾਸਟਿਕ ਦੀ ਕੰਘੀ ਆਦਿ ਦੀ ਵਰਤੋਂ ਅਸੀਂ ਨਹੀਂ ਕਰਨੀ। ਪੰਜਵਾਂ ਕਕਾਰ ਹੈ ਕੇਸ। ਇਹ ਅਕਾਲ ਪੁਰਖ ਦੀ ਦਾਤ ਹੈ। ਕਈ ਸਾਨੂੰ ਜਿਹੜੇ

ਅਨਜਾਣ ਲੋਕ ਹਨ, ਸਵਾਲ ਕਰਦੇ ਹਨ ਤੇ ਸਾਨੂੰ ਜਾਣਕਾਰੀ ਨਾ ਹੋਣ ਕਰਕੇ ਅਸੀਂ ਢਿੱਲੇ ਜਿਹੇ ਹੋ ਜਾਂਦੇ ਹਾਂ, ਸਾਨੂੰ ਜਵਾਬ ਨਹੀਂ ਆਉਂਦਾ, ਜਵਾਬ ਹੈ, ਪਰ ਅਸੀਂ ਕਦੀ ਵਿਚਾਰਿਆ ਨਹੀਂ, ਪੜ੍ਹਿਆ ਨਹੀਂ, ਉਹ ਲੋਕ ਸਾਨੂੰ ਕਹਿੰਦੇ ਸਰਦਾਰੋ ਸਿੱਖੋ ! ਤੁਸੀਂ ਕੇਸ ਕਿਉਂ ਰੱਖਦੇ ਹੋ ? ਉਹਨਾਂ ਦਾ ਸਵਾਲ ਗ਼ਲਤ ਹੈ। ਅਸੀਂ ਬਜ਼ਾਰੋਂ ਨਹੀਂ ਲਿਆਂਦੇ, ਅਸੀਂ ਕੌਣ ਹਾਂ ਰੱਖਣ ਵਾਲੇ, ਇਹ ਕੇਸ ਰੱਬ ਨੇ ਰੱਖੇ ਹਨ, ਇਸ ਰੱਬ ਦੀ ਅਮਾਨਤ ਨੂੰ ਅਸੀਂ ਸਾਂਭ ਕੇ ਰਖਿਆ ਹੈ। ਰੱਖਣ ਦੀ ਗੱਲ ਤਾਂ ਹੋਵੇ ਜੇ ਅਸੀਂ ਬਜ਼ਾਰੋਂ ਲਿਆਈਏ ਕਿ ਇੰਨੇ ਦੇ ਕੇਸ ਲਿਆਂਦੇ ਤੇ ਸਾਨੂੰ ਰੱਖਣ ਦਾ ਸ਼ੌਕ ਹੈ। ਇਸ ਕਰਕੇ ਅਸੀਂ ਇਮਾਨਦਾਰ ਹੋਣ ਕਰਕੇ ਪ੍ਰਮੇਸ਼ਰ ਨੇ ਸਾਨੂੰ ਜਿਵੇਂ ਪੈਦਾ ਕੀਤਾ, ਉਹਨੂੰ ਜਿਉਂ ਦੀ ਤਿਉਂ ਸਾਂਭ ਕੇ ਰੱਖੀਏ ਤੇ ਜਨਮ-ਸਾਖੀ ਵਿਚ ਤਾਂ ਬੜਾ ਤਗੜਾ ਲਿਖਿਆ ਹੈ, ਗੁਰੂ ਨਾਨਕ ਪਾਤਿਸ਼ਾਹ ਦੇ ਬਚਨਾਂ ਵਿਚ, ਕਹਿੰਦੇ ਹਨ-

ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ।
ਦਰਗੇ ਢੋਈ ਨਾ ਮਿਲੇ ਕਾਫਰ ਕੁੱਤਾ ਸ਼ੈਤਾਨ।

ਕਿੱਡੀ ਕਰੜੀ ਗੱਲ ਹੈ ਤੇ ਲਿਖਿਆ ਹੈ ਜਨਮ-ਸਾਖੀ 'ਚ। ਇਸ ਕਰਕੇ ਗੁਰਮੁਖੋ ! ਇਹ ਕੇਸ ਅਸੀਂ ਨਹੀਂ ਰੱਖਦੇ, ਇਹ ਸਾਨੂੰ ਅਕਾਲ ਪੁਰਖ ਨੇ ਦਾਤ ਦਿੱਤੀ ਹੈ। ਅਸੀਂ ਈਮਾਨਦਾਰ ਹੋਣ ਕਰਕੇ ਅਕਾਲ ਪੁਰਖ ਦੀ ਅਮਾਨਤ ਨੂੰ ਸਾਂਭ ਕੇ ਰੱਖਦੇ ਹਾਂ। ਜਿਨ੍ਹਾਂ ਨੇ ਕੈਂਚੀ ਦੀ ਵਰਤੋਂ ਕੀਤੀ ਹੈ ਉਹਨਾਂ ਨੇ ਆਪਣੀਆਂ ਮੋਹਰਾਂ ਲਾ ਕੇ ਲੇਬਲ ਲਾ ਲਏ। ਇਹ ਪੰਜ ਕਕਾਰਾਂ ਦੀ ਗੁਰਮੁਖੋ ਮਹਾਨਤਾ ਹੈ। ਸਤਿਗੁਰ ਪਾਤਿਸ਼ਾਹ ਸਾਡੇ 'ਤੇ ਦਇਆ ਕਰਨ। ਅਸੀਂ ਪੰਜਾਂ ਕਕਾਰਾਂ ਦੀ ਰਹਿਤ ਨੂੰ ਰੱਖੀਏ ਤੇ ਮੈਂ ਆਪਣੇ ਵੱਲੋਂ ਨਿੱਜੀ ਤੌਰ 'ਤੇ ਸਮੂਹ ਸੰਗਤਾਂ ਨੂੰ ਬੇਨਤੀ ਕਰਦਾ ਹਾਂ ਕਿ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਦੇ ਚਰਨਾਂ ਵਿਚ ਸੇਵਾ ਕਰਨ ਦਾ ਬਲ ਬਖਸ਼ਣ। ਤੁਹਾਡੀਆਂ ਰਹਿਮਤਾਂ ਤੇ ਅਸ਼ੀਰਵਾਦਾਂ ਦਾ ਸਦਕਾ ਮੈਨੂੰ ਗੁਰੂ ਰਾਮਦਾਸ ਦੇ ਘਰ ਦੀ ਸੇਵਾ ਮਿਲੀ ਹੈ। ਭੁੱਲਾਂ ਚੁੱਕਾਂ ਦੀ ਮੁਆਫੀ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

✱✱✱

# ਗੁਰ ਸੇਵਾ ਤੇ ਸੁਖੁ ਊਪਜੈ

ਸਲੋਕੁ ਮਃ ੩ ॥ ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥
ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥
ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ ॥
ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ ॥ ੧ ॥
ਮਃ ੩ ॥ ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥
ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥
ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥ ੨ ॥
ਪਉੜੀ ॥ ਹਰਿ ਹਰਿ ਅਪਣੀ ਦਇਆ ਕਰਿ ਹਰਿ ਬੋਲੀ ਬੈਣੀ ॥
ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ ॥
ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ ॥
ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ ਤਿਨ ਜਨ ਦੇਖਾ ਨੈਣੀ ॥
ਹਉ ਵਾਰਿਆ ਅਪਣੇ ਗੁਰੂ ਕਉ ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥ ੨੪ ॥

ਗੁਰੂ ਕੀ ਸਾਜੀ ਨਿਵਾਜੀ ਗੁਰੂ ਸਰੂਪ ਗੁਰੂ ਖਾਲਸਾ ਸਾਧ ਸੰਗਤ ਜੀ ! ਅਸੀਂ ਪੁਰਾਤਨ ਧਾਰਮਿਕ ਪੰਗਤੀਆਂ ਦਾ ਅਧਿਐਨ ਕਰੀਏ ਤਾਂ ਉਹਨਾਂ ਲੋਕਾਂ ਨੇ ਪ੍ਰਮਾਤਮਾ ਦੀ ਪ੍ਰਾਪਤੀ ਲਈ ਦੋ ਢੰਗ ਵਰਤੇ ਹਨ। ਉਹ ਦੋ ਢੰਗ ਇਹ ਹਨ ਕਿ ਕੁਝ ਲੋਕਾਂ ਨੇ ਆਪਣੇ ਸਰੀਰ ਨੂੰ ਕਸ਼ਟ ਆਦਿ ਦੇ ਕੇ ਉਸ ਪ੍ਰਮਾਤਮਾ ਨੂੰ ਮਿਲਣ ਲਈ ਉਪਰਾਲਾ ਕੀਤਾ ਜਿਸ ਨੂੰ ਹੱਠ ਯੋਗ ਆਖਿਆ ਜਾਂਦਾ ਹੈ। ਲੰਮਾ-ਲੰਮਾ ਸਮਾਂ ਸਮਾਧੀਆਂ ਲਾਉਣੀਆਂ, ਜਲਧਾਰਾ ਕਰਨਾ, ਭੁੱਖੇ ਰਹਿਣਾ। ਇਥੋਂ ਤਕ ਕਿ ਦਰੱਖਤਾਂ ਦੇ ਨਾਲ ਪੁੱਠੇ ਲਮਕਣਾ, ਧੂੜੀਆਂ ਪਾਉਣੀਆਂ, ਇਹ ਸਰੀਰ ਨੂੰ ਕਸ਼ਟ ਆਦਿ ਦੇ ਕੇ ਪ੍ਰਮਾਤਮਾ ਨੂੰ ਮਿਲਣ ਦਾ ਇਕ ਢੰਗ ਚੁਣਿਆ।

ਦੂਸਰੇ ਲੋਕ ਉਹ ਸਨ ਜਿਨ੍ਹਾਂ ਕੁਝ ਵਿਸ਼ੇਸ਼ ਮੰਤਰਾਂ ਦਾ ਜਾਪ ਕਰਕੇ ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਕਰਕੇ ਪ੍ਰਮਾਤਮਾ ਨੂੰ ਮਿਲਣ ਦਾ ਯਤਨ ਕੀਤਾ।

ਗੁਰਮੁਖੋ ! ਸਤਿਗੁਰੂ ਪਾਤਿਸ਼ਾਹ ਮਹਾਰਾਜ ਨੇ ਸਾਡੇ 'ਤੇ ਕਿਰਪਾ ਕੀਤੀ, ਸਾਨੂੰ ਸਤਿਜੁਗ ਬਖ਼ਸ਼ਿਆ। ਸਤਿਜੁਗ ਦਾ ਅਰਥ ਇਹ ਹੈ ਪਰਿਵਾਰ ਵਿਚ ਰਹਿੰਦਿਆਂ ਹੋਇਆਂ ਉਸ ਪਰੀਪੂਰਨ ਪ੍ਰਮਾਤਮਾ ਨਾਲ ਜੁੜਨਾ। ਹੱਸਣਾ, ਖੇਡਣਾ, ਪਹਿਨਣਾ, ਖਾਣਾ ਇਹ ਸਾਰੇ

ਕਰਤੱਵ ਕਰਦਿਆਂ ਪ੍ਰਮਾਤਮਾ ਨੂੰ ਮਿਲਣ ਦਾ ਯਤਨ ਕਰਨਾ। ਯਾਦ ਰੱਖਣਾ ਜਿਹੜਾ ਪਾਣੀ ਆਪਣੇ ਮੂਲ ਨਾਲੋਂ ਟੁੱਟ ਜਾਏ, ਅੱਡ ਹੋ ਜਾਏ, ਉਹ ਪਾਣੀ ਬਦਬੂ ਮਾਰ ਜਾਂਦਾ ਹੈ। ਫੁੱਲ ਟਹਿਣੀ ਨਾਲ ਲੱਗਾ ਹੋਇਆ ਖਿੜਿਆ ਪ੍ਰਤੀਤ ਹੁੰਦਾ ਹੈ, ਖਿੜਿਆ ਵੀ ਹੁੰਦਾ ਹੈ ਤੇ ਸੁਗੰਧੀ ਵੀ ਪੂਰੀ, ਪਰ ਜਦੋਂ ਉਹ ਆਪਣੇ ਮੂਲ ਨਾਲੋਂ ਟੁੱਟ ਜਾਵੇ ਤਾਂ ਉਹ ਫੁੱਲ ਮੁਰਝਾ ਜਾਂਦਾ ਹੈ। ਫਲ ਹਨ, ਖ਼ਾਸ ਕਰਕੇ ਤੁਸੀਂ ਅੰਬ ਦਾ ਫਲ ਦੇਖੋ, ਉਹ ਧੰਦਾ ਕਰਨ ਵਾਲੇ ਲੋਕ ਹਨੇਰੀ ਕਰਕੇ ਇਕ ਅੰਬ ਦਾ ਫਲ ਡਿੱਗ ਜਾਵੇ ਉਸ ਦੀ ਪੈਲ ਪਾਉਂਦੇ ਨੇ, ਇਕ ਅੰਬ ਦਾ ਫਲ ਟਹਿਣੀ ਦੇ ਨਾਲ ਪੱਕਦਾ ਹੈ, ਦੋਹਾਂ ਦੇ ਰਸ ਦਾ ਬੜਾ ਫ਼ਰਕ ਹੋਵੇਗਾ। ਇਕ ਖੱਟਾ ਬੇ-ਸੁਆਦਾ ਹੋਵੇਗਾ, ਪਰ ਜਿਹੜਾ ਟਹਿਣੀ ਨਾਲ ਪੱਕੇਗਾ ਬੜਾ ਸੁਆਦੀ ਤੇ ਅਨੰਦਦਾਇਕ ਹੋਵੇਗਾ। ਇਸ ਤਰ੍ਹਾਂ ਕੁਝ ਲੋਕ ਪਰਿਵਾਰ ਨੂੰ, ਘਰ ਨੂੰ ਛੱਡ ਕੇ ਜੰਗਲਾਂ ਵਿਚ ਜਾ ਕੇ ਭਟਕਦੇ ਹਨ। ਕੁਝ ਸਮੇਂ ਦੇ ਬਾਅਦ ਉਹਨਾਂ ਦਾ ਜੀਵਨ ਤਿੜਕ ਜਾਂਦਾ ਹੈ। ਬ੍ਰਹਮਚਾਰੀ ਵੀ ਹੋ ਗਏ। ਗੁਰੂ ਪਾਤਿਸ਼ਾਹ ਮਹਾਰਾਜ ਨੇ ਇਹ ਸਹਿਜ ਮਾਰਗ ਦਿੱਤਾ ਬਈ ਮਿੱਤਰਾ, ਕਾਰੋਬਾਰ ਕਰਦਿਆਂ ਧੰਦੇ ਕਰਦਿਆਂ-ਕਰਦਿਆਂ ਤੂੰ ਪ੍ਰਮਾਤਮਾ ਨੂੰ ਮਿਲ ਸਕਦਾ ਹੈਂ। ਜਿਵੇਂ ਕੋਈ ਪੰਛੀ ਇਕ ਟਹਿਣੀ ਤੋਂ ਦੂਜੀ ਟਹਿਣੀ ਤੱਕ ਪਹੁੰਚਦਾ ਹੈ ਤਾਂ ਉਹਨੂੰ ਖੰਭ ਚਾਹੀਦੇ ਹਨ, ਇਸੇ ਤਰ੍ਹਾਂ ਇਹ ਜੀਵ ਰੂਪੀ ਪੰਛੀ ਨੂੰ ਧੰਨ ਗੁਰੂ ਨਾਨਕ ਪਾਤਿਸ਼ਾਹ ਮਹਾਰਾਜ ਨੇ ਦੋ ਖੰਭ ਦਿੱਤੇ ਨੇ ਪ੍ਰਮਾਤਮਾ ਤੱਕ ਪਹੁੰਚਣ ਲਈ। ਉਹ ਕਿਹੜੇ ਹਨ-ਇਕ ਸੇਵਾ ਦਾ ਦੂਸਰਾ ਸਿਮਰਨ ਦਾ। ਇਕੱਲਾ ਸਿਮਰਨ ਕਰਦਿਆਂ ਵੀ ਮਨੁੱਖ ਦੇ ਮਨ ਵਿਚ ਮਾਣ ਆ ਜਾਂਦਾ ਹੈ ਕਿ ਮੈਂ ਬਹੁਤ ਭਜਨੀਕ ਹਾਂ।

ਜਿਸ ਤਰ੍ਹਾਂ ਗੁਰਮੁਖੋ ! ਇਕ ਕਿਸਾਨ ਜੇਕਰ ਪੈਲੀ ਨੂੰ ਵਾਹੀ ਜਾਏ, ਪਰ ਜੇ ਉਸ ਪੈਲੀ ਵਿਚ ਕੁਝ ਬੀਜੇ ਨਾ ਤਾਂ ਕੁਝ ਵੀ ਉਗੇਗਾ ਨਹੀਂ ਤੇ ਜੇ ਇਕੱਲਾ ਬੀਜ ਸੁਟੀ ਜਾਂਦਾ ਹੈ ਤੇ ਪੈਲੀ ਵਾਹੀ ਨਹੀਂ ਤਾਂ ਉਸ ਪੈਲੀ ਦੇ ਵਿਚੋਂ ਉਹਨੂੰ ਫ਼ਸਲ ਨਹੀਂ ਮਿਲਣੀ ਕਿਉਂਕਿ ਉਹ ਧਰਤੀ ਬੰਜਰ ਹੈ, ਸਖ਼ਤ ਹੈ, ਕਰੜੀ ਹੈ। ਇਸੇ ਪ੍ਰਕਾਰ ਜਿਹੜੀ ਸੇਵਾ ਕਰਨੀ ਹੈ ਨਾ ਇਹ ਆਪਣੇ ਅੰਤਸ਼ਕਰਣ ਰੂਪੀ ਅਥਵਾ ਹਿਰਦੇ ਨੂੰ ਵਾਹੁਣਾ ਜੇ। ਮੈਂ ਬੇਨਤੀ ਕੀਤੀ ਹੈ ਕੋਈ ਜ਼ਿਮੀਦਾਰ ਆਖੇ ਮੈਂ ਪੈਲੀ ਵਾਹੀ ਜਾਵਾਂ ਬੀਜ ਨਾ ਪਾਵਾਂ। ਉਹਨੂੰ ਫ਼ਸਲ ਦੀ ਪ੍ਰਾਪਤੀ ਨਹੀਂ, ਉਹਨੂੰ ਅੰਨ ਨਹੀਂ ਮਿਲੇਗਾ, ਉਸ ਨੂੰ ਦਾਮ ਨਹੀਂ ਮਿਲਣਗੇ। ਪਹਿਲਾਂ ਪੈਲੀ ਵਾਹੁਣੀ ਪਏਗੀ ਫੇਰ ਬੀਜ ਪਾਉਣਾ ਪਏਗਾ। ਜਿਵੇਂ ਸਾਡੇ ਗੁਰੂ ਬਾਬੇ ਨੇ ਸਾਨੂੰ ਹਿਦਾਇਤ ਦਿੱਤੀ ਹੈ :-

ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥

ਹੱਲ ਦੀ ਹਲੀਮੀ ਆਖੀ ਹਲੀਮੀ ਕਰਨੀ, ਇਹ ਹੱਲ ਵਾਹੁਣ ਲਈ ਹੈ ਸਤਿ ਤੇ ਸੰਤੋਖ ਰੂਪੀ ਦੋ ਅੱਗੇ ਬਲਦ ਜੋੜੇ ਨੇ।

ਸੋ ਗੁਰਮੁਖੋ ! ਅੱਜ ਦੇ ਹੁਕਮਨਾਮੇ ਵਿਚ ਧੰਨ ਗੁਰੂ ਅਮਰਦਾਸ ਪਾਤਿਸ਼ਾਹ ਮਹਾਰਾਜ ਨੇ ਗੁਰੂ ਦੀ ਸੇਵਾ ਕਰਨ ਦਾ ਸਾਨੂੰ ਹੁਕਮ ਦਿੱਤਾ ਤੇ ਸੇਵਾ ਕਿਸ ਤਰ੍ਹਾਂ ਦੀ ਹੋਵੇ ? ਸੇਵਾ ਦਾ

ਫਲ ਕੀ ਹੈ? ਇਹ ਸਮੁੱਚਾ ਪ੍ਰਕਰਨ ਸਤਿਗੁਰੂ ਪਾਤਿਸ਼ਾਹ ਮਹਾਰਾਜ ਨੇ ਇਹ ਪਾਵਨ ਹੁਕਮਨਾਮੇ ਵਿਚ ਸਾਨੂੰ ਸਮਝਾਇਆ ਹੈ, ਜਿਵੇਂ ਹਜ਼ੂਰ ਕਿਰਪਾ ਕਰਦੇ ਨੇ ਸਰਵਣ ਕਰੋ ਜੀ!

ਸਲੋਕ ਮ: ੩ ॥

ਗੁਰ ਸੇਵਾ ਤੇ ਸੁਖੁ ਊਪਜੈ

ਗੁਰੂ ਕੇ ਸਿੱਖਾ! ਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਤੈਨੂੰ ਸੁੱਖ ਦੀ ਪ੍ਰਾਪਤੀ ਹੋਵੇਗੀ, ਬੇਅੰਤ ਤਰ੍ਹਾਂ ਦੀ ਗੁਰੂ ਕੇ ਸਿੱਖਾਂ ਨੇ ਸੇਵਾ ਕੀਤੀ। ਬੀਬੀ ਅਮਰੋ ਜੀ ਸਤਿਗੁਰੂ ਅਮਰਦਾਸ ਪਾਤਿਸ਼ਾਹ ਦੇ ਭਤੀਜੇ ਭਾਈ ਜੱਸੇ ਨਾਲ ਵਿਆਹੇ ਹੋਏ ਸਨ। ਉਹਨਾਂ ਦੀ ਪਾਵਨ ਰਸਨਾ ਤੋਂ ਬਾਬਾ ਅਮਰਦਾਸ ਨੇ ਬਾਣੀ ਸੁਣੀ, ਬਾਣੀ ਦਾ ਪ੍ਰਭਾਵ ਮਨ 'ਤੇ ਇੰਨਾ ਪਿਆ ਕਿ ਉਹਨਾਂ ਦੇ ਮਨ ਵਿਚ ਗੁਰੂ ਦੇ ਪ੍ਰਤੀ ਕਸ਼ਿਸ਼ ਪੈਦਾ ਹੋਈ, ਖਿੱਚ ਪੈਦਾ ਹੋ ਗਈ, ਕਹਿਣ ਲੱਗੇ ਬੇਟਾ! ਜਿਸ ਗੁਰੂ ਦੀ ਤੂੰ ਇਹ ਬਾਣੀ ਪੜ੍ਹੀ ਹੈ, ਮੇਰੇ 'ਤੇ ਕ੍ਰਿਪਾ ਕਰ ਮੈਨੂੰ ਉਹਨਾਂ ਦੇ ਦਰਸ਼ਨ ਦੀਦਾਰੇ ਕਰਵਾ। ਬੀਬੀ ਅਮਰੋ ਨੇ ਹੱਥ ਜੋੜੇ ਕਿਉਂਕਿ ਪਤਿਉਰਾ ਬੜੀ ਉੱਚੀ ਥਾਂ ਹੈ, ਸਾਡੇ ਸਮਾਜ ਵਿਚ ਪਿਤਾ ਸਮਾਨ ਹੁੰਦਾ ਹੈ। ਅਦਬ ਦੇ ਸਹਿਤ ਹੱਥ ਜੋੜ ਕੇ ਬੇਨਤੀ ਕੀਤੀ, ਤਾਇਆ ਜੀ! ਧੰਨ ਗੁਰੂ ਨਾਨਕ ਪਾਤਿਸ਼ਾਹ ਜਿਨ੍ਹਾਂ ਦੀ ਇਹ ਪਾਵਨ ਬਾਣੀ ਹੈ ਉਹ ਜੋਤੀ ਜੋਤ ਸਮਾ ਚੁੱਕੇ ਹਨ, ਹੁਣ ਮੇਰੇ ਸਤਿਕਾਰ ਯੋਗ ਪਿਤਾ ਜੀ ਇਹ ਭਗਤੀ ਦੀ ਪ੍ਰੇਰਨਾ ਖਡੂਰ ਸਾਹਿਬ ਦੇਂਦੇ ਹਨ। ਉਹ ਕਹਿਣ ਲੱਗੇ, ਧੀਏ! ਤੂੰ ਕਿਰਪਾ ਕਰ ਮੈਨੂੰ ਉਹਨਾਂ ਦੇ ਕੋਲ ਲੈ ਚੱਲ।

ਬੀਬੀ ਅਮਰੋ ਜੀ ਬਾਬਾ ਅਮਰਦਾਸ ਨੂੰ ਗੁਰੂ ਅਮਰਦਾਸ ਬਣਾਉਣ ਲਈ ਖਡੂਰ ਸਾਹਿਬ ਨੂੰ ਚਲ ਪਏ। ਅਜਿਹੇ ਬਾਬਾ ਅਮਰਦਾਸ ਹਨ। ਗੁਰਮੁਖ ਪਿਆਰਿਓ! ਲੰਬਾ ਸਮਾਂ ਸੇਵਾ ਕੀਤੀ। ਇਤਿਹਾਸਕਾਰਾਂ ਨੇ ੧੨ ਸਾਲ ਦਾ ਟਾਈਮ ਲਿਖਿਆ ਹੈ, ਪਰ ਅੱਜ ਦੇ ਜ਼ਮਾਨੇ ਵਿਚ ਅਸੀਂ ਸੇਵਾ ਦਾ ਨਾਲੋ ਨਾਲ ਮੁੱਲ ਮੰਗਦੇ ਹਾਂ, ਸੇਵਾ ਥੋਰੀ ਮਾਂਗਨੁ ਬਹੁਤਾ॥ ਥੋੜ੍ਹੀ ਜਿਹੀ ਸੇਵਾ ਕਰਕੇ ਫਿਰ ਮੰਗਣ ਦੀ ਲੰਬੀ ਲਿਸਟ, ਪਰ ਬਾਬਾ ਅਮਰਦਾਸ ਜੀ ਨਿਸ਼ਕਾਮ ਹੋ ਕੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਦੇ ਰਹੇ। ਕਿਥੇ ਖਡੂਰ ਸਾਹਿਬ, ਕਿਥੇ ਬਿਆਸਾ ਦਰਿਆ, ਜਿਥੇ ਮੁੜ ਕੇ ਗੋਇੰਦਵਾਲ ਸਾਹਿਬ ਬਣਿਆ। ਗਾਗਰ ਲੈਣੀ ਤੇ ਬਿਆਸਾ ਦਰਿਆ ਤੋਂ ਭਰਨੀ। ਸੇਵਾ ਕਰਦਿਆਂ-ਕਰਦਿਆਂ ਗੁਰਮੁਖੋ! ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਊਭੀ ਸੇਵ ਕਰੇ ਲਫ਼ਜ਼ ਆਉਂਦਾ ਹੈ, ਊਭੀ ਦਾ ਅਰਥ ਹੁੰਦਾ ਹੈ (Be Attentive) ਸਾਵਧਾਨ ਹੋ ਕੇ ਸੇਵਾ ਕਰ। ਊਭੀ ਸੇਵਾ ਬਾਬੇ ਅਮਰਦਾਸ ਜੀ ਨੇ ਕੀਤੀ। ਮਨ ਵਿਚ ਵਿਚਾਰ ਕੀਤੀ ਜੇ ਮੈਂ ਇਸ਼ਨਾਨ ਤੋਂ ਬਿਨਾਂ ਗੁਰਦੇਵ ਲਈ ਜਲ ਲਿਜਾਵਾਂ ਤਾਂ ਇਹ ਵੀ ਠੀਕ ਨਹੀਂ। ਬਾਬਾ ਅਮਰਦਾਸ ਜੀ ਗਾਗਰ ਲੈ ਕੇ ਆਪਣੇ ਮੋਢੇ 'ਤੇ ਰੱਖ ਕੇ ਬਿਆਸਾ ਦਰਿਆ ਵਿਚ ਚੁੱਭਾ ਮਾਰਦੇ। ਨਾਲੇ ਗਾਗਰ ਭਰ ਜਾਂਦੀ ਤੇ ਨਾਲੇ ਆਪ ਵੀ ਇਸ਼ਨਾਨ ਕਰ ਲੈਂਦੇ। ਇਤਿਹਾਸ

ਕਹਿੰਦਾ ਹੈ ਕਿ ਜਿਥੇ ਗੋਇੰਦਵਾਲ ਸਾਹਿਬ ਤੋਂ ਖਡੂਰ ਸਾਹਿਬ ਦੇ ਦਰਮਿਆਨ ਦਮਦਮਾ ਸਾਹਿਬ ਬਣਿਆ ਹੈ, ਇਸ ਸਥਾਨ 'ਤੇ ਆ ਕੇ ਗੁਰਦੇਵ ਬਾਬਾ ਅਮਰਦਾਸ ਦੇ ਰੂਪ ਵਿਚ ਸਨ, ਜਦੋਂ ਇਹ ਦਸ਼ਾ ਬਦਲਦੇ, ਮਨ ਭਾਵ ਖਡੂਰ ਸਾਹਿਬ ਤੋਂ ਜਦੋਂ ਗੁਰਦੇਵ ਤੁਰਦੇ ਹਨ, ਬਾਬਾ ਅਮਰਦਾਸ ਜੀ ਉਹ ਪਿਛਲੇ ਪੈਰੀਂ ਜਾਂਦੇ ਨੇ, ਕਿ ਮੇਰੀ ਗੁਰਦੇਵ ਵੱਲ ਕੰਡ ਨਾ ਹੋ ਜਾਏ। ਅਤੇ ਉਸ ਸਥਾਨ ਤੋਂ ਨਮਸ਼ਕਾਰ ਕਰਨੀ ਤੇ ਮੁੜ ਕੇ ਬਿਆਸਾ ਦਰਿਆ ਨੂੰ ਮੂੰਹ ਕਰਨਾ। ਇਹਨੂੰ ਕਹਿੰਦੇ ਨੇ 'ਉਭੀ ਸੇਵ ਕਰੇ' ਲਗਾਤਾਰ ਸੇਵਾ ਕਰਦਿਆਂ-ਕਰਦਿਆਂ ਕਿਉਂਕਿ ਗੁਰਮੁਖੋ ! ਕੋਈ ਵੀ ਜਿਹੜਾ ਕਰਮ ਹੈ, ਜਿਸ ਤਰ੍ਹਾਂ ਬੋਹੜ ਤੇ ਪਿੱਪਲ ਦਾ ਬੂਟਾ ਬਹੁਤ ਦੇਰ ਤੋਂ ਬਾਅਦ ਪੱਕਦਾ ਹੈ। ਜਿਹੜਾ ਅਰਿੰਡ ਦਾ ਬੂਟਾ ਹੈ ਉਹ ਤਿਆਰ ਤਾਂ ਜਲਦੀ ਹੁੰਦਾ ਹੈ, ਪਰ ਉਹਦੀਆਂ ਜੜ੍ਹਾਂ ਕਮਜ਼ੋਰ ਹੁੰਦੀਆਂ ਹਨ। ਮਾੜੀ ਜਿੰਨੀ ਹਨ੍ਹੇਰੀ ਆਈ ਤੇ ਟੁੱਟ ਜਾਂਦਾ ਹੈ, ਬਰਬਾਦ ਹੋ ਜਾਂਦਾ ਹੈ। ਇਸੇ ਤਰ੍ਹਾਂ ਲੋਕੀ ਕਈ ਤਰ੍ਹਾਂ ਦੇ ਮੰਤਰਾਂ, ਤੰਤਰਾਂ ਦਾ ਜਾਪ ਤਾਂ ਕਰਦੇ ਹਨ, ਅਰਿੰਡ ਦੇ ਬੂਟੇ ਦੀ ਤਰ੍ਹਾਂ ਥੋੜ੍ਹੀਆਂ ਬਹੁਤੀਆਂ ਸਿੱਧੀਆਂ ਦੀ ਪ੍ਰਾਪਤੀ ਤਾਂ ਹੋਈ, ਪਰ ਉਹਦੇ ਨਾਲ ਕੇਵਲ ਮੁਕਤੀ ਨਿਰਵਾਣ ਪਦ ਨਹੀਂ ਮਿਲਦਾ। ਇਹ ਤਾਂ ਕਦੋਂ ਮਿਲੇਗਾ ਜਦੋਂ ਦੀਰਘ ਸਮਾਂ ਆਪਾ ਨਿਰਇੱਛਤ ਹੋ ਕਰਕੇ, ਨਿਸ਼ਕਾਮ ਹੋ ਕਰਕੇ ਗੁਰੂ ਦੀ ਸੇਵਾ ਕਰਾਂਗੇ।

ਬਾਬਾ ਅਮਰਦਾਸ ਜੀ ਨੇ ਰੋਜ਼ਾਨਾ ਜਲ ਲਿਆਉਣਾ, ਇਸ਼ਨਾਨ ਕਰਾਉਣਾ, ਗੁਰੂ ਕੇ ਲੰਗਰ ਵਿਚ ਜਥਾ ਯੋਗ ਸੇਵਾ ਕਰਨੀ, ਪਰ ਮੰਗ ਕੋਈ ਨਹੀਂ। ਸਮਾਂ ਆਇਆ ਠਾਠਾਂ ਮਾਰਦਾ ਸਿਆਲ ਦਾ ਮੌਸਮ ਹੈ। ਹਨੇਰੀ ਦਾ ਜ਼ੋਰ ਹੋਣ ਕਰਕੇ ਰਸਤਾ ਖੁੰਝ ਗਏ, ਪਾਸੇ ਚਲੇ ਗਏ ਡੰਡੀ ਤੋਂ। ਜੁਲਾਹਿਆਂ ਦੇ ਕਿਲੇ ਗਡੇ ਸਨ। ਉਸ ਹਨੇਰੀ ਦੇ ਕਾਰਣ ਬਾਬਾ ਅਮਰਦਾਸ ਦਾ ਠੁੱਡਾ ਜੁਲਾਹਿਆਂ ਦੇ ਕਿਲੇ ਨਾਲ ਵੱਜਾ। ਗਾਗਰ ਡਿੱਗਣ ਤਾਂ ਲੱਗੀ ਪਰ ਸੰਭਲ ਗਏ, ਬਿਲਕੁਲ ਸ਼ਾਂਤ ਵਾਤਾਵਰਣ ਹੋਣ ਕਰਕੇ ਉਹ ਆਵਾਜ਼ ਖੱਡੀ ਵਾਲਿਆਂ ਦੇ ਕੰਨਾਂ ਵਿਚ ਪਈ ਤਾਂ ਜੁਲਾਹੇ ਨੇ ਆਵਾਜ਼ ਮਾਰ ਕੇ ਪੁੱਛਿਆ, ਭਾਈ ਕੌਣ ਹੈ ? ਅਜੇ ਬਾਬਾ ਅਮਰਦਾਸ ਜੀ ਕੁਝ ਜਵਾਬ ਦੇਂਦੇ, ਜੁਲਾਹੀ ਬੋਲ ਪਈ। ਕਹਿਣ ਲੱਗੀ ਹੋਵੇਗਾ ਉਹੋ ਅਮਰੂ ਨਿਥਾਵਾ ਜਿਹੜਾ ਕੁੜਮਾਂ ਦੇ ਘਰ ਪਾਣੀ ਭਰਦਾ ਹੈ। ਨਿਥਾਵਾ ਹੈ ਇਹਨੂੰ ਝੱਲਦਾ ਕੋਈ ਨਹੀਂ। ਬਸ, ਫੇਰ ਕੀ ਸੀ ਗੁਰੂ ਦੀ ਨਿੰਦਿਆ ਦਾ ਅਪਸ਼ਬਦ ਸੁਣ ਨਾ ਸਕੇ ਬਾਬਾ ਅਮਰਦਾਸ ਜੀ। ਕਹਿਣ ਲੱਗੇ, ਝਲੀਏ ! ਮੈਂ ਨਿਥਾਵਾਂ ਨਹੀਂ, ਮੈਨੂੰ ਗੁਰੂ ਅੰਗਦ ਦੇਵ ਸੱਚੇ ਪਾਤਿਸ਼ਾਹ ਦੇ ਚਰਨਾਂ ਵਿਚ ਥਾਂ ਮਿਲ ਗਈ ਹੈ। ਝੱਲੀਏ ਇਸ ਤਰ੍ਹਾਂ ਨਹੀਂ ਕਹੀਦਾ। ਬਸ, ਫੇਰ ਕੀ ਸੀ ਜੁਲਾਹੀ ਝੱਲੀ ਹੋ ਗਈ। ਦਿਨ ਚੜ੍ਹਿਆ ਜੁਲਾਹਾ ਪ੍ਰੇਸ਼ਾਨ ਆਪਣੀ ਜੁਲਾਹੀ ਨੂੰ ਲੈ ਕੇ ਆਇਆ, ਮਹਾਰਾਜ ! ਕਿਰਪਾ ਕਰੋ। ਅੱਜ ਸਵੇਰੇ ਅਮਰਦਾਸ ਨੇ ਮੇਰੀ ਘਰ ਵਾਲੀ ਨੂੰ ਝੱਲੀ ਆਖਿਆ ਹੈ ਤਾਂ ਉਹ ਕਮਲੀ ਹੋ ਗਈ। ਧੰਨ ਗੁਰੂ ਅੰਗਦ ਦੇਵ ਸੱਚੇ ਪਾਤਿਸ਼ਾਹ ਕਿਰਪਾ ਦੇ ਘਰ ਵਿਚ ਆਏ, ਕਹਿਣ ਲੱਗੇ ਜਲ ਲਿਆਓ। ਇਸ਼ਨਾਨ ਕਰਾਇਆ, ਜਿਹੜੇ ਸਿਰੋਪੇ ਸਾਲ ਬਾਦ ਦੇਂਦੇ ਹੁੰਦੇ

ਸਨ ਨਾਲੇ ਨਾਲੇ ਉਹਨਾਂ ਨੂੰ ਉਤਾਰੀ ਜਾਂਦੇ, ਨਾਲੇ ਕਹਿੰਦੇ ਕੋਣ ਕਹਿੰਦਾ ਹੈ ਅਮਰਦਾਸ ਨਿਥਾਵਾਂ, ਗੁਰੂ ਅਮਰਦਾਸ ਨਿਥਾਵਿਆਂ ਦੀ ਥਾਂ, ਗੁਰੂ ਅਮਰਦਾਸ ਨਿਉਟਿਆਂ ਦੀ ਓਟ। ਇਹ ਹਨ ਗੁਰੂ ਅਮਰਦਾਸ ਨਿਧਿਰਿਆਂ ਦੀ ਧਿਰ ਇਤਆਦਿਕ ਗੁਰੂ.ਪਾਤਿਸ਼ਾਹ ਨੇ ਬੇਅੰਤ ਵਰ ਦੇ ਕੇ ਨਿਵਾਜਿਆ।

ਕਈ ਇਤਿਹਾਸਕਾਰਾਂ ਨੇ ਬਾਰ੍ਹਾਂ ਵਰ੍ਹਿਆਂ ਦਾ ਜ਼ਿਕਰ ਕੀਤਾ ਹੈ। ਮੇਰੀ ਆਪਣੀ ਸਮਝ ਮੁਤਾਬਿਕ ਬਾਰ੍ਹਾਂ ਵਰ੍ਹਿਆਂ ਤੇ ਗੁਰੂ ਕਿਉਂ ਖਲੋਤੇ, ਦਰਅਸਲ ਗੁਰਮੁਖੋ ! ਬਾਰ੍ਹਾਂ ਤੱਕ ਅਸੀਂ ਗਿਣਤੀ ਕਰ ਲਈਏ ਨਾ, ਇਹਦਾ ਭਾਵ ਇਹ ਹੈ ਕਿ ਗੁਰੂ ਦਾ ਦਾਇਰਾ ਸੀਮਤ ਹੈ, ਗੁਰੂ ਦੀ ਸਤਿਆ ਦਾ ਅੰਤ ਹੋ ਗਿਆ ਬਿਲਕੁਲ ਨਹੀਂ, ਗੁਰੂ ਨੇ ਅਨੰਤ ਵਰ ਦੇ ਕੇ ਬਾਬਾ ਅਮਰਦਾਸ ਨੂੰ ਗੁਰੂ ਅਮਰਦਾਸ ਬਣਾਉਂਦਿਆਂ ਨਿਵਾਜਿਆ। ਪਰ ਬਾਰ੍ਹਾਂ ਦੀ ਗਿਣਤੀ ਇਸ ਕਰਕੇ ਕੀਤੀ ਕਿਉਂਕਿ ਅਜਿਹਾ ਸੋਨਾ ੧੨ ਵਨੀ ਦਾ ਸ਼ੁੱਧ ਹੁੰਦਾ ਹੈ। ਗੁਰਬਾਣੀ ਦੇ ਵਿਚ ਵੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਬਾਰ੍ਹਾਂ ਵੰਨੀ ਲਫ਼ਜ਼ ਹੈ ਸੋਨੇ ਦੇ ਪ੍ਰਤੀ। ਜਿਹੜਾ ਸੋਨਾ ਸ਼ੁੱਧ ਹੋਵੇ ਉਹਨੂੰ ਕਹਿੰਦੇ ਨੇ ਬਾਰ੍ਹਾਂ ਵਨੀ ਦਾ ਸੋਨਾ। ਇਥੇ ਬਾਰ੍ਹਾਂ ਵਰ੍ਹਿਆਂ ਤੋਂ ਭਾਵ ਇਹ ਹੈ ਕਿ ਗੁਰੂ ਅੰਗਦ ਦੇਵ ਪਾਤਿਸ਼ਾਹ ਨੇ ਬਾਰ੍ਹਾਂ ਵਨੀ ਦੇ ਸੋਨੇ ਦੀ ਤਰ੍ਹਾਂ ਬਾਬਾ ਅਮਰਦਾਸ ਜੀ ਨੂੰ ਗੁਰੂ ਅਮਰਦਾਸ ਬਣਾਇਆ, ਜਿਹਦੇ ਵਿਚ ਰੰਚਕ ਮਾਤਰ ਵੀ ਖੋਟ ਨਹੀਂ, ਪਰ ਇਹ ਦਾਤ ਮਿਲੀ ਕਿਥੋਂ ਹੈ ? 'ਗੁਰ ਸੇਵਾ ਤੇ ਸੁਖੁ ਊਪਜੈ' ਗੁਰਮੁਖੋ ! ਗੁਰੂ ਦੀ ਸੇਵਾ ਦੇ ਵਿਚੋਂ ਸੁਖ ਹੈ ਤੇ ਗੁਰੂ ਕੀ ਸੇਵਾ ਇਸ ਤਰ੍ਹਾਂ ਦੀ ਹੋਵੇ।

ਸਾਡੇ ਕੌਮ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਇਕ ਮਹਾਨ ਗ੍ਰੰਥ ਲਿਖਿਆ ਜੋ ਬਹੁਤ ਮਸ਼ਹੂਰ ਹੈ "ਮਹਾਨ ਕੋਸ਼" ਜਿਸ ਨੂੰ ਗੁਰੁ ਸ਼ਬਦ ਰਤਨਾਕਰ ਵੀ ਕਿਹਾ ਜਾਂਦਾ ਹੈ। ਸ਼ਬਦ ਰਤਨਾਕਰ ਦੇ ੪੧੫ ਅੰਕ ਦੇ ਉਪਰ ਲਿਖਦੇ ਹਨ ਸੇਵਾ ਦੇ ਬਾਰੇ। ਉਹਨਾਂ ਦਾ ਵਿਚਾਰ ਹੈ : "ਗੁਰੂ ਹੀ ਉਚਾਰੈ ਪ੍ਰੀਤਿ ਗੁਰੂ ਕੀ ਸੁਧਾਰੈ ਰੀਤਿ ਗੁਰੂ ਕੀ ਪ੍ਰਤੀਤਿ ਜਾਂਕੇ ਭੂਤ ਔਰ ਭਵਿੱਖ ਹੈ" ਗੁਰੂ ਸਿੱਖ ਕੌਣ ਹੈ ? ਜਦੋਂ ਵੀ ਉਹ ਗੱਲ ਗੁਰੂ ਦੇ ਪ੍ਰੇਮ ਦੀ ਗੱਲ ਕਰੇ, "ਗੁਰੂ ਹੀ ਉਚਾਰੈ ਪ੍ਰੀਤਿ" ਪ੍ਰੀਤ ਕਹਿੰਦੇ ਪ੍ਰੇਮ ਨੂੰ, ਜਦੋਂ ਵੀ ਗੱਲ ਕਰਨੀ ਹੈ ਗੁਰੂ ਦੀ ਵਡਿਆਈ ਦੀ ਕਰਨੀ ਹੈ ਗੁਰੂ ਦੀ ਵਡਿਆਈ ਤੋਂ ਬਿਨਾਂ ਉਹਨਾਂ ਨੂੰ ਹੋਰ ਕੋਈ ਚੰਗਾ ਲਗਦਾ ਨਹੀਂ। "ਗੁਰੂ ਹੀ ਉਚਾਰੈ ਪ੍ਰੀਤਿ ਗੁਰੂ ਕੀ ਸੁਧਾਰੈ ਰੀਤਿ" ਰੀਤ ਕਹਿੰਦੇ ਮਰਿਆਦਾ ਨੂੰ। ਗੁਰੂ ਕੀ ਮਰਿਆਦਾ ਦੇ ਅਨੁਸਾਰ ਆਪਣੇ ਆਪ ਨੂੰ ਸੁਧਾਰਨ ਦਾ ਯਤਨ ਕਰੇ, ਆਪਣੇ ਆਪ ਨੂੰ ਸਵਾਰਣ ਦਾ ਯਤਨ ਕਰੇ, ਗੁਰੂ ਦੀ ਮਰਿਆਦਾ ਮੁਤਾਬਿਕ ਚਲਣ ਦਾ ਯਤਨ ਕਰੇ। ਆਪਾਂ ਗੁਰੂ ਦੀ ਬਾਣੀ ਵਿਚ ਇਹ ਪੰਗਤੀਆਂ ਪੜ੍ਹਦੇ ਹਾਂ :

ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥

(ਪੰਨਾ ੬੬੭)

ਜੋ ਗੁਰੂ ਕਹਿੰਦਾ ਹੈ, ਉਹਨੂੰ ਭਲਾ ਕਰਕੇ ਮੰਨ। ਇਹਨੂੰ ਕਹਿੰਦੇ ਹਨ-ਗੁਰੂ ਕੀ ਸਧਾਰੇ ਰੀਤ। "ਗੁਰੂ ਕੀ ਪ੍ਰਤੀਤਿ ਜਾਂਕੋ ਭੂਤ ਔਰ ਭਵਿੱਖ ਹੈ" ਪ੍ਰਤੀਤ ਦਾ ਅਰਥ ਹੁੰਦਾ ਹੈ-ਵਿਸ਼ਵਾਸ, ਯਕੀਨ। ਹਮੇਸ਼ਾਂ ਗੁਰੂ 'ਤੇ ਪ੍ਰਤੀਤ ਕਰਨੀ। ਅਸੀਂ ਬੱਚਿਆਂ ਤੇ ਬੱਚੀਆਂ ਦੇ ਵਿਆਹ ਕਰਦੇ ਹਾਂ, ਪਹਿਲੋਂ ਜਾ ਕੇ ਬ੍ਰਾਹਮਣ ਦੇ ਕੋਲ ਸਾਹਿਆ ਸਿਧਾਉਣਾ। ਗੁਰੂ ਕੇ ਸਿੱਖਾ! ਇਹ ਗੁਰੂ ਕੀ ਮਰਿਆਦਾ ਨਹੀਂ। ਬੇਟੀ ਦੀ ਸ਼ਾਦੀ ਕਰਨੀ, ਬੇਟੇ ਦੀ ਸ਼ਾਦੀ ਕਰਨੀ ਤੇਰੀ ਡਿਊਟੀ ਹੈ, ਤੇਰਾ ਧਰਮ ਹੈ, ਇਹ ਵੀ ਫ਼ਰਜ਼ ਹੈ ਸਾਡਾ, ਪਰ ਬ੍ਰਾਹਮਣ ਦੀ ਜੰਤਰੀ ਪੱਤਰੀ ਨੂੰ ਛੱਡ ਕੇ ਮਿਤਰਾ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੀ ਸ਼ਰਨ ਵਿਚ ਆ, ਅਰਦਾਸ ਕਰ, ਯਥਾ ਯੋਗ ਦੇਗ ਪਾਤਿਸ਼ਾਹ ਮਹਾਰਾਜ ਨੂੰ ਅਰਪਣ ਕਰ, ਬੇਨਤੀ ਕਰ ਪਾਤਿਸ਼ਾਹ! ਬੇਟੀ ਜਾਂ ਬੇਟੇ ਦਾ ਅਨੰਦ ਕਾਰਜ ਕਰਨਾ ਹੈ, ਆਪ ਕਿਰਪਾ ਕਰਕੇ ਸਾਨੂੰ ਆਗਿਆ ਬਖ਼ਸ਼ੋ। ਉਪਰੰਤ ਜਿਹੜਾ ਸਤਿਗੁਰੂ ਪਾਤਿਸ਼ਾਹ ਦਾ ਪਾਵਨ ਹੁਕਮਨਾਮਾ ਹੈ, ਉਸ ਹੁਕਮਨਾਮੇ 'ਤੇ ਯਕੀਨ ਕਰਕੇ ਉਸ ਮਹਾਨ ਕਾਰਜ ਨੂੰ ਆਰੰਭ ਕਰ। ਕਈ ਵੇਰਾਂ ਵਿਆਹਾਂ ਦਾ ਜ਼ੋਰ ਹੁੰਦਾ ਹੈ, ਕਿਤੇ ਪੈਲਸ ਬੁੱਕ ਕਰਨ ਨੂੰ ਨਹੀਂ ਮਿਲਦਾ। ਇਕ ਤਾਂ ਲੋਕੀ ਕਹਿੰਦੇ ਹਨ ਕਿ ਸਾਨੂੰ ਨਾਵੇਂ ਨਰਾਤੇ ਦਾ ਵਿਆਹ ਦੱਸਿਆ ਬ੍ਰਾਹਮਣ ਨੇ। ਕਿਤੇ ਗੁਰਬਾਣੀ ਵਿਚ ਨਰਾਤਿਆਂ ਦਾ ਜ਼ਿਕਰ ਆਇਆ ਹੈ? ਪਹਿਲੇ ਨਰਾਤੇ ਦੀ ਸ਼ਾਦੀ, ਦੂਜੇ ਨਰਾਤੇ ਦੀ ਸ਼ਾਦੀ ਕੀ, ਇਹ ਨੌਂ ਦਸ ਨੇ ਇਹ ਸੀਜ਼ਨ ਹੈ ਵਿਆਹਾਂ ਦਾ। ਆ ਹੋਲੀਆਂ ਆਉਂਦੀਆਂ ਨੇ ਹੋਲੀ ਵਿਚ ਵਿਆਹ ਨਹੀਂ ਕਰਨਾ। ਹੋਲੀਆਂ ਵਿਚ ਜੰਮੇ ਕਿਉਂ? ਹੋਲੀਆਂ ਵਿਚ ਮਰਦੇ ਕਿਉਂ? ਹਾਂ ਗੁਰਮੁਖੋ! ਗੁਰੂ ਸਿੱਖੀ ਦੀ ਮਰਿਆਦਾ ਨਹੀਂ। ਮੇਰੇ ਪਾਤਿਸ਼ਾਹ ਦੇ ਬੋਲ ਨੇ :

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥

ਇਹ ਸ਼ਗਨ ਅਪਸ਼ਗਨ ਉਹਨਾਂ ਵਾਸਤੇ ਹਨ ਜਿਨ੍ਹਾਂ ਨੂੰ ਪ੍ਰਮਾਤਮਾ ਚੇਤੇ ਨਹੀਂ। ਭਾਈ ਸਾਹਿਬ ਕਹਿੰਦੇ ਹਨ "ਗੁਰੂ ਦੀ ਪ੍ਰੀਤਿ ਜਾਂਕੋ ਭੂਤ ਔਰ ਭਵਿੱਖ ਹੈ" ਜਿਹੜਾ ਗੁਰੂ ਕਾ ਸਿੱਖ ਹੈ ਨਾ, ਉਹ ਤਿੰਨਾਂ ਕਾਲਾਂ ਦੇ ਵਿਚ ਵੀ ਗੁਰੂ 'ਤੇ ਵਿਸ਼ਵਾਸ ਰੱਖਦਾ ਹੈ। "ਗੁਰੂ ਹੀ ਕੀ ਕੀਜੈ ਸੇਵ ਗੁਰੂ ਹੀ ਕੋ ਦੀਜੈ ਭੇਵ।" ਜੇ ਸੇਵਾ ਕਰਨੀ ਹੈ ਕੇਵਲ ਤੇ ਕੇਵਲ ਗੁਰੂ ਦੀ ਕਰ, ਪਰ ਦਸਮ ਪਾਤਿਸ਼ਾਹ ਮਹਾਰਾਜ ਦੇ ਬਚਨ ਵੀ ਆਉਂਦੇ ਨੇ :

ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ॥

ਮੇਰੇ ਕਲਗੀਧਰ ਪਾਤਿਸ਼ਾਹ ਫ਼ੁਰਮਾਉਂਦੇ ਹਨ, ਗੁਰੂ ਕੇ ਸਿੱਖਾ! ਸੇਵਾ ਕਰ। ਕਿਉਂ? ਗੁਰੂ ਸਿੱਖ ਉਹ ਹੈ ਜਿਹਨੂੰ ਮਿਲਣ ਕਰਕੇ ਸਾਨੂੰ ਗੁਰੂ ਚੇਤੇ ਆਵੇ। ਜਿਹਦੇ ਮਿਲਣ ਕਰਕੇ ਗੁਰੂ ਚੇਤੇ ਨਹੀਂ ਆਉਂਦਾ, ਤਾਂ ਮੁਆਫ਼ੀ ਦੇਣੀ ਗੁਰੂ ਸਿੱਖ ਅਜੇ ਬਣਿਆ ਨਹੀਂ। ਗੁਰੂ ਸਿੱਖ ਉਹ ਹੈ ਜਿਹਨੂੰ ਮਿਲਣ ਕਰਕੇ ਗੁਰੂ ਚੇਤੇ ਆਵੇ। ਮੇਰੇ ਪਾਤਿਸ਼ਾਹ ਕਹਿੰਦੇ ਹਨ-ਗੁਰਮੁਖਾ! ਸਿੱਖਾਂ ਦੀ ਵੀ ਸੇਵਾ ਕਰ ਤੇ ਗੁਰੂ ਕੇ ਸਿੱਖਾਂ ਦੀ ਸੇਵਾ ਗੁਰੂ ਦੀ ਸੇਵਾ ਹੈ। ਆਪ ਪੰਗਤੀਆ ਪੜ੍ਹਦੇ ਹੋ ਨਾ —

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥
(ਸਲੋਕ ਫਰੀਦ ਜੀ)

ਜਿਹੜਾ ਪ੍ਰਮਾਤਮਾ ਹੈ, ਉਹ ਖਲਕ ਵਿਚ ਵੱਸਦਾ ਹੈ ਜਿਸ ਨੂੰ ਕਹਿੰਦੇ ਹਨ: 'ਨਰ ਸੇਵਾ ਨਰਾਇਣ ਸੇਵਾ' ਪਰਮੇਸ਼ਰ ਦੇ ਪਿਆਰੇ ਪਰਮੇਸ਼ਰ ਦਾ ਰੂਪ ਜਾਣ ਕਰਕੇ ਸੇਵਾ ਕਰਨੀ, ਪ੍ਰਮਾਤਮਾ ਦੀ ਸੇਵਾ ਹੈ। ਗੁਰੂ ਕੀ ਸੇਵਾ ਕਰ। ਕੋਈ ਗੁਰਮੁਖ ਪਿਆਰਾ ਤਨ ਨਾਲ ਸੇਵਾ ਕਰਦਾ ਹੈ, ਕੋਈ ਧਨ ਨਾਲ ਸੇਵਾ ਕਰਦਾ ਹੈ, ਕੋਈ ਮਨ ਨਾਲ ਸੇਵਾ ਕਰਦਾ ਹੈ, ਜਿਸ ਤਰ੍ਹਾਂ ਵੀ ਹੋਵੇ ਗੁਰੂ ਕੀ ਸੇਵਾ ਕਰ 'ਗੁਰੂ ਹੀ ਕੋ ਦੀਜੈ ਭੇਵ'' ਔਰ ਆਪਣੇ ਅੰਦਰ ਦੀ ਗੱਲ ਗੁਰੂ ਨੂੰ ਕਹਿ ''ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥''

ਜਿਹੜੀ ਤੇਰੇ ਅੰਦਰ ਦੀ ਭਾਵਨਾ ਹੈ। ਗੁਰੂ ਦੇ ਅੱਗੇ ਅਰਦਾਸ ਕਰ। ਅਰਦਾਸਾਂ ਕਿੰਨੀਆਂ ਕੀਤੀਆਂ ਜਾਣ, ਇਹ ਲੰਮਾ ਚੌੜਾ ਪਰਕਰਣ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਆਉਂਦਾ ਹੈ। ਦਸਮ ਪਾਤਿਸ਼ਾਹ ਮਹਾਰਾਜ ਨੇ ਉਜੈਨ ਦੇ ਰਹਿਣ ਵਾਲੇ ਭਾਈ ਬਿਸ਼ੰਭਰ ਦਾਸ ਨੂੰ ਹੁਕਮ ਕੀਤਾ ਕਿ ਭਾਈ ੧੦੦ ਅਰਦਾਸ ਕਰਿਆ ਕਰ ਦਿਨ ਵਿਚ, ੧੦੦ ਅਰਦਾਸ। ਅਸੀਂ ਨਿਤਨੇਮ ਕਰਕੇ ਵੀ ਅਰਦਾਸ ਨਹੀਂ ਕਰਦੇ ਕਿ ਗੁਰੂ ਜਾਣਦਾ ਹੈ, ਪਰ ਕਲਗੀਧਰ ਪਾਤਿਸ਼ਾਹ ਫ਼ੁਰਮਾਉਂਦੇ ਹਨ— ਬਿਸੰਭਰ ਦਾਸਾ ੧੦੦ ਅਰਦਾਸ ਕਰ, ਤੂੰ ਪ੍ਰਸ਼ਾਦਿ ਛੱਕਦਾ ਏਂ ਉਦੋਂ ਵੀ ਅਰਦਾਸ ਕਰ ਕਿ ਮੇਰੇ ਮਾਲਕਾ ਤੂੰ ਮੈਨੂੰ ਅੰਨ ਦਿੱਤਾ ਹੈ ਤੇਰਾ ਧੰਨਵਾਦ। ਪ੍ਰਸ਼ਾਦਾ ਪਾਣੀ ਛਕਣ ਤੋਂ ਬਾਅਦ ਵੀ ਅਰਦਾਸ ਕਰ ਜਿਹੜਾ ਇਹ ਅੰਨ ਜਲ ਛੱਕਿਆ ਹੈ। ਕਿਤੇ ਇਸ ਅੰਨ ਜਲ ਛਕਣ ਕਰਕੇ ਮੇਰੀ ਬੁੱਧੀ ਭਰਿਸ਼ਟ ਨਾ ਹੋ ਜਾਏ। ਇਹ ਅੰਨ ਜਲ ਛਕਣ ਕਰਕੇ ਮੇਰੇ ਅੰਦਰ ਸੋਚ ਚੰਗੀ ਆਵੇ, ਲੰਬਾ ਚੌੜਾ ਵੇਰਵਾ ਹੈ। ਬੱਚੇ ਨੂੰ ਸਕੂਲੇ ਦਾਖ਼ਲ ਕਰਵਾਉਣਾ ਹੋਵੇ ਤਾਂ ਅਰਦਾਸ ਕਰ, ਕਿ ਮਹਾਰਾਜ ਮੇਰੇ ਬੇਟੇ ਨੂੰ ਬ੍ਰਹਮ ਵਿੱਦਿਆ ਦੀ ਦਾਤ ਬਖਸ਼ੋ, ਸੌਣ ਲੱਗਦਾ ਅਰਦਾਸ ਕਰ ਕੀ ਪਤਾ ਤੈਨੂੰ ਸਵੇਰੇ ਉਠਣ ਦਾ ਟਾਇਮ ਮਿਲੇ ਕਿ ਨਾਂ ਮਿਲੇ, ਅਰਦਾਸ ਕਰ ਮਹਾਰਾਜ ਤੇਰੇ ਹੁਕਮ ਨਾਲ ਇੰਨਾ ਮੇਰਾ ਜੀਵਨ ਲੰਘਿਆ ਹੈ, ਕ੍ਰਿਪਾ ਕਰੀਂ ਤੇਰਾ ਨਾਮ ਮੇਰੇ ਹਿਰਦੇ ਵਿਚ ਵਸਿਆ ਰਹੇ। ਅੰਮ੍ਰਿਤ ਵੇਲੇ ਦਾ ਜਾਗਣਾ, ਸਵੇਰੇ ਅੰਮ੍ਰਿਤ ਵੇਲੇ ਉਠਣਾ ਉਦੋਂ ਅਰਦਾਸ ਕਰ ਮਹਾਰਾਜ ਤੇਰੀ ਕਿਰਪਾ ਨਾਲ ਰਾਤ ਸੁਖ ਦੀ ਬਿਤੀਤ ਹੋਈ ਹੈ, ਦਿਨ ਚੜ੍ਹਿਆ ਹੈ, ਮੇਹਰ ਕਰੀਂ ਕਿ ਸਾਰਾ ਦਿਨ ਤੇਰੇ ਨਾਲ ਜੁੜਿਆ ਰਹਾਂ। ਗੁਰ ਅੰਦਰ ਭੇਤ ਦੀ ਗੱਲ ਕਰ।

ਗੁਰੂ ਹੀ ਕੀ ਕੀਜੈ ਸੇਵ ਗੁਰੂ ਹੀ ਕੋ ਦੀਜੈ ਭੇਵ
ਗੁਰੂ ਹੀ ਕੋ ਪੂਜੈ ਦੇਵ ਉਹੋ ਏਵ ਪਿਖ ਹੈ।
ਤੇਰੀ ਪੂਜਾ ਕਰਨੀ ਹੈ, ਗੁਰੂ ਦੀ ਪੂਜਾ ਕਰਨੀ ਹੈ।

''ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ, ਪੂਜਾ ਇਕ ਅਕਾਲ ਪੁਰਖ ਦੀ'' ਕੋਈ ਕਿਸੇ ਦੇਵਤੇ ਦੀ ਪੂਜਾ ਕਰਦਾ ਹੈ, ਕੋਈ ਕਿਸੇ ਦੇਵੀ ਦੀ ਪੂਜਾ ਕਰਦਾ ਹੈ, ਕੋਈ ਕਿਸੇ ਕਬਰ

ਦੀ ਪੂਜਾ ਕਰਦਾ ਹੈ, ਕੋਈ ਕਿਸੇ ਮੱਟ ਦੀ ਪੂਜਾ ਕਰਦਾ ਹੈ, ਕੋਈ ਕਿਸੇ ਪਸ਼ੂ ਦੀ ਪੂਜਾ ਕਰਦਾ ਹੈ, ਪਰ ਸਿੱਖਾ ਤੂੰ ਕੇਵਲ ਤੇ ਕੇਵਲ ਗੁਰੂ ਦੀ ਪੂਜਾ ਕਰ। ਉਹ ਕਿਸ ਤਰ੍ਹਾਂ ?

ਗੁਰੂ ਕੀ ਮੂਰਤ ਮਨ ਮੇ ਧਿਆਨ

ਗੁਰੂ ਕੀ ਮੂਰਤ ਕੋਈ ਤਸਵੀਰ ਨਹੀਂ ਮਤਾਂ ਤਸਵੀਰ ਲੈ ਕੇ ਬੈਠ ਜਾਏਂ।

ਗੁਰ ਮੂਰਤ ਗੁਰ ਸ਼ਬਦ ਹੈ

ਤਾਂ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਕਹਿੰਦੇ ਹਨ :

ਗੁਰੂ ਹੀ ਕੋ ਦੀਜੈ ਭੇਵ ਗੁਰੂ ਹੀ ਕੋ ਪੂਜੈ ਦੇਵ ਊਚੇ ਏਵ ਪਿਖ ਹੈ

ਜਦੋਂ ਵੇਖਣਾ ਹੈ, ਉੱਚੀ ਨਿਗਾਹ ਰੱਖ।

ਗੁਰੂ ਪੰਥ ਹੀ ਕੋ ਦਾਨੀ ਗੁਰੂ ਕੀ ਕਹਾਨੀ ਜਾਨੀ।

ਜੇ ਦੇਣਾ ਹੈ ਗੁਰੂ ਪੰਥ ਦੇ ਨਮਿੱਤ ਦੇ। ਜੇ ਆਪਾਂ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੇ ਅੱਗੇ ਮਾਇਆ ਭੇਟ ਕਰਦੇ ਹਾਂ, ਇਹ ਕੌਮੀ ਫੰਡ ਹੈ, ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਗੁਰੂ ਨੂੰ ਖ਼ੈਰ ਪਾ ਰਹੇ ਹਾਂ। ਆਪਾਂ ਗੁਰੂ ਕੋਲੋਂ ਲੈਣ ਵਾਸਤੇ ਆਉਂਦੇ ਹਾਂ, ਆਪਾਂ ਗੁਰੂ ਦੇ ਮੰਗਤੇ ਹਾਂ।

ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥

ਮੇਰੇ ਮਾਲਕਾ, ਅਸੀਂ ਮੰਗਤੇ ਤੂੰ ਸਾਨੂੰ ਦੇਣ ਵਾਲਾ ਪਰ ਜਿਹੜੀ ਅਸੀਂ ਗੁਰੂ ਪਾਤਿਸ਼ਾਹ ਦੇ ਅੱਗੇ ਮਾਇਆ ਭੇਟ ਕਰਦੇ ਹਾਂ ਇਹਦਾ ਭਾਵ ਇਹ ਹੁੰਦਾ ਹੈ ਕਿ ਯਥਾ ਯੋਗ ਗੁਰੂ ਪੰਥ ਦੀ ਸੇਵਾ ਵਾਸਤੇ ਇਸ ਨੂੰ ਵਰਤਿਆ ਜਾਵੇ, ਲੰਗਰ ਲਈ ਵਰਤਿਆ ਜਾਵੇ, ਸਰਾਵਾਂ ਲਈ ਵਰਤਿਆ ਜਾਵੇ, ਕਿਸੇ ਲੋੜਵੰਦ ਨੂੰ ਬਸਤਰ ਦਿੱਤੇ ਜਾਣ, ਕਿਸੇ ਦੀ ਟਿਕਟ ਗੁਆਚ ਗਈ ਅਸੀਂ ਕਹਿੰਦੇ ਗੁਰਮੁਖਾ ਇਹ ਟਿਕਟ ਲੈ ਲੈ। ਗੁਰੂ ਕਾ ਸਿੱਖ ਹੈ ਨਾ "ਗੁਰੂ ਪੰਥ ਹੀ ਕੋ ਦਾਨੀ ਗੁਰੂ ਕੀ ਕਹਾਨੀ ਜਾਨੀ। ਗੁਰੂ ਹੀ ਕੀ ਸ਼ੁੱਧ ਵਾਣੀ ਆਸੀ ਭਾਤ ਲਿਖ ਹੈ।"

ਦੋ ਚਾਰ ਦਿਨ ਹੋਏ ਨੇ ਆਪ ਜੀ ਨੇ ਅਖ਼ਬਾਰਾਂ ਵਿਚ ਪੜ੍ਹਿਆ ਹੋਵੇਗਾ ਕਿ ਗੁਰੂ ਕਾ ਪਿਆਰਾ ਕੋਈ ਸਿੰਘ ਭਾਈ ਗੁਰਦੇਵ ਸਿੰਘ ਇੰਗਲੈਂਡ ਦਾ ਰਹਿਣ ਵਾਲਾ ਉਹ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਦੇ ਪਾਵਣ ਸਰੂਪ ਆਪਣੇ ਹੱਥਾਂ ਨਾਲ ਲਿਖ ਕੇ ਲਿਆਏ ਹਨ। ਅਕਾਲ ਤਖ਼ਤ ਸਾਹਿਬ ਉਹਨਾਂ ਭੇਟ ਕੀਤਾ ਹੈ ਅਤੇ ਉਸ ਗੁਰੂ ਕੇ ਪਿਆਰੇ ਦੇ ਕਹਿਣ ਮੁਤਾਬਿਕ ਢਾਈ ਸਾਲ ਗੁਰਮੁਖ ਨੇ ਇਹ ਨਿਰੰਤਰ ਸੇਵਾ ਕੀਤੀ, ਗੁਰੂ ਪਾਤਿਸ਼ਾਹ ਨੇ ਆਪ ਰਹਿਮਤ ਕਰਕੇ ਉਸ ਗੁਰੂ ਕੇ ਪਿਆਰੇ ਕੋਲੋਂ ਇਹ ਸੇਵਾ ਲਈ। ਆਪਾਂ ਤਾਂ ਗੁਰਮੁਖ ਪਿਆਰਿਓ ! ਕਿਸੇ ਮਿੱਤਰ ਨੂੰ ਚਿੱਠੀ ਲਿੱਖਣੀ ਹੋਵੇ ਤਾਂ ਆਪਾਂ ਨੂੰ ਕਈ ਵੇਰਾਂ ਟਾਇਮ ਨਹੀ ਮਿਲਦਾ, ਹੁਣ ਤਾਂ ਉਹ ਵੀ ਗੱਲ ਗਈ ਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਕਹਿੰਦੇ ਹਨ ਗੁਰਮੁਖਾ ! ਭਲੀ ਪ੍ਰਕਾਰ ਗੁਰੂ ਕੀ ਵਡਿਆਈ ਆਪਣੇ ਹੱਥਾਂ ਨਾਲ ਲਿਖ : ਗੁਰੂ ਸੋ ਨਾ ਮਾਨੈ

ਕੋਈ ਗੁਰੂ ਜੀ ਕੇ ਧਾਮ ਢੋਈ।

ਗੁਰੂ ਦੇ ਬਰਾਬਰ ਕਿਸੇ ਨੂੰ ਮੰਨਣਾ ਨਹੀਂ। ਕਈ ਥਾਵਾਂ 'ਤੇ ਕਈ ਮਹਾਤਮਾ ਲੋਕਾਂ ਨੇ ਆਪਣੇ ਡੇਰਿਆਂ ਵਿਚ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੇ ਬਰਾਬਰ ਹੋਰ ਗ੍ਰੰਥ ਦਾ ਪ੍ਰਕਾਸ਼ ਵੀ ਕੀਤਾ ਹੈ। ਅਸੀਂ ਉਹਦੇ 'ਤੇ ਟਿਪਣੀ ਨਹੀਂ ਕਰ ਸਕਦੇ, ਖੰਡਨ, ਮੰਡਨ ਨਹੀਂ ਕਰ ਸਕਦੇ। ਤੈਨੂੰ ਜੇ ਕਿਤੇ ਜਾਣ ਦਾ ਮੌਕਾ ਮਿਲੇ ਤਾਂ ਤੂੰ ਨਮਸ਼ਕਾਰ ਕੇਵਲ ਤੇ ਕੇਵਲ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਨੂੰ ਕਰਨੀ ਹੈ।

ਸਾਡੇ ਮੁਸਲਮਾਨ ਭਰਾ ਹਨ। ਤੁਸੀਂ ਨੋਟ ਕਰਨਾ, ਉਹਨਾਂ ਤੋਂ ਕਈ ਗੱਲਾਂ ਸਾਨੂੰ ਸਿੱਖਿਆ ਵਿਚ ਮਿਲਦੀਆਂ ਹਨ। ਦਰਬਾਰ ਸਾਹਿਬ ਡਿਊਟੀ 'ਤੇ ਬੈਠੀਦਾ ਹੈ ਮਹਾਰਾਜ ਦੀ ਤਾਬਿਆ, ਮੁਸਲਮਾਨ ਭਰਾ ਆਉਂਦੇ ਨੇ ਪਰ ਗੁਰਮੁਖੋ ! ਇਹ ਹਰਿਮੰਦਰ ਸਾਹਿਬ ਵਿਚ ਆ ਕੇ ਦਰਸ਼ਨ ਦੀਦਾਰੇ ਤਾਂ ਕਰਦੇ ਹਨ, ਪਰ ਸਿਰ ਨਹੀਂ ਝੁਕਾਉਂਦੇ, ਮੱਥਾ ਨਹੀਂ ਟੇਕਦੇ ਕਿਉਂਕਿ ਉਹਨਾਂ ਦਾ ਅਕੀਦਾ ਕੇਵਲ ਤੇ ਕੇਵਲ ਮਕੇ ਕਾਬੇ ਦੇ ਉਪਰ ਹੈ। ਭਾਵੇਂ ਥਾਂ-ਥਾਂ 'ਤੇ ਕਬਰਾਂ ਬਣੀਆਂ ਹਨ। ਉਹ ੬੦ ਸਾਲ ਪਹਿਲਾਂ ੫੬-੫੭ ਸਾਲ ਪਹਿਲਾਂ ਪਾਕਿਸਤਾਨ ਵਿਚ ਚਲੇ ਗਏ ਤੇ ਕਬਰਾਂ ਦੀ ਲੰਬਰਦਾਰੀ ਹੁਣ ਆਪਾਂ ਲੈ ਲਈ, ਪੀਰ ਦੌਲੇ ਸ਼ਾਹ ਤੇ ਚੇਲਾ ਬਾਬਾ ਛਿੰਦਾ ਸਿੰਘ ਇਹ ਨਾਂ ਫਰਜ਼ੀ ਵਰਤਿਆ ਹੈ ਭਾਵ ਗੁੱਸਾ ਨਾ ਕਰ ਲੈਣਾ। ਉਹ ਗੁਰਮੁਖਾ ! ਤੇਰਾ ਕਬਰ 'ਤੇ ਕੀ ਕੰਮ, ਕਿੰਨੀਆਂ ਕਬਰਾਂ ਅਬਾਦ ਕੀਤੀਆਂ ੫੬-੫੭ ਤੋਂ ਬਾਅਦ ਕਬਰਾਂ ਬੇਬਹਾ। ਹੁਣ ਥਾਂ-ਥਾਂ 'ਤੇ ਕਬਰਾਂ ਬਣੀਆਂ ਨੇ, ਸਿੱਖਾ ਇਹ ਤੈਨੂੰ ਗੁੜ ਦੇ ਵਿਚ ਮਿਲਾ ਕੇ ਜ਼ਹਿਰ ਦਿੱਤਾ ਜਾ ਰਿਹਾ ਹੈ, ਇਹ ਗੁੜ ਨਾ ਖਾ, ਇਹ ਹਾਨੀਕਾਰਕ ਹੈ ਤੇਰੇ ਲਈ। ਮੁਸਲਮਾਨ ਕਦੇ ਵੀ ਹਰ ਥਾਂ 'ਤੇ ਮੱਥਾ ਨਹੀਂ ਟੇਕੇਗਾ। ਪਤਾ ਨਹੀਂ ਸਾਨੂੰ ਕੀ ਹੋ ਗਿਆ ਹੈ, ਕੋਈ ਵੀ ਮਿਲੇ ਫਟ ਉਥੇ ਜਾ ਕੇ ਨਮਸ਼ਕਾਰ ਕਰੀ ਜਾਂਦੇ ਹਾਂ। ਇਹ ਠੀਕ ਨਹੀਂ, ਇਹ ਗੁਰਮਤਿ ਨਹੀਂ। ਸਾਡੇ ਲਈ ਗੁਰਦੇਵ ਨੇ ਇਕ ਉਦਾਹਰਣ ਕਾਇਮ ਕੀਤੀ ਹੈ, ਸਾਡੇ ਵਡੇਰਿਆਂ ਨੇ ਗੁਰੂ ਪੰਥ ਨੇ। ਗੁਰੂ ਕਲਗੀਧਰ ਪਾਤਿਸ਼ਾਹ ਜਿਸ ਮੌਕੇ ਹਜ਼ੂਰ ਸਾਹਿਬ ਗਏ ਹਨ ਤੇ ਰਾਜਸਥਾਨ ਵਿਚ ਇਕ ਪਿੰਡ ਆਉਂਦਾ ਹੈ ਨਰੈਣਾ ਉਥੇ ਦਾਦੂ ਦੀ ਜਗ੍ਹਾ ਬਣੀ ਹੈ। ਕਲਗੀਧਰ ਪਾਤਿਸ਼ਾਹ ਉਥੇ ਸੁਖਮਨੀ ਸਾਹਿਬ ਦਾ ਪਾਠ ਕਰਕੇ ਘੋੜੇ 'ਤੇ ਚੜ੍ਹੇ ਜਾ ਰਹੇ ਸਨ ਤਾਂ ਸਿਰ ਝੁਕਾਇਆ। ਸਾਡੇ ਭਰਾਵਾਂ, ਸਾਡੇ ਬਜ਼ੁਰਗਾਂ, ਸਿੰਘਾਂ ਨੇ ਆਖਿਆ, ਮਹਾਰਾਜ ! ਤੁਸੀਂ ਕਬਰ ਨੂੰ ਮੱਥਾ ਟੇਕਿਆ ? ਪਾਤਿਸ਼ਾਹ ਕਹਿੰਦੇ, ਸਿੰਘੋ ! ਇਕ ਪਾਸੇ ਕਹਿੰਦੇ ਹੋ ਅਭੁੱਲ ਗੁਰੂ ਕਰਤਾਰ। ਭਲਾ ਗੁਰੂ ਭੁੱਲ ਸਕਦਾ ਹੈ। ਸ਼ਾਬਾਸ਼ ਤੁਹਾਡੇ, ਤੁਸੀਂ ਚੁਕੰਨੇ ਹੋ, ਸਾਵਧਾਨ ਹੋ, ਇਸੇ ਤਰ੍ਹਾਂ ਕਾਇਮ ਰਿਹਾ ਜੇ, ਤੁਹਾਡੇ 'ਤੇ ਗੁਰੂ ਕ੍ਰਿਪਾ ਕਰੇਗਾ। ਤੁਸੀਂ ਕਦੇ ਭੁੱਲ ਕੇ ਵੀ ਕਿਸੇ ਕਬਰ ਨੂੰ ਮੱਥਾ ਨਹੀਂ ਟੇਕਣਾ। ਮੈਂ ਨਹੀਂ ਭੁਲਾ, ਨਾ ਮੈਂ ਕਬਰ ਨੂੰ ਮੱਥਾ ਟੇਕਿਆ, ਮੈਂ ਬਸ ਸੁਖਮਨੀ ਸਾਹਿਬ ਦਾ ਪਾਠ ਕਰਕੇ ਅਕਾਲ ਪੁਰਖ ਦੇ ਅੱਗੇ ਸਿਰ ਝੁਕਾਇਆ ਹੈ। ਪਰ ਤੁਸੀਂ ਇਤਨੇ ਚੁਕੰਨੇ ਹੋ ਤੁਸੀਂ ਗੁਰੂ ਵੱਲ ਨਹੀਂ ਦੇਖਿਆ ਕਦੇ ਗੁਰੂ ਨੇ ਸਿਰ ਝੁਕਾਇਆ ਤਾਂ

ਨਹੀਂ ਮੈਂ ਤਾਂ ਨਹੀਂ ਝੁਕਾਇਆ ਪਰ ਤੁਸੀਂ ਧਿਆਨ ਰੱਖਣਾ ਤੁਸੀਂ ਇਹ ਗ਼ਲਤੀ ਨਾ ਕਰਨੀ। ਭਾਈ ਸਾਹਿਬ ਕਹਿੰਦੇ ਹਨ, ਗੁਰੂ ਸੋ ਨਾ ਮਾਨੈ ਕੋਈ ਗੁਰੂ ਜੂ ਕੇ ਧਾਮ ਢੋਈ। ਜਦੋਂ ਵੀ ਆਉਣਾ ਗੁਰਮੁਖਾ ! ਗੁਰੂ ਘਰ ਆ। ਗੁਰੂ ਜੀ ਕੋ ਪਜਾਰੋ ਜੋਈ ਸੋਈ ਗੁਰਸਿੱਖ ਹੈ। ਸੋਈ ਗੁਰੂ ਸਿੱਖ ਹੈ ਜਿਹੜਾ ਗੁਰੂ ਨਾਲ ਪਿਆਰ ਕਰਦਾ ਹੈ, ਗੁਰੂ ਉਸ ਨੂੰ ਪਿਆਰ ਕਰੇਗਾ, ਉਹੀ ਗੁਰਸਿੱਖ ਜਾਣਨਾ ਕਰ। ਸਤਿਕਰਤਾਰ ਕੀ ਉਪਾਸ਼ਨਾ ਕਰਨਹਾਰੋ ਸਿੱਖ ਦੀਆਂ ਨਿਸ਼ਾਨੀਆਂ ਗੁਰ ਸੇਵਾ ਤੇ ਸੁਖੁ ਉਪਜੈ ਕਹਿੰਦੇ ਗੁਰੂ ਕਾ ਸਿੱਖ ਉਹ ਹੈ ਸਤਿ ਕਰਤਾਰ ਕੀ ਉਪਾਸ਼ਨਾ ਕਰਨਹਾਰੋ ਪੂਜੋ ਨਹੀਂ ਮਾਇਆ ਵਿਚ ਜਿਹੜਾ ਕੇਵਲ ਤੇ ਕੇਵਲ ਸੱਚੇ ਕਰਤਾਰ ਦੀ ਉਪਾਸ਼ਨਾ ਕਰਨ ਵਾਲਾ ਹੈ ਨਾ, ਉਹ ਬ੍ਰਹਮਾ ਨੂੰ ਮੰਨੇ ਨਾ, ਉਹ ਲਛਮੀ ਨੂੰ ਮੰਨੇ ਨਾ, ਬਿਸ਼ਨ ਮਹੇਸ਼ ਕੋ ਸਤਿਕਰਤਾਰ ਕੀ ਉਪਾਸ਼ਨਾ ਕਰਨਹਾਰੋ ਪੂਜੋ ਨਾਹੀਂ ਮਾਇਆ ਵਿਚ ਬਿਸ਼ਨ ਮਹੇਸ਼ ਕੋ ਗੁਰੂ ਸਿੱਖ ਉਹ ਹੈ ਜਿਹੜਾ ਸੱਚੇ ਕਰਤਾਰ ਦੀ ਉਪਾਸ਼ਨਾ ਕਰਦਾ ਹੈ। ਉਹ ਬ੍ਰਹਮਾ ਨੂੰ ਮੰਨੇ ਨਾ, ਉਹ ਵਿਸ਼ਨੂੰ ਨੂੰ ਮੰਨੇ ਨਾ, ਉਹ ਮਹੇਸ਼ ਨੂੰ ਮੰਨੇ ਉਦਮ ਸੇ ਕਮਾਣ ਉਦਮ ਸੇ ਲਛਮੀ ਕਮਾਵੇ ਆਪ ਖਾਵੇ ਭਲੇ ਔਰ ਖਲਾਵੇ ਕਰੇ ਨਿੱਤ ਹਿਤ ਦੇਸ਼ ਕੋ। ਕਹਿੰਦੇ ਨੇ ਗੁਰੂ ਕਾ ਸਿੱਖ ਕਿਰਤ ਕਰੇ। ਆਪ ਖਾਵੇ ਹੋਰਨਾਂ ਨੂੰ ਖਿਲਾਵੇ ਤੇ ਦੇਸ਼ ਭਗਤ ਹੋਵੇ, ਵਾਦ, ਵੈਰ, ਈਰਖਾ, ਵਿਕਾਰ ਮਨ੍ਹਾਂ ਹਨ। ਆਪਾਂ ਗੁਰੂ ਸਿੱਖੋ ਆਪਣੇ ਅੰਦਰ ਝਾਤੀ ਮਾਰੀਏ ਕਿਥੇ ਖਲੋਤੇ ਹਾਂ। ਭਾਈ ਕਾਨ੍ਹ ਸਿੰਘ ਜੀ ਨਾਭਾ ਕਹਿੰਦੇ ਹਨ-ਗੁਰੂ ਕੇ ਸਿੱਖਾ ਵਾਦ, ਵੈਰ, ਈਰਖਾ, ਵਿਕਾਰ ਮਨ ਲਾਵੇ ਨਾਹੀਂ ਝਗੜੇ ਤੋਂ ਬਚ, ਈਰਖਾ ਤੋਂ ਬਚ, ਮਨ ਦੇ ਵਿਕਾਰਾਂ ਤੋਂ ਬਚਣਾ ਕਰ ਪਰ ਦੂਜੇ ਦੇ ਭਲੇ ਵਾਸਤੇ ਤੈਨੂੰ ਤਕਲੀਫ਼ ਵੀ ਝੱਲਣੀ ਪਏ ਤਾਂ ਝੱਲ ਪਰ ਤੂੰ ਕਿਸੇ ਨੂੰ ਕਲੇਸ਼ ਨਾ ਦੇਈਂ। ਸਦਾਚਾਰੀ ਸਾਚੀ ਸ਼ਹਿਦ ਸਤ ਸਰਵਨਧਾਰੀ ਸਦਾਚਾਰੀ। ਭਾਵ ਇਖ਼ਲਾਕ ਵਾਲਾ ਹੋਵੇ, ਨਿਯਮਬੱਧ ਜੀਵਨ ਹੋਵੇ, ਸਾਚੀ ਹਿੰਮਤ ਵਾਲਾ ਹੋਵੇ, ਸ੍ਰੇਸ਼ਟ ਹਿਰਦੇ ਵਾਲਾ ਹੋਵੇ। ਹੈ ਐਸਾ ਗੁਰ ਸਿੱਖ ਸਰਤਾਜ ਵਿਸ਼ੇਸ਼ ਕੋ ਗੁਰੂ ਕੇ ਸਿੱਖਾ, ਜੇ ਕਿਤੇ ਤੇਰੇ ਵਿਚ ਇਹੋ ਜਿਹੇ ਗੁਣ ਹੋਣ ਤੂੰ ਸਾਡੇ ਸਿਰ ਦਾ ਤਾਜ ਹੈਂ। ਸਿਰ ਦਾ ਤਾਜ ਬਣਨ ਲਈ ਕੀ ਕਰ? ਗੁਰੂ ਕੀ ਸੇਵਾ। ਗੁਰੂ ਕੀ ਸੇਵਾ ਨਾਲ ਹੀ ਗੁਰਮੁਖਾ ! ਸੁੱਖ ਦੀ ਪ੍ਰਾਪਤੀ ਹੈ।

ਫਿਰਿ ਦੁਖੁ ਨ ਲਗੈ ਆਇ॥

ਫੇਰ ਕਿਸੇ ਵੀ ਪ੍ਰਕਾਰ ਦਾ ਦੁੱਖ ਤੇਰੇ 'ਤੇ ਅਸਰ ਨਹੀਂ ਕਰੇਗਾ ਕਿਉਂਕਿ ਗੁਰੂ ਕਾ ਸਿੱਖ ਦੁੱਖ ਨੂੰ ਦੁੱਖ ਕਰਕੇ ਮੰਨਦਾ ਹੀ ਨਹੀਂ। ਆਪਾਂ ਨੌਵੇਂ ਪਾਤਿਸ਼ਾਹ ਦੀ ਪਾਵਣ ਬਾਣੀ ਪੜ੍ਹਦੇ ਹਾਂ ਨਾ-

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥

ਜੰਮਣੁ ਮਰਣਾ ਮਿਟਿ ਗਇਆ

ਗੁਰੂ ਕੀ ਸੇਵਾ ਵਿਚ ਕਹਿੰਦੇ ਹਨ ਇੰਨਾ ਬਲ ਹੈ ਕਿ ਜੰਮਣ ਤੇ ਮਰਨ ਖ਼ਤਮ ਹੋ

ਜਾਵੇਗਾ।

ਕਾਲੈ ਕਾ ਕਿਛੁ ਨ ਬਸਾਇ॥

ਥੋੜ੍ਹਾ ਜਿਹਾ ਸਾਵਧਾਨ ਰਹਿ। ਮੌਤ ਦਾ ਇਤਬਾਰ ਨਹੀਂ। ਸਮੇਂ ਦਾ ਯਕੀਨ ਨਾ ਕਰ। ਪਤਾ ਨਹੀਂ ਕੱਲ੍ਹ ਦਿਹਾੜਾ ਚੜ੍ਹੇ ਕਿ ਨਾ ਚੜ੍ਹੇ। ਕਾਲ ਕਹਿੰਦੇ ਮੌਤ ਨੂੰ, ਕਾਲ ਕਹਿੰਦੇ ਸਮੇਂ ਨੂੰ, ਕਾਲੈ ਕਾ ਕਿਛੁ ਨ ਬਸਾਇ॥ ਬਸਾਇ ਦਾ ਅਰਥ ਹੈ ਕਿ ਇਤਬਾਰ ਨਹੀਂ, ਵਿਸ਼ਵਾਸ ਨਹੀਂ। ਜਿਹੜੀ ਮੌਤ ਹੈ ਗੁਰਮੁਖਾ ! ਇਸਦਾ ਇਤਬਾਰ ਨਹੀਂ ਕਦੋਂ ਆ ਜਾਵੇ।

ਹਰਿ ਸੇਤੀ ਮਨੁ ਰਵਿ ਰਹਿਆ

ਜਿਹੜੇ ਪ੍ਰਮੇਸ਼ਰ ਦੇ ਪਿਆਰੇ ਜਿਨ੍ਹਾਂ ਸੇਵਾ ਕੀਤੀ ਉਹ ਮਨ ਕਰਕੇ ਪ੍ਰਮਾਤਮਾ ਨਾਲ ਜੁੜੇ ਹੋਏ ਹਨ, ਮਨ ਕਰਕੇ ਪਰਮਾਤਮਾ ਦੀ ਵਡਿਆਈ ਕਰਦੇ ਹਨ, ਅਥਵਾ ਕੀ ਮਿਲਿਆ ?

ਸਚੇ ਰਹੇ ਸਮਾਇ॥

ਇਹ ਪਰਮਾਤਮਾ ਦੀ ਵਡਿਆਈ ਕਰਦੇ-ਕਰਦੇ ਪਰਮਾਤਮਾ ਵਿਚ ਲੀਨ ਹੋ ਗਏ, ਪ੍ਰਮੇਸ਼ਰ ਦਾ ਰੂਪ ਬਣ ਗਏ ਹਨ।

ਨਾਨਕ ਹਉ ਬਲਿਹਾਰੀ ਤਿੰਨ ਕਉ

ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ-ਗੁਰੂ ਸਿੱਖੋ ! ਮੈਂ ਉਹਨਾਂ ਤੋਂ ਸਦਕੇ ਜਾਵਾਂ, ਮੈਂ ਕੁਰਬਾਨ ਜਾਵਾਂ, 'ਹਉ ਤਿਸ ਘੋਲ ਘੁਮਾਇਆ ਗੁਰਮਤ ਰਿਦੇ ਗਰੀਬੀ ਆਵੈ।' ਮੈਂ ਉਹਨਾਂ ਗੁਰੂ ਕੇ ਪਿਆਰਿਆਂ ਤੋਂ ਸਦਕੇ ਜਾਵਾਂ ਜਿਨ੍ਹਾਂ ਦੇ ਅੰਦਰ ਗੁਰੂ ਕੀ ਮਤਿ ਹੈ, ਜਿਹੜੇ ਆਪਣੇ ਆਪ ਨੂੰ ਗਰੀਬ ਸਮਝਦੇ ਹਨ। ਗਰੀਬ ਨਹੀਂ ਪਰ ਗਰੀਬ ਸਮਝਦੇ ਹਨ। ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ॥ 'ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ॥' ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ—ਲੋਕੀ ਕਹੀ ਜਾਣ ਖ਼ਾਨ ਅਮੀਰ ਜਿਨ੍ਹਾਂ ਕੋਲ ਪੈਸਾ ਹੈ, ਮੈਨੂੰ ਮੰਗਤੇ ਜਾਪਦੇ ਹਨ। ਇਹ ਗੁਰੂ ਕੀ ਬੋਲੀ ਹੈ, ਮੇਰੀ ਨਹੀਂ। ਅਮੀਰ ਕੌਣ ਹੈ ? ਮੇਰੇ ਵਾਹਿਗੁਰੂ ਜਿਨ੍ਹਾਂ ਦੇ ਹਿਰਦੇ ਵਿਚ ਤੂੰ ਵੱਸਦਾ ਹੈਂ, ਜਿਹੜੇ ਤੈਨੂੰ ਚੇਤੇ ਕਰਦੇ ਨੇ, ਜਿਨ੍ਹਾਂ ਦੇ ਅੰਦਰ ਤੇਰੀ ਯਾਦ ਹੈ।

ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ॥ ੧॥

ਮੈਂ ਉਹਨਾਂ ਗੁਰੂ ਕੇ ਹੀਰਿਆਂ, ਪਿਆਰਿਆਂ, ਲਾਲਾਂ ਤੋਂ ਸਦਕੇ ਜਾਂਦਾ ਹਾਂ ਜਿਹੜੇ ਗੁਰੂ ਕੀ ਭਾਵਨਾ ਗੁਰੂ ਕੀ ਇੱਛਾ ਦੇ ਮੁਤਾਬਿਕ ਚੱਲਦੇ ਹਨ।

ਮ: ੩॥ ਬਿਨੁ ਸਬਦੈ ਸੁਧੁ ਨ ਹੋਵਈ

ਪਿਆਰਿਓ ਗੁਰੂ ਕੇ ਉਪਦੇਸ਼ ਦੇ ਬਿਨਾਂ ਸਮਝ ਨਹੀਂ ਪੈਣੀ। ਜਿਹੜਾ ਗੁਰੂ ਕਾ ਉਪਦੇਸ਼, ਗੁਰੂ ਕਾ ਮੂਲ ਮੰਤਰ, ਗੁਰੂ ਕੀ ਬਾਣੀ ਹੈ, ਉਹਦੇ ਨਾਲ ਤੈਨੂੰ ਗਿਆਤ ਆਵੇਗੀ।

ਜੇ ਅਨੇਕ ਕਰੇ ਸੀਗਾਰ ॥

ਭਾਵੇਂ ਅਨੇਕਾਂ ਤਰ੍ਹਾਂ ਦੇ ਕਰਮਾਂ ਕਾਂਡਾਂ ਰੂਪੀ ਸ਼ਿੰਗਾਰ ਕਰ ਲੈ।

ਪਿਰ ਕੀ ਸਾਰ ਨ ਜਾਣਈ

ਮਹਾਰਾਜ ਨੇ ਔਰਤ ਦਾ ਦ੍ਰਿਸ਼ਟਾਂਤ ਦਿੱਤਾ ਹੈ। ਇਕ ਔਰਤ ਉਸ ਨੂੰ ਆਪਣੇ ਪਤੀ ਦੀ ਸੇਵਾ ਕਰਨ ਦੀ ਜਾਚ ਤਾਂ ਹੈ ਨਹੀਂ, ਪਰ ਸ਼ਿੰਗਾਰ ਉਹ ਭਾਵੇਂ ਕਈ ਤਰ੍ਹਾਂ ਦੇ ਕਰ ਲਵੇ।

ਦੂਜੈ ਭਾਇ ਪਿਆਰੁ ॥

ਇਕ ਉਹ ਬੇਸਮਝ ਔਰਤ ਜਿਹੜੀ ਆਪਣੇ ਪਤੀ ਦੀ ਸੇਵਾ ਵਿਚ ਤਤਪਰ ਨਾ ਹੋਵੇ ਤੇ ਉਹ ਦੂਜੇ ਪਾਸੇ ਕਿਸੇ ਨਾਲ ਸਨੇਹ ਕਰਦੀ, ਪਿਆਰ ਕਰਦੀ ਹੈ, ਉਸ ਨੂੰ ਲੋਕੀਂ ਹੋਰ ਢੰਗ ਨਾਲ ਉਚਾਰਣਗੇ, ਕੀ ਕਹਿਣਗੇ :

ਸਾ ਕੁਸੁਧ ਸਾ ਕੁਲਖਣੀ

ਕੁਸੁਧ ਕਹਿੰਦੇ ਹਨ-ਖੋਟੀ ਨੂੰ, ਉਹਨੂੰ ਕਹਿਣਗੇ, ਇਹ ਖੋਟੀ ਔਰਤ ਜਾਂਦੀ ਏ। ਕਿਉਂ ? ਉਹਦੇ ਲੱਛਣ ਠੀਕ ਨਹੀਂ, ਇਕ ਹੁੰਦੀ ਸੁਲੱਖਣੀ ਤੇ ਇਕ ਕੁਲੱਖਣੀ, ਜਿਹਦੇ ਲੱਛਣ ਠੀਕ ਹੋਣ, ਉਸ ਨੂੰ ਕਹਿੰਦੇ ਹਨ, ਫਲਾਣੀ ਬੜੀ ਸੁਲੱਖਣੀ ਹੈ। ਜਿਸ ਦੇ ਲੱਛਣ ਮਾੜੇ ਹੋਣ ਉਸਨੂੰ ਕਹਿੰਦੇ ਹਨ, ਕੁਲੱਖਣੀ ਹੈ, ਖੋਟੇ ਲੱਛਣਾਂ ਵਾਲੀ ਹੈ, ਹਜ਼ੂਰ ਕਹਿੰਦੇ ਹਨ, ਉਸ ਨੂੰ ਖੋਟੀ ਕਹਿਣਗੇ, ਉਸ ਨੂੰ ਕੁਲੱਖਣੀ ਕਹਿਣਗੇ, ਕਿਉਂ ?

ਨਾਨਕ ਨਾਰੀ ਵਿਚਿ ਕੁਨਾਰਿ ॥੨॥

ਤੇ ਜੇ ਕਿਤੇ ਔਰਤਾਂ ਬੈਠੀਆਂ ਹੋਣਗੀਆਂ ਤੇ ਕਹਿਣਗੇ ਇਹ ਤੇ ਹੋਈਆਂ ਨਾ ਫਲਾਣੀਆਂ ਬੀਬੀਆਂ। ਇਹ ਵਿਚ ਕਿਥੋਂ ਕੁਨਾਰ ਆ ਗਈ। ਨਾਰ ਚੰਗੀ, ਕੁਨਾਰ ਗ਼ਲਤ ਔਰਤ, ਉਸ ਨੂੰ ਗ਼ਲਤ ਰੂਪ ਵਿਚ ਕਹਿਣਗੇ।

ਪਉੜੀ ॥ ਹਰਿ ਹਰਿ ਅਪਣੀ ਦਇਆ ਕਰਿ

ਅਰਦਾਸ ਬੇਨਤੀ ਕਰੀਏ, ਹੇ ਦੁੱਖਾਂ ਦੇ ਹਰਨ ਵਾਲੇ, ਹਰੇ ਭਰੇ ਕਰਨ ਵਾਲੇ ਵਾਹਿਗੁਰੂ ! ਸਾਡੇ 'ਤੇ ਮਿਹਰ ਕਰ, ਸਾਡੇ 'ਤੇ ਤਰਸ ਕਰ, ਸਾਡੇ 'ਤੇ ਦਇਆ ਕਰ, ਕੀ ਦਇਆ ਮੰਗਣੀ ਹੈ, ਪਿਆਰਿਓ,

ਹਰਿ ਬੋਲੀ ਬੈਣੀ ॥

ਮੇਰੇ 'ਤੇ ਵਾਹਿਗੁਰੂ ਇਹ ਦਇਆ ਕਰ, ਮੈਂ ਜਦੋਂ ਵੀ ਬੋਲਾਂ, ਮੇਰੀ ਜ਼ਬਾਨ ਵਿਚੋਂ ਤੇਰੇ ਬਚਨ ਨਿਕਲਣ, ਜਦੋਂ ਮੈਂ ਬੋਲਾਂ, ਮੇਰੇ ਮੂੰਹ ਵਿਚੋਂ ਤੇਰੀ ਵਡਿਆਈ ਨਿਕਲੇ, ਕਿਉਂਕਿ ਗੁਰਮੁਖੋ ! ਇਹ ਮੂੰਹ, ਇਹ ਜ਼ਬਾਨ ਸਾਨੂੰ ਪਰਮਾਤਮਾ ਨੇ ਆਪਣੀ ਵਡਿਆਈ ਲਈ ਦਿੱਤੀ

ਹੈ। ਆਪਣੇ ਗੁਰੂ ਅਮਰਦਾਸ ਪਾਤਿਸ਼ਾਹ ਦੇ ਪਾਵਨ ਬਚਨ ਪੜ੍ਹਦੇ ਹਾਂ ਰੋਜ਼ਾਨਾ, ਜੋ ਅਸੀਂ ਆਪਣੀ ਜ਼ਬਾਨ ਨੂੰ ਸੰਬੋਧਨ ਕਰਕੇ ਪੜ੍ਹਨੇ ਹਨ, 'ਏ ਰਸਨਾ ਤੂ ਅਨ ਰਸਿ ਰਾਚਿ ਰਹੀ।' ਹੇ ਮੇਰੀਏ ਜ਼ਬਾਨੇ ! ਤੂੰ ਹੋਰਨਾਂ ਰਸਾਂ ਵਿਚ ਰੁਝ ਗਈ ਹੈਂ, ਪਰ ਯਾਦ ਰੱਖੀਂ, ਇਹਨਾਂ ਰਸਾਂ ਕਰਕੇ ਤੂੰ ਤ੍ਰਿਪਤ ਨਹੀਂ ਹੋਣਾ, ਤੇਰੀ ਪਿਆਸ ਨਹੀਂ ਮਿੱਟਣੀ। "ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥ ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥" ਉਨਾ ਚਿਰ ਤੈਨੂੰ ਸ਼ਾਂਤੀ ਨਹੀਂ ਆਉਣੀ। ਕਈ ਵਾਰ ਗਰਮੀ ਦੇ ਮੌਸਮ ਵਿਚ ਪਿਆਸ ਲੱਗਦੀ ਹੈ ਤੇ ਬੰਦਾ ਪਾਣੀ ਜ਼ਿਆਦਾ ਪੀ ਜਾਂਦਾ ਹੈ। ਪੇਟ ਫੁੱਲ ਜਾਂਦਾ ਹੈ, ਪਰ ਮੂੰਹ ਸੁੱਕੀ ਜਾਂਦਾ ਹੈ। ਇਸੇ ਪ੍ਰਕਾਰ ਗੁਰਮੁਖੋ ! ਉਹ ਮਨੁੱਖ ਜਿਸਦੇ ਕੋਲ ਪਦਾਰਥਾਂ ਦੀ ਬਹੁਤਾਤ ਤਾਂ ਹੈ ਪਰ ਪਰਮਾਤਮਾ ਦਾ ਨਾਮ ਨਾ ਲੈਣ ਕਰਕੇ ਮਨੁੱਖ ਨੂੰ ਸੰਤੋਖ ਨਹੀਂ ਆਉਂਦਾ, ਬੰਦਾ ਰੱਜਦਾ ਨਹੀਂ। "ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥ ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥" ਤੇ ਮੇਰੇ ਪਾਤਿਸ਼ਾਹ ਫ਼ੁਰਮਾਉਂਦੇ ਹਨ, ਵਾਹਿਗੁਰੂ ਸਾਡੇ 'ਤੇ ਦਇਆ ਕਰ, ਮਿਹਰ ਕਰ ਕਿ ਅਸੀਂ ਇਸ ਤੇਰੀ ਬਖ਼ਸ਼ੀ ਹੋਈ ਜ਼ਬਾਨ ਦੇ ਨਾਲ ਤੇਰੀ ਵਡਿਆਈ ਕਰਦੇ ਰਹੀਏ।

ਹਰਿ ਨਾਮੁ ਧਿਆਈ ਹਰਿ ਉਚਰਾ

ਮੈਂ ਮਨ ਕਰਕੇ ਤੇਰੇ ਨਾਲ ਜੁੜਿਆ ਰਹਾਂ। ਮੈਂ ਮਨ ਕਰਕੇ ਤੇਰਾ ਧਿਆਨ ਕਰਾਂ। ਜਦੋਂ ਬੋਲਾਂ, ਉਦੋਂ ਮੇਰੀ ਜ਼ਬਾਨ ਤੋਂ ਤੇਰੀ ਵਡਿਆਈ ਨਿਕਲੇ। ਉਚਰਾ ਦਾ ਅਰਥ ਹੁੰਦਾ ਹੈ, ਬੋਲਣਾ, 'ਹਰਿ ਨਾਮੁ ਧਿਆਈ ਹਰਿ ਉਚਰਾ' ਮਨ ਕਰਕੇ ਮੇਰਾ ਧਿਆਨ ਤੁਹਾਡੇ ਵੱਲ ਰਹੇ, ਜ਼ਬਾਨ ਕਰਕੇ ਜਿੱਥੇ ਵੀ ਮੈਂ ਬੋਲਾਂ, ਤੇਰੀ ਵਡਿਆਈ ਮੇਰੇ ਮੂੰਹ ਤੋਂ ਨਿਕਲੇ।

ਹਰਿ ਲਾਹਾ ਲੈਣੀ॥

ਸੋ, ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ, ਗੁਰੂ ਕੇ ਸਿੱਖਾ ! ਇਸ ਜ਼ਿੰਦਗੀ ਦਾ ਲਾਭ ਲੈ। ਜੇ ਤੈਨੂੰ ਵਾਹਿਗੁਰੂ ਨੇ ਜ਼ਬਾਨ ਦਿੱਤੀ ਹੈ ਤਾਂ ਜਿੰਨਾ ਹੋ ਸਕੇ ਜ਼ਬਾਨ ਦੀ ਵਰਤੋਂ ਪਰਮਾਤਮਾ ਦੀ ਵਡਿਆਈ ਵਿਚ ਕਰ।

ਜੋ ਜਪਦੇ ਹਰਿ ਹਰਿ ਦਿਨਸੁ ਰਾਤਿ

ਜੋ ਗੁਰਮੁਖ ਪਿਆਰੇ, ਗੁਰਸਿੱਖ ਮਾਈ, ਭਾਈ ! ਉਸ ਪਰਮਾਤਮਾ ਦਾ ਦਿਨ ਰਾਤ ਨਾਮ ਲੈਂਦੇ ਹਨ।

ਤਿਨ ਹਉ ਕੁਰਬੈਣੀ॥

ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ, ਮੈਂ ਉਹਨਾਂ ਗੁਰੂ ਦੇ ਸਿੱਖਾਂ ਤੋਂ ਕੁਰਬਾਨ ਜਾਵਾਂ, ਉਹਨਾਂ ਤੋਂ ਸਦਕੇ ਜਾਵਾਂ "ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ

ਨਾਉ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥'' ਰਾਗੀ ਸਿੰਘ ਕਈ ਵਾਰ ਦੇਖਦੇ ਹਾਂ, ਸਾਡੇ ਨਾਲੋਂ ਉਮਰ ਕਰਕੇ ਬਹੁਤ ਛੋਟੇ ਹੁੰਦੇ ਹਨ, ਸਾਡੇ ਬੱਚਿਆਂ ਸਮਾਨ ਹੁੰਦੇ ਹਨ, ਜਦੋਂ ਉਹ ਕੀਰਤਨ ਕਰਦੇ ਹਨ, ਆਪਾਂ ਮਾਇਆ ਭੇਟ ਕਰਦੇ ਹਾਂ, ਉਹ ਉਠਦੇ ਹਨ ਤਾਂ ਆਪਾਂ ਕਹਿੰਦੇ ਜੀ ਰਾਗੀ ਸਿੰਘ ਜੀ ਵਾਜਾ ਸਾਨੂੰ ਦੇ ਦਿਓ, ਇੰਨੀ ਕੁ ਸੇਵਾ ਸਾਨੂੰ ਕਰ ਲੈਣ ਦਿਉ, ਉਂਝ ਉਹ ਸਾਡੇ ਬੇਟੇ ਸਮਾਨ ਹਨ, ਨੌਜਵਾਨ ਨੇ ਉਹ ਗੁਰਮੁਖੋ ! ਆਪਾਂ ਉਹਨਾਂ ਦਾ ਇਸ ਕਰਕੇ ਮਾਣ ਕਰਦੇ ਹਾਂ ਕਿ ਉਹਨਾਂ ਦੀ ਜ਼ਬਾਨ ਤੋਂ ਬਾਣੀ ਨਿਕਲਦੀ ਹੈ, ਉਹ ਗੁਰਬਾਣੀ ਬੋਲਦੇ ਹਨ। ਜਦੋਂ ਵੀ ਕਿਤੇ ਰਾਗੀ ਸਿੰਘ ਕੀਰਤਨ ਕਰਦੇ ਤੇ ਆਪਾਂ ਵਿਸ਼ੇਸ਼ ਕਰਕੇ ਉਹਨਾਂ ਥੱਲੇ ਕੱਪੜਾ ਵਿਛਾਉਂਦੇ ਹਾਂ, ਕੱਪੜਾ ਥੱਲੇ ਵਿਛਾਉਣਾ ਗੁਰੂ ਕੀ ਬਾਣੀ ਦਾ ਅਦਬ ਹੈ, ਉਹ ਗੁਰੂ ਕੇ ਲਾਲ ਉੱਚੀ ਥਾਂ 'ਤੇ ਬਹਿਣ ਇਹ ਵਿਸ਼ੇਸ਼ ਹਨ, ਸੋ ਇਸ ਪ੍ਰਕਾਰ ਮੇਰੇ ਪਾਤਿਸ਼ਾਹ ਫ਼ੁਰਮਾਉਂਦੇ ਹਨ, ਜੋ ਗੁਰਮੁਖ ਪਿਆਰੇ ! ਦਿਨੇ ਰਾਤ ਪਰਮਾਤਮਾ ਦਾ ਨਾਮ ਲੈਂਦੇ ਹਨ, ਮੈਂ ਉਹਨਾਂ ਤੋਂ ਸਦਕੇ ਜਾਂਦਾ ਹਾਂ, ਅਥਵਾ ਜਿਹੜੇ ਵੀ ਪਰਮਾਤਮਾ ਦਾ ਨਾਮ ਦਿਨੇ ਤੇ ਰਾਤ ਲੈਂਦੇ ਨੇ ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ, ਸਦਕੇ ਜਾਂਦਾ ਹਾਂ।

ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ

ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਮੇਰੇ ਸਤਿਗੁਰ ਪਾਤਿਸ਼ਾਹ ਮਹਾਰਾਜ ਦੀ ਅਰਾਧਨਾ ਕੀਤੀ ਹੈ।

ਤਿਨ ਜਨ ਦੇਖਾ ਨੈਣੀ॥

ਮੈਂ ਚਾਹੁੰਦਾ ਕਿ ਮੈਂ ਇਹਨਾਂ ਅੱਖਾਂ ਦੇ ਨਾਲ ਉਸਦੇ ਦੀਦਾਰ ਕਰਾਂ। ਮੈਂ ਯੂ.ਪੀ. ਤੋਂ ਕਥਾ ਕਰਕੇ ਵਾਪਿਸ ਆ ਰਿਹਾ ਸਾਂ, ਮੇਰੇ ਨਾਲ ਮੇਰੀ ਧਰਮ ਪਤਨੀ ਸੀ। ਬਹੁਤ ਭਾਰੀ ਭੀੜ ਕਰਕੇ ਸੀਟ ਮਿਲੀ ਨਾ ਤੇ ਸੁਭਾਵਿਕ ਮੇਰੀ ਧਰਮ ਪਤਨੀ ਨੇ ਆਵਾਜ਼ ਮਾਰੀ ਸਿੰਘ ਸਾਹਿਬ ਅੰਦਰ ਲੰਘ ਆਓ, ਡੱਬੇ ਵਿਚ ਚੜ੍ਹ ਗਏ। ਕੋਈ ਗੁਰਮੁਖ ਪਿਆਰਾ ਗੁਰਸਿੱਖ ਸੀ, ਉਹ ਕਹਿਣ ਲੱਗਾ, ਭੈਣ ਜੀ ! ਸਿੰਘ ਸਾਹਿਬ ਕੌਣ ਹਨ ? ਜੀ, ਇਹ ਮੇਰੀ ਪਤੀ ਦੇਵ ਨੇ ਦਰਬਾਰ ਸਾਹਿਬ ਕਥਾ ਕਰਦੇ ਹਨ। ਉਸ ਗੁਰੂ ਕੇ ਲਾਲ ਨੇ ਗੁਰਮੁਖੋ ਸ਼ਾਹਜਾਨਪੁਰ ਤੋਂ ਲੁਧਿਆਣੇ ਤੱਕ ਇਹੋ ਜਿਹਾ ਪਿਆਰ ਦਿੱਤਾ ਕਿ ਮੇਰੇ ਕੋਲ ਲਫ਼ਜ਼ ਕਹਿਣ ਨੂੰ ਨਹੀਂ, ਉਸ ਨੇ ਆਪਣੀ ਸੀਟ ਵੀ ਖ਼ਾਲੀ ਛੱਡੀ, ਉਸਦਾ ਇਕ ਹੋਰ ਮਿੱਤਰ ਸੀ, ਹਿੰਦੂ ਭਰਾ ਉਸਨੂੰ ਵੀ ਆਖਿਆ, ਤੈਨੂੰ ਪਤਾ ਇਹ ਕਿਥੋਂ ਆਏ ਹਨ, ਕੌਣ ਹਨ, ਇਹ ਮੇਰੇ ਗੁਰੂ ਰਾਮਦਾਸ ਦੇ ਦਰ ਦੇ ਚਾਕਰ ਨੇ, ਮੇਰੇ 'ਤੇ ਗੁਰੂ ਰਾਮਦਾਸ ਪਾਤਿਸ਼ਾਹ ਨੇ ਮੇਹਰ ਕੀਤੀ ਤੇ ਮੈਨੂੰ ਗੁਰੂ ਰਾਮਦਾਸ ਦੇ ਸੇਵਾਦਾਰ ਦੇ ਦੀਦਾਰ ਹੋਏ ਹਨ ਅਤੇ ਗੁਰਮੁਖ ਪਿਆਰਾ ਬਾਰ ਬਾਰ ਗਿਆਨੀ ਜੀ ਕੁਝ ਛਕਣਾ ਹੈ ਜਾਂ ਜਲ ਲਿਆਵਾਂ ਹੋਰ ਕੋਈ ਚੀਜ਼ ਛੱਕੋਗੇ, ਮੈਂ ਤੁਹਾਡੇ ਤੋਂ ਨਹੀਂ ਕੁਰਬਾਨ ਜਾਂਦਾ, ਮੈਂ ਗੁਰੂ ਰਾਮਦਾਸ ਤੋਂ ਕੁਰਬਾਨ ਜਾਂਦਾ ਹਾਂ, ਤੁਸੀਂ ਮੇਰੇ ਗੁਰੂ ਦੇ ਦਰ ਤੋਂ ਆਏ ਹੋ। ਗੁਰਮੁਖੋ ! ਬੰਦੇ ਦਾ

ਸਤਿਕਾਰ ਨਹੀਂ ਕਰਦੇ, ਆਪਾਂ ਗੁਰੂ ਤੇ ਗੁਰੂ ਦੀ ਬਾਣੀ ਦਾ ਸਤਿਕਾਰ ਕਰਦੇ ਹਾਂ। ਇਸ ਪ੍ਰਕਾਰ ਮੇਰੇ ਪਾਤਿਸ਼ਾਹ ਫ਼ੁਰਮਾਉਂਦੇ ਹਨ, ਜਿਹੜੇ ਗੁਰੂ ਦੇ ਪਿਆਰ ਵਾਲੇ ਨੇ, ਮੇਰੇ 'ਤੇ ਮੇਹਰ ਕਰਨ, ਮੈਨੂੰ ਉਹਨਾਂ ਦੇ ਦਰਸ਼ਨ ਹੋਣ ਕਿਉਂਕਿ ਉਹਨਾਂ ਦੇ ਦਰਸ਼ਨ ਕਰਨ ਨਾਲ ਸਾਨੂੰ ਗੁਰੂ ਚੇਤੇ ਆਉਂਦਾ ਹੈ।

ਹਉ ਵਾਰਿਆ ਅਪਣੇ ਗੁਰੂ ਕਉ

ਮੈਂ ਆਪਣੇ ਗੁਰੂ ਤੋਂ ਕੁਰਬਾਨ ਜਾਂਦਾ ਹਾਂ,

ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥੨੪॥

ਕਿਉਂਕਿ ਗੁਰੂ ਨੇ ਸਾਡੇ 'ਤੇ ਕ੍ਰਿਪਾ ਕੀਤੀ ਹੈ, ਸੈਣੀ ਦਾ ਅਰਥ ਹੁੰਦਾ ਹੈ-ਸਾਥੀ, ਸੱਜਣ ਦਾ ਅਰਥ ਹੈ-ਮਿੱਤਰ, ਮੈਂ ਆਪਣੇ ਗੁਰੂ ਤੋਂ ਇਸ ਕਰਕੇ ਕੁਰਬਾਨ ਜਾਂਦਾ ਹਾਂ, ਕਿਉਂਕਿ ਗੁਰੂ ਨੇ ਮੇਰੇ 'ਤੇ ਮੇਹਰ ਕੀਤੀ, ਮੈਨੂੰ ਪਰਮਾਤਮਾ ਨਾਲ ਮਿਲਾ ਦਿੱਤਾ ਹੈ। ਜੈਨ ਧਰਮ ਦਾ ਗੁਰਮੁਖੀ ਲਫਜ਼ ਹੈ ਇਕ ਤੀਰਥੰਕਰ, ਜਿਵੇਂ ਆਪਾਂ ਗੁਰੂ ਕਹਿੰਦੇ ਹਾਂ, ਜੈਨੀ ਤੀਰਥੰਕਰ ਕਹਿੰਦੇ ਹਨ। ਤੀਰਥੰਕਰ ਦਾ ਅਰਥ ਹੈ-ਪੁੱਲ। ਜਿਵੇਂ ਪੁੱਲ ਦੇ ਰਾਹੀਂ ਆਪਾਂ ਇਸ ਪਾਰ ਤੋਂ ਉਸ ਪਾਰ ਜਾਂਦੇ ਹਾਂ, ਇਸੇ ਤਰ੍ਹਾਂ ਗੁਰਮੁਖੋ ਜਿਹੜਾ ਗੁਰੂ ਹੈ, ਅਸੀਂ ਇਸ ਤੋਂ ਇਸ ਕਰਕੇ ਸਦਕੇ ਜਾਂਦੇ ਹਾਂ, ਕਿਉਂਕਿ ਗੁਰੂ ਸੰਸਾਰ ਵਾਲੇ ਰਸਤੇ ਤੋਂ ਸਾਨੂੰ ਕਰਤਾਰ ਤੱਕ ਪਹੁੰਚਾਉਂਦਾ ਹੈ, ਇਸ ਕਰਕੇ ਮੈਂ ਗੁਰੂ ਤੋਂ ਕੁਰਬਾਨ ਜਾਂਦਾ ਹਾਂ। ਗੁਰੂ ਬਾਬਾ ਗੁਰਮੁਖੋ ਸਾਡੇ ਸਾਰਿਆਂ 'ਤੇ ਦਇਆ ਕਰੇ ਤੇ ਗੁਰੂ ਕਾ ਸਥਾਨ ਸਾਡੇ ਜੀਵਨ ਦਾ ਅੰਗ ਬਣੇ।

ਵਾਹਿਗੁਰੂ ਜੀ ਕੀ ਖਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

☆☆☆

# ਵਿੱਦਿਆ ਮਨੁੱਖ ਦਾ ਤੀਜਾ ਨੇਤਰ

ਮੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ॥
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ॥
(ਪੰਨਾ ੯੬੪)

ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥
(ਪੰਨਾ ੧੩੯੨)

ਹੋਵੈ ਸਿਫਤਿ ਖਸੰਮ ਕੀ ਨੂਰ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥
(ਪੰਨਾ ੯੬੭)

ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ॥
ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ॥
(ਪੰਨਾ ੧੪੨੬)

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ

ੴ ਸਤਿਗੁਰ ਪ੍ਰਸਾਦਿ॥

ਸਲੋਕ॥ ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥
ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ॥੧॥
ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ॥
ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ॥ ੨॥
ਪਉੜੀ॥ ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ॥
ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ॥
ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ॥
ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥
ਜਿਸ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ॥ ੧॥
(ਪੰਨਾ ੨੦੫)

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥ ਗੁਰੂ ਰੂਪ ਗੁਰੂ ਕੀ ਸਾਜੀ

ਨਿਵਾਜੀ ਗੁਰੂ ਖਾਲਸਾ ਸਾਧਸੰਗਤ ਜੀ ! ਆਪਾਂ ਜੋ ਇਹ ਪਾਵਨ ਹੁਕਮਨਾਮਾ ਸਰਵਣ ਕੀਤਾ ਹੈ, ਇਹ ਸਮੁੱਚੀ ਵਾਰ ਸਤਿਗੁਰੂ ਪੰਚਮ ਪਾਤਿਸ਼ਾਹ ਮਹਾਰਾਜ ਨੇ ਵਿਜੇ ਰਾਮ ਨਾਮ ਦੇ ਪੰਡਿਤ ਨੂੰ ਸੰਬੋਧਨ ਕਰਕੇ ਉਚਾਰੀ। ਇਉਂ ਕਹਿ ਸਕਦੇ ਹਾਂ ਕਿ ਜੈਤਸਰੀ ਜੋ ਵਾਰ ਹੈ ਇਹ ਗੁਰੂ ਪੰਚਮ ਪਾਤਿਸ਼ਾਹ ਨੇ ਵਿਜੇ ਰਾਮ ਪੰਡਿਤ ਨੂੰ ਸੰਬੋਧਨ ਕਰਕੇ ਉਚਾਰੀ। ਉਹ ਗੁਰੂ ਪਿਆਰਾ ਮਹਾਰਾਜ ਦੇ ਅੱਗੇ ਆਪਣੇ ਸ਼ੰਕੇ ਕਰੀ ਜਾਂਦਾ। ਇਹ ਸਤਿਗੁਰੂ ਪੰਚਮ ਪਾਤਿਸ਼ਾਹ ਉਸ ਗੁਰਮੁਖ ਦੇ ਸ਼ੰਕਿਆ ਦਾ ਜਵਾਬ ਦੇ ਰਹੇ ਨੇ। ਉਸ ਗੁਰਮੁਖ ਨੇ ਪਹਿਲਾਂ ਸ਼ੰਕਾ ਇਹ ਕੀਤਾ ਕਿ ਮਹਾਰਾਜ, ਪੁਰਾਣੇ ਅਵਤਾਰਾਂ ਦੇ ਬਾਰੇ ਸੁਣਿਆ ਹੈ ਕਿ ਉਹਨਾਂ ਦੀਆਂ ਸ਼ਕਤੀਆਂ ਦੀ ਗਿਣਤੀ ਹੈ, ਸ੍ਰੀ ਪਰਸੁਰਾਮ ਜੀ ੪ ਕਲਾ ਅਵਤਾਰ ਹੋਏ ਹਨ। ਸ੍ਰੀ ਰਾਮ ਚੰਦਰ ਮਹਾਰਾਜ ੧੪ ਕਲਾਂ ਅਵਤਾਰ, ਸ੍ਰੀ ਕ੍ਰਿਸ਼ਨ ਭਗਵਾਨ ਜੀ ੧੬, ਜਿਹੜਾ ਸਰਵ-ਵਿਆਪਕ ਜਿਸਨੂੰ ਆਪਣਾ ਇਸ਼ਟ ਮੰਨਦੇ ਹਾਂ ਉਹਦੇ ਵਿਚ ਭਲਾ ਕਿੰਨੀਆਂ ਕੁ ਕਲਾਂ ਨੇ ? ਸਤਿਗੁਰ ਪਾਤਿਸ਼ਾਹ ਫ਼ੁਰਮਾਉਂਦੇ ਹਨ-ਵਿਜੇ ਰਾਮ ਜੀ ! ਜਿਹੜਾ ਪਰਮਾਤਮਾ ਏ ਨਾ, ਉਹ ਪਹਿਲੀ ਗੱਲ ਪੁਰਾਣਾ ਨਹੀਂ ਹੁੰਦਾ, ਕਿਉਂਕਿ ਗੁਰੂ ਫ਼ੁਰਮਾਨ ਹੈ : 'ਸਚ ਪੁਰਾਣਾ ਹੋਵੈ ਨਾਹੀ, ਸੀਤਾ ਕਦੇ ਨਾ ਪਾਟੇ।' ਦੁਨੀਆ ਦੀ ਹਰ ਵਸਤੂ ਸਮੇਂ ਨਾਲ, ਟਾਈਮ ਨਾਲ ਪੁਰਾਣੀ ਹੋ ਜਾਂਦੀ ਹੈ। ਹੌਲੀ-ਹੌਲੀ, ਪਰ ਇਕ ਪਰਮਾਤਮਾ ਹੈ ਜਿਹੜਾ ਪੁਰਾਣਾ ਨਹੀਂ ਹੁੰਦਾ। ਜਿਸ ਦੀਆਂ ਸ਼ਕਤੀਆਂ ਘੱਟਦੀਆਂ ਨਹੀਂ। ਇਸ ਤਰ੍ਹਾਂ ਗੁਰਦੇਵ ਜਿਵੇਂ ਉਸ ਗੁਰਮੁਖ ਨੂੰ ਕਹਿ ਰਹੇ ਹਨ, ਆਪ ਸਿਲਸਿਲੇਵਾਰ ਵਿਚਾਰ ਸਰਵਣ ਕਰੋ ਜੀ।

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ

ੴ ਸਤਿਗੁਰ ਪ੍ਰਸਾਦਿ॥ ਵਾਰ ਸਲੋਕਾਂ ਨਾਲ ਦਾ ਮਤਲਬ ਇਹ ਹੈ ਆਮ ਕਰਕੇ ਬਹੁਤ ਸਾਰੀਆਂ ਵਾਰਾਂ ਦੇ ਵਿਚ ਪਉੜੀਆਂ ਹੋਰ ਕਿਸੇ ਮਹੱਲੇ ਦੀਆਂ ਨੇ ਤੇ ਸਲੋਕ ਕਿਸੇ ਹੋਰ ਮਹੱਲੇ ਦੇ ਨੇ। ਜਿਵੇਂ ਆਪਾਂ ਆਸਾ ਜੀ ਦੀ ਵਾਰ ਵਿਚ ਸਤਿਗੁਰੂ ਅੰਗਦ ਦੇਵ ਸੱਚੇ ਪਾਤਿਸ਼ਾਹ ਮਾਹਰਾਜ ਜੀ ਦੇ ਸਲੋਕਾਂ ਦਾ ਜ਼ਿਕਰ ਵੀ ਕਰਦੇ ਹਾਂ, ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਮਹਾਰਾਜ ਨੇ ਬਹੁਤ ਭਾਰੀ ਹਿੱਸਾ ਪਾਇਆ ਆਸਾ ਦੀ ਵਾਰ ਵਿੱਚ। ਵਾਰ ਸਲੋਕਾ ਨਾਲ ਦਾ ਮਤਲਬ ਇਹ ਹੈ ਕਿ ਇਹ ਸਾਰੀ ਦੀ ਸਾਰੀ ਵਾਰ ਵਿਚ ਸਲੋਕ ਵੀ ਗੁਰੂ ਪੰਚਮ ਪਾਤਿਸ਼ਾਹ ਦੇ ਨੇ ਤੇ ਪਉੜੀਆਂ ਵੀ ਉਹਨਾਂ ਦੀਆਂ ਨੇ। ਪਰਮਾਤਮਾ ਇਕ ਹੈ, ਅਦੁੱਤੀ ਹੈ, ਅਮੇਵਾ ਹੈ, ਉਚਾਰਨ ਤੇ ਰੱਖਿਆ ਕਰਦਾ ਹੈ, ਗੁਰੂ ਦੇ ਮੇਲ ਨਾਲ ਪ੍ਰਾਪਤ ਹੁੰਦਾ ਹੈ।

ਸਲੋਕ॥

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥

ਇਸ ਸਲੋਕ ਦਾ ਮੁੱਖ ਅਰਥ ਇਹ ਹੈ ਕਿ ਛੰਦ ਦੀ ਚਾਲ ਦਾ ਨਾਂ ਹੈ ਲੇਕਿਨ ਅਨਭਵੀ ਜਾਂ ਸੰਪਰਦਾਇਕ ਲੋਕ ਇਹਦੇ ਇਕ ਹੋਰ ਵੀ ਅਰਥ ਕਰਦੇ ਨੇ। ਜੋ ਗੁਰੂ ਕੇ ਸਲੋਕਾਂ ਦਾ

ਉਚਾਰਨ ਕਰਦਾ ਹੈ ਉਸਨੂੰ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ, ਉਹ ਗੁਰੂ ਦੇ ਲੋਕ ਨੂੰ ਪ੍ਰਾਪਤ ਕਰ ਲੈਂਦਾ ਹੈ। ਵਿਜੇ ਰਾਮ ਜੀ, ਜਦੋਂ ਦੁਨੀਆਂ ਦਾ ਮੁੱਢ ਬੱਝਾ ਤਾਂ ਅ ਦਾ ਅਰਥ ਹੁੰਦਾ ਹੈ ਆਰੰਭ। ਜਿਹੜਾ ਪਰਮਾਤਮਾ ਸੀ ਉਦੋਂ ਬਿਲਕੁਲ ਮੁਕੰਮਲ ਸੀ, ਹੁਣ ਵੀ ਹੈ, 'ਅੰਤਿ ਪੂਰਨ ਪਰਮੇਸੁਰਹ' ਜਦੋਂ ਕਹਿੰਦੇ ਨੇ ਕਿਆਮਤ ਆ ਜਾਣੀ ਏ, ਪਰਲੋ ਆ ਜਾਣੀ ਹੈ।

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ ੧॥
(ਪੰਨਾ ੧੦੩੫)

ਕਹਿੰਦੇ ਹਨ ਚੰਦਰਮਾ ਤੇ ਤਾਰੇ ਵੀ ਆਪਣੇ ਸਮੇਂ ਨਾਲ ਖ਼ਤਮ ਹੋ ਜਾਣੇ ਨੇ, ਤੱਤਾਂ ਨਾਲ ਤੱਤ ਮਿਲ ਜਾਣੇ ਹਨ, ਪਰ ਪਰਮਾਤਮਾ ਦੀ ਹੋਂਦ ਵਿਚ ਵੀ ਉਦੋਂ ਕੋਈ ਫ਼ਰਕ ਨਹੀਂ ਪੈਣਾ, ਉਦੋਂ ਵੀ ਪੂਰਨ ਹੋਵੇਗਾ। ਫੇਰ ਸਾਨੂੰ ਕੀ ਕਰਨਾ ਚਾਹੀਦਾ ਹੈ ? ਤੁਸੀਂ ਕਿਤੇ ਗੁਰੂ ਨਾਨਕ ਪ੍ਰਕਾਸ਼ ਵਿਚੋਂ ਜਾਂ ਜਨਮ ਸਾਖੀ ਵਿਚੋਂ ਇਕ ਸਾਖੀ ਪੜ੍ਹੋ ਜਿਸਦਾ ਨਾਮ ਹੈ ਕਾਗ ਕੁਸੁੰਡ ਦੀ ਸਾਖੀ। ਗੁਰਦੇਵ ਭਾਈ ਮਰਦਾਨਾ ਜੀ ਸਮੇਤ ਉਹਦੀ ਪੁਰੀ ਵਿਚ ਗਏ ਨੇ, ਵਿਚਾਰ ਵਟਾਂਦਰਾ ਕੀਤਾ। ਗੁਰੂ ਪਾਤਿਸ਼ਾਹ ਫ਼ੁਰਮਾਉਂਦੇ ਹਨ-ਮਰਦਾਨਾ ਜੀ, ਇਸ ਮਹਾਂਪੁਰਸ਼ ਦੀ ਉਮਰ ਬਹੁਤ ਜ਼ਿਆਦਾ ਲੰਬੀ ਹੈ। ਭਾਈ ਮਰਦਾਨਾ ਜੀ ਨੇ ਪੁੱਛਿਆ ਕਿ ਮਹਾਰਾਜ ਆਪ ਜੀ ਇਹ ਕਹਿੰਦੇ ਹੋ ਕਿ ਉਸਦੀ ਉਮਰ ਬਹੁਤ ਲੰਬੀ ਏ, ਇਹਦਾ ਕਾਰਨ ਕੀ ਹੈ ? ਕੀ ਰਾਜ਼ ਹੈ ? ਸਤਿਗੁਰੂ ਪਾਤਿਸ਼ਾਹ ਫ਼ੁਰਮਾਉਂਦੇ ਹਨ-ਮਰਦਾਨਾ ਜੀ, ਤੁਸੀਂ ਆਪ ਤਸਦੀਕ ਕਰ ਲਉ। ਭਾਈ ਮਰਦਾਨਾ ਜੀ ਨੇ ਮਹਾਂਪੁਰਸ਼ ਕਾਗ ਕੁਸੁੰਡ ਨੂੰ ਪੁੱਛਿਆ ਕਿ ਮਹਾਂਪੁਰਸ਼ੋ ! ਕਹਿੰਦੇ ਹਨ ਕਿ ਤੁਹਾਡੇ 'ਤੇ ਪਰਲੋ ਦਾ ਵੀ ਪ੍ਰਭਾਵ ਨਹੀਂ ਪੈਂਦਾ, ਕੀ ਰਾਜ਼ ਹੈ ? ਮਰਦਾਨਾ ਜੀ ਨੂੰ ਕਾਗ ਕੁਸੁੰਡ ਨੇ ਬੇਨਤੀ ਕੀਤੀ ਕਿ ਮਹਾਂਪੁਰਸ਼ੋ, ਮੇਰੇ ਹੁੰਦਿਆਂ ਹੁੰਦਿਆਂ ਕਈ ਵਾਰ ਪਾਣੀ ਦੀ ਪਰਲੋ ਆਈ, ਕਦੇ ਅਗਨੀ ਦੀ ਪਰਲੋ ਆਈ। ਜਦੋਂ ਅਗਨੀ ਦੀ ਪਰਲੋ ਆਉਂਦੀ ਉਦੋਂ ਮੈਂ ਅੱਗ ਹੋ ਜਾਂਦਾ, ਪਾਣੀ ਦੀ ਪਰਲੋ ਆਉਂਦੀ ਤਾਂ ਮੈਂ ਪਾਣੀ ਹੋ ਜਾਂਦਾ, ਮੈਨੂੰ ਖ਼ਤਰਾ ਤਾਂ ਜੇ ਮੈਂ ਵਿਰੋਧਤਾ ਕਰਾਂ।

ਇਸੇ ਤਰ੍ਹਾਂ ਗੁਰਮੁਖੋ, ਆਪਾਂ ਪੜ੍ਹਿਆ ਕਿ ਪਰਮਾਤਮਾ ਪਹਿਲਾਂ ਵੀ ਪੂਰਨ ਸੀ, ਹੁਣ ਵੀ ਪੂਰਨ ਹੈ, ਫੇਰ ਵੀ ਪੂਰਨ ਹੋਵੇਗਾ। ਆਪਣਾ ਵਿਚਾਰ ਇਸ ਢੰਗ ਨਾਲ ਹੋ ਸਕਦਾ ਹੈ ਜੇ ਆਪਾਂ ਪੂਰਨ ਨਾਲ ਮਿਲ ਕੇ ਪੂਰਨ ਹੋ ਜਾਈਏ ਤਾਂ ਹੀ ਗੁਜ਼ਾਰਾ ਚੱਲੇਗਾ। ਪੂਰਨ ਹੋਣ ਵਾਸਤੇ ਸਾਡੇ ਸਿੱਖ ਮੱਤ ਨੇ ਕੁਝ ਸੰਸਕਾਰਾਂ ਦਾ ਜ਼ਿਕਰ ਕੀਤਾ ਹੈ। ਮੈਂ ਕੁਝ ਦਿਨ ਪਹਿਲਾਂ ਆਪ ਜੀ ਦੇ ਨਾਲ ਵਿਚਾਰ ਸਾਂਝੀ ਕੀਤੀ ਸੀ ਕਿ ਬੱਚੇ ਦਾ ਜਨਮ ਹੋਇਆ, ਪਿਤਾ ਬਾਣੀ ਪੜ੍ਹਦਾ ਰੱਬ ਦਾ ਨਾਮ ਲੈਂਦਾ, ਬੱਚੇ ਦੀ ਮਾਂ ਭਗਵਾਨ ਦਾ ਨਾਂ ਲੈਂਦੀ ਹੈ। ਜਨਮ ਦੇ ਸਮੇਂ ਬੱਚੇ ਦੇ ਕੰਨਾਂ ਵਿਚ ਭਗਵਾਨ ਦਾ ਨਾਂ ਲਿਆ ਗਿਆ। ਉਹਦੇ ਚੰਗੇ ਸੰਸਕਾਰ ਬਣ ਗਏ, ਉਹ ਬੱਚਾ ਪੂਰਨ ਦੀ ਮੰਜ਼ਿਲ ਵਾਲੇ ਪਾਸੇ ਤੁਰ ਪਏਗਾ, ਪਰ ਜਨਮ ਬਾਅਦ ਜਨਮ ਸੰਸਕਾਰ ਤੋਂ ਬਾਅਦ ਇਕ

ਹੋਰ ਸੰਸਕਾਰ ਹੈ ਜਿਸਨੂੰ ਵਿਦਿਆ ਸੰਸਕਾਰ ਕਿਹਾ ਗਿਆ ਹੈ।

ਆਪਾਂ ਜ਼ਿਆਦਾਤਰ ਪੜ੍ਹਿਆ ਹੈ ਜਿਨ੍ਹੇਂ ਐਮ.ਏ. ਜਾਂ ਟਰਿੱਪਲ ਐਮ.ਏ. ਕੀਤੀ, ਮੇਰੇ ਨਾਲ ਤਾਂ ਕੋਈ ਰੱਲਦਾ ਹੀ ਨਹੀਂ। ਪਰ ਗੁਰਮਤਿ ਕਹਿੰਦੀ ਹੈ ਗੁਰਮੁਖਾ ਇਹ ਵਿਦਿਆ ਜੰਮ-ਜੰਮ ਪੜ੍ਹ, ਪਰ ਇਹਦੇ ਨਾਲ ਇਕ ਅਧਿਆਤਮਕ ਵਿੱਦਿਆ ਵੀ ਜ਼ਰੂਰੀ ਹੈ ਜਿਹੜੀ ਤੈਨੂੰ ਪੂਰਿਆਂ ਕਰੇਗੀ। ਸਕੂਲਾਂ ਦੀਆਂ, ਕਾਲਜਾਂ ਦੀਆਂ ਕਿਤਾਬਾਂ ਅਧੂਰੀਆਂ ਨਹੀਂ, ਮਾੜੀਆਂ ਨਹੀਂ, ਇਹ ਜੀਵਨ ਦਾ ਅੰਗ ਨੇ, ਪਰ ਗੁਰਮੁਖਾ, ਪੰਛੀ ਉਹ ਆਕਾਸ਼ ਵਿਚ ਉਡਾਰੀਆਂ ਮਾਰਦਾ ਹੈ ਜਿਸ ਦੇ ਖੰਭ ਦੋਵੇਂ ਮੁਕੰਮਲ ਹੋਣ। ਆਪਾਂ ਦੁਨਿਆਵੀ ਲੋੜਾਂ ਵਾਸਤੇ ਤਾਂ ਦੁਨਿਆਵੀ ਵਿਦਿਆ ਪੜ੍ਹ ਲਈ, ਪਰ ਪ੍ਰੀਤਮ ਦੇ ਦੇਸ਼ ਵਿਚ ਪਹੁੰਚਣ ਵਾਸਤੇ ਅਸੀਂ ਅਧਿਆਤਮਕ ਵਿਦਿਆ ਦਾ ਸਹਾਰਾ ਨਹੀਂ ਲਿਆ। ਉਹ ਹੈ ਗੁਰਮੁਖ ਪਿਆਰਿਓ, ਵਿਦਿਅਕ ਸੰਸਕਾਰ ਜਿਸ ਨੂੰ ਗੁਰੂ ਬਾਬੇ ਨੇ ਇਉਂ ਫੁਰਮਾਇਆ ਹੈ :

ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ॥

ਮਨ ਸਮਝਾਵਣ ਕਾਰਨੇ ਕਛੂਅਕ ਪੜੀਏ ਗਿਆਨ॥ ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ ਮਾਤਾ-ਪਿਤਾ ਨੂੰ ਚਾਹੀਦਾ ਹੈ ਆਪਣੇ ਬੱਚਿਆਂ ਨੂੰ ਵਿਦਿਆ ਜ਼ਰੂਰ ਪੜ੍ਹਾਉਣ। ਵਿਦਿਆ ਮਨੁੱਖਤਾ ਦਾ ਤੀਜਾ ਨੇਤਰ ਹੈ। ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਮਹਾਰਾਜ ਬਾਰੇ ਤੁਸੀਂ ਪੜ੍ਹੋ। ਛੇਵੇਂ ਪਾਤਿਸ਼ਾਹ ਨੇ ਇਹ ਗੁਰਮੁਖੀ ਦੀ ਵਿਦਿਆ ਬਾਬਾ ਬੁੱਢਾ ਜੀ ਪਾਸੋਂ ਲਈ ਸੰਥਿਆ ਦੇ ਰੂਪ ਵਿਚ। ਛੇਵੇਂ ਪਾਤਿਸ਼ਾਹ ਉਚੇਚੇ ਤੌਰ ਤੇ ਰਮਦਾਸਨਗਰ ਰਹੇ। ਪੰਜਵੇਂ ਪਾਤਿਸ਼ਾਹ ਜਿਸਨੂੰ ਅਸੀਂ ਪ੍ਰਤੱਖ ਹਰਿ ਕਹਿੰਦੇ ਹਾਂ, ਉਹਨਾਂ ਨੇ ਸੰਸਕ੍ਰਿਤ ਦੀ ਵਿਦਿਆ ਬਚਪਨ ਵਿਚ ਬੇਨੀ ਨਾਮੇ ਪੰਡਿਤ ਕੋਲੋਂ ਪੜ੍ਹੀ। ਉਹਨਾਂ ਬਾਬਾ ਮੂਰੀ ਜੀ ਪਾਸੋਂ, ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਕੋਲੋਂ ਵਿਦਿਆ ਪ੍ਰਾਪਤ ਕੀਤੀ। ਸੋ ਇਸੇ ਪ੍ਰਕਾਰ ਸ਼ਾਸਤਰਾਂ ਦਾ ਸਲੋਕ ਹੈ-ਦੁਏ ਦੇ ਲੋਚਨ ਸਰਬਾਨਾ ਵਿਦਵਾਨਾਂ ਪਰੇ ਲੋਚਨਾ ਪੰਡਤਾਨਾਂ ਸਪਤਾਨੀ ਬ੍ਰਹਮ ਗਿਆਨੀ ਅਨੰਤ ਲੋਚਨਾ। ਵਿਦਿਆਹੀਨ ਪੁਰਸ਼ ਪਸ਼ੂ ਵਾਂਗ ਹੈ।

ਸੋ ਵਿਦਿਆ ਪੜ੍ਹਨੀ ਹਰ ਪ੍ਰਾਣੀ ਮਾਤਰ ਲਈ ਜ਼ਰੂਰੀ ਹੈ। ਉਹ ਮਾਪੇ ਵੱਡੇ ਦੁਸ਼ਮਣ ਨੇ ਜੋ ਔਲਾਦ ਨੂੰ ਵਿਦਿਆ ਨਹੀਂ ਪੜ੍ਹਾਉਂਦੇ। ਗੁਰੂ ਨਾਨਕ ਪ੍ਰਕਾਸ਼ ਵਿਚ ਗਿਆਨੀ ਸੰਤੋਖ ਸਿੰਘ ਜੀ ਇਕ ਥਾਂ 'ਤੇ ਲਿਖਦੇ ਹਨ ਅਧਿਆਇ ਛੇਵੇਂ ਵਿਚ-'ਬਹੁ ਗੁਣੀ ਅਲਾਵਹਿ ਸੁਤ ਨ ਪੜਾਵੈ, ਜੋ ਸ਼ਤਰੂ ਸਮਤਾਤ ਸੋਭਾ ਨ ਪਾਵੈ। ਮਤ ਨਹੀ ਆਵੈ ਜਗ ਮੇਂ ਏ ਬਖਿਆਤ।'

ਜਦੋਂ ਬੱਚਾ ਪੜ੍ਹਨ ਯੋਗ ਹੋਵੇ ਉਸਨੂੰ ਪੜ੍ਹਨੇ ਪਾ ਦੇਣਾ ਚਾਹੀਦਾ ਹੈ। ਵਿਦਿਆ ਗੁਪਤ, ਨਾਸ਼-ਰਹਿਤ ਤੇ ਹੌਲਾ ਧਨ ਹੈ। ਪੈਸੇ ਵੀ ਆਪਾਂ ਨੂੰ ਬੈਗ ਵਿਚ ਪਾਉਣੇ ਪੈਂਦੇ ਨੇ, ਕਿਤੇ ਇਹ ਨੋਟ ਇਹਨਾਂ ਨੂੰ ਬੜਾ ਸਾਂਭ-ਸਾਂਭ ਕੇ ਤੇ ਪਲਾਸਟਿਕ ਦੇ ਲਿਫ਼ਾਫ਼ਿਆਂ ਵਿਚ ਪਾ-ਪਾ ਕੇ ਰੱਖਦੇ ਹਾਂ ਕਿ ਕੋਈ ਚੋਰੀ ਨਾ ਕਰ ਲਏ, ਪਰ ਜਿਹੜੀ ਵਿਦਿਆ ਇਹ ਹੌਲਾ ਧਨ ਹੈ। ਨੋਟ ਬਟੂਏ

ਵਿਚ ਦਿਸਣਗੇ, ਪਰਸ ਵਿਚੋਂ ਦਿੱਸਣਗੇ, ਕੋਈ ਦਾਅ ਲਾ ਲਵੇਗਾ। ਜਿੰਨਾ ਮਰਜ਼ੀ ਬੰਦਾ ਪੜ੍ਹੀ ਜਾਵੇ, ਮਨੁੱਖ ਦੀ ਸਹਾਇਤਾ ਕਰਦੀ ਏ। ਵਿਦਵਾਨ ਪੁਰਸ਼ ਦਾ ਹਰ ਥਾਂ 'ਤੇ ਸਤਿਕਾਰ ਹੁੰਦਾ ਹੈ। ਇਸ ਧਨ ਨੂੰ ਨਾ ਕੋਈ ਵੰਡਾ ਸਕਦਾ ਹੈ, ਨਾ ਚੁਰਾ ਸਕਦਾ ਹੈ, ਨਾ ਖੋਹ ਸਕਦਾ ਹੈ, ਨਾ ਇਸਨੂੰ ਅੱਗ ਸਾੜ ਸਦਕੀ ਹੈ, ਨਾ ਇਹ ਨਾਸ਼ ਹੁੰਦੀ ਹੈ। ਇਹ ਸਭ ਥਾਵਾਂ ਤੇ ਸਗੋਂ ਪ੍ਰਦੇਸ਼ ਵਿਚ ਵੀ ਬੰਦੇ ਦੀ ਚੰਗੀ ਸਹਾਇਤਾ ਕਰਦੀ ਹੈ। ਇਹ ਦੁੱਖਾਂ ਨੂੰ ਸਾੜਦੀ ਹੈ। ਰਾਜਿਆਂ ਦੁਆਰਾ ਵਿਦਵਾਨਾਂ ਨੂੰ ਮਾਣ ਮਿਲਦਾ ਹੈ। ਵਿਦਿਆ ਤੋਂ ਬਿਨਾਂ ਮਨੁੱਖ ਨੂੰ ਕਹਿੰਦੇ ਪਸ਼ੂ ਤਰ੍ਹਾਂ ਜਾਨਣਾ ਕਰੋ। ਸੋ ਇਸ ਪ੍ਰਕਾਰ ਜਿਹੜਾ ਮੂਰਖ ਬੰਦਾ ਹੈ, ਉਹਦੀ ਘਰ ਵਿਚ ਪੂਜਾ ਹੁੰਦੀ ਹੈ। ਘਰ ਦੇ ਜੀਅ ਡਰਦੇ ਹਨ ਕਿ ਦਫ਼ਾ ਕਰੋ ਇਹ ਭਾਂਡੇ ਨਾ ਭੰਨੇ, ਨੁਕਸਾਨ ਨਾ ਕਰੇ। ਘਰ ਦਾ ਕੰਮ ਕਰਾਉਣਾ ਹੁੰਦਾ ਹੈ।

ਪਿੰਡਾਂ ਦੇ ਮੁੱਖੀ ਇਹ ਨੰਬਰਦਾਰ ਸਰਪੰਚ ਵਗੈਰਾ ਦਾ ਆਪਣੇ ਪਿੰਡ ਵਿਚ ਅਤੇ ਰਾਜੇ ਤੇ ਵਜ਼ੀਰ ਦਾ ਸਤਿਕਾਰ ਕੇਵਲ ਆਪਣੇ ਮੁਲਕ ਵਿਚ ਹੁੰਦਾ ਹੈ, ਪਰ ਵਿਦਵਾਨ ਇਕ ਅਜਿਹੀ ਹਸਤੀ ਹੈ ਜਿਸਦਾ ਪ੍ਰਦੇਸ਼ਾਂ ਵਿਚ ਵੀ ਮਾਣ ਲੋਕੀਂ ਕਰਦੇ ਨੇ। ਰਾਜੇ ਦੀ ਚੌਧਰ, ਰਾਜੇ ਦਾ ਮਾਣ ਦੇਸ਼ ਵਿਚ ਹੈ, ਪਰ ਵਿਦਵਾਨ ਦਾ ਦੂਸਰਿਆਂ ਦੇਸ਼ਾਂ ਵਿਚ। ਸ਼ਾਸਤਰਾਂ ਵਿਚ ਇਕ ਸਲੋਕ ਆਉਂਦਾ ਹੈ: 'ਮੁਗਧ ਪੂਜ ਨਿਜ ਧਾਮ ਮੈ ਪ੍ਰਭੂ ਪੂਜ ਨਿਜ ਨਗਰ। ਭੂਪ ਪੂਜ ਨਿੱਜ ਦੇਸ਼ ਮੈਂ ਪੂਜਤ ਗੁਣੀ ਸਮੱਗਰ।' ਇਹ ਉਥੇ ਪਹੁੰਚਾਉਂਦੀ ਹੈ ਜਿਥੇ ਧਨੀ ਬੰਦਾ ਨਹੀਂ ਪਹੁੰਚ ਸਕਦਾ। ਮੈਂ ਤੁਹਾਨੂੰ ਇਕ ਸਿੱਧੀ ਜਿਹੀ ਮਿਸਾਲ ਦੇਵਾਂ, ਸਾਡੇ ਦੇਸ਼ ਦਾ ਰਾਸ਼ਟਰਪਤੀ ਹਰਿਮੰਦਰ ਸਾਹਿਬ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਦੇ ਤਾਬਿਆ ਅੱਗੇ ਅੰਦਰ ਚੌਰ ਨਹੀਂ ਕਰ ਸਕਦਾ। ਸਾਡੇ ਸਿੱਖ ਆਗੂ, ਬੜਾ ਪੈਸਾ ਧਨ ਹੋਵੇਗਾ ਉਹਨਾਂ ਕੋਲ। ਆਪਾਂ ਉਹਨਾ ਦਾ ਮਾਣ ਸਨਮਾਨ ਕਰਦੇ ਹਾਂ, ਕਰਨਾ ਚਾਹੀਦਾ ਹੈ, ਪਰ ਜਿਹੜਾ ਜੰਗਲਾ ਬਣਿਆ ਹੈ ਨਾ ਉਹ ਜੰਗਲੇ ਦੇ ਵਿਚ ਕੇਵਲ ਤੇ ਕੇਵਲ ਸਾਡੇ ਸਤਿਕਾਰਯੋਗ ਸਿੰਘ ਸਾਹਿਬ ਹੀ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਨੂੰ ਚੌਰ ਕਰ ਸਕਦੇ ਹਨ, ਹੁਕਮਨਾਮਾ ਲੈ ਸਕਦੇ ਹਨ, ਜ਼ਰੂਰੀ ਨਹੀਂ ਇਹ ਅਮੀਰ ਹੋਣ, ਪਰ ਬ੍ਰਹਮ ਵਿਦਿਆ ਨੇ ਉਹਨਾਂ ਨੂੰ ਉਥੇ ਪਹੁੰਚਾ ਦਿੱਤਾ।

ਇਸ ਪ੍ਰਕਾਰ ਭਾਵੇਂ ਕੋਈ ਸੁੰਦਰ ਸਰੂਪ ਧਨੀ ਚੜ੍ਹਦੀ ਜਵਾਨੀ ਵਾਲਾ ਉੱਚੀ ਕੁਲ ਵਿਚ ਜਨਮ ਲੈਣ ਵਾਲਾ ਬੰਦਾ ਹੋਵੇ, ਪਰ ਵਿਦਿਆ ਤੋਂ ਬਿਨਾਂ ਸੋਭਾ ਨਹੀਂ ਪਾਉਂਦਾ। ਜਿਵੇਂ ਕੇਸੂ ਦਾ ਫੁੱਲ ਸੁਗੰਧੀ ਤੋਂ ਬਿਨਾਂ ਸ਼ੋਭਦਾ ਨਹੀਂ। ਇਹ ਕੇਸੂ ਹੁੰਦਾ ਹੈ ਉਹਦੇ ਫੁੱਲਾਂ ਦਾ ਰੰਗ ਗੁਰਮੁਖੋ, ਲਾਲ ਹੁੰਦਾ ਹੈ। ਬੜੇ ਚੰਗੇ ਲਗਦੇ ਨੇ ਪਰ ਉਹਦੀ ਕਦਰ ਨਹੀਂ ਹੁੰਦੀ। ਕੇਸੂ ਦੇ ਫੁੱਲ ਬੜੇ ਮਸ਼ਹੂਰ ਨੇ, ਉਹਦਾ ਮੇਨ ਕਾਰਨ ਇਹ ਹੈ ਕਿ ਕੇਸੂ ਦੇ ਫੁੱਲਾਂ ਦੀ ਸੁਗੰਧੀ ਨਹੀਂ ਹੁੰਦੀ, ਜਿੰਨਾ ਚਿਰ ਸੁਗੰਧੀ ਨਾ ਹੋਵੇ ਓਨਾ ਚਿਰ ਉਹਨੂੰ ਕੋਈ ਪੂਜਦਾ ਨਹੀਂ। 'ਰੂਪ ਦਰਬ ਜੋਬਨ ਸਹਿਤ ਸ਼ੋਕਲ ਜਨਮ ਬਹੁ ਬੰਧ। ਵਿਦਿਆ ਬਿਨ ਸ਼ੋਭਤ ਨਹੀਂ ਜਿਉ ਕੇਸੂ ਬਿਨ ਗੰਧ।' ਗਹਿਣੇ ਸੁੰਦਰ, ਬਸਤਰ ਚੰਗਾ, ਲਿਬਾਸ ਤੋਂ ਬਿਨਾਂ ਭਾਵੇਂ ਮਾੜੇ ਮੂੰਹ ਵਾਲਾ ਵੀ ਹੋਵੇ ਪਰ ਉਹ

ਵਿਦਵਾਨ ਪੁਰਸ਼ ਉਪਮਾ ਰਹਿਤ ਸੰਤਾਂ ਦੀ ਸਭਾ ਵਿਚ ਸਤਿਕਾਰ ਪਾਉਂਦਾ ਹੈ। 'ਅਲੰਕਾਰ ਭੱਟ ਭੇਦ ਬਿਨ ਯਦਪਿ ਹੋਏ ਕਰੂਪ। ਸੋਬਤ ਸੰਤਨ ਸਭਾ ਥਿਤ ਵਿਦਵਾਨ ਅਨੂਪ।' ਉਦਾਸੀ ਅਤੇ ਬਾਬਿਆਂ ਵਿਚ ਦੋ ਮਹਾਂਪੁਰਸ਼ ਹੋਏ ਹਨ। ਅੱਖਾਂ ਤੋਂ ਨੇਤਰਾਂ ਤੋਂ ਹੀਨੇ ਨੇ, ਬਹੁਤ ਵਿਦਵਾਨ ਹੋਏ ਹਨ। ਸਾਧੂ ਸਮਾਜ ਉਹਨਾਂ ਦਾ ਪਾਣੀ ਭਰਦਾ ਹੈ। ਸੰਤ ਗੰਗਾ ਦਾਸ ਦਾਸੀ ਮੇਰੇ ਨਗਰ ਦੇ ਹੋਏ ਨੇ, ਸੰਤ ਕਵਲਦਾਸ ਜਿਨ੍ਹਾਂ ਦੀਆਂ ਹਰਿਦੁਆਰ ਕੁਟੀਆਂ ਨੇ। ਉਹਨਾਂ ਦੇ ਬਾਹਰਲੇ ਨੇਤਰ ਨਹੀਂ ਸਨ, ਅੰਦਰ ਦੇ ਨੇਤਰ ਜਗਦੇ ਸਨ। ਉਹਨਾਂ ਨੂੰ ਪੰਡਿਤ ਕਵਲਦਾਸ ਕਿਹਾ ਗਿਆ। ਇਸ ਪ੍ਰਕਾਰ 'ਅਲੰਕਾਰ ਭੱਟ ਭੇਖ ਬਿਨ ਯਦਪਿ ਹੋਵੇ ਕਰੂਪ। ਸੋਭਤ ਸੰਤਨ ਸਭਾ ਥਿਤ ਜਨ ਵਿਦਵਾਨ ਅਨੂਪ।' ਪਰ ਗਹਿਣੇ ਵੀ ਨਾ ਹੋਣ, ਸ਼ਕਲ ਵੀ ਚੰਗੀ ਨਾ ਹੋਵੇ ਪਰ ਵਿਦਵਾਨ ਹੋਵੇ, ਉਹਨਾਂ ਨੂੰ ਵਿਦਵਾਨਾਂ ਦੀ ਸਭਾ ਵਿਚੋਂ ਉੱਚਾ ਮਾਣ ਤੇ ਸਨਮਾਨ ਮਿਲਦਾ ਹੈ। ਵਿਦਿਆ ਦੋ ਕਿਸਮਾਂ ਦੀ ਹੈ— ਇਕ ਵਿਹਾਰਕ, ਦੂਜੀ ਅਧਿਆਤਮਕ। ਵਿਹਾਰਕ ਵਿਦਿਆ ਰੋਜ਼ੀ ਕਮਾਉਣ ਵਾਸਤੇ ਅਤੇ ਜੋ ਉਪਰ ਆਪਾਂ ਵਿਚਾਰ ਕੀਤੀ ਹੈ ਇਹਦੇ ਗੁਣਾਂ ਦੀ ਪ੍ਰਾਪਤੀ ਹੈ, ਪੜ੍ਹ-ਪੜ੍ਹ ਕੇ ਮਾਣ ਨਹੀਂ ਕਰਨਾ, ਇਹਦਾ ਪੜ੍ਹਨਾ ਵਿੱਦਿਆ ਦਾ ਤਿੰਨ ਤਰ੍ਹਾਂ ਦਾ ਹੈ। ਜਿਹੜੀ ਵਿਦਿਆ ਹੈ, ਇਹਦੇ ਪੜ੍ਹਨ ਦੇ ਤਿੰਨ ਢੰਗ ਹਨ। ਮੈਂ ਬੇਨਤੀ ਕੀਤੀ ਹੈ, ਵਿਦਿਆ ਪੜ੍ਹ ਕੇ ਬੰਦਾ ਪੂਰਾ ਹੁੰਦਾ ਹੈ। ਜਿਸਨੂੰ ਪਾਠ ਨਹੀਂ ਕਰਨਾ ਆਉਂਦਾ ਉਹ ਜਪੁਜੀ ਦੇ ਅਰਥਾਂ ਦੀ ਵਿਚਾਰ ਕਿਵੇਂ ਕਰੇਗਾ ? ਪਹਿਲਾਂ ਤਾਂ ਪਾਠ ਚਾਹੀਦਾ ਹੈ ਨਾ। ਮੁੜ ਕੇ ਆਪਾਂ ਅਰਥਾਂ ਦੀ ਵਿਚਾਰ ਕਰਾਂਗੇ ਤੇ ਅਰਥਾਂ ਦੀ ਵਿਚਾਰ ਲਈ ਵਿਦਿਆ ਜ਼ਰੂਰੀ ਹੈ। ਇਹ ਵਿਦਿਆ ਗੁਰਮੁਖੋ, ਤਿੰਨ ਤਰ੍ਹਾਂ ਦੀ ਦੱਸਦੇ ਨੇ ਸਿਆਣੇ। ਇਕ ਵਿਦਿਆ ਤਾਂ ਇਹ ਹੈ ਕਿ ਮਗਜ਼ ਖਾਣ ਦੇ ਬਰਾਬਰ। ਜੋ ਪੁਸਤਕਾਂ ਨੂੰ ਪੜ੍ਹ ਕੇ ਸਿਧਾਂਤ ਨੂੰ ਸਮਝਦੇ ਹਨ, ਉਹਦੇ ਮੁਤਾਬਿਕ ਚੱਲਦੇ ਨੇ, ਇਹ ਮਗਜ਼ ਖਾਣਾ ਹੈ। ਦੂਸਰੀ ਵਿਦਿਆ ਮਾਸ ਖਾਣ ਦੇ ਬਰਾਬਰ ਹੈ, ਪੜ੍ਹ ਕੇ ਕੇਵਲ ਆਪਣਾ ਪੇਟ ਤੋਰਨਾ ਜਾਂ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਣਾ, ਇਹ ਮਾਸ ਖਾਣ ਦੇ ਤੁੱਲ ਦੱਸੀ ਹੈ। ਤੀਸਰਾ ਹੱਡੀਆਂ ਚੱਬਣ ਦੀ ਤਰ੍ਹਾਂ ਵਿੱਦਿਆ ਲੱਗੀ ਏ ਹੱਡੀਆਂ ਚੱਬਣ ਦੀ ਤਰ੍ਹਾਂ। ਪੜ੍ਹ ਕੇ ਦੂਜਿਆਂ ਦੀ ਤਰਕ ਕਰਨੀ, ਇਹ ਸਾਰੇ ਅਨਪੜ੍ਹ ਪਸ਼ੂ ਹਨ, ਕੋਈ ਮੇਰਾ ਮੁਕਾਬਲਾ ਨਹੀਂ ਕਰ ਸਕਦਾ। ਹੰਕਾਰ ਤੇ ਲੋਭ ਕਰਨਾ ਇਹ ਹੱਡੀਆਂ ਚੱਬਣ ਦੀ ਤਰ੍ਹਾਂ ਹੈ, ਜਿਵੇਂ ਕੁੱਤਾ ਸੁੱਕੀ ਹੱਡੀ ਆਪਣੇ ਮੂੰਹ ਵਿਚ ਪਾ ਕੇ ਚੱਬਦਾ ਹੈ ਤਾਂ ਉਹਦੇ ਦੰਦਾਂ ਵਿਚੋਂ ਖ਼ੂਨ ਨਿਕਲਦਾ ਹੈ, ਪਰ ਉਹਨੂੰ ਨਿਕੰਮੇ ਨੂੰ ਇਹ ਨਹੀਂ ਪਤਾ ਕਿ ਖ਼ੂਨ ਮੇਰਾ ਆਪਣਾ ਹੈ। ਮੇਰਾ ਗੁਰੂ ਬਾਬਾ ਕਹਿੰਦਾ ਹੈ ਉਹਨੂੰ ਵਿਦਵਾਨ ਨਾ ਆਖੋ ਜਿਹੜਾ ਲਾਲਚੀ ਹੈ, ਜਿਹੜਾ ਹੰਕਾਰੀ ਹੈ, 'ਪੜ੍ਹਿਆ ਮੂਰਖ ਆਖੀਏ ਜਿਸ ਲੱਬ ਲੋਭ ਹੰਕਾਰ।' ਵਿਦਿਆ ਪੜ੍ਹ ਕੇ ਤੇ ਪਰਉਪਕਾਰ ਕਰਨ ਦੀ ਸਾਨੂੰ ਆਗਿਆ ਹੈ।

ਗੁਰਮੁਖੋ, ਵਿਦਿਆ ਸਿੱਖਣਾ ਇਹ ਤਿੰਨ ਤਰ੍ਹਾਂ ਦਾ ਹੈ। ਵਿੱਦਿਆ ਸਿੱਖਣ ਦੇ ਤਿੰਨ ਢੰਗ ਦੱਸੇ ਹਨ। ਪਹਿਲਾ ਇਹ ਹੈ ਕਿ ਸੱਪ ਹਨੇਰੇ ਵਿਚ ਮਣੀ ਕੱਢ ਕੇ ਬਾਹਰ ਹੰਕਾਰ ਵਿਚ

ਆ ਕੇ ਫੂੰਕਾਰੇ ਮਾਰਦਾ ਹੈ, ਜਿਸਦਾ ਜ਼ਿਕਰ ੩੪੪ ਅੰਗ 'ਤੇ ਬਾਣੀ ਵਿਚ ਮਿਲਦਾ ਹੈ। ਗੁਰੂ ਪੰਚਮ ਪਾਤਿਸ਼ਾਹ ਦੀ ਉਚਾਰੀ ਬਾਣੀ ਵਿਚ ਜਦੋਂ ਗੁਰਮੁਖੋ ਸੱਪ ਆਪਣੀ ਮਣੀ ਕੱਢ ਕੇ ਤੇ ਬਾਹਰ ਰੱਖਦਾ ਤੇ ਫੂੰਕਾਰੇ ਮਾਰਦਾ ਹੈ ਨਾ, ਰੇਤ ਮਣੀ ਤੇ ਪੈ ਜਾਂਦੀ ਹੈ, ਪਰ ਉਸ ਰੇਤ ਦੇ ਵਿਚ ਮਣੀ ਗੁਆਚ ਜਾਂਦੀ ਹੈ। ਉਹ ਦੁਖੀ ਹੋ ਕੇ ਵੰਨ ਮਾਰ-ਮਾਰ ਕੇ ਲੱਭਦਾ ਹੈ, ਪਰ ਪ੍ਰਾਪਤ ਨਹੀਂ ਹੁੰਦੀ, ਆਖ਼ਿਰ ਉਹ ਉਥੇ ਮਰ ਜਾਂਦਾ ਹੈ। ਇਸੇ ਤਰ੍ਹਾਂ ਵਿਦਵਾਨ ਲੋਕ ਵਿਦਿਆ ਦਾ ਮਾਣ ਕਰਦੇ ਨੇ ਤੇ ਵਿਦਿਆ ਦੇ ਮਾਣ ਕਰਨ ਨਾਲ ਬਾਤ ਨਹੀਂ ਬਣਦੀ। ਮਹਾਂਪੁਰਸ਼ਾਂ ਨੇ ਜ਼ਿਕਰ ਕੀਤਾ ਹੈ ਇਕ ਥਾਂ 'ਤੇ ਕਾਸ਼ੀ ਦੇ ਵਿਚ ਇਕ ਵਿਦਵਾਨ ਪੰਡਿਤ ਰਹਿੰਦਾ ਸੀ। ਇਹ ਵਿਦਿਆ ਪੜ੍ਹ-ਪੜ੍ਹ ਹੰਕਾਰੀ ਬਣ ਗਿਆ। ਇਕ ਭਜਨ ਕਰਨ ਵਾਲੇ ਮਹਾਂਪੁਰਸ਼ ਆਏ। ਉਹਨਾਂ ਨੂੰ ਕਹਿੰਦਾ ਹੈ, ਮੇਰੇ ਨਾਲ ਚਰਚਾ ਕਰੋ। ਮਹਾਤਮਾ ਜੀ ਨੇ ਕਿਹਾ ਕਿ ਅਸੀਂ ਵਿਦਵਾਨ ਨਹੀਂ। ਉਹ ਕਹੇ ਕਿ ਭਗਵੇਂ ਕਪੜੇ ਕਿਉਂ ਪਾਏ ਨੇ? ਸਾਧੂ ਕਿਉਂ ਬਣੇ? ਉਹ ਨਾਮ-ਰਸੀਏ ਮਹਾਤਮਾ ਜਿਥੇ ਵੀ ਪਹੁੰਚਣ ਉਥੇ ਜਾ ਪਹੁੰਚੇ, ਸਿਮਰਨ ਨਾ ਕਰਨ ਦੇਵੇ, ਟਿੱਕਣ ਨਾ ਦੇਵੇ। ਉਹਨਾਂ ਤੰਗ ਆ ਕੇ ਨਰਾਜ਼ਗੀ ਨਾਲ ਕਿਹਾ ਕੁੱਤੇ ਦੀ ਤਰ੍ਹਾਂ ਬੋਲੀ ਜਾਨਾ ਏਂ, ਤੂੰ ਭਜਨ ਨਹੀਂ ਕਰਨ ਦੇਂਦਾ। ਉਹ ਗੁਰਮੁਖੋ ਮਰਿਆ। ਉਹਨੂੰ ਕੁੱਤੇ ਦੀ ਜੂਨ ਮਿਲੀ ਤੇ ਗੁਰੂ ਨਾਨਕ ਪਾਤਿਸ਼ਾਹ ਉਹਦੀ ਕਲਿਆਣ ਕਰਨ ਵਾਸਤੇ ਕਾਸ਼ੀ ਗਏ। ਜਿਹੜਾ ਆਪਾਂ ਸ਼ਬਦ ਪੜ੍ਹਦੇ ਹਾਂ,

ਪੜਿ ਪੁਸਤਕ ਸੰਧਿਆ ਬਾਦੰ॥
ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਬਿਭੂਖਣ ਸਾਰੰ॥

(ਪੰਨਾ ੪੭੦)

ਇਹ ਸ਼ਬਦ ਜਿਹੜਾ ਵਿਦਵਾਨ ਪੰਡਿਤ ਆਪਣੇ ਮਾਣ ਕਰਕੇ ਕੁੱਤਾ ਬਣਿਆ ਸੀ, ਉਹਦੀ ਕਲਿਆਣ ਵਾਸਤੇ ਗੁਰੂ ਪਾਤਿਸ਼ਾਹ ਨੇ ਉਚਾਰਿਆ। ਇਹ ਉਹਨਾਂ ਦੀ ਗੱਲ ਹੈ ਜਿਹੜੇ ਵਿਦਿਆ ਪੜ੍ਹਕੇ ਮਾਣ ਕਰਦੇ ਨੇ ਤੇ ਲਾਲਚੀ ਹਨ। ਦੂਜਾ ਸੱਪ ਹਨੇਰੀ ਰਾਤ ਦੀ ਤਰ੍ਹਾਂ ਹਨੇਰੀ ਰਾਤ ਦੇ ਵਿਚ ਗੁਰਮੁਖੋ ਉਹ ਮਣੀ ਕੱਢਦੇ ਨੇ, ਉਹਦੇ ਦੁਆਲੇ ਕੀੜੇ ਮਕੌੜੇ ਆਉਂਦੇ ਨੇ ਤੇ ਕੀੜੇ ਮਕੌੜਿਆਂ ਨੂੰ ਖਾ ਕੇ ਆਪਣਾ ਗੁਜ਼ਾਰਾ ਕਰਦੇ ਨੇ, ਹੋਰ ਕੋਈ ਲਾਭ ਨਹੀਂ। ਇਉਂ ਵਿਦਵਾਨ ਲੋਕ ਅਨਪੜ੍ਹਾਂ ਦੇ ਉਪਰ ਆਪਣੀ ਵਿਦਿਆ ਦਾ ਪ੍ਰਭਾਵ ਪਾ ਕੇ ਆਪਣੇ ਪਰਿਵਾਰ ਤਾਂ ਪਾਲ ਲੈਂਦੇ ਹਨ, ਪਰ ਹੋਰ ਕੋਈ ਲਾਭ ਨਹੀਂ ਲੈਂਦੇ। ਤੀਜਾ ਜਿਵੇਂ ਪੂਰਨਮਾਸ਼ੀ ਦੀ ਰਾਤ ਨੂੰ ਸੱਪ ਮਣੀ ਕੱਢ ਕੇ ਬਾਹਰ ਰੱਖਦਾ, ਚੰਦਰਮਾ ਦੀਆਂ ਕਿਰਨਾਂ ਪੈਂਦੀਆਂ ਨੇ ਉਹ ਉਹਨਾਂ ਨੂੰ ਚੱਟਦਾ ਹੈ, ਉਹਦੇ ਨਾਲ ਉਹਦੀ ਜ਼ਹਿਰ ਮਿਟ ਜਾਂਦੀ ਹੈ।

ਇਸੇ ਤਰ੍ਹਾਂ ਗੁਰਮੁਖੋ ! ਆਪਾਂ ਜੇ ਗੁਰਬਾਣੀ ਦੀ ਵਿਚਾਰ ਕਰਾਂਗੇ ਤਾਂ ਗੁਰਬਾਣੀ ਦੀ ਵਿਚਾਰ ਕਰਨ ਨਾਲ ਇਹ ਸਾਡੇ ਅੰਦਰ ਦੀ ਜ਼ਹਿਰ ਮਾਰ ਦੇਵੇਗੀ। ਸਾਡੇ ਅੰਦਰ ਦੀ ਜ਼ਹਿਰ

ਤਕਰੀਬਨ ਬਣਦੀ ਰਹਿੰਦੀ ਹੈ। ਲੂਣ ਹੈ ਨਾ ਇਹ ਸਾਡੀ ਜ਼ਹਿਰ ਨੂੰ ਮਾਰਦਾ ਹੈ। ਜਿਹੜਾ ਬੰਦਾ ਲੂਣ ਨਾ ਖਾਵੇ ਉਹਦੇ ਅੰਦਰ ਇੰਨਾ ਜ਼ਹਿਰ ਬਣ ਜਾਂਦਾ ਹੈ ਕਿ ਉਹਨੂੰ ਸੱਪ ਵੀ ਲੜ ਜਾਵੇ ਸੱਪ ਦੀ ਮੌਤ ਹੋ ਜਾਵੇਗੀ, ਬੰਦਾ ਨਹੀਂ ਮਰੇਗਾ। ਉਹਨੂੰ ਮੱਖੀਆਂ, ਮੱਛਰ ਲੜ ਜਾਣ ਉਹ ਮੱਖੀਆਂ ਤੇ ਮੱਛਰ ਮਰ ਜਾਣਗੇ ਪਰ ਬੰਦਾ ਨਹੀਂ ਮਰੇਗਾ। ਮੇਰੇ ਪਿੰਡ ਅੱਜ ਵੀ ਬੰਦਾ ਜਿਉਂਦਾ ਹੈ। ਉਹਦਾ ਨਾਂ ਸੱਗਰ ਸਿੰਘ ਤੇ ਸੰਤ ਬਾਬਾ ਕਰਤਾਰ ਸਿੰਘ ਦੀ ਮਾਸੀ ਦਾ ਪੁੱਤਰ ਹੈ। ਮੇਰੇ ਉਦਾਹਰਣ ਦੇਣ ਤੋਂ ਮਤਲਬ ਕੇਵਲ ਇੰਨਾ ਹੈ ਕਿ ਸਾਡੇ ਅੰਦਰ ਗੁਰਮੁਖੋ, ਜ਼ਹਿਰ ਆਪਣੇ ਆਪ ਹੀ ਬਣਦਾ ਹੈ। ਜਿਹੜਾ ਦੂਜਾ ਜ਼ਹਿਰ ਬਣਿਆ ਉਹ ਤਾਂ ਆਪਾਂ ਲੂਣ ਖਾ ਕੇ ਮਾਰ ਲਿਆ ਤੇ ਜਿਹੜਾ ਗੰਦਾ ਜ਼ਹਿਰ ਬਣਦਾ ਵਿਕਾਰਾਂ ਦਾ ਇਹ ਲੂਣ ਨਾਲ ਨਹੀਂ ਮਰਨਾ। ਇਹ ਗੁਰਮੁਖੋ ਬਾਣੀ ਨਾਲ ਮਰਨਾ ਹੈ। ਇਹ ਵਿਦਿਆ ਦੀ ਵਿਚਾਰ ਨਾਲ ਮਰਨਾ ਹੈ। ਜੇ ਵਿਦਿਆ ਦੀ ਵਿਚਾਰ ਨਾ ਕੀਤੀ ਤਾਂ ਇਹ ਜ਼ਹਿਰ ਸਾਨੂੰ ਲੈ ਡੁੱਬੇਗਾ, ਸਾਡਾ ਖ਼ਾਤਮਾ ਕਰ ਦੇਵੇਗਾ।

ਜ਼ਿਕਰ ਆਉਂਦਾ ਹੈ ਕਿ ਇਕ ਵੇਲੇ ਦੁਰਬਾਸ਼ਾ ਰਿਸ਼ੀ ਬੜੀ ਵੱਡੀ ਗੱਲ ਹੋਈ ਹੈ ਦੁਰਬਾਸ਼ਾ ਰਿਸ਼ੀ ਕ੍ਰਿਸ਼ਨ ਮਹਾਰਾਜ ਦਾ ਗੁਰੂ ਹੋਇਆ ਹੈ, ਮਾੜੇ ਮੋਟਿਆਂ ਦੀ ਗੱਲ ਨਹੀਂ, ਇਹ ਦੁਰਬਾਸ਼ਾ ਰਿਸ਼ੀ ਮਹਾਰਾਜ ਸਿਰ 'ਤੇ ਪੋਥੀਆਂ ਚੁੱਕ ਕੇ ਤੁਰੇ ਜਾ ਰਹੇ ਸਨ, ਇਕ ਹੋਰ ਮਹਾਂਪੁਰਸ਼ ਉਹਦਾ ਨਾਮ ਸੀ ਜਾਗਵਲਗ ਰਿਸ਼ੀ। ਜਾਗਵਲਗ ਰਿਸ਼ੀ ਨੇ ਦੁਰਬਾਸ਼ਾ ਨੂੰ ਮਖ਼ੌਲ ਕੀਤਾ। ਮਖ਼ੌਲ ਸੰਤ ਵੀ ਕਰ ਲੈਂਦੇ ਨੇ, ਪਰ ਆਪਾਂ ਘਟੀਆ ਕਰਦੇ ਹਾਂ ਤੇ ਉਹ ਥੋੜ੍ਹਾ ਜਿਹਾ ਚੰਗਾ ਕਰਦੇ ਹਨ ਸਾਡੇ ਨਾਲੋਂ। ਉਹਨੇ ਆਖਿਆ 'ਗਰਧਬ ਗਸ਼ਤੀ' ਸੰਸਕ੍ਰਿਤ ਦਾ ਅਰਥ ਹੈ 'ਗਰਧਬ ਗਸ਼ਤੀ।' ਗਰਧਬ ਕਹਿੰਦੇ ਖੋਤੇ ਨੂੰ, ਗਸ਼ਤੀ ਦਾ ਅਰਥ ਹੁੰਦਾ ਹੈ ਜਾਣਾ ਭਾਵ ਗਧਾ ਤੁਰਿਆ ਜਾਂਦਾ ਹੈ ਤੇ ਦੁਰਬਾਸ਼ਾ ਰਿਸ਼ੀ ਨੂੰ ਗੱਲ ਚੁੱਭੀ, ਉਹ ਕਹਿਣ ਲੱਗਾ ਤੂੰ ਮੈਨੂੰ ਇਹ ਲਫਜ਼ ਕਿਉਂ ਆਖਿਆ ? ਉਹ ਕਹਿਣ ਲੱਗਾ ਭਰਾਵਾ ਮੈਂ ਤੈਨੂੰ ਤਾਂ ਕਿਹਾ ਤੂੰ ਪੁਸਤਕਾਂ ਦਾ ਭਾਰ ਤਾਂ ਚੁੱਕੀ ਫਿਰਦਾ ਹੈਂ, ਪਰ ਧਾਰਨ ਨਹੀਂ ਕਰਦਾ, ਕ੍ਰੋਧ ਕਰਦਾ ਹੈਂ, ਇਸ ਕਰਕੇ ਮੈਂ ਤੈਨੂੰ ਗਧਾ ਆਖਿਆ। ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੀ ਪਾਵਣ ਬਾਣੀ ਵਿਚ ਪੰਗਤੀ ਚੇਤੇ ਰੱਖਿਆ ਜੇ, ਸਾਡੇ ਸਾਰਿਆਂ ਦੇ ਕੰਮ ਆਵੇਗੀ। 'ਵੇਦ ਪੁਰਾਣ ਪੜ੍ਹੇ ਕਾ ਕਿਆ ਗੁਣ ਖਰ ਚੰਦਨ ਜੱਸ ਭਾਰਾ।' ਉਹ ਕਹਿੰਦੇ ਗੁਰਮੁਖਾ ਤੇਰੇ ਪੜ੍ਹਨ ਦਾ ਕੀ ਫਾਇਦਾ, ਐਵੇਂ ਭਾਰ ਚੁੱਕੀ ਫਿਰਦਾ ਏਂ, ਧਾਰਿਆ ਤੇ ਕੱਖ ਨਹੀਂ, 'ਵੇਦ ਪੁਰਾਣ ਪੜ੍ਹੇ ਦਾ ਕਿਆ ਗੁਣ, ਖਰ ਚੰਦਨ ਜੱਸ ਭਾਰਾ।' ਵਿਦਿਆ ਪੜ੍ਹ ਕੇ ਆਪ ਵੀ ਸਿਖਿਆ ਗ੍ਰਹਿਣ ਕਰਨੀ ਚਾਹੀਦੀ ਹੈ ਜਿਸ ਤਰ੍ਹਾਂ ਯੁਧਿਸ਼ਟਰ ਤੇ ਦੁਰਯੋਧਨ ਦਰੋਣਾਚਾਰੀਆ ਦੇ ਪਾਸ ਪੜ੍ਹਦੇ ਸਨ। ਇਕ ਦਿਨ ਪੁੱਛਣ ਤੇ ਦੁਰਯੋਧਨ ਨੇ ਜਵਾਬ ਦਿੱਤਾ ਕਿ ਮੈਂ ਸੰਥਿਆ ਪੜ੍ਹ ਲਈ ਹੈ, ਜਦੋਂ ਕਿਹਾ ਕਿ ਸੰਸਾਰ ਵਿਚ ਕੋਈ ਭਲਾ ਪੁਰਸ਼ ਲੱਭ। ਉਹਨੂੰ ਕੋਈ ਚੰਗਾ ਨਹੀਂ ਲੱਭਿਆ। ਯੁਧਿਸ਼ਟਰ ਨੂੰ ਪੁੱਛਿਆ ਤਾਂ ਉਹਨੇ ਉੱਤਰ ਦਿੱਤਾ: ਮਹਾਰਾਜ ਮੈਂ ਦੋ ਅੱਖਰ ਪੜ੍ਹਿਆ ਹਾਂ। ਇਕ ਗੁੱਸਾ ਨਹੀਂ ਕਰਨਾ ਤਾਂ

ਪਰਖਣ ਵਾਸਤੇ ਦਰੋਣਾਚਾਰੀਆ ਨੇ ਉਹਦੇ ਮੂੰਹ 'ਤੇ ਚਪੇੜ ਕੱਢ ਮਾਰੀ। ਯੁਧਿਸ਼ਟਰ ਦੇ ਮੂੰਹ 'ਤੇ ਚਪੇੜ ਪਰਖਣ ਵਾਸਤੇ। ਉਹਨੇ ਗੁੱਸਾ ਨਹੀਂ ਕੀਤਾ। ਕਹਿੰਦਾ ਹੈ, ਪੁੱਤਰ ਇਕ ਅੱਖਰ ਤਾਂ ਤੈਨੂੰ ਕੰਠ ਹੋ ਗਿਆ। ਇਕ ਬੰਦਾ ਕਹਿੰਦਾ ਹੈ ਮੈਂ ਸਾਰੀ ਪੋਥੀ ਕੰਠ ਕਰ ਲਈ ਹੈ ਤੇ ਗੁਰੂ ਉਹਨੂੰ ਇਹ ਕਹਿਣ ਲੱਗਾ ਤੂੰ ਚੰਗਾ ਲੱਭ ਕੇ ਲਿਆ ਤਾਂ ਕਹਿਣ ਲੱਗਾ ਜੀ ਕਿੰਨ੍ਹਾਂ ਕੋਲ ਜਾਣਾ ਹੈ, ਸਾਰੇ ਚੰਡਾਲ ਬੈਠੇ ਹਨ। ਸਾਰੇ ਨਿਕੰਮੇ ਬੰਦੇ ਬੈਠੇ ਨੇ, ਉਹ ਫੇਲ੍ਹ ਹੋ ਗਿਆ ਬਹੁਤਾ ਪੜ੍ਹਨ ਵਾਲਾ।

ਜਿਹੜਾ ਯੁਧਿਸ਼ਟਰ ਸੀ ਉਹਨੂੰ ਕਹਿਣ ਲੱਗੇ ਪੁੱਤਰਾ ਤੂੰ ਕਿੰਨਾ ਕੰਠ ਕੀਤਾ। ਕਹਿੰਦਾ ਜੀ ਇਹਦਾ ਪੜ੍ਹਨਾ ਬਹੁਤ ਔਖਾ, ਮੈਨੂੰ ਦੋ ਚੀਜ਼ਾਂ ਚੇਤੇ ਹੋਈਆਂ ਹਨ। ਗੁਰੂ ਕਹਿੰਦੇ ਹਨ- ਕਿਹੜੀਆਂ-ਕਿਹੜੀਆਂ ? ਇਕ ਤਾਂ ਜੀ ਗੁੱਸਾ ਨਹੀਂ ਕਰਨਾ, ਦੂਜਾ ਝੂਠ ਨਹੀਂ ਬੋਲਣਾ ਤਾਂ ਗੁਰੂ ਨੇ ਸੋਚਿਆ ਪਹਿਲਾਂ ਵੇਖਾਂ ਤਾਂ ਸਹੀ ਕਿ ਪਹਿਲਾ ਪੱਤਰ ਇੰਨੇ ਕਿੰਨਾ ਕੰਠ ਕੀਤੇ। ਉਹਨੇ ਵੱਟ ਕੇ ਚਪੇੜ ਕੱਢ ਮਾਰੀ ਯੁਧਿਸ਼ਟਰ ਦੇ ਮੂੰਹ ਤੇ। ਯੁਧਿਸ਼ਟਰ ਦੇ ਮਨ ਤੇ ਭੋਰਾ ਜਿੰਨਾ ਅਸਰ ਨਹੀਂ। ਦਰੋਣਾਚਾਰੀ ਗੁਰੂ ਨੇ ਥਾਪੀ ਦਿੱਤੀ, ਪੁੱਤਰ ਅੱਧਾ ਪੜ੍ਹ ਗਿਆ ਤੂੰ, ਅੱਧਾ ਤੂੰ ਆਖਿਆ ਹੈ ਕਿ ਸੱਚ ਬੋਲਣਾ। ਇਕ ਵਾਰੀ ਪਰਖ ਕਰਨ ਲਈ ਧਰਮ ਰਾਜ ਨੇ ਕਸਾਈ ਦਾ ਰੂਪ ਧਾਰ ਕੇ ਇਹਦੀ ਪਰਖ ਲਈ ਕਿ ਝੂਠ ਨਹੀਂ ਬੋਲਣਾ। ਆਪਾਂ ਬੋਲਦੇ ਆਂ। ਉਹਨੇ ਧਰਮ ਰਾਜੇ ਨੇ ਕਸਾਈ ਦਾ ਰੂਪ ਧਾਰ ਕੇ ਗਊ ਇਹਦੇ ਅੱਗੋਂ ਭਜਾਈ, ਆਪ ਥੋੜ੍ਹਾ ਜਿਹਾ ਮਗਰੋਂ ਆਇਆ ਤੇ ਯੁਧਿਸ਼ਟਰ ਨੂੰ ਪੁੱਛਣ ਲੱਗਾ, ਇਧਰੋਂ ਕੋਈ ਗਊ ਲੰਘੀ ਏ। ਵੇਖੋ ਜਵਾਬ। ਉਹ ਕਹਿਣ ਲੱਗਾ, ਮਹਾਰਾਜ ਅੱਖਾਂ ਵੇਖਦੀਆਂ ਨੇ, ਪਰ ਬੋਲ ਨਹੀਂ ਸਕਦੀਆਂ। ਜ਼ਬਾਨ ਬੋਲਦੀ ਏ ਪਰ ਵੇਖਦੀ ਨਹੀਂ। ਹੱਥ ਇਸ਼ਾਰਾ ਕਰ ਸਕਦੇ ਨੇ ਪਰ ਤੁਰ ਕੇ ਨਹੀਂ ਜਾ ਸਕਦੇ। ਇਉਂ ਸਾਰੇ ਇੰਦਰੇ ਆਪੋ ਆਪਣੀ ਕਿਰਿਆ ਤਾਂ ਕਰਦੇ ਨੇ ਪਰ ਤੁਹਾਨੂੰ ਦੱਸੇ ਕੌਣ ਕਿ ਗਊ ਗਈ ਕਿ ਨਹੀ ਗਈ। ਜ਼ਬਾਨ ਨੇ ਦੱਸਣਾ ਏ ਜ਼ਬਾਨ ਨੇ ਵੇਖਿਆ ਨਹੀਂ, ਅੱਖਾਂ ਨੇ ਵੇਖਿਆ ਏ ਅੱਖਾਂ ਨੂੰ ਪੁੱਛ ਕੇ ਵੇਖੋ ਬੋਲਦੀਆਂ ਨਹੀਂ ਤੇ ਗੁਰਮੁਖੋ ਲਿਖਿਆ ਇਹ ਹੈ ਜਿਹੜਾ ਧਰਮਰਾਜ ਸੀ ਨਾ ਉਹ ਸ਼ਰਮਿੰਦਾ ਹੋ ਗਿਆ ਸ਼ਰਮਿੰਦਾ।

ਇਸ ਤਰ੍ਹਾਂ ਕੇਵਲ ਵਿਵਹਾਰਕ ਵਿੱਦਿਆ ਬ੍ਰਹਮ ਵਿੱਦਿਆ ਬਿਨਾਂ ਅਧੂਰੀ ਫੋਕੀ ਹਾਸੋਹੀਣੀ ਤੇ ਨਿਸਫਲ ਰਹਿ ਜਾਂਦੀ ਹੈ। ਬ੍ਰਹਮਾ ਜੀ ਨੇ ਚਾਰ ਵੇਦ ਰਚੇ ਨੇ, ਪਰ ਤਿੰਨਾਂ ਗੁਣਾਂ ਦਾ ਕਥਨ ਕੀਤਾ ਹੈ। ਪ੍ਰੇਮ ਨੇ ਲਿਖਿਆ ਫੇਰ ਉਹਨੂੰ ਪਛਤਾਉਣਾ ਪਿਆ ਜਿਵੇਂ ਅੱਜ-ਕੱਲ੍ਹ ਦੇ ਚੁੰਚ ਗਿਆਨੀ ਕੇਵਲ ਵਿਹਾਰਕ ਵਿੱਦਿਆ ਦੀਆਂ ਪੁਸਤਕਾਂ ਪੜ੍ਹ-ਪੜ੍ਹ ਕੇ ਬ੍ਰਹਮ ਵਿਦਿਆ ਤੋਂ ਬਿਨਾਂ ਥੋਥੇ ਖ਼ਾਲੀ ਰਹਿ ਜਾਂਦੇ ਨੇ, ਕਿਉਂਕਿ ਉਹ ਭਾਉ ਭਗਤੀ ਤੇ ਸਿਮਰਨ ਤੋਂ ਖ਼ਾਲੀ ਹੁੰਦੇ ਹਨ। ਮਨ ਤਾਰੂ ਮਲਾਹ ਦੀ ਨਿਆਈਂ ਏ, ਆਪ ਕਮਾਈ ਨਹੀਂ ਕਰਦੇ, ਪਰ ਦੂਜਿਆਂ ਨੂੰ ਉਪਦੇਸ਼ ਦਿੰਦੇ ਨੇ। ਆਪਾਂ ਆਸਾ ਦੀ ਵਾਰ ਪੜ੍ਹਦੇ ਹਾਂ :

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥

ਜਿੰਨਾ ਮਰਜ਼ੀ ਪੜ੍ਹ ਲਈਏ, ਜਿੰਨੇ ਮਰਜ਼ੀ ਸਾਲ ਤੇ ਮਹੀਨੇ ਲਗਾ ਲਈਏ :

ਪੜੀਐ ਜੇਤੀ ਆਰਜਾ ਪੜੀਐ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (ਪੰਨਾ ੪੬੭)

ਇਕ ਗੱਲ ਉਹ ਕਿਹੜੀ ਗੱਲੀ ਗਲੀ ਗਲਾ ਸੱਜਣਹਾਰ। ਐਂਤਕੀ ਕਿੰਨੀ ਕਣਕ ਹੋਈ ਹੈ ਸੁਣਾਉ ਐਂਤਕੀ ਦਾ ਮੌਸਮ ਬੜਾ ਤਗੜਾ ਸੀ। ਪ੍ਰੇਮੀਆ ਭੋਲਿਆ, ਇਕ ਸਾਲ ਦੀ ਕਣਕ ਦਾ ਫ਼ਿਕਰ ਤਾਂ ਕਰ ਲਿਆ ਪਰ ਜਿਥੋਂ ਮੁੜ ਕੇ ਮੁੜਨਾ ਨਹੀਂ ਉਥੋਂ ਦਾ ਵੀ ਸੋਚਿਆ ਕਰ, ਅੱਗੇ ਲਈ ਕਿੰਨਾ ਕੁ ਬੋਹਲ ਬਣਾਇਆ, ਕਦੇ ਸੋਚਿਆ ? ਐਂਤਕੀ ਕਣਕ ਬੜੀ ਹੋਈ ਹੈ ਤੁਹਾਡੀ, ਕਹਿੰਦੇ ਚੰਗਾ ਪਾਣੀ ਟਾਈਮ ਨਾਲ ਦਿੱਤਾ ਸੀ। ਸਾਲ ਭਰ ਕਣਕ ਨੇ ਨਹੀਂ ਰਹਿਣਾ। ਸੁਸਰੀ ਪੈ ਗਈ ਫਿਰ ਆਪਾਂ ਕਣਕਾਂ ਨੂੰ ਡਰੰਮਾਂ ਵਿਚ ਪਾਉਂਦੇ ਹਾਂ ਤੇ ਵਿਚ ਦਵਾਈਆਂ ਪਾਉਂਦੇ ਹਾਂ ਕਿ ਇਹਨੂੰ ਕੀੜਾ ਨਾ ਲੱਗ ਜਾਏ। ਓ ਪਿਆਰਿਓ ! ਆਪਣੀ ਜ਼ਿੰਦਗੀ ਨੂੰ ਵੀ ਕਿਤੇ ਕੀੜਾ ਨਾ ਲੱਗ ਜਾਏ ਕਾਮ ਤੇ ਕ੍ਰੋਧ ਦਾ ਕਿਤੇ, ਇਹਦੇ ਲਈ ਵੀ ਦਵਾਈ ਦਾ ਪ੍ਰਬੰਧ ਵੀ ਕਰਿਆ ਕਰੀਏ। ਕਦੇ ਕੀਤਾ ਹੈ ? ਨਹੀਂ। ਆਪਾਂ ਭੁਲੇਖੇ 'ਚ ਹਾਂ। ਅਧਿਆਤਮਕ ਵਿਦਿਆ ਤੋਂ ਬਿਨਾਂ ਸਕੂਲੀ ਵਿਦਿਆ ਦਾ ਮੈਂ ਖੰਡਨ ਕੀਤਾ, ਸਕੂਲੀ ਵਿਦਿਆ ਜ਼ਰੂਰੀ ਹੈ। ਗੁਰੂ ਨਾਨਕ ਪਾਤਿਸ਼ਾਹ ਵੀ ਸਕੂਲ ਦੀ ਵਿਦਿਆ ਪੜ੍ਹਨ ਗਏ ਨੇ ਕੁਤਬਦੀਨ ਮੌਲਵੀ ਕੋਲ। ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਨੇ ਵੀ ਅਨਾਇਤ ਕੋਲੋਂ ਵਿਦਿਆ ਪੜ੍ਹੀ ਹੈ, ਮੁਆਫ਼ ਕਰਨਾ ਅਨਾਇਤ ਕੋਲੋਂ ਨਹੀਂ ਨੂਰਦੀਨ ਕੋਲੋਂ। ਵਿਦਿਆ ਜ਼ਰੂਰੀ ਹੈ, ਪਰ ਇਸ ਵਿਦਿਆ ਦੇ ਨਾਲ ਅਧਿਆਤਮਕ ਵਿਦਿਆ ਬਹੁਤ ਜ਼ਰੂਰੀ ਹੈ। ਕਹਿੰਦੇ ਨੇ ਜਿਵੇਂ ਨਾਰਦ ਮੁਨੀ ਨੇ ੭੫ ਹਜ਼ਾਰ ਸਾਲ ਵਿਦਿਆ ਪੜ੍ਹੀ, ੭੫ ਹਜ਼ਾਰ ਸਾਲ ੧੬ ਜਮਾਤਾਂ ਨਹੀਂ ੭੫ ਹਜ਼ਾਰ ਵੇਰਾਂ। ਦੂਜੇ ਭਾਈਆਂ ਦੇ ਪੁੱਛਣ ਤੇ ਦੱਸਿਆ ਕਿ ਮੈਂ ਗਾਉਣਾ ਵਜਾਉਣਾ, ਨ੍ਰਿਤਕਾਰੀ ਕਰਨਾ, ੬ ਸ਼ਾਸਤਰਾਂ ੪ ਵਿਦਿਆ ਵਿਆਕਰਣ ਸਾਰੇ ਪੜ੍ਹੇ ਹੋਏ ਨੇ। ਨਾਰਦ ਇਥੋਂ ਤਕ ਕਹਿਣ ਲੱਗਾ, ਮੈਂ ਪੜ੍ਹ-ਪੜ੍ਹ ਕੇ ਵਿਦਿਆ ਹੀ ਮੁਕਾ ਦਿੱਤੀ। ਉਹਨਾਂ ਪੁੱਛਿਆ ਭਰਾਵਾ ਇਹ ਦੱਸ ਤੂੰ ਸਾਡਾ ਭਰਾ ਹੈਂ, ਤੂੰ ਤਾਂ ਕਹਿੰਦਾ ਹੈਂ ਮੈਂ ਵਿਦਿਆ ਵੀ ਮੁਕਾ ਦਿੱਤੀ ਏ ਤੇ ਤੈਨੂੰ ਸ਼ਾਂਤੀ ਆਈ ਕਿ ਨਹੀਂ ਤੇ ਨਾਰਦ ਨੇ ਆਖਿਆ ਸੀ, ਭਰਾਉ, ਸੱਚੀ ਗੱਲ ਇਹ ਹੈ ਕਿ ਮੈਨੂੰ ਸ਼ਾਂਤੀ ਨਹੀਂ ਜੇ ਆਈ। ਸ਼ਾਂਤੀ ਕਿਵੇਂ ਆਏਗੀ। ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ-'ਜੋ ਪ੍ਰਾਣੀ ਗੋਬਿੰਦ ਧਿਆਵਏ ਪੜਿਆ, ਅਨਪੜਿਆ ਪਰਮ ਗਤ ਪਾਵੈ॥' ਭਾਵੇਂ ਸਕੂਲ ਦੀ ਵਿਦਿਆ ਪੜ੍ਹਿਆ, ਭਾਵੇਂ ਨਹੀਂ ਪੜ੍ਹਿਆ ਜਿਹੜਾ ਪਰਮਾਤਮਾ ਦਾ ਨਾਮ ਲੈਂਦਾ ਹੈ, ਗੁਰਮੁਖੋ! ਉਹਦੀ ਪਰਮਗਤੀ ਹੋ ਗਈ,

ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲ ਪਾਰਿ ਉਤਾਰੇ।

ਸਤਯੁਗ ਦੇ ਵਿਚ ਪ੍ਰਹਿਲਾਦ ਜੀ ਨੂੰ ਸੰਡੇ ਮਰਕੇ ਕੋਲੋਂ ਕੇਵਲ ਰਾਜਨੀਤਿਕ ਵਿਦਿਆ ਪੜ੍ਹਾਉਣ ਦਾ ਭਾਰੀ ਯਤਨ ਹਰਨਾਕਸ਼ ਨੇ ਕੀਤਾ ਸੀ,' ਪਰ ਉਹਨੇ ਪਤਾ ਕੀ ਜਵਾਬ ਦਿੱਤਾ ਸੀ। ਅੱਜ ਵੀ ਪੂਜਿਆ ਜਾਂਦਾ ਹੈ ਬਾਬਾ ਪ੍ਰਹਿਲਾਦ। ਉਸਨੇ ਆਖਿਆ ਸੀ, ਉਸਤਾਦ ਜੀ ਕਿਉਂ ਮਗਜ਼ ਮਾਰੀ ਕਰੀ ਜਾਂਦੇ ਹੋ, ਮੈਨੂੰ ਲਿਖ ਕੇ ਦੇਣਾ ਤਾਂ ਇਹ ਲਿਖ ਕੇ ਦਿਉ 'ਮੇਰੀ ਪਟੀਆ ਲਿਖ ਦਿਉ ਸ੍ਰੀ ਗੋਪਾਲ। ਨਹੀਂ ਛੋਡਉ ਰੇ ਬਾਬਾ ਰਾਮ ਨਾਮ ਮੇਰੀ ਪਟੀਆ ਲਿਖ ਦਿਉ ਗੋਬਿੰਦ ਮੁਰਾਰ। ਜੇ ਹਰਿ ਛੋਡਉ ਤਾ ਕੁਲ ਲਾਗੇ ਕਾਲ।' ਸੋ ਇਸ ਕਰਕੇ ਆਪਾਂ ਨੂੰ ਕੀ ਪੜ੍ਹਨਾ ਚਾਹੀਦਾ ਹੈ, 'ਜਾਲ ਮੋਹ ਘਸਿ ਮਸ ਕਰ ਮਤ ਕਾਗਦ ਕਰ ਸਾਰ।' ਜਿਵੇਂ ਗੁਰੂ ਨਾਨਕ ਪਾਤਿਸ਼ਾਹ ਨੇ ਕੁਤਬਦੀਨ ਕਾਜ਼ੀ ਨੂੰ ਆਖਿਆ, ਜੀ ਕਾਜ਼ੀ ਸਾਹਿਬ ਜੇ ਪੜ੍ਹਾਣਾ ਹੈ ਤਾਂ ਇਉਂ ਕਰੋ ਇਹ ਲਿਖੋ।

'ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥

ਇਹ ਗੁਰੂ ਨਾਨਕ ਪਾਤਿਸ਼ਾਹ ਨੇ ਆਪਣੇ ਵਿਦਿਆ ਪੜ੍ਹਾਉਣ ਵਾਲੇ ਮੌਲਵੀ ਕੁਤਬਦੀਨ ਨੂੰ ਆਖਿਆ ਸੀ ਨਨਕਾਣਾ ਸਹਿਬ। ਬੜੇ ਵੱਡੇ-ਵੱਡੇ ਵਿਦਵਾਨ ਹੋ ਗਏ। ਸ਼ਾਂਤੀ ਨਹੀਂ ਆਈ, ਬ੍ਰਹਮ ਵਿਦਿਆ ਤੋਂ ਬਿਨਾਂ ਕਹਿੰਦੇ ਨੇ ਇਕ ਵੇਰਾਂ ਜਿਹੜੇ ਭੱਟ ਲੋਕ ਹਨ, ਉਹ ਇਕੱਠੇ ਹੋ ਕੇ ਗੁਰੂ ਦਰਬਾਰ ਵਿਚ ਆਏ। ਅੱਜ ਅਸਰ ਕਿਉਂ ਨਹੀਂ। ਆਮ ਤੁਸੀਂ ਸੁਣਿਆ ਹੋਵੇਗਾ ਫਲਾਣੇ ਥਾਂ ਤੇ ਮੁੰਡਿਆਂ ਨੇ ਉਸਤਾਦ ਕੁੱਟ ਘੱਤਿਆ। ਬੜੀ ਮਾੜੀ ਗੱਲ, ਬਹੁਤ ਬੁਰੀ ਗੱਲ, ਜਿਸਦੇ ਕੋਲੋਂ ਵਿਦਿਆ ਪੜ੍ਹਨੀ, ਉਸਤਾਦ ਕੁੱਟ ਦੇਣਾ। ਉਹਦਾ ਕਾਰਨ ਇਹ ਹੈ ਕਿ ਉਹਨਾਂ ਉਸਤਾਦਾਂ ਨੇ ਆਪਣੇ ਵਿਦਿਆਰਥੀਆਂ ਨਾਲ ਮਿਲ ਕੇ ਸ਼ਰਾਬ ਪੀਤੀ, ਆਂਡੇ ਮੰਗਾਏ। ਕੀ ਕਦੇ ਪੁਰਾਣੇ ਉਸਤਾਦ ਵੀ ਆਪਣੇ ਸ਼ਗਿਰਦਾਂ ਕੋਲੋਂ ਆਂਡੇ ਤੇ ਸ਼ਰਾਬ ਮੰਗਵਾਉਂਦੇ ਹੁੰਦੇ ਸੀ ? ਤੇ ਜਿਹੜਾ ਉਸਤਾਦ ਪੈਸੇ ਦੇ ਕੇ ਜਾਂ ਫ੍ਰੀ ਦੀ ਸ਼ਰਾਬ ਆਪਣੇ ਵਿਦਿਆਰਥੀਆਂ ਕੋਲੋਂ ਮੰਗਵਾਉਂਦਾ ਹੈ ਉਹ ਤੇ ਹੈ ਹੀ ਕੁੱਟ ਦੇ ਲਾਇਕ, ਉਹਨੂੰ ਤਾਂ ਵੱਜਣੀਆਂ ਹੀ ਚਾਹੀਦੀਆਂ ਨੇ। ਬੱਚੇ ਵਿਦਿਆ ਲੈਣ ਲਈ ਗਏ ਨੇ, ਬੱਚੇ ਸ਼ਰਾਬ ਪੀਣ ਦੀ ਜਾਚ ਸਿੱਖਣ ਲਈ ਨਹੀਂ ਗਏ। ਪਿਆਰਿਓ ! ਭੱਟਾਂ ਦਾ ਜਥਾ ਵਿਚਾਰੇ ਜਿਉਂ ਭੌਂਦੇ-ਭੌਂਦੇ ਗੁਰੂ ਘਰ ਆਏ ਉਹਨਾਂ ਆਣ ਕੇ ਆਖਿਆ ਕਿ ਬਾਬਾ ਬੜੇ ਪੜ੍ਹੇ ਆਂ ਪਰ ਸਾਡੇ 'ਤੇ ਅਸਰ ਨਹੀਂ ਹੋਇਆ। ਕਿਉਂ ਨਹੀਂ ਅਸਰ ਹੋਇਆ ? ਗੁਰੂ ਪਾਤਿਸ਼ਾਹ ਫ਼ੁਰਮਾਉਂਦੇ ਹਨ:

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ਹ ਕੇ ਗੁਣ ਹਉ ਕਿਆ ਕਹਉ॥

ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥

(ਪੰਨਾ ੧੩੯੫)

ਆਪਾਂ ਉਚੇਚੇ ਤੌਰ ਤੇ ਆਪਣੇ ਬੱਚਿਆਂ ਨੂੰ ਪਬਲਿਕ ਸ਼ਕੂਲਾਂ ਵਿਚ ਭੇਜਦੇ ਹਾਂ ਕਿ ਸਾਡਾ ਕਾਕਾ ਤਾਂ ਅੰਗਰੇਜ਼ੀ ਪੜ੍ਹਦਾ ਹੈ। ਸਾਡੀ ਗੁੱਡੀ ਦਾ ਮੀਡੀਅਮ ਇੰਗਲਿਸ਼ ਹੈ, ਰਹਿਤਨਾਮੇ ਵਿਚ ਕਹਿੰਦੇ ਜਮ-ਜਮ ਪੜ੍ਹੋ ਪਰ ਗੁਰਮੁਖੀ ਵਿਦਿਆ ਜ਼ਰੂਰੀ ਹੈ। ਗੁਰਮੁਖੀ ਅੱਖਰ ਜੋ ਹੈ ਭਾਈ ਸਿੰਘ ਸਿੰਘ ਤੋਂ ਸਿੱਖੀ ਜਾਏ। ਮੇਰੇ ਕੋਲ ਢਾਈ ਵਜੇ ਪੜ੍ਹਨ ਆਉਂਦਾ ਸੰਥਿਆ ਕਰਨ ਬੀ.ਐਸ.ਸੀ. ਹੈ। ਕਿੱਡਾ ਭਾਗਾਂ ਵਾਲਾ ਹੋਵੇਗਾ। ਅੱਗ ਵਰ੍ਹਦੀ ਢਾਈ ਵਜੇ ੧੦ ਮੀਲਾਂ ਤੋਂ ਮੋਟਰ ਸਾਈਕਲ ਦੇ ਉਪਰ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਦੀ ਬਾਣੀ ਪੜ੍ਹਨ ਆਉਂਦਾ ਮੇਰੇ ਕੋਲ ਬੀ.ਐਸ.ਸੀ. ਕੀਤੀ ਉਹਨੇ। ਮੈਂ ਸਮਝਦਾ ਹਾਂ ਤਕਦੀਰ ਵਾਲਾ ਹੋਵੇਗਾ। ਹੋਰ ਚਾਹੀਦਾ ਕੀ ਹੈ ਜੇ ਸਿੰਘ ਦਾ ਗੁਰਮਤਿ ਗੁਰਬਾਣੀ ਵਿਚ ਦ੍ਰਿੜ੍ਹ ਨਿਸ਼ਚਾ ਹੈ ਨਾ, ਉਹਦੇ ਤੋਂ ਵਿਦਿਆ ਪੜ੍ਹ ਕੇ ਤੇ ਗੁਰਮਤਿ ਦੇ ਵਿਚ ਮਨ ਪਰਪੱਕ ਹੁੰਦਾ ਹੈ। ਜਦੋਂ ਬੱਚਾ ਵਿਦਿਆ ਪੜ੍ਹਨ ਦੇ ਯੋਗ ਹੋਵੇ, ਉਹਨੂੰ ਕੁਸੰਗਤ ਵਾਲੇ ਪਾਸੇ ਤੋਂ ਰੋਕਣਾ ਚਾਹੀਦਾ ਹੈ, ਗੰਦੇ ਸਿਨਮੇ, ਗੰਦੇ ਰਿਕਾਰਡ, ਗੰਦੀਆਂ ਬੋਲੀਆਂ ਤੇ ਚੋਰੀ ਆਦਿ ਤੋਂ ਰੋਕਣਾ ਚਾਹੀਦਾ ਹੈ। ਰਹਿਤਨਾਮਾ ਭਾਈ ਸਾਹਿਬ ਸਿੰਘ ਵਿਚ ਲਿਖਿਆ ਹੈ ਕਿ 'ਸਿੱਖ, ਸਿੱਖਣੀ ਮਿਲ ਬਹੇ ਚਰਚਾ ਕਰੇ, ਅਪਾਰ ਭਜਨ ਸਿਖਾਵੇ ਪੁੱਤਰ ਕੋ ਹਰ ਭੱਜ ਬਾਰੰਬਾਰ।' ਬਾਹਰ ਆਪ ਵਿਦਿਆ ਪੜ੍ਹਨ ਦੀ ਗੱਲ ਕਰ ਰਹੇ ਹਾਂ ਤੇ ਪਰਮਾਤਮਾ ਪੂਰਾ ਤੇ ਪੂਰੇ ਹੋਣ ਲਈ ਸਾਨੂੰ ਬ੍ਰਹਮ ਵਿਦਿਆ ਦੀ ਲੋੜ ਹੈ ਤੇ ਬ੍ਰਹਮ ਵਿਦਿਆ ਕੀ ਹੈ, ਬ੍ਰਹਮ ਦੀ ਚਰਚਾ ਕਰਨੀ। ਜੇ ਆਪਾਂ ਪੜ੍ਹਦੇ ਹਾਂ ਕਿ ਧਰੂਵ ਦੀ ਮਾਂ ਨੇ ਆਖਿਆ ਸੀ ਆਪਣੇ ਪੁੱਤਰ ਨੂੰ ਕਿ ਬੇਟਾ ਪਰਮੇਸ਼ਰ ਦਾ ਨਾਮ ਲੈ 'ਪਰਮੇਸ਼ਰ ਆਰਾਧੀਏ ਜਿਦੂ ਹੋਈਏ ਪਤਿਤ ਪੁਨੀਤਾ॥' ਤੇ ਮਹਾਂਪੁਰਸ਼ ਮਹਾਨ ਬਣ ਗਿਆ ਤੇ ਬਾਲਮੀਕ ਦੀ ਮਾਂ ਕਹਿਣ ਲੱਗੀ, ਪੁੱਤ ਕੋਈ ਪਾਪ ਨਹੀਂ ਐਵੇਂ ਤੈਨੂੰ ਵਹਿਮ ਪੈ ਗਿਆ। ਕਹਿੰਦਾ ਬੇਬੇ ਪਾਪ ਹੁੰਦਾ ਹੈ। ਕਹਿਣ ਲੱਗੀ ਲਿਆ ਤੈਨੂੰ ਵਿਖਾਵਾਂ, ਪਾਪ ਦਾ ਵੱਡਾ ਕੁਝ ਲੱਗਦਾ ਨਾ ਹੋਵੇ ਤਾਂ। ਮਾਂ ਨੇ ਇਕ ਪੈਸਾ ਲਿਆ ਦੁਕਾਨ ਤੇ ਗਈ ਉਥੋਂ ਮੱਛੀਆਂ ਦੇ ਪੂੰਗ ਲੈ ਆਈ। ਕਹਿਣ ਲੱਗੀ ਵੇ ਪੁੱਤਰਾ ਤੂੰ ਕਹਿੰਦਾ ਏਂ ਵੱਡਾ ਪਾਪ, ਵੱਡਾ ਪਾਪ ਹੁੰਦਾ ਹੈ ਕਿਸੇ ਨੂੰ ਮਾਰਨ ਦਾ, ਇਹ ਪੈਸੇ ਦੀਆਂ ਮੈਂ ੨੦ ਮੱਛੀਆ ਲੈ ਕੇ ਆਈ ਹਾਂ, ਇਹਨਾਂ ਨੂੰ ਪਾਪ ਨਹੀਂ ਲੱਗਦਾ, ਜੇ ਇਹਨਾਂ ਨੂੰ ਨਹੀਂ ਲੱਗਦਾ ਤੈਨੂੰ ਕਿਵੇਂ ਲੱਗੇਗਾ ? ਮਾਂ ਵੀ ਨਿਕੰਮੀ ਵਿੱਦਿਆ ਦੇ ਨਾਲ।

ਭਾਈ ਗੁਰਦਾਸ ਜੀ ਲਿਖਦੇ ਹਨ-

ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਵਟਵਾੜਾ।

ਸੰਤ ਨੂੰ ਅੱਗੋਂ ਮਾਰਨ ਨੂੰ ਲੋਚੇ। ਘੜਾ ਘਣਾ ਕੱਢ ਨਾਲ ਹੰਗੇ ਹੱਥ ਉਗਾੜਾ। ਸੰਤ ਕਹਿੰਦੇ 'ਪੁੱਤਰਾ ਗੱਭਰੂਆ ਮਾਰਨਾ ਤੇ ਮਾਰ ਕੇ ਚਾਅ ਲਾਹ ਲਈਂ ਪਰ ਤੇਰੀ ਕਿਸੇ ਨੇ ਮਦਦ ਨਹੀਂ ਕਰਨੀ, ਘਰੋਂ ਪੁੱਛ ਆ। ਘਰ ਚਲਿਆ ਗਿਆ।

ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ।

ਯਾਦ ਰੱਖਣਾ ਇਹ ਵਿਦਿਆ ਪੜ੍ਹ ਕੇ ਜੇ ਬ੍ਰਹਮ ਵਿਦਿਆ ਨਾ ਪੜ੍ਹੀ ਗੱਲ ਨਹੀਂ ਬਣਨੀ।

ਬਹੁ ਪਰਪੰਚ ਕਰਿ ਧਨ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ॥੧॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥
(ਪੰਨਾ ੬੫੬)

ਆਪਾਂ ਜਿੰਨੇ ਹਾਂ ਨਾ ਥੋੜ੍ਹੀ ਬਹੁਤੀ ਹੇਰਾ-ਫੇਰੀ ਕਰਦੇ ਹਾਂ ਧੀਆਂ ਪੁੱਤਰਾਂ ਵਾਸਤੇ, ਕੀ ਕਰੀਏ ਕਰਨਾ ਹੀ ਪੈਂਦਾ ਹੈ। ਭਾਈ ਸਾਹਿਬ ਸਾਰੇ ਆਪਾਂ ਕਹਿੰਦੇ ਮੈਂ ਤੁਹਾਡੇ ਵਿਚ ਸ਼ਾਮਿਲ ਹਾਂ, ਜਦੋਂ ਲੇਖੇ ਦੀ ਗੱਲ ਆਈ ਤਾਂ ਗੁਰਮੁਖੋ! ਉਦੋਂ ਲੇਖੇ ਵੇਰੀ ਪੁੱਤਰਾਂ ਤੇ ਘਰ ਵਾਲੀ ਨੇ ਸਾਥ ਨਹੀਂ ਦੇਣਾ। ਉਦੋਂ ਅਸੀਂ ਇਕੱਲਿਆਂ ਨੇ ਆਉਣਾ ਏਂ। ਹੁਣ ਤਾਂ ਦਾਅ-ਦੱਪਾ ਮਾਰ ਕੇ ਗਏ ਆਈਸ ਕ੍ਰੀਮ ਦਾ ਡੱਬਾ ਭਰਿਆ ਤੇ ਘਰ ਦੇ ਕਹਿੰਦੇ ਹਨ ਬਣਾ ਬਣਾ ਕੇ ਖਾ ਲਵੋ ਬੜੀ ਵਧੀਆ। ਆਈਸ ਕ੍ਰੀਮ ਗਰਮੀ ਦੇ ਮੌਸਮ ਵਿਚ ਹੁਣ ਸਾਰਿਆਂ ਨੂੰ ਠੰਢ ਪੈ ਗਈ ਹੁਣ ਕੁੱਟ ਪਈ ਤੇ ਸਾਨੂੰ ਇਕੱਲਿਆਂ ਨੂੰ ਪੈਣੀ ਆ।

ਉਦੋਂ ਨਹੀਂ ਖਾਣ ਵਾਲਿਆਂ ਨੂੰ ਨਾਲ ਪੈਣੀ ਬਾਬਾ ਕਹਿੰਦਾ ਹੈ ਬਾਬਾ ਆਪਣਾ। ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ: 'ਅਨ ਕਾਏ ਰਾਤੜਿਆਂ ਵਾਟ ਦੁਹੇਲੀ ਰਾਮ॥ ਪਾਪ ਕਮਾਵਦਿਆਂ ਤੇਰਾ ਕੋਇ ਨ ਬੇਲੀ ਰਾਮ॥ ਕੋਇ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ॥' ਕਿਸੇ ਨੇ ਮਦਦ ਨਹੀਂ ਕਰਨੀ, ਗੁਰਮੁਖੋ ਇਕ ਘਟਨਾ ਹੋਈ ਹੈ ਕਿ ਉਹ ਮੇਰੇ ਲੂੰ-ਕੰਢੇ ਖੜੇ ਹੋ ਗਏ। ਚੌਥੇ ਪਾਤਿਸ਼ਾਹ ਦਾ ਸਿੱਖ ਹੋਇਆ ਹੈ। ਬਾਬਾ ਆਕਲ ਤੇ ਉਨ੍ਹਾਂ ਦੀ ਘਰ ਵਾਲੀ ਆਪਣੀ ਪੁੱਤਰੀ ਨੂੰ ਨਾਲ ਲੈ ਕੇ ਦੋਵੇਂ ਜੀਅ ਗੁਰੂ ਕੇ ਦਰਸ਼ਨ ਕਰਨ ਜਾਂਦੇ ਹੁੰਦੇ ਸਨ। ਜਿਹੜੀ ਚੰਗੀ ਵਿਦਿਆ ਨੂੰ ਕਹਿਣ ਲੱਗਾ ਉਹ ਜਿਹੜੀ ਚੰਗੀ ਸਿੱਖਿਆ ਏ ਨਾ ਕੁਲਾਂ ਤਾਰ ਦੇਂਦੀ ਹੈ। ਮਾੜੀ ਸਿਖਿਆ ਗੁਰਮੁਖੋ ਬੇੜਾ ਗਰਕ ਕਰ ਦੇਂਦੀ ਐ। ਇਕ ਪਿੰਡ ਐ ਮਾਲਵੇ ਦੇ ਵਿਚ ਉਥੇ ਆਕਲ ਨਾਮ ਦਾ ਇਕ ਮਿਸਤਰੀ ਰਿਹਾ ਕਰਦਾ ਸੀ। ਉਹਨਾਂ ਦੋਹਾਂ ਜੀਆਂ ਨੇ ਆਪਣੀ ਬੇਟੀ ਨੂੰ ਲੈ ਕੇ ਗੁਰੂ ਘਰ ਆਉਣਾ। ਲੜਕੀ ਸ਼ਾਦੀ ਦੇ ਲਾਇਕ ਹੋਈ ਤੇ ਉਹਨਾਂ ਵਿਚਾਰਿਆਂ ਨੇ ਮੰਗਣੀ ਕਰ ਦਿੱਤੀ। ਅੱਗੇ ਲਾਗੀ ਜਾਂਦੇ ਹੁੰਦੇ ਸਨ। ਲਾਗੀਆਂ ਨੇ ਲੜਕਾ ਪਸੰਦ ਕਰਨਾ, ਰੁਪਇਆ ਧਰ ਦੇਣਾ ਤੇ ਮੁੜ ਕੇ ਵਿਆਹ ਹੋ ਜਾਣਾ। ਉਹ ਲਾਗੀ ਜ਼ਿੰਮੇਦਾਰੀ ਨਿਭਾਉਂਦੇ ਸਨ।

ਜਦੋਂ ਬੀਬੀ ਦਾ ਆਨੰਦ ਕਾਰਜ ਹੋਣ ਲੱਗਾ ਤਾਂ ਸ਼ੱਕ ਪੈ ਗਿਆ ਕਿ ਉਹ ਸਖੀ ਸਰਵਰ ਨੂੰ ਮੰਨਦੇ ਨੇ। ਲਾਵਾਂ ਹੋ ਗਈਆਂ। ਡੋਲੀ ਨੂੰ ਤੋਰਨ ਲੱਗੇ ਤਾਂ ਆਕਲ ਰੋ ਪਿਆ, ਮਾਂ ਬੜੀ ਰੋਈ। ਉਹ ਕਹਿੰਦੀ ਧੀਏ ਅਸੀਂ ਤੈਨੂੰ ਜਨਮ ਤਾਂ ਦੇ ਸਕਦੇ ਹਾਂ ਪਰ ਤਕਦੀਰ ਨਹੀਂ ਦੇ ਸਕਦੇ, ਤੇਰਾ ਕਰਮ ਨਹੀਂ ਬਦਲ ਸਕਦੇ, ਕਿਉਂਕਿ ਸਾਨੂੰ ਪਤਾ ਲੱਗਾ ਹੈ ਕਿ ਤੇਰੇ ਸਹੁਰੇ ਸਖੀ ਸਰਵਰ ਨੂੰ ਮੰਨਦੇ ਹਨ ਤੇ ਆਪਾਂ ਨੂੰ ਤਾਂ ਪਤਾ ਲੱਗਾ ਕਿ ਮੁੰਡੇ ਦੀ ੧੫ ਕਿਲੇ ਪੈਲੀ

ਹੈ। ਕਿਤੇ ਬਿਆਸਾ ਜਾਂਦੇ ਨੇ ਦੇ ਦਿਉ ਦਬਾ ਦਬ ਮੇਰੀ ਅਰਦਾਸ ਹੈ ਮੇਰੇ ਮਾਲਕਾ ਮੇਰੀ ਧੀ ਤੇ ਨੂੰਹ ਜੇ ਬਿਆਸਾ ਵਾਲਿਆਂ ਦੇ ਘਰੋਂ ਮੈਨੂੰ ਜਵਾਈ ਮਿਲਣਾ ਹੈ ਤੇ ਮੈਨੂੰ ਬਿਆਸਾ ਵਾਲਿਆਂ ਦੇ ਘਰੋਂ ਨੂੰਹ ਮਿਲਣੀ ਹੈ ਤਾਂ ਮੇਰੀ ਔਲਾਦ ਔਂਤਰ ਚੱਲੀ ਜਾਏ ਮੈਨੂੰ ਖੁਸ਼ੀ ਏ ਮੈਨੂੰ ਕੋਈ ਗੁੱਸਾ ਨਹੀਂ। ਮੇਰੀ ਕੁੱਲ ਔਂਤਰੀ ਚਲੀ ਜਾਏ ਤਾਂ ਮੈਨੂੰ ਕੋਈ ਗੁੱਸਾ ਨਹੀਂ। ਜੇ ਗੁਰੂ ਘਰ ਨਾਲੋਂ ਟੁਟਦੀ ਏ ਤੇ ਉਸ ਔਲਾਦ ਦਾ ਕੀ ਫਾਇਦਾ? ਜਿੰਨ੍ਹੇ ਕਲੰਕ ਲਾਇਆ ਸਿੱਖ ਹੋ ਕੇ। ਇਨ੍ਹਾਂ ਬਿਆਸੀਆਂ ਨੂੰ ਨਾ ਦਿਆ ਕਰੀਏ ਤੇ ਨਾ ਲਿਆ ਕਰੀਏ, ਕੁਲ ਗਾਲ ਦੇਣਗੇ। ਬੇੜੀ ਵਿਚ ਇਕ ਛੇਕ ਪੈ ਜਾਵੇ ਤਾਂ ਬੇੜੀ ਡੁੱਬ ਜਾਂਦੀ ਏ। ਜੇ ਛੇਕ ਆਪਣੇ ਪਰਿਵਾਰ ਦੀਆਂ ਬੇੜੀਆਂ ਦੇ ਵਿਚ ਨੂਰ ਮਹਿਲੀਆਂ ਦੀਆਂ ਧੀਆਂ ਲਿਆ ਕੇ ਬਿਆਸਾ ਵਾਲਿਆਂ ਲਿਆ ਕੇ ਆਪਣੇ ਖ਼ਾਨਦਾਨਾਂ ਦੇ ਛੇਕ ਨਾ ਕਰੋ। ਨੂੰਹ ਲਿਆਉਣੀ ਤਾਂ ਅੰਮ੍ਰਿਤਧਾਰੀ ਲਿਆਉ, ਜਵਾਈ ਲੱਭਣਾ ਤੇ ਅੰਮ੍ਰਿਤਧਾਰੀ ਲੱਭੋ। ਸਾਡੀ ਧੀ ਦੇ ਕੰਨਾਂ ਵਿਚ ਜਪੁਜੀ ਸਾਹਿਬ ਦਾ ਪਾਠ ਪੈਂਦਾ ਰਹੇ। ਵਿਚਾਰੇ ਮਾਂ ਪਿਉ। ਬਾਬਾ ਆਕਲ ਕਹਿਣ ਲੱਗਾ ਧੀਏ, ਅਸੀਂ ਤੇਰੀ ਤਕਦੀਰ ਨਹੀਂ ਬਦਲ ਸਕਦੇ, ਤਕਦੀਰ ਬਦਲੇਗਾ ਗੁਰੂ। ਧੀ ਬੜੀ ਮਜ਼ਬੂਤ ਸੀ, ਉਸਨੇ ਅਰਦਾਸ ਕੀਤੀ ਜਿਥੇ ਮਹਾਰਾਜ ਮੇਰਾ ਮਾਂ ਪਿਉ ਮਦਦ ਨਹੀਂ ਕਰ ਸਕਦਾ ਤੂੰ ਕਰ ਗੁਰੂ ਨਾਨਕ। ਡੋਲੀ ਤੁਰ ਪਈ, ਡੋਲੀ ਦੇ ਲਾਗੇ ਆ ਗਏ, ਅੱਗੇ ਰਿਵਾਜ ਸੀ ਡੋਲੀ ਅੱਗੇ ਹੁੰਦੀ ਤੇ ਲਾੜਾ ਵਿਆਹ ਵਾਲਾ ਕਾਕਾ ਮਗਰ ਮਗਰ ਚਲਦਾ ਸੀ, ਨਿਯਮ ਸੀ ਸਾਰੇ ਸਮਾਜ ਦਾ, ਰੌਂਖਿਆ ਕਰਦਾ, ਮਾੜੀ ਗੱਲ ਨਹੀਂ ਸਮਾਜ ਦਾ ਇਹ ਨਿਯਮ ਸੀ।

ਉਹ ਬੀਬੀ ਦੀ ਡੋਲੀ ਨੂੰ ਚੁਕੀ ਜਾਂਦੇ ਨੇ ਚਾਰ ਭਰਾ, ਤੇ ਉਹਨਾਂ ਨੂੰ ਕਹਿੰਦੀ ਭਰਾਓ ਮੇਰੀ ਇਕ ਮਿੰਨਤ ਹੈ। ਤੁਸੀਂ ਮੇਰੇ ਭਰਾ ਹੋਏ। ਆਹ ਮੈਥੋਂ ਟੂਮਾਂ ਲੈ ਲਉ, ਆਹ ਮੇਰੇ ਗੁਰੂ ਦੀ ਬਾਣੀ ਦੀ ਆਵਾਜ਼ ਆਉਂਦੀ ਏ ਤੇ ਮੈਨੂੰ ਜਾਪਦਾ ਐ ਮੇਰਾ ਗੁਰੂ ਹੈ, ਮੈਨੂੰ ਮੱਥਾ ਟੇਕ ਲੈਣ ਦਿਉ, ਦੋ ਮਿੰਟ ਭਰਾ ਆਖਿਆ। ਮੈਂ ਤੁਹਾਡੀ ਭੈਣ ਹਾਂ। ਬੜਾ ਵੱਡਾ ਲਫਜ਼ ਐ ਕਿਸੇ ਨੂੰ ਭੈਣ ਕਹਿੰਦੀ ਏ ਤੂੰ ਮੇਰਾ ਭਰਾ ਏਂ ਧਰਮ ਦਾ, ਨਾਲੇ ਟੂਮਾਂ ਦੇ ਦਿੱਤੀਆਂ। ਉਹਨਾਂ ਡੋਲੀ ਰੱਖੀ ਤੇ ਬੀਬੀ ਦੇ ਕਪੜੇ ਵਿਆਹ ਵਾਲੇ ਸਨ। ਆਸਾ ਦੀ ਵਾਰ ਦਾ ਕੀਰਤਨ ਹੁੰਦਾ ਸੀ। ਬੀਬੀ ਨੇ ਜਾ ਕੇ ਮੱਥਾ ਟੇਕਿਆ ਤੇ ਵਿਆਹ ਵਾਲਾ ਕਾਕਾ ਵੀ ਭਾਈ ਸਾਧੂ ਮਗਰ-ਮਗਰ। ਗੁਰੂ ਪਾਤਿਸ਼ਾਹ ਫ਼ੁਰਮਾਉਂਦੇ ਹਨ ਧੀਏ ਐਡੀ ਤੜਕੇ ਤੇਰੇ ਵਿਆਹ ਵਾਲੇ ਕਪੜੇ ਤੇ ਇਕੱਲੀ। ਬੀਬੀ ਭੁੱਬਾਂ ਮਾਰ ਕੇ ਰੋਣ ਲੱਗ ਪਈ, ਕਹਿੰਦੀ ਮੇਰੇ ਮਾਲਕਾ! ਮੇਰੇ ਮਾਂ-ਪਿਉ ਨੇ ਮੈਨੂੰ ਜਨਮ ਤਾਂ ਦਿੱਤਾ, ਤੂੰ ਮੇਰੀ ਤਕਦੀਰ ਵੀ ਬਦਲ। ਮੇਰਾ ਸਰਵਰੀਆਂ ਦੇ ਘਰ ਵਿਆਹ ਹੋ ਗਿਆ ਏ। ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਨੇ ਧੀਏ ਜੋ ਤੇਰੀਆਂ ਅੱਖਾਂ 'ਚੋਂ ਗਲੇਡੂ ਵਗੇ ਹਨ, ਇਹਦੇ ਨਾਲ ਤੇਰੀ ਤਕਦੀਰ ਧੁਪ ਗਈ ਹੈ। ਹੁਣ ਨਹੀਂ ਤੈਨੂੰ ਖ਼ਤਰਾ। ਮਗਰ ਆਇਆ ਬੀਬੀ ਦਾ ਪਤੀ ਸਾਧੂ ਨੇ ਮੱਥਾ ਟੇਕਿਆ ਤੇ ਗੁਰਮੁਖੋ ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਨੇ ਤਕਦੀਰਾਂ ਹੀ ਬਦਲ ਦਿੱਤੀਆਂ, ਆਖਿਆ ਧੀਏ ਹੁਣ ਖ਼ਾਲੀ ਮੈਂ ਤੈਨੂੰ ਦਾਜ ਨਹੀਂ ਦੇਣਾ,

ਤੇਰੀ ਝੋਲੀ ਵਿਚ ਸ਼ਗਨ ਪਾਉਣਾ ਏਂ। ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਕਹਿੰਦੇ ਮੈਂ ਸ਼ਗਨ ਪਾਉਣਾ ਬੇਟਾ ਤੈਨੂੰ। ਇਹ ਸ਼ਗਨ ਪਾਇਆ ਕਿ ਤੇਰੀ ਕੁੱਖ ਚੋਂ ਭਾਈ ਰੂਪਾ ਬ੍ਰਹਮ-ਗਿਆਨੀ ਪੁੱਤ ਪੈਦਾ ਹੋਵੇਗਾ। ਆਈ ਸੀ ਆਪਣੀ ਤਕਦੀਰ ਬਦਲਣ, ਬ੍ਰਹਮ-ਗਿਆਨੀ ਪੁੱਤ ਲੈ ਕੇ ਗਈ।

ਇਹ ਹੈ ਗੁਰਮੁਖੋ, ਗੁਰੂ ਨਾਨਕ ਦੇ ਘਰ ਦੀ ਗੱਲ, ਪੂਰਨ ਗੁਰੂ ਦੀ ਗੱਲ, ਵਿੱਦਿਆ ਦੀ ਗੱਲ। ਜਿਵੇਂ ਸਰਵਨ ਨੇ ਆਪਣੇ ਅੰਨ੍ਹੇ ਮਾਂ-ਪਿਉ ਦੀ ਸਾਰੀ ਉਮਰ ਸੇਵਾ ਕੀਤੀ, ਆਗਿਆ ਮੰਨੀ ਤੇ ਵਹਿੰਗੀ 'ਤੇ ਬਿਠਾ ਕੇ ਥਾਂ-ਥਾਂ 'ਤੇ ਲਿਜਾ ਕੇ ਸਾਰੇ ਤੀਰਥਾਂ ਦੀ ਯਾਤਰਾ ਕਰਵਾਈ, ਉਹਦੀ ਉਦਾਹਰਣ ਲੋਕ-ਕਹਾਵਤ ਬਣ ਗਈ। ਅੱਜ ਤੱਕ ਲੋਕੀਂ ਗੱਲਾਂ ਕਰਦੇ, ਭਾਈ ਗੁਰਦਾਸ ਜੀ ਨੇ ਵੀ ਲਿਖੀ ਸਰਵਣ ਦੀ ਉਦਾਹਰਣ। ਉਹ ਕਹਿੰਦੇ ਹਨ। 'ਸਰਵਨ ਵਿਰਲਾ ਕੋਈ ਪੁੱਤ ਨਾ ਮੰਨੇ ਮਾਪਿਆਂ ਕਮਜਾਤੀ ਵਲੀਏ।'

ਸੋ ਇਸ ਪ੍ਰਕਾਰ ਜੋ ਮਾਤਾਵਾਂ ਆਪਣਾ ਜੀਵਨ ਉੱਚਾ ਰੱਖਣ, ਆਪ ਧਾਰਮਿਕ ਜੀਵਨ ਵਿਚ ਦ੍ਰਿੜ ਹੋਣ, ਨਿਤਨੇਮ ਉਪਰੰਤ ਗੁਰਦੁਆਰੇ ਸਾਹਿਬ ਕਥਾ ਕੀਰਤਨ ਸੁਣਨ, ਛੋਟੇ ਬੱਚਿਆਂ ਨੂੰ ਲਿਜਾਣ, ਛੋਟੀ ਅਵਸਥਾ ਵਿਚ ਜੋ ਸੰਸਕਾਰ ਬੱਚੇ ਨੂੰ ਪੈ ਜਾਣ ਉਹ ਪੱਥਰ 'ਤੇ ਲਕੀਰ ਵਾਂਗ ਹਿਰਦੇ ਵਿਚ ਉਕਰ ਜਾਂਦੇ ਹਨ ਤੇ ਸਮੁੱਚੇ ਜੀਵਨ ਦੀ ਨੀਂਹ ਹੁੰਦੀ ਹੈ। ਸੋ ਇਸ ਕਰਕੇ ਜੇ ਧਾਰਮਿਕ ਪਾਸੇ ਵੱਲ ਦ੍ਰਿੜਤਾ ਨਾਲ ਆਪਾਂ ਪ੍ਰਪੱਕ ਹੋਵਾਂਗੇ ਤਾਂ ਬੱਚਾ ਅਵੱਸ਼ ਧਾਰਮਿਕ ਤੇ ਦਾਨੀ ਸੂਰਮਾ ਯੋਧਾ ਬਲੀ ਹੋਵੇਗਾ। ਗੁਰੂ ਕੀ ਸਿੱਖਣੀ ਮਰਦ ਕਾ ਮੂੰਹ ਨਾ ਫਟਕਾਰੇ, ਗੁਰੂ ਕੀ ਸਿੱਖਣੀ ਸਾਧ ਸੰਗਤ ਵਿਚ ਮੱਥਾ ਕੱਜ ਕੇ ਬੈਠੇ, ਗੁਰੂ ਕੀ ਸਿੱਖਣੀ ਗੁਰੂ ਗ੍ਰੰਥ ਸਾਹਿਬ ਪੋਥੀ ਪੜ੍ਹਨੀ ਸਿਖੇ, ਪ੍ਰਕਿਰਤੀ ਸੰਸਾਰੀ ਤਿਆਗ ਦੇਵੇ।

ਸੋ ਪਵਨ ਪ੍ਰਕਿਰਤਾ ਗੀਤ ਟੱਪੇ ਗਾਉਣੇ, ਮਸ਼ਕਰੀਆਂ, ਗੰਦੀ ਜ਼ਬਾਨ ਨਾ ਕਰੇ, ਇਹ ਲਿਖਿਆ ਹੈ ਰਹਿਤਨਾਮਾ ਭਾਈ ਚੌਪਾ ਸਿੰਘ ਵਿਚ। ਇਸ ਕਰਕੇ ਜੇ ਆਪਾਂ ਗੁਰਮੁਖੋ ਪੂਰਨ ਹੋਣਾ ਏਂ ਤਾਂ ਆਪਾਂ ਬ੍ਰਹਮ ਵਿਦਿਆ ਦੀ ਪ੍ਰਾਪਤੀ ਕਰੀਏ। ਜਿਹੜੇ ਬ੍ਰਹਮ ਵਿਦਿਆ ਦੀ ਪ੍ਰਾਪਤੀ ਕਰ ਗਏ ਉਹ ਆਖਰਕਾਰ ਪੂਰਨ ਪ੍ਰਮੇਸ਼ਰ ਵਿਚ ਲੀਨ ਹੋ ਗਏ ਤੇ ਬ੍ਰਹਮ ਵਿਦਿਆ ਨਾਲ ਬੰਦਾ ਕੀ ਕਰਦਾ ਹੈ, ਕੀ ਕ੍ਰਿਪਾ ਕਰਦੇ ਨੇ।

ਸਿਮਰੰਤਿ ਸੰਤ ਸਰਬਤ੍ਰ ਰਮਣੰ

ਇਹ ਸੰਤ ਹਨ। ਸਾਰਿਆਂ ਵਿਚ ਰਮੇ ਹੋਏ ਪ੍ਰਮਾਤਮਾ ਨੂੰ ਚੇਤੇ ਕਰਦੇ ਹਨ।

ਨਾਨਕ ਅਘਨਾਸਨ ਜਗਦੀਸੁਰਹ ॥੧॥

ਜਿਹੜਾ ਪਰਮਾਤਮਾ ਜੱਗ ਦਾ ਮਾਲਕ ਹੈ ਉਹ ਪਾਪਾਂ ਨੂੰ ਕੱਢ ਦੇਂਦਾ ਹੈ।

ਪੇਖਨ ਸੁਨਨ ਸੁਨਾਵਨੋ

ਕੀ ਵੇਖਣਾ ਚਾਹੀਦੇ, ਕੀ ਸੁਣਨਾ ਚਾਹੀਦੇ, ਕੀ ਸੁਣਾਉਣਾ ਚਾਹੀਦਾ ਹੈ।

ਮਨ ਮਹਿ ਦ੍ਰਿੜੀਐ ਸਾਚੁ ॥

ਆਪਣੇ ਮਨ ਵਿਚ ਵੀ ਸੱਚ ਨੂੰ ਪ੍ਰਪੱਕ ਕਰਨਾ, ਇਹ ਵੇਖਣਾ, ਸੱਚ ਵੇਖਣਾ, ਸੱਚ ਸੁਣਨਾ, ਸੱਚ ਸੁਣਾਉਣਾ ਹੈ।

ਪੂਰਿ ਰਹਿਓ ਸਰਬਤ੍ਰ ਮੈ

ਉਹ ਪਰਮਾਤਮਾ ਕਿਥੇ ਰਹਿੰਦਾ ਹੈ, ਇਕੱਲੇ ਗੁਰਦੁਆਰੇ ਵਿਚ ਜਾਂ ਇਕੱਲੇ ਮੰਦਰ ਵਿਚ ਰਹਿੰਦਾ ਹੈ। ਇਕੱਲੇ ਕਿਤੇ ਹੋਰ ਥਾਂ ਤੇ ਰਹਿੰਦਾ ਹੈ। ਮੇਰੇ ਪਾਤਿਸ਼ਾਹ ਫ਼ੁਰਮਾਉਂਦੇ ਹਨ: ਸਾਰਿਆਂ ਵਿਚ ਗੁਰੂ ਕੇ ਬੋਲ ਨੇ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ

ਦੇਹੁਰੇ ਵਿਚ ਵੀ ਉਹੋ ਤੇ ਮਸੀਤ ਵਿਚ ਵੀ ਉਹੋ ਰੱਬ ਹੈ।

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ  
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥  
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,  
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥  
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ  
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥  
ਅਲਖ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,  
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥

ਨਾਨਕ ਹਰਿ ਰੰਗਿ ਰਾਚੁ ॥੨॥

(ਪੰਨਾ ੭੦੫)

ਇਸ ਕਰਕੇ ਪ੍ਰੇਮੀਓ ! ਉਸ ਪਰਮਾਤਮਾ ਦੇ ਉਸ ਪ੍ਰੇਮ ਵਿਚ ਆਪਣੇ ਆਪ ਨੂੰ ਰੰਗ ਲਉ।

ਪਉੜੀ ॥ ਹਰਿ ਏਕੁ ਨਿਰੰਜਨੁ ਗਾਈਐ

ਇਕ ਪ੍ਰਮਾਤਮਾ ਜਿਹਨੂੰ ਕਿਸੇ ਤਰ੍ਹਾਂ ਦੀ ਕੋਈ ਲਿਪਾਇਮਾਨਗੀ ਨਹੀਂ, ਆਇਆ ਹੈਂ ਤਾਂ ਉਹਦਾ ਨਾਮ ਜਪ।

ਸਭ ਅੰਤਰਿ ਸੋਈ ॥

ਉਹ ਸਾਰਿਆਂ ਦੇ ਅੰਦਰ ਹੈ।

ਕਰਣ ਕਾਰਣ ਸਮਰਥ ਪ੍ਰਭੁ

ਉਹ ਕਾਰਨਾਂ ਨੂੰ ਕਰਨ ਵਾਲਾ, ਕਰਾਉਣ ਵਾਲਾ ਵੀ ਉਹ ਹੈ, ਕਰਨ ਵਾਲਾ ਵੀ ਉਹ

ਆਪ ਹੈ।

ਜੋ ਕਰੇ ਸੁ ਹੋਈ॥

ਜੋ ਪ੍ਰਮਾਤਮਾ ਕਰਦਾ ਹੈ ਉਹੀ ਹੁੰਦਾ ਹੈ।

ਖਿਨ ਮਹਿ ਥਾਪਿ ਉਥਾਪਦਾ

ਪਲ ਦੇ ਵਿਚ ਢਾਹ ਲੈਂਦਾ ਹੈ, ਪਲ ਦੇ ਵਿਚ ਬਣਾਉਂਦਾ ਹੈ।

ਤਿਸੁ ਬਿਨੁ ਨਹੀ ਕੋਈ॥

ਉਹਦੇ ਤੋਂ ਬਿਨਾਂ ਹੋਰ ਕੋਈ ਹੈ ਨਹੀਂ।

ਖੰਡ ਬ੍ਰਹਮੰਡ ਪਾਤਾਲ ਦੀਪ

ਇਹ ਧਰਤੀ ਦੇ ਵਿਚ ਵੱਖ-ਵੱਖ ਖੰਡ ਹਿੱਸੇ ਹਨ। ਸਮੁੱਚਾ ਬ੍ਰਹਮੰਡ ਪਾਤਾਲ, ਥੱਲੇ ਦਾ ਹਿੱਸਾ ਕਿਸੇ ਤਰ੍ਹਾਂ ਜਿਹੜੇ ਦੀਪ ਹਨ।

ਰਵਿਆ ਸਭ ਲੋਈ॥

ਇਹ ਸਾਰੀ ਲੁਕਾਈ ਦੇ ਵਿਚ ਰਵਿਆ ਹੋਇਆ ਹੈ। ਲੋਈ ਕਹਿੰਦੇ ਹਨ ਲੁਕਾਈ ਨੂੰ।

ਜਿਸੁ ਆਪਿ ਬੁਝਾਏ ਸੋ ਬੁਝਸੀ

ਜਿਨ੍ਹਾਂ ਨੂੰ ਭਾਈ ਉਹ ਜਣਾ ਦੇਂਦਾ ਹੈ, ਜਿਨ੍ਹਾਂ ਨੂੰ ਬੁਝਾਉਂਦਾ ਹੈ, ਉਹ ਬੁਝ ਲੈਂਦੇ ਹਨ।

ਨਿਰਮਲ ਜਨੁ ਸੋਈ॥

ਉਹ ਫੇਰ ਗੁਰਮੁਖ ਪਿਆਰੇ ਸ਼ੁੱਧ ਹੋ ਗਏ ਹਨ, ਗੁਰੂ ਪਾਤਿਸ਼ਾਹ ਕ੍ਰਿਪਾ ਕਰਨ ਕਿ ਇਹ ਸਾਨੂੰ ਸਮਝਾ ਲਏ।

ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥
ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ॥ ੧॥

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥

☆☆☆

# ਗੁਰ ਦਾ ਉਪਦੇਸ਼

ਧਨਾਸਰੀ ਮਹਲਾ ੫ ॥

ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥
ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ ॥੧॥ਰਹਾਉ ॥
ਕੋਈ ਹੋਆ ਕ੍ਰਮ ਰਤੁ ਕੋਈ ਤੀਰਥ ਨਾਇਆ ॥
ਦਾਸੀਂ ਹਰਿ ਕਾ ਨਾਮੁ ਧਿਆਇਆ ॥ ੧॥
ਬੰਧਨ ਕਾਟਨਹਾਰੁ ਸੁਆਮੀ ॥
ਜਨ ਨਾਨਕੁ ਸਿਮਰੈ ਅੰਤਰਜਾਮੀ ॥੨॥੩॥੫੭॥

(ਪੰਨਾ ੬੭੪)

ਗੁਰੂ ਕੀ ਸਾਜੀ ਨਿਵਾਜੀ ਗੁਰੂ ਰੂਪ ਗੁਰੂ ਖਾਲਸਾ ਸਤਸੰਗਤ ਜੀ ! ਆਪਾਂ ਜੋ ਪਾਵਨ ਪਵਿੱਤਰ ਹੁਕਮਨਾਮਾ ਸਰਵਨ ਕੀਤਾ ਹੈ, ਇਹ ਸੂਖਮ ਨਾਮੀ ਦਾ ਕੇਂਦਰੀ ਨੁਕਤਾ ਹੈ। ਗੁਰੂ ਕੇ ਉਪਦੇਸ਼ ਨਾਲ ਜੁੜਨ ਕਰਕੇ ਗੁਰਮੁਖਾ ਤੇਰਾ ਕਲਿਆਣ ਹੈ। 'ਗੁਰੂ ਕੇ ਚਰਨ ਜੀਅ ਕਾ ਨਿਸਤਾਰਾ॥' ਤਿੰਨ ਤਰ੍ਹਾਂ ਦੀਆਂ ਸਾਡੀਆਂ ਦੇਹੀਆਂ ਨੇ। ਅਸੀਂ ਆਮ ਕਰਕੇ ਇਕ ਦੇਹ ਦੇ ਬਾਰੇ ਤਾਂ ਜਾਣਕਾਰੀ ਰੱਖਦੇ ਹਾਂ ਮਾੜੀ ਮੋਟੀ ਕਿ ਮੇਰਾ ਸਰੀਰ ਠੀਕ ਨਹੀਂ, ਮੇਰਾ ਸਰੀਰ ਢਿੱਲਾ ਹੈ, ਪਰ ਗੁਰਮੁਖੋ ਇਹ ਸਰੀਰ ਸਭ ਤੋਂ ਨਿਕੰਮਾ ਛਿਨ ਭੰਗਰ ਹੈ। ਬਾਕੀ ਇੰਨਾ ਮਾੜਾ ਵੀ ਨਹੀਂ ਕਿ ਆਪਾਂ ਇਹਨੂੰ ਨਿਗਲੈਕਟ ਕਰ ਦੇਈਏ, ਇਹਨੂੰ ਤਿਆਗ ਦੇਈਏ, ਇਹਦੀ ਪ੍ਰਵਾਹ ਨਾ ਕਰੀਏ। ਅਗਰ ਇਹ ਦੇਹ ਨਾ ਹੋਵੇ ਤਾਂ ਆਪਾਂ ਸੇਵਾ ਤੇ ਸਿਮਰਨ ਕਰਕੇ ਆਪਣੇ ਆਪ ਨੂੰ ਸਫਲਾ ਨਹੀਂ ਕਰ ਸਕਦੇ। ਪਹਿਲੀ ਦੇਹ ਹੈ ਜਿਸਨੂੰ ਕਹਿੰਦੇ ਨੇ ਕਾਰਨ ਦੇਹ, ਦੂਸਰੀ ਦੇਹ ਦਾ ਨਾਮ ਸੂਖਮ ਦੇਹ ਤੇ ਤੀਸਰੀ ਦੇਹ ਜੋ ਆਪਾਂ ਪ੍ਰਤੱਖ ਵੇਖਦੇ ਹਾਂ, ਇਹਨੂੰ ਕਹਿੰਦੇ ਨੇ ਸਥੂਲ ਦੇਹ। ਸੋ ਗੁਰੂ ਪੰਚਮ ਪਾਤਿਸ਼ਾਹ ਫ਼ੁਰਮਾਉਂਦੇ ਹਨ ਕਿ ਗੁਰਮੁਖਾ, ਆਪਣੀ ਸੂਖਮ ਦੇਹ ਦੇ ਰਾਹੀ ਗੁਰੂ ਦੇ ਉਪਦੇਸ਼ ਨਾਲ ਜੁੜਨ ਦਾ ਯਤਨ ਕਰ।

ਧਨਾਸਰੀ ਮਹਲਾ ੫ ॥ ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥

ਜੀਅ ਦਾ ਅਰਥ ਹੈ ਜੀਵ ਆਤਮਾ, ਨਿਸਤਾਰਾ ਦਾ ਅਰਥ ਹੈ ਸੰਸਾਰ, ਪਰਪੰਚ। ਜੋ ਵੀ ਰੂਹਾਂ ਗੁਰੂ ਦੇ ਉਪਦੇਸ਼ ਨਾਲ ਜੁੜਦੀਆਂ ਨੇ ਉਹ ਸੰਸਾਰ ਪਰਪੰਚ ਤੋਂ ਉਤਰ ਗਈਆਂ ਹਨ। ਗੁਰੂ ਦੇ ਉਪਦੇਸ਼ ਨਾਲ ਗੁਰਮੁਖੇ ਜੁੜਨ ਦਾ ਕੀ ਤਰੀਕਾ ਹੈ ? ਗੁਰੂ ਮਰਿਆਦਾ ਦੇ ਮੁਤਾਬਿਕ

ਗੁਰੂ ਕਾ ਅੰਮ੍ਰਿਤ ਪਾਨ ਕਰਨਾ। ਅੰਮ੍ਰਿਤ ਛੱਕਣਾ ਜ਼ਰੂਰੀ ਕਿਉਂ ਹੈ ? ਅਗਰ ਗੁੰਜਾਇਸ਼ ਹੁੰਦੀ ਤਾਂ ਗੁਰਦੇਵ ਆਪ ਅੰਮ੍ਰਿਤ ਨਾ ਛੱਕਦੇ। ਆਪਣੇ ਸਾਹਿਬਜ਼ਾਦਿਆਂ ਨੂੰ ਨਾ ਛਕਾਉਂਦੇ। ਗੁਰਦੇਵ ਨੇ ਇਥੋਂ ਤਕ ਇਹ ਕਹਿ ਦਿੱਤਾ ਕਿ 'ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹੀ। ਰਹਿਣੀ ਰਹੇ ਸੋਈ ਸਿੱਖ ਮੇਰਾ ਉਹ ਸਾਹਿਬ ਮੈਂ ਉਸ ਕਾ ਚੇਰਾ।'

ਜੋ ਰਹਿਤ ਮਰਿਆਾਦ ਵਿਚ ਪੂਰਾ ਰਹਿੰਦਾ ਹੈ ਮੇਰਾ ਸਿੱਖ ਹੈ, ਮੈਂ ਉਸਦਾ ਦਾਸ ਹਾਂ, ਪਰ ਜਿਹੜਾ ਰਹਿਤ ਮਰਿਆਦਾ ਵਿਚ ਪ੍ਰਪੱਕ ਨਹੀਂ, ਉਹਦੇ ਨਾਲ ਮੇਰਾ ਕੋਈ ਸੰਬੰਧ ਨਹੀਂ। ਗੁਰਮੁਖੋ, ਉਹਦੇ ਵਾਸਤੇ ਇਕ ਮਰਿਆਦਾ ਗੁਰੂ ਕੇ ੬ ਸਿੰਘ ਜਿਨ੍ਹਾਂ ਵਿਚੋਂ ਇਕ ਨੇ ਗ੍ਰੰਥੀ ਸਿੰਘ ਦੀ ਡਿਊਟੀ ਦੇਣੀ ਹੈ। ਪੰਜ ਗੁਰਮੁਖ ਪਿਆਰੇ ਜਿਹੜੇ ਪੰਜਾਂ ਬਾਣੀਆਂ ਦੇ ਨਿਤਨੇਮੀ ਹੋਣ, ਉਹ ਗੁਰੂ ਕੀ ਹਜ਼ੂਰੀ ਵਿਚ ਆਉਂਦੇ ਤੇ ਗੁਰੂ ਅੱਗੇ ਅਰਦਾਸ ਕਰਦੇ। ਪਹਿਲਾਂ ਕੇਸੀ ਇਸ਼ਨਾਨ ਕਰਨਾ, ਸਾਫ ਵਸਤਰ ਪਾ ਕੇ ਗੁਰੂ ਦੀ ਹਜ਼ੂਰੀ ਵਿਚ ਆਉਣਾ, ਪਰ ਬੇਨਤੀ ਕਰਨੀ ਪਾਤਿਸ਼ਾਹ ਅਸੀਂ ਮਨ ਕਰਕੇ ਭੁਲਣਹਾਰ ਹਾਂ, ਸਰੀਰ ਕਰਕੇ ਤਿਆਰ-ਬਰ-ਤਿਆਰ ਹਾਂ। ਆਪ ਜੀ ਨੇ ਕ੍ਰਿਪਾ ਕਰਕੇ ਸਾਨੂੰ ਬੱਜਰ ਕੁਰਹਿਤਾਂ ਤੋਂ ਬਚਾ ਕੇ ਰਖਿਆ ਹੈ। ਅੱਗੋਂ ਤੋਂ ਮੇਹਰ ਕਰਨੀ, ਸਾਡੇ ਸਿਰ 'ਤੇ ਕ੍ਰਿਪਾ ਭਰਿਆ ਹੱਥ ਰੱਖਣਾ, ਤਾਂਕਿ ਸਾਡੇ ਜੀਵਨ ਦੀ ਯਾਤਰਾ ਸਫਲੀ ਹੋ ਜਾਵੇ ਤੇ ਨੇਪਰੇ ਚੜ੍ਹ ਜਾਏ। ਉਪਰੰਤ ਗੁਰੂ ਕੇ ਲਾਲ ਆਪ ਸੁਧਾਈ ਕਰਕੇ ਮੁੜਕੇ ਪ੍ਰੇਮੀਆਂ ਦੀ ਅੰਮ੍ਰਿਤ ਅਭਿਲਾਖੀਆਂ ਦੀ ਸੁਧਾਈ ਕਰਦੇ ਹਨ, ਜਿਨ੍ਹਾਂ ਕੋਲ ਕੋਈ ਗ਼ਲਤੀ ਹੋਈ ਹੈ, ਉਹਨਾਂ ਨੂੰ ਤਨਖਾਹ ਲਾ ਕੇ ਮੁੜਕੇ ਦੁਬਾਰਾ ਅੰਮ੍ਰਿਤ ਛਕਾ ਕੇ ਗੁਰੂ ਨਾਲ ਜੋੜਨ ਦਾ ਯਤਨ ਕੀਤਾ ਜਾਂਦਾ ਹੈ। ਉਪਰੰਤ ਗੁਰੂ ਕੇ ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਦੀ ਅਰਦਾਸ ਕਰਦੇ ਹਨ ਅਤੇ ਲੋਹੇ ਦੇ ਬਾਟੇ ਵਿਚ ਪਵਿੱਤਰ ਜਲ ਪਾ ਕੇ ਨਾਲ ਪਤਾਸੇ ਪਾ ਕੇ ਥੱਲੇ ਪੱਥਰ ਦਾ ਸੁਨਹਿਰਾ ਰੱਖਦੇ ਹਨ, ਉਨ ਦਾ ਕੰਬਲ ਵਿਛਾਇਆ ਜਾਂਦਾ ਜਾਂ ਕੋਈ ਹੋਰ ਕਪੜਾ ਵੀ ਹੋਵੇ ਉਨ ਦਾ ਉਹਦਾ ਮੁਖ ਕਾਰਨ ਕਿ ਪਵਿੱਤਰਤਾ ਅਤਿ ਜ਼ਰੂਰੀ ਹੈ। ਪੱਥਰ ਦਾ ਸੁਨਹਿਰਾ ਇਸ ਕਰਕੇ ਰੱਖਿਆ ਜਾਂਦਾ ਹੈ ਕਿਉਂਕਿ ਪੱਥਰ ਮਜ਼ਬੂਤ ਹੈ ਹਿਲਦਾ ਨਹੀਂ। ਇਸੇ ਤਰ੍ਹਾਂ ਇਹ ਚੀਜ਼ਾਂ ਸਾਨੂੰ ਇਸ ਗੱਲ ਦੀ ਪ੍ਰੇਰਨਾ ਦਿੰਦੀਆਂ ਹਨ।

ਗੁਰੂ ਕੇ ਖਾਲਸੇ ਨੇ ਜਿਥੇ ਪਵਿੱਤਰਤਾਈ ਦੇ ਧਾਰਨੀ ਹੋਣਾ ਹੈ, ਉਥੇ ਉਹਨੇ ਸਥਿਰਤਾ ਰੱਖਣੀ ਏ। ਉਪਰੰਤ ਗੁਰੂ ਕੇ ਪੰਜ ਪਿਆਰੇ ਸਿੰਘ ਬਾਟੇ ਨੂੰ ਹੱਥ ਪਾਉਂਦੇ ਨੇ ਤੇ ਆਪਣੇ ਨੇਤਰ ਉਸ ਅੰਮ੍ਰਿਤ ਵਿਚ ਜੋੜੀ ਰੱਖਦੇ ਨੇ, ਉਸਦਾ ਮਤਲਬ ਇਹ ਹੈ ਕਿ ਇਹਨਾਂ ਦਸ ਨੇਤਰਾਂ ਰਾਹੀਂ ਦਸਾਂ ਪਾਤਸ਼ਾਹੀਆਂ ਦੀ ਕ੍ਰਿਪਾ ਹੋ ਰਹੀ ਏ ਅਤੇ ਉਹ ਗੁਰੂ ਕੇ ਪੰਜ ਪਿਆਰੇ ਬਾਟੇ ਨਾਲ ਹੱਥ ਲਾਉਂਦੇ ਹਨ। ਇਹਦਾ ਮਤਲਬ ਇਹ ਹੈ ਕਿ ਦਸ ਗੁਰੂ ਸਾਹਿਬਾਨਾਂ ਦੀ ਇਸਨੂੰ ਛੋਹ ਪ੍ਰਾਪਤ ਹੈ। ਉਪਰੰਤ ਜਪੁਜੀ ਸਾਹਿਬ, ਜਾਪ ਸਾਹਿਬ, ਸਵੱਯੇ, ਚੌਪਈ ਸਾਹਿਬ ਅਤੇ ਅਨੰਦ ਸਾਹਿਬ ਦੀਆਂ ੪੦ ਪੌੜੀਆਂ ਸੰਪੂਰਨ ਅਨੰਦ ਸਾਹਿਬ ਦਾ ਪਾਠ ਕਰਕੇ ਗੁਰੂ ਕੇ ਪਿਆਰਿਉ, ਉਹ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਹਨ। ਜਦੋਂ ਤਕ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ, ਉਹ

ਬਾਟੇ ਵਿਚ ਖੰਡਾ ਹਿਲਾਉਂਦੇ ਰਹਿੰਦੇ ਨੇ, ਉਹਦਾ ਮੁਖ ਕਾਰਨ ਹੈ ਜਿਹੜੇ ਔਗੁਣ ਨੇ, ਬੁਰਾਈਆਂ ਨੇ, ਉਹਨਾਂ ਦਾ ਖੰਡਨ ਕਰਨਾ। ਜਿਹੜੀ ਦੁਨੀਆਂ ਦੀ ਨੇਕੀ ਨੂੰ ਆਪਣੇ ਵੱਲ ਖਿੱਚਣ ਦਾ ਯਤਨ ਕਰਨਾ। ਇਉਂ ਗੁਰਮੁਖੋ, ਉਹ ਗੁਰੂ ਕੇ ਪੰਜ ਪਿਆਰੇ ਅੰਮ੍ਰਿਤ ਦੀ ਦਾਤ ਤਿਆਰ ਕਰਕੇ ਬਾਟਾ ਤਿਆਰ ਕਰਕੇ ਗੁਰੂ ਅੱਗੇ ਅਰਦਾਸ ਕਰਕੇ ਅੰਮ੍ਰਿਤ ਛਕਾਉਂਦੇ ਹਨ। ਪੰਜ ਚੁਲੇ ਉਹ ਗੁਰਮੁਖ ਛੱਕਦੇ ਨੇ, ਪੰਜ ਚੁਲੇ ਉਹਨਾਂ ਦੇ ਨੇਤਰਾਂ ਵਿਚ ਪਾਏ ਜਾਂਦੇ ਨੇ। ਪੰਜ ਚੂਲੇ ਸੀਸ ਵਿਚ ਪਾਏ ਜਾਂਦੇ ਨੇ, ਇਹਦਾ ਮਤਲਬ ਇਹ ਹੈ ਕਿ ਪਿਆਰਿਆ, ਤੇਰੇ ਅੰਦਰ ਗੁਰੂ ਦਾ ਅੰਮ੍ਰਿਤ ਚਲਿਆ ਗਿਆ, ਹੁਣ ਤੇਰੇ ਅੰਦਰ ਜ਼ਹਿਰ ਨਾ ਜਾਵੇ, ਜਿਹੜੇ ਮੂੰਹ ਵਿਚ ਅੰਮ੍ਰਿਤ ਪੈ ਗਿਆ ਹੈ, ਇਸ ਮੂੰਹ ਵਿਚ ਸ਼ਰਾਬ ਨਹੀਂ ਪੈਣੀ ਚਾਹੀਦੀ, ਇਸ ਮੂੰਹ ਰਾਹੀਂ ਨਿੰਦਿਆ ਚੁਗਲੀ ਨਾ ਕਰੀਂ, ਇਸ ਮੂੰਹ ਦੇ ਰਾਹੀਂ ਕੋਈ ਮਾੜਾ ਕਰਮ ਨਾ ਕਰੀਂ, ਕਿਉਂਕਿ ਮੂੰਹ ਹੁਣ ਗੁਰੂ ਗੋਬਿੰਦ ਸਿੰਘ ਦਾ ਹੋ ਗਿਆ। ਮੁੜ ਕੇ ਉਹ ਪੰਜ ਪਿਆਰੇ ਸੱਜਣ.ਗੁਰਮੁਖ ਪਿਆਰੇ ਸਤਿਕਾਰਯੋਗ ਪਾਵਨ ਹਸਤੀਆਂ ਉਹ ਪੰਜ ਚੁਲੇ ਸਾਡੇ ਨੇਤਰਾਂ ਵਿਚ ਅੰਮ੍ਰਿਤ ਦੇ ਪਾਉਂਦੇ ਨੇ, ਉਹਦਾ ਮਤਲਬ ਇਹ ਹੁੰਦਾ ਹੈ ਕਿ ਕਈ ਵੇਰਾਂ ਆਪਾਂ ਦੇਖਦੇ ਹਾਂ ਜਿਹੜੇ ਅੱਖਾਂ ਬਣਾਉਂਦੇ ਨੇ ਸਾਡੇ ਬਜ਼ੁਰਗ ਭੈਣਾਂ ਤੇ ਵੀਰ ਉਹਨਾਂ ਦੇ ਨੇਤਰਾਂ 'ਤੇ ਝਿੱਲੀ ਜਿਹੀ ਆ ਜਾਂਦੀ ਏ, ਜਿਸਨੂੰ ਮੋਤੀਆਬਿੰਦ ਕਹਿੰਦੇ ਨੇ ਅਤੇ ਸਿਆਣੇ ਡਾਕਟਰ ਸਾਹਿਬਾਨ ਉਸ ਝਿੱਲੀ ਨੂੰ ਪਾਸੇ ਕਰਕੇ ਅਪ੍ਰੇਸ਼ਨ ਕਰ ਦਿੰਦੇ ਹਨ, ਫੇਰ ਬੰਦੇ ਦੀ ਨਜ਼ਰ ਨੌ-ਬਰ-ਨੌ ਹੋ ਜਾਂਦੀ ਹੈ ਅਤੇ ੪੦ ਦਿਨ ਜਾਂ ਦੋ ਤਿੰਨ ਮਹੀਨੇ ਜਿੰਨਾ ਉਹਨਾਂ ਦਾ ਨਿਯਮ ਹੁੰਦਾ ਹੈ, ਹਰੇ ਰੰਗ ਦਾ ਕੱਪੜਾ ਉਹਨਾਂ ਦੇ ਅੱਖਾਂ ਤੇ ਬੱਧਾ ਜਾਂਦਾ ਹੈ ਤਾਂਕਿ ਬਾਹਰੋਂ ਸੂਰਜ ਆਦਿ ਦੀਆਂ ਕਿਰਨਾਂ ਜਾਂ ਤਿੱਖੀ ਚਮਕ ਪੈਣ ਕਰਕੇ ਇਹਨਾਂ ਦੇ ਨੇਤਰ ਖ਼ਰਾਬ ਨਾ ਹੋ ਜਾਣ।

ਇਸੇ ਤਰ੍ਹਾਂ ਗੁਰਮੁਖੋ, ਗੁਰੂ ਕਾ ਅੰਮ੍ਰਿਤ ਸਾਡੇ ਨੇਤਰਾਂ ਵਿਚ ਪਾਇਆ ਜਾਂਦਾ ਹੈ। ਉਹਦਾ ਮਤਲਬ ਇਹ ਹੈ ਜਿਹੜਾ ਸਾਡੇ ਮਨ ਤੇ ਬੁਧ ਰੂਪੀ ਨੇਤਰਾਂ ਉਪਰ ਵਿਕਾਰਾਂ ਦਾ ਜਾਲਾ ਆ ਗਿਆ ਸੀ, ਉਹ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਨੇ ਅਪ੍ਰੇਸ਼ਨ ਕਰਕੇ ਉਹਨੂੰ ਪਾਸੇ ਕਰ ਦਿੱਤਾ ਹੈ। ਹਰੀ ਪੱਟੀ ਜਿਹੜੀ ਬੰਨ੍ਹੀ ਹੈ ਜਿਹੜੀ ਪੰਜਾਂ ਕਕਾਰਾਂ ਦੀ ਰਹਿਤ ਹੈ, ਪੰਜਾਂ ਕਕਾਰਾਂ ਦੀ ਰਹਿਤ ਕ੍ਰਿਪਾਨ, ਕੜਾ, ਕਛਹਿਰਾ, ਕੰਘਾ ਅਤੇ ਕੇਸਾਂ ਵਿਚ ਪਰਪੱਕਤਾ, ਅਗਰ ਇਹ ਰੱਖਾਂਗੇ ਤਾਂ ਗੁਰਮੁਖੋ ਵਿਕਾਰਾਂ ਦੀ ਚਮਕ ਪਏਗੀ ਹੀ ਨਹੀਂ, ਸਾਡੀ ਨਿਗ੍ਹਾ ਖ਼ਰਾਬ ਹੋਣ ਦਾ ਕੋਈ Chance ਨਹੀਂ। ਪੰਜ ਚੁਲੇ ਸਾਡੇ ਸੀਸ ਵਿਚ ਇਸ ਕਰਕੇ ਪਾਏ ਜਾਂਦੇ ਨੇ ਤਾਂਕਿ ਸਾਡੇ ਦਸਮ ਦੁਆਰ ਦੇ ਵਿਚ ਉਹ ਪਾਵਨ ਉਹ ਦੈਵੀ ਸਤਿਆ ਜਿਹੜੀ ਉਹ ਆਪਣਾ ਅਸਰ ਕਰ ਸਕੇ, ਕਿਉਂਕਿ ਦਸਮ ਦੁਆਰ ਸਿਰ ਵਿਚ ਹੈ, ਨਾਲੇ ਇਹਦਾ ਭਾਵ ਇਹ ਹੈ ਕਿ ਗੁਰਮੁਖਾ, ਇਹ ਸੀਸ 'ਤੇ ਪੈ ਗਿਆ। ਹੁਣ ਗੁਰੂ ਕਾ ਅੰਮ੍ਰਿਤ ਪੀ ਕੇ ਇਹ ਸਿਰ ਜਣੇ-ਖਣੇ ਦੇ ਅੱਗੇ ਨਾ ਝੁਕੇ, ਇਹ ਕਬਰਾਂ ਦੇ ਅੱਗੇ ਨਾ ਝੁਕੇ, ਇਹ ਮੜ੍ਹੀਆਂ ਮੱਟਾਂ ਮਸਾਣਾਂ ਦੇ ਅੱਗੇ ਨਾ ਝੁਕੇ, ਇਹ ਕਿਸੇ ਆਮ ਗ਼ਲਤ ਵਿਅਕਤੀ ਦੇ ਅੱਗੇ ਨਾ ਝੁਕੇ, ਇਹ ਪੰਜ ਅੰਮ੍ਰਿਤ ਦੇ ਚੁਲੇ ਜੋ ਕੇਸਾਂ ਵਿਚ

ਪਾਉਂਦੇ ਨੇ ਇਹਦਾ ਮਤਲਬ ਇਹ ਹੈ। ਫੇਰ ਉਹ ਗੁਰਮੁਖ ਪਿਆਰੇ ਮੂਲ-ਮੰਤਰ ਤੇ ਗੁਰਮੰਤਰ ਦ੍ਰਿੜ ਕਰਵਾਉਂਦੇ ਹਨ। ਮੂਲ-ਮੰਤਰ ਉਹ ਹੈ ਜੋ ਧੰਨ ਗੁਰੂ ਨਾਨਕ ਪਾਤਿਸ਼ਾਹ ਮਹਾਰਾਜ ਜੀ ਨੇ ਸੁਲਤਾਨਪੁਰ ਰਹਿਣ ਸਮੇਂ ਵੇਈਂ ਨਦੀ ਦੁਆਰਾ ਸੱਚਖੰਡ ਵਿਚੋਂ ਲਿਆਂਦਾ ਸੀ, ਜਿਸ ਮੂਲ-ਮੰਤਰ ਦੇ ਵਿਚ ਅਕਾਲ ਪੁਰਖ ਦੇ ਸਰੂਪ ਦੇ ਤਤੈਸ਼ਟੀ ਲੱਛਣ ਹਨ ਮਨ ਨੂੰ ਵੱਸ ਕਰਨ ਵਾਲੇ। ਜਿਵੇਂ ਕਿਸੇ ਚੀਜ਼ ਦੀ ਆਪਾਂ ਕੋਈ ਦਵਾਈ ਲੈਨੇ ਆਂ, ਆਪਾਂ ਪੁੱਛਦੇ ਹਾਂ ਡਾਕਟਰ ਸਾਹਿਬ ਇਸਦੀ ਮਹੱਤਤਾ ਕੀ ਹੈ ? ਦਵਾਈ ਕਾਹਦੇ ਲਈ ਖਾਧੀ ਜਾਂਦੀ ਐ ? ਉਹ ਕਹਿੰਦਾ ਹੈ ਜੀ ਦੰਦਾਂ ਨੂੰ ਤਾਕਤ ਦੇਵੇਗਾ, ਫਲਾਣਾ ਵਿਟਾਮਿਨ। ਇਹ ਤੁਹਾਡੀ ਨਿਗ੍ਹਾ ਵਾਸਤੇ ਬੜਾ ਚੰਗਾ ਹੈ। ਆਹ ਵਿਟਾਮਿਨ ਦੀ ਤੁਸੀਂ ਵਰਤੋਂ ਕਰੋ ਤੇ ਤੁਹਾਡੀਆਂ ਹੱਡੀਆਂ ਮਜ਼ਬੂਤ ਹੋਣਗੀਆਂ, ਤੁਹਾਡੇ ਚਿਹਰੇ ਦਾ ਰੰਗ ਪੀਲਾ ਹੈ, ਤੁਹਾਡਾ ਲਿਵਰ ਕਮਜ਼ੋਰ ਹੈ, ਤੁਸੀਂ iron ਦੇ ਕੈਪਸੂਲ ਖਾਉ, ਉਹ ਸਾਨੂੰ ਹਦਾਇਤ ਕਰਦੇ ਹਨ। ਉਹਨਾਂ ਦੀ ਮਹੱਤਤਾ ਹੈ।

ਇਸੇ ਤਰ੍ਹਾਂ ਗੁਰਮੁਖੋ ਜਿਹੜਾ ਮੂਲ-ਮੰਤਰ ਹੈ, ਇਸਦੀ ਵੀ ਬੜੀ ਮਹੱਤਤਾ ਹੈ। ਉਹ ਕੀ ਮਹੱਤਤਾ ਹੈ, ਇਕ ਤਾਂ ਗੁਰਮੁਖ ਪਿਆਰਿਉ ਇਹ ਮਨ ਨੂੰ ਵੱਸ ਕਰਨ ਦਾ ਮੰਤਰ ਹੈ। ਮਨ ਨੂੰ ਵੱਸ ਕਰਨ ਦਾ ਮੰਤਰ ਮਿਲਣਾ ਬੜਾ ਔਖਾ ਹੈ। ਦੂਸਰਾ ਬ੍ਰਹਮ-ਗਿਆਨ ਦੀ ਦਾਤ ਦੇਣ ਵਾਲਾ ਤੇ ਜਿਸਨੂੰ ਬ੍ਰਹਮ-ਗਿਆਨ ਦੀ ਦਾਤ ਮਿਲ ਗਈ ਫੇਰ ਤਾਂ ਉਹ ਰੱਬ ਬਣ ਗਿਆ, ਕਿਉਂਕਿ ਆਪਾਂ ਪੜ੍ਹਦੇ ਹਾਂ, 'ਬ੍ਰਹਮ-ਗਿਆਨੀ ਆਪ ਪਰਮੇਸ਼ਰ॥ ਬ੍ਰਹਮ ਗਿਆਨੀ ਸਭ ਸ੍ਰਿਸ਼ਟ ਕਾ ਕਰਤਾ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥' ਬ੍ਰਹਮ ਗਿਆਨੀ ਤਾਂ ਅਮਰ ਹੋ ਗਿਆ ਹੈ, ਉਹ ਮਰਦਾ ਨਹੀਂ ਏ। ਮੂਲ-ਮੰਤਰ ਬ੍ਰਹਮ-ਗਿਆਨ ਦਾ ਦਾਤ੍ਹਾ ਹੈ। ਆਪਾਂ ਲੋੜਵੰਦ ਲੋਕ ਹਾਂ, ਆਪਣੀਆਂ ਗਰਜ਼ਾਂ ਹਨ। ਇਸ ਮੂਲ-ਮੰਤਰ ਦੀ ਇਕ ਹੋਰ ਵੀ ਬਹੁਤ ਵੱਡੀ ਮਹਾਨਤਾ ਹੈ। ਉਹ ਇਹ ਹੈ ਕਿ ਸਾਰੇ ਕਾਰਜਾਂ ਨੂੰ ਇਹ ਸਫਲ ਕਰਨ ਵਾਲਾ ਹੈ। ਕਈ ਦੁਖੀ ਲੋਕ ਮਿਲਦੇ ਨੇ ਗਿਆਨੀ ਜੀ ਸਾਡੀ ਬੇਟੀ ਮੁਟਿਆਰ ਹੋ ਗਈ ਹੈ। ਅਸੀਂ ਕਈ ਥਾਵਾਂ 'ਤੇ ਰਿਸ਼ਤਾ ਕਰਨ ਦਾ ਯਤਨ ਕੀਤਾ, ਪਰ ਪਤਾ ਨਹੀਂ ਕਿਥੇ ਸਾਡੀ ਬੇਟੀ ਦਾ ਸੰਜੋਗ ਬੱਧਾ ਹੈ। ਇਸ ਤਰ੍ਹਾਂ ਦੇ ਮਿਲਦੇ ਨੇ ਕਈ ਵਾਰੀ ਵੀ ਲੋਕ ਸਾਨੂੰ ਕੋਈ ਸ਼ਬਦ ਦੱਸੋ। ਓ ਗੁਰਮੁਖੋ ! ਮੂਲ-ਮੰਤਰ ਵਿਚ ਹੀ ਸਾਰਾ ਕੁਝ ਆ ਜਾਂਦਾ ਹੈ, ਲੋੜਾਂ ਦੀ ਪੂਰਤੀ ਇਹ ਕਰਦਾ ਹੈ। ਬ੍ਰਹਮ-ਗਿਆਨ ਦੀਆਂ ਦਾਤਾਂ ਇਹ ਦਿੰਦਾ ਹੈ, ਮਨ ਨੂੰ ਵੱਸ ਕਰਨ ਵਾਲਾ ਇਹ ਮੂਲ-ਮੰਤਰ ਹੈ ਤੇ ਜਿੰਨੇ ਵਿਘਨ ਹਨ ਉਹਨਾਂ ਦੀ ਨਿਵਿਰਤੀ ਵੀ ਕਰਦਾ ਹੈ। ਭਾਈ ਸਾਹਿਬ ਭਾਈ ਗੁਰਦਾਸ ਨੇ ਮੂਲ ਮੰਤਰ ਦੇ ਬਾਰੇ ਆਪਣੀਆਂ ਪਾਵਨ ਵਾਰਾਂ ਵਿਚ ਜ਼ਿਕਰ ਕੀਤਾ ਹੈ :

ਏਕੰਕਾਰ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ।
ਸਤਿਨਾਮ ਕਰਤਾ ਪੁਰਖੁ ਨਿਰਭਉ ਹੋਇ ਨਿਰਵੈਰੁ ਸਦਾਇਆ।
ਅਕਾਲ ਮੂਰਤਿ ਪਰਤਖਿ ਜਾਉ ਅਜੂਨੀ ਸੈਭੰ ਭਾਇਆ।

ਕਈ ਤਰ੍ਹਾਂ ਦੇ ਭੋਲੇ ਵੀਰ ਕਹਿੰਦੇ ਹਨ ਮੂਲ-ਮੰਤਰ ਕਿਥੋਂ ਤੱਕ ਹੈ? ਕਈ ਤਰ੍ਹਾਂ ਦੇ

ਚੱਕਰਾਂ 'ਚ ਪਾਉਂਦੇ ਨੇ, ਆਪਾਂ ਫਿਰ ਖਿੱਚਾ ਧੂਹੀ ਕਰਦੇ ਆਂ ਜਿੰਨਾ ਕਿ ਮੈਂ ਪੜ੍ਹਦਾ ਮੈਂ ਕਹਿੰਦਾ ਮੈਂ ਠੀਕ ਹਾਂ, ਦੂਜਾ ਕਹਿੰਦਾ ਮੈਂ ਠੀਕ ਆਂ। ਗੁਰਮੁਖੋ ਆਪਾਂ ਮੈਂ ਤਾਂ ਪਾਸੇ ਕਰਨੀ ਹੈ।

ਜਿਹੜਾ ਮੈਂ ਪੜ੍ਹਦਾ ਹਾਂ, ਜ਼ਰੂਰੀ ਨਹੀਂ ਦਰੁਸਤ ਹੋਵੇ, ਤੁਹਾਨੂੰ ਭੁਲੇਖਾ ਤਾਂ ਹੋ ਸਕਦਾ ਹੈ, ਤੁਸੀਂ ਵੀ ਭੁਲੇਖੇ 'ਚ ਹੋ। ਆਪਾਂ ਆਪਣੀ ਮਨਮਰਜ਼ੀ ਛੱਡ ਕੇ ਤੇ ਆਪਣੇ ਵਡੇਰਿਆਂ ਕੋਲੋਂ ਪੁੱਛੀਏ ਇਹਦੇ ਤੋਂ ਵੱਡਾ ਦਾਰਸ਼ਨਿਕ ਕੌਣ ਐ ਜਿਸ ਮਹਾਂਪੁਰਸ਼ ਦੇ ਪਾਵਨ ਹੱਥਾਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਦੀ ਸਮੁੱਚੀ ਬਾਣੀ ਲਿਖੀ ਗਈ। ਮਾਤਾ ਭਾਨੀ ਦਾ ਵੀਰ ਧੰਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਮਹਾਰਾਜ ਜੀ ਦੇ ਮਹਾਨ ਸਤਿਕਾਰ ਯੋਗ ਮਾਮਾ ਜੀ, ਗੁਰਮਤ ਦੇ ਸ਼੍ਰੋਮਣੀ ਵਿਆਖਿਆਕਾਰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਉਨਤਾਲਵੀਂ ਵਾਰ ਦੀ ਪਹਿਲੀ ਪਉੜੀ ਵਿਚ ਜ਼ਿਕਰ ਕੀਤਾ ਹੈ :

ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ।
ਸਤਿਨਾਮ ਕਰਤਾ ਪੁਰਖੁ ਨਿਰਭਉ ਹੋਏ ਨਿਰਵੈਰ ਸਦਾਇਆ।
ਅਕਾਲ ਮੂਰਤਿ ਪਰਤਖਿ ਹੋਇ ਨਾਉ ਅਜੂਨੀ ਸੈਭੰ ਭਾਇਆ।
ਗੁਰਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰਿ ਹੋਂਦਾ ਆਇਆ।
ਹੈਭੀ ਹੋਸੀ ਸਚੁ ਨਾਉ।

ਮਨਮਰਜ਼ੀ ਨਾ ਕਰੀਏ ਆਪਾਂ। ਭਾਈ ਸਾਹਿਬ ਨੇ ਕੀ ਲਿਖਿਆ :

ਹੈਭੀ ਹੋਸੀ ਸਚੁ ਨਾਉ ਸਚੁ ਦਰਸਣ ਸਤਿਗੁਰੂ ਦਿਖਾਇਆ।
ਸ਼ਬਦੁ ਸੁਰਤਿ ਲਿਵਲੀਣੁ ਹੋਇ ਗੁਰੁ ਚੇਲਾ ਪਰਚਾ ਪਰਚਾਇਆ।

ਇਹ ਮਹਾਤਮ ਸੂਖਮ ਰੂਪ ਵਿਚ ਉਹਨਾਂ ਲਿਖਣਾ ਕੀਤਾ, ਕਿਉਂਕਿ ਮੂਲ-ਮੰਤਰ ਦੀ ਵਿਆਖਿਆ ਬਹੁਤ ਔਖੀ ਹੈ, ਉਂਞ ਗੁਰਬਾਣੀ ਦਾ ਇਕ ਇਕ ਸ਼ਬਦ ਗੁਰੂ ਰੂਪ ਹੈ ਤੇ ਸਾਰੀਆਂ ਦਾਤਾਂ ਨੂੰ ਦੇਣ ਵਾਲਾ ਹੈ। ਇਹ ਮੈਨੂੰ ਤਾਂ ਬੇਨਤੀ ਕਰਨੀ ਪਈ ਕਿਉਂਕਿ ਆਮ ਕਰਕੇ ਅਸੀਂ ਕਈ ਤਰ੍ਹਾਂ ਦੇ ਸ਼ੰਕਿਆਂ ਵਿਚ ਤੇ ਉਲਝਣਾਂ ਵਿਚ ਪੈ ਜਾਂਦੇ ਹਾਂ। ਕਿਸੇ ਨੂੰ ਵੇਖਿਆ ਕਿ ਕੋਈ ਕਾਕਾ ਇਮਤਿਹਾਨ ਤੋਂ ਵਿਹਲਾ ਆਪਣੇ ਘਰ ਦੁਪਹਿਰੇ ਸੋਹਿਲੇ ਦਾ ਪਾਠ ਕਰਨ ਲੱਗ ਪਿਆ। ਉਹਦਾ ਬਾਪ ਆਇਆ ਅੰਮ੍ਰਿਤਧਾਰੀ, ਉਹਨੇ ਵੱਟ ਕੇ ਮੂੰਹ 'ਤੇ ਚਪੇੜ ਮਾਰੀ। ਉਹ ਨਿਕੰਮਿਆਂ ਤੂੰ ਦੁਪਹਿਰੇ ਸੋਹਿਲੇ ਦਾ ਪਾਠ ਕਰੀ ਜਾਂਦਾ ਐਂ, ਸਾਡਾ ਬੇੜਾ ਗਰਕ ਕਰਨਾ ਹੈ। ਕਿੰਨੀ ਕਮਲੀ ਗੱਲ ਹੈ, ਕੀ ਗੁਰੂ ਕਾ ਸੋਹਿਲਾ ਬਾਣੀ ਬੇੜਾ ਗਰਕ ਕਰਨ ਵਾਸਤੇ ਹੈ। ਸਾਨੂੰ ਗਿਆਤ ਨਹੀਂ। ਸਾਡੀ ਸੋਚ ਨਿਕੰਮੀ ਹੈ, ਨਹੀਂ ਗਿਆਨੀ ਜੀ ਤੁਸਾਂ ਤੇ ਗਲ ਵਿਚ ਵਲ ਹੀ ਪਾ ਲਿਆ। ਇਹ ਤਾਂ ਰਾਤ ਨੂੰ ਸੌਣ ਦੇ ਮੌਕੇ ਤੇ ਪੜ੍ਹਨਾ ਚਾਹੀਦਾ ਹੈ। ਦੁਪਹਿਰੇ ਨਹੀਂ ਪੜ੍ਹਨਾ ਚਾਹੀਦਾ।

ਓ ਗੁਰਮੁਖਾ ਜੇ ਦੁਪਹਿਰੇ ਪੜ੍ਹਨਾ ਤੈਨੂੰ ਕੋਈ ਪਾਪ ਜਾਪਦਾ ਹੈ ਤਾਂ ਤੇਰੇ ਪੁੱਤਰ ਦੀ ਸ਼ਾਦੀ ਦੇ ਮੌਕੇ ਤੇ ਤੂੰ ਅਖੰਡ ਪਾਠ ਰਖਾਇਆ। ੧੦ ਵਜੇ ਅਖੰਡ ਪਾਠੀ ਸਿੰਘ ਨੇ ਪਹਿਲਾਂ ਜਪੁਜੀ ਸਾਹਿਬ ਪੜ੍ਹਿਆ, ਸ੍ਰੀ ਰਾਗ ਤੋਂ ਪਹਿਲਾਂ ਸੋਹਿਲੇ ਦੀ ਬਾਣੀ ਪੜ੍ਹੀ ਤੇਰੇ ਘਰ ਸਾਵੇ

੧੦ ਵੱਜੇ, ਤੇਰੇ ਪੁੱਤਰ ਦਾ ਵਿਆਹ ਨੇਪਰੇ ਨਾ ਚੜ੍ਹਿਆ ? ਆਪਾਂ ਜੋ ਕਹਿੰਦੇ ਸੋਹਿਲੇ ਦਾ ਪਾਠ ਦਿਨੇ ਕਰਨਾ ਪਾਪ ਹੈ। ਗ਼ਲਤ ਹੈ, ਇਹ ਸ਼ੋਭਦਾ ਨਹੀਂ, ਇਹ ਗ਼ਲਤ ਹੋ ਗਿਆ, ਇਹ ਕੰਮ ਮਾੜਾ ਹੈ, ਕੁਲੱਛਣਾ ਹੈ ਤੇ ਜਦੋਂ ਸਾਡੇ ਪੁੱਤਰ ਦੇ ਵਿਆਹ ਦੇ ਮੌਕੇ ਤੇ ਅਖੰਡ ਪਾਠ ਰਖਿਆ ਗਿਆ ਉਦੋਂ ਸ੍ਰੀ ਰਾਗ ਤੋਂ ਪਹਿਲਾਂ ਸੋਹਿਲੇ ਦਾ ਪਾਠ ਅਸੀਂ ਕੀਤਾ ਕਿ ਨਹੀਂ ਕੀਤਾ? ਉਦੋਂ ਚੰਗਾ ਸੀ ਕਿ ਨਹੀਂ? ਹੁਣ ਮਾੜਾ ਕਿਵੇਂ ਹੋ ਗਿਆ? ਮੇਰੇ ਕਹਿਣ ਤੋਂ ਮੁਰਾਦ ਇਹ ਹੈ ਕਿ ਆਪਾਂ ਗੁਰਬਾਣੀ 'ਤੇ ਸ਼ੰਕਾ ਨਹੀਂ ਕਰਨਾ ਹੋਰ ਕੱਖ ਨਹੀਂ, ਮੇਰੇ ਕਹਿਣ ਦਾ ਮਤਲਬ ਹੈ ਇਥੇ ਬਾਣੀ ਸਾਰੀ ਅੰਮ੍ਰਿਤ ਰੂਪ ਹੈ ਤੇ ਗੁਰਬਾਣੀ ਕਦੇ ਵੀ ਬੁਰਾ ਨਹੀਂ ਕਰਦੀ। ਮਤਲਬ ਇਹ ਹੈ ਕਿ ਗੁਰਬਾਣੀ ਅੰਮ੍ਰਿਤ ਰੂਪ ਹੈ। ਗੁਰਬਾਣੀ ਕਦੇ ਵੀ ਬੁਰਾ ਨਹੀਂ ਕਰਦੀ, ਇਹ ਸਾਰੀਆਂ ਦਾਤਾਂ ਨੂੰ ਦੇਣ ਵਾਲੀ ਤੇ ਗੁਰੂ ਦਾ ਕੋਈ ਸ਼ਬਦ ਵੀ ਮਾੜਾ ਨਹੀਂ। ਇਹ ਤਾਂ ਗੁਰਮੁਖੋ, ਮਿਸ਼ਰੀ ਦਾ ਪਹਾੜ ਹੈ ਤੇ ਮਿਸ਼ਰੀ ਨੂੰ ਆਪਾਂ ਕੁੱਜਾ ਮਿਸ਼ਰੀ ਕਹਿੰਦੇ ਹਾਂ। ਉਹ ਖਾ ਲਈਏ ਤਾਂ ਉਹ ਵੀ ਮਿੱਠੀ, ਦੂਜੀ ਮਿਸ਼ਰੀ ਉਹ ਵੀ ਮਿੱਠੀ, ਮਿਸ਼ਰੀ ਤੇ ਹੈ ਹੀ ਮਿੱਠੀ। ਇਸ ਤਰ੍ਹਾਂ ਗੁਰਮੁਖੋ, ਗੁਰੂ ਦੀ ਜਿੰਨੀ ਵੀ ਬਾਣੀ ਹੈ, ਇਕ ਇਕ ਅੱਖਰ ਜਿਥੋਂ ਮਰਜ਼ੀ ਪੜ੍ਹੋ ਅੰਮ੍ਰਿਤ ਰੂਪ ਹੈ, ਕਲਿਆਣ ਕਰਤਾ ਹੈ। ਭਾਵਨਾ ਨੂੰ ਪੂਰੀਆਂ ਕਰਨ ਵਾਲੀ ਹੈ। ਜੇ ਕੋਈ ਅਨਪੜ੍ਹ ਹੋਵੇ ਬਿਰਤੀ ਇਕਾਗਰ ਕਰਕੇ ਵਾਹਿਗੁਰੂ ਮੰਤਰ ਤੇ ਮੂਲ-ਮੰਤਰ ਦਾ ਅਭਿਆਸ ਕਰੇ, ਇਹਦੇ ਨਾਲ ਕਲਿਆਣ ਹੁੰਦਾ ਹੈ, ਪਰ ਕੋਸ਼ਿਸ਼ ਕਰੋ ਕਿ ਗੁਰਬਾਣੀ ਕੰਠ ਹੋ ਜਾਏ। ਭਾਈ ਸਾਹਿਬ ਭਾਈ ਸੰਤੋਖ ਸਿੰਘ ਨੇ ਗਰਭਗੰਜਨੀ ਟੀਕੇ ਦੇ ਵਿਚ ਅਤੇ ਇਸੇ ਤਰ੍ਹਾਂ ਸਤਿਕਾਰਯੋਗ ਭਾਈ ਸਾਹਿਬ ਭਾਈ ਮਨੀ ਸਿੰਘ ਨੇ ਲਿਖਿਆ :

ਸਿਖ ਗੁਰ ਕਾ ਹੋਏ ਕੇ ਜਪੁਜੀ ਕੰਠ ਨਾ ਕੀਨ।

ਗੁਰੂ ਕਾ ਸਿੱਖ ਹੋ ਕੇ ਜੇ ਤੂੰ ਜਪੁਜੀ ਸਾਹਿਬ ਦਾ ਪਾਠ ਕੰਠ ਨਹੀਂ ਕੀਤਾ ਤਾਂ ਤੰਦਲ ਕਹਿੰਦੇ ਨੇ ਚੌਲਾਂ ਨੂੰ ਤੰਦਲ ਬਿਨ ਧੰਨ ਧਾਨ ਕਿਸ ਕੰਮ ? ਗੁਰਮੁਖਾ ਜੇ ਚੌਲਾਂ ਦੇ ਵਿਚ ਦਾਣੇ ਨਹੀਂ ਤਾਂ ਫੱਕ ਕਿਸ ਕੰਮ ? ਜੇ ਸਿੱਖ ਨੇ ਜਪੁਜੀ ਸਾਹਿਬ ਦਾ ਪਾਠ ਕੰਠ ਨਹੀਂ ਕੀਤਾ ਤਾਂ ਭਾਈ ਮਨੀ ਸਿੰਘ ਤੇ ਭਾਈ ਸੰਤੋਖ ਸਿੰਘ ਇਕ ਰਾਏ ਹੋ ਕੇ ਕਹਿੰਦੇ ਹਨ, ਉਹਨਾਂ ਨੂੰ ਚੌਲਾਂ ਦੀ ਫੱਕ ਵਰਗਾ ਸਮਝ ਲੈ। ਫੱਕ ਖੇਤਿਆਂ ਦੇ ਕੰਮ ਤਾਂ ਆਉਂਦੀ ਹੈ ਪਰ ਬੰਦੇ ਤਾਂ ਫੱਕ ਨਹੀਂ ਨਾ ਖਾਂਦੇ।

ਇਸ ਕਰਕੇ ਗੁਰਮੁਖੋ! ਜਿੰਨਾ ਵੀ ਹੋ ਸਕੇ ਬਾਬਾ ਕਰਤਾਰ ਸਿੰਘ ਮੇਰੇ ਉਸਤਾਦ ਉਹ ਸਾਨੂੰ ਕਹਿੰਦੇ ਹੁੰਦੇ ਸਨ ਸਿੰਘੋ ਬਾਣੀ ਕੰਠ ਤੇ ਪੈਸਾ ਗੰਠ। ਆਪਾਂ ਸਫ਼ਰ ਕਰਦੇ ਹਾਂ, ਅਸੀਂ ਗੁਟਕਾ ਭੁੱਲ ਜਾਈਏ ਵਿਸਰ ਜਾਏ ਤਾਂ ਨਿਤਨੇਮ ਵਿਚ ਫ਼ਰਕ ਪੈ ਜਾਵੇਗਾ। ਬਾਣੀ ਕੰਠ ਹੋਵੇਗੀ ਤਾਂ ਅਸੀਂ ਸਫ਼ਰ ਕਰਦੇ ਵੀ ਬਾਣੀ ਪੜ੍ਹ ਸਕਦੇ ਹਾਂ, ਇਸ ਕਰਕੇ ਕੋਸ਼ਿਸ਼ ਕਰੋ ਕਿ ਗੁਰਬਾਣੀ ਕੰਠ ਹੋਵੇ। ਗੱਲ ਚੱਲੀ ਸੀ ਮੂਲ-ਮੰਤਰ ਤੋਂ ਕਿਉਂਕਿ ਪੰਗਤੀ ਪੜ੍ਹੀ ਐ 'ਗੁਰ ਕੇ ਚਰਨ ਜੀਅ ਕਾ ਨਿਸਤਾਰਾ।' ਗੁਰੂ ਦੇ ਉਪਦੇਸ਼ ਨਾਲ ਹੀ ਕਲਿਆਣ ਹੈ।

ਬਾਬਾ ਦੀਪ ਸਿੰਘ ਜੀ ਸ਼ਹੀਦ ਜਿਨ੍ਹਾਂ ਨੇ ਦਸਮ ਪਾਤਿਸ਼ਾਹ ਮਹਾਰਾਜ ਕੋਲੋਂ ਅੰਮ੍ਰਿਤ ਛਕਿਆ। ਦਮਦਮਾ ਸਾਹਿਬ ਸ੍ਰੀ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਮਹਾਰਾਜ ਦੇ ਸਾਰੇ ਅਰਥ ਸਤਿਗੁਰੂ ਪਾਤਿਸ਼ਾਹ ਮਹਾਰਾਜ ਕੋਲੋਂ ਉਹਨਾਂ ਪੜ੍ਹੇ, ਉਹਨਾਂ ਦੇ ਸੀਸ 'ਤੇ ਸਜਾਉਣ ਵਾਲਾ ਜਿਹੜਾ ਚੱਕਰ ਹੈ ਨਾ ਉਹ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਸੁਭਾਇਮਾਨ ਹੈ। ਇਥੇ ਆਪਾਂ ਨੂੰ ਥੋੜੀ ਜਿਹੀ ਵਿਚਾਰ ਕਰਨੀ ਚਾਹੀਦੀ ਹੈ ਆਪਣੇ ਅੰਦਰ। ਅੱਜ ਦੇ ਕਈ ਲੋਕਾਂ ਨੂੰ ਕੰਘਾ ਵੀ ਭਾਰਾ ਲੱਗਦਾ ਹੈ, ਲੋਹੇ ਦਾ ਤਾਂ ਚੱਕਰ ਇਕ ਪਾਸੇ ਹੈ ਨਾ। ਲੱਕੜ ਦਾ ਕੰਘਾ ਵੀ ਭਾਰਾ ਸਮਝਣਗੇ। ਕਹਿਣਗੇ ਕਿ ਨਿੱਕਾ ਜਿਹਾ ਕੁ ਕੰਘਾ ਇਹ ਛੋਟਾ ਜਿਹਾ ਕੇਸਾਂ 'ਚ ਅੜਾਉਣਾ। ਇੰਨਾ ਨਾਜ਼ੁਕ ਸਰੀਰ, ਇੰਨਾ ਕੋਮਲ ਸਰੀਰ। ਬਾਬਾ ਜੀ ਆਪਣੇ ਪਾਵਨ ਸੀਸ 'ਤੇ ਚੱਕਰ ਸਜਾਇਆ ਕਰਦੇ ਸਨ, ਉਹਦੇ ਉੱਤੇ ਜਿਹੜਾ ਮੂਲਮੰਤਰ ਲਿਖਿਆ ਹੈ। '੧ਓ ਤੋਂ ਨਾਨਕ ਹੋਸੀ ਭੀ ਸਚੁ ਤੱਕ, ਪਰ ਇਸ ਪਾਸੇ ਨਹੀਂ ਪੈਣਾ। ਹਰਿਮੰਦਰ ਸਾਹਿਬ ਆਪਾਂ ਜਾਂਦੇ ਆਂ ਤੇ ਸਾਹਮਣੇ ਸੋਨੇ ਦਾ ਪੱਤਰਾ ਲੱਗਾ ਹੈ। ਮੇਨ ਗੇਟ ਦਰਵਾਜ਼ੇ 'ਤੇ ਜਿਦ੍ਹੇ 'ਤੇ ਸਤਿਕਾਰਯੋਗ ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਦਾ ਨਾਂ ਲਿਖਿਆ ਹੈ, ਉਹਦੇ ਤੋਂ ਆਪਾਂ ਪੜ੍ਹ ਸਕਦੇ ਹਾਂ।

ਗੁਰੂ ਕਾ ਸਿੱਖ ਸਤਿਗੁਰ ਦੇ ਸ਼ਬਦ ਵਿਚ ਸੁਰਤ ਜੋੜ ਕੇ ਮੂਲ ਮੰਤਰ ਦਾ ਅਭਿਆਸ ਕਰੇ, ਕਿਉਂਕਿ ਸਿੱਖਾਂ ਨੂੰ ਹੋਰ ਕਿਸੇ ਮੰਤਰ-ਤੰਤਰ 'ਤੇ ਯਕੀਨ ਨਹੀਂ ਤੇ ਨਾ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਭਾਈ ਸਾਹਿਬ ਲਿਖਦੇ ਨੇ ਸਤਿਗੁਰ ਸ਼ਬਦ ਸੁਰਤ ਲਿਵ ਮੂਲ-ਮੰਤਰ ਆਣ ਤੰਤਰ-ਮੰਤਰ ਕੇ ਨਾ ਸਿੱਖਣ ਪ੍ਰਤੀਕ ਹੈ। ਸਤਿਗੁਰੂ ਮਹਾਰਾਜ ਤੋਂ ਲੈ ਕੇ ਸਤਿਗੁਰੂ ਗੁਰਮੰਤਰ ਵਾਹਿਗੁਰੂ ਬਖ਼ਸ਼ਿਆ ਹੈ। ਜਿਸ ਹਿਰਦੇ ਦੇ ਵਿਚ ਇਹ ਵਗਦਾ ਹੈ ਉਹ ਗੁਰਮੁਖ ਰੋਮ-ਰੋਮ ਜਪ ਕੇ ਤੇ ਅਕਾਲ ਪੁਰਖ ਵਿਚ ਲੀਨ ਹੋ ਜਾਂਦੇ ਨੇ। ਗੁਰਮੰਤਰ ਸੁਆਸਾਂ ਦੇ ਨਾਲ ਸਿਮਰਨ ਕਰਨ ਅਤੇ ਹਿਰਦੇ ਨੂੰ ਸ਼ਾਂਤ ਕਰਨ ਲਈ ਹੈ। ਰੋਮ-ਰੋਮ ਵੱਸਣ ਕਰਕੇ ਅਜੱਪਾ ਜਪ ਦੀ ਪ੍ਰਾਪਤੀ ਕਰਾਉਣ ਵਾਲਾ ਹੈ। ਸਭ ਕਿਰਤਮ ਨਾਵਾਂ ਤੋਂ ਇਹ ਸ੍ਰੇਸ਼ਟ ਹੈ ਤੇ ਅਮੋਲਕ ਹੈ। ਕੋਈ ਵੀ ਪ੍ਰਾਣੀ ਨਿਗੁਰਾ ਗੁਰਮੰਤਰ ਤੋਂ ਹੀਣਾ ਨਾ ਹੋਵੇ, ਅਗਰ ਹੋਵੇਗਾ ਤਾਂ ਉਹਨੂੰ ੮੪ ਦਾ ਗੇੜਾ ਕੱਟਣਾ ਪਏਗਾ। ਗੁਰਮੰਤਰ ਨੂੰ ਧਾਰਨ ਕਰਨਾ ਲਾਜ਼ਮੀ ਹੈ।

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥

ਅਕਾਲ ਪੁਰਖ ਨੇ ਵੀ ਇਹ ਚਾਰ ਅੱਖਰ ਦੇ ਮੰਤਰ ਦੇ ਇਕ-ਇਕ ਅੱਖਰ ਦਾ ਨੌਂ-ਨੌਂ ਯੁਗਾਂ ਵਿਚ ਜਾਪ ਕੀਤਾ ਹੈ। ਬੜੀ ਅਜੀਬੋ-ਗਰੀਬ ਗੱਲ ਹੈ, ਲਿਖਿਆ ਹੈ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੀ ਪਾਵਨ ਬਾਣੀ ਵਿਚ ਤੇ ਆਪਾਂ ਤਾਂ ਰੱਬ ਦੇ ਬਣਾਏ ਇਕ ਕਿਰਮ ਤੇ ਕੀੜੇ ਹਾਂ ਨਾ। ਅਰਦਾਸ ਕਰਨੀ ਹੈ, 'ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥ (ਪੰਨਾ ੪੯੨)

ਅਸੀਂ ਪਾਤਿਸ਼ਾਹ ਨਿੱਕੇ-ਨਿੱਕੇ ਕੀੜੇ ਤੇ ਕਿਰਮ ਹਾਂ, ਸਾਡੇ 'ਤੇ ਦਇਆ ਕਰ, ਸਾਡੇ ਅੰਦਰ ਨਾਮ ਦਾ ਚਾਨਣ ਹੋਵੇ, ਸੋ ਪਿਆਰਿਉ ! ਇਹ ਕੀ ਸਬੂਤ ਹੈ ਕਿ ਅਕਾਲ ਪੁਰਖ ਨੇ ਚਾਰ ਅੱਖਰੇ ਮੰਤਰ ਦਾ ਇਕ-ਇਕ ਅੱਖਰ ਦਾ ੯-੯ ਯੁੱਗਾਂ ਵਿਚ ਜਾਪ ਕੀਤਾ। ਕੋਈ ਸਬੂਤ ਹੈ। ਹਾਂ, 'ਜੁਗ ਛਤੀਹ ਹੀ ਗੁਬਾਰ ਤਿਸ ਹੀ ਭਾਇਆ॥' ਸੱਚਾ ਪਰਮੇਸ਼ਰ ਅਕਾਲ ਪੁਰਖ ਉਹਨੂੰ ਪ੍ਰਾਪਤ ਹੁੰਦਾ ਹੈ ਜੋ ਵਾਹਿਗੁਰੂ ਵਾਹਿਗੁਰੂ ਜਪਦਾ ਹੈ। ਚੋਥੇ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਮਹਾਰਾਜ ਦੇ ਸਬੰਧ ਵਿਚ ਜੋ ਸਵੱਯੇ ਲਿਖੇ ਨੇ ਉਥੇ ਇਹ ਗੁਰਮੁਖੋ ਵਾਹਿਗੁਰੂ ਮੰਤਰ ਵਾਰ-ਵਾਰ ਆਇਆ ਹੈ। ੧੩ ਵੇਰਾਂ 'ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਵਾਹਿ ਜੀਉ' ਸੋ ਸਤਿਗੁਰੂ ਮਹਾਰਾਜ ਦੇ ਹੁਕਮ ਦੇ ਮੁਤਾਬਿਕ ਗੁਰਮੰਤਰ ਵਾਹਿਗੁਰੂ ਜਪਣਾ ਹੈ, ਇਹ ਚੌਹ ਯੁੱਗਾਂ ਦੇ ਮੰਤਰਾਂ ਦੇ ਵਿਚੋਂ ਪਿਆਰਿਓ ਸਭ ਤੋਂ ਸ਼੍ਰੋਮਣੀ ਹੈ।

ਭਾਈ ਸਾਹਿਬ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਇਸ ਪ੍ਰਕਰਨ ਨੂੰ ਬਹੁਤ ਖੁਲਾਸੇ ਨਾਲ ਬਿਆਨ ਕਰਨ ਦਾ ਯਤਨ ਕੀਤਾ ਹੈ। ਇਕ ਥਾਂ 'ਤੇ ਲਿਖਦੇ ਹਨ: ਪ੍ਰੇਮੀਆ ਸਾਰਿਆਂ ਤੋਂ ਵੱਡੀ ਬਿਮਾਰੀ ਹੈ, 'ਮੈਂ' ਦੀ। 'ਮੈਂ' ਤੋਂ ਬਚਣਾ ਬਹੁਤ ਔਖਾ ਹੈ। ਇਕ ਬੰਦਾ ੧੦ ਲੱਖ ਰੁਪਏ ਧਰਮ ਅਸਥਾਨ ਦੀ ਸੇਵਾ ਕਰਾਉਂਦਾ ਹੈ ਨਾ, ੧੦ ਲੱਖ ਰੁਪਏ ਕੋਈ ਨਿੱਕੀ ਗੱਲ ਨਹੀਂ, ਬੜੀ ਹੈ, ਸਾਡੇ ਵਾਸਤੇ ਤਾਂ ਬਹੁਤ ਹੈ। ਉਹ ੧੦ ਲੱਖ ਰੁਪਇਆ ਤਾਂ ਦੇਂਦਾ ਹੈ ਪਰ ਗੁਰਮੁਖੋ 'ਮੈਂ' ਨਹੀਂ ਦੇਂਦਾ। ਪਰ ਇਕ ਪ੍ਰੇਮੀ ੧੦ ਲੱਖ ਰੁਪਏ ਜ਼ਰੂਰ ਦੇਂਦਾ ਹੈ, ਪਰ ਨਾਲ ਮੈਂ ਕਹਿੰਦਾ ਹੈ ਮੈਂ। ਮੈਨੂੰ ਇਕ ਕੋਟੇ ਦੇ ਸੈਕਟਰੀ ਨੇ ਗੱਲ ਦੱਸੀ ਕਿ ਗਿਆਨੀ ਜੀ, ਮਾਫ਼ ਕਰਨਾ ਕੋਟਾ ਨਹੀਂ ਸ਼ਿਵਪੁਰੀ। ਇਹ ਹੈ ਮੱਧ ਪ੍ਰਦੇਸ਼ ਵਿਚ। ਉਥੇ ਦੇ ਸਕੱਤਰ ਨੇ ਗੁਰਦੁਆਰੇ ਦੇ ਸਿੰਘ ਸਾਹਿਬ ਨੇ ਉਹਨਾਂ ਨੇ ਮੈਨੂੰ ਇਕ ਗੱਲ ਦੱਸੀ ਕਿ ਗਿਆਨੀ ਜੀ, ਸਾਡੇ ਉਥੇ ਨਗਰ ਵਿਚ ਕਿਸੇ ਪ੍ਰੇਮੀ ਨੇ ਗੁਰਦੁਆਰੇ ਦੀ ਮਾਇਆ ਦੀ ਸੇਵਾ ਕੀਤੀ ਤੇ ਮੈਨੂੰ ਕਹਿੰਦਾ ਹੈ ਕਿ ਸੈਕਟਰੀ ਸਾਹਿਬ ਅੱਜ ਤੁਸੀਂ ਅਨਾਊਂਸਮੈਂਟ ਕਰਿਆ ਜੇ ਮੇਰੀ ਕਿ ਮੈਂ ਇੰਨੇ ਪੈਸੇ ਦਿੱਤੇ। ਉਦੋਂ ਸੰਗਰਾਂਦ ਸੀ। ਕੁਦਰਤੀ ਉਹ ਆ ਗਿਆ ਬੜਾ ਬਣ-ਠਣ ਕੇ ਕਿ ਅੱਜ ਮੇਰੀ ਅਨਾਊਂਸਮੈਂਟ ਹੋਣੀ ਹੈ। ਉਹ ਰੱਬ ਦਾ ਭਾਣਾ ਏ ਕਿ ਉਥੇ ਸਿੱਖਾਂ ਦੀ ਅਬਾਦੀ ਵੀ ਘੱਟ ਹੈ, ਕਿਸੇ ਪਰਿਵਾਰ ਵਿਚ ਕਿਸੇ ਪ੍ਰੇਮੀ ਦੀ ਮੌਤ ਹੋ ਗਈ, ਸੰਗਰਾਂਦ ਵਾਲੇ ਦਿਨ ਉਧਰ ਵੀ ਜ਼ਰੂਰੀ ਜਾਣਾ ਸੀ। ਉਹ ਸਾਰਾ ਭਾਈਚਾਰਾ ਉਧਰ ਚਲਿਆ ਗਿਆ। ਬਜ਼ੁਰਗ ਉਠ ਕੇ ਸੈਕਟਰੀ ਸਾਹਿਬ ਨੂੰ ਕਹਿਣ ਲੱਗਾ ਕਿ ਅੱਜ ਨਾ ਕਰਿਆ ਜੇ, ਅੱਜ ਬੰਦੇ ਘੱਟ ਨੇ, ਅੱਜ ਮੇਰੀ ਅਨਾਊਂਸਮੈਂਟ ਰਹਿਣ ਦਿਆ ਜੇ, ਅਗਲੀ ਸੰਗਰਾਂਦ ਨੂੰ ਕਰਿਆ ਜੇ, ਕਿਉਂਕਿ ਬਹੁਤੇ ਉਧਰ ਨੂੰ ਚਲੇ ਗਏ। ਕੀ ਮਿਲੇਗਾ, ਕੁਝ ਨਹੀਂ ਮਿਲਣਾ। ਇਹ ਸ਼ਿਵਪੁਰੀ ਦੀ ਗੱਲ ਜੇ ਮੱਧ ਪ੍ਰਦੇਸ਼ ਵਿਚ।

ਕਹਿਣ ਤੋਂ ਮੁਰਾਦ ਇਹ ਹੈ ਕਿ ਬੰਦਾ 'ਮੈਂ' ਦਾ ਸ਼ਿਕਾਰ ਇੰਨਾ ਹੈ ਕਿ ਪੈਸੇ ਦੇ ਸਕਦਾ ਹੈ, ਪਰ 'ਮੈਂ' ਨਹੀਂ ਦਿੱਤੀ ਜਾਂਦੀ। ਅਸੀਂ ਘਰ ਬਾਹਰ ਤਿਆਗ ਦੇਂਦੇ ਹਾਂ। ਫਲਾਣਾ ਸਾਧੂ ਹੋ ਗਿਆ, ਪਰ ਸਾਧੂ ਹੋਇਆ ਨਹੀਂ ਜਾਂਦਾ। ਵੱਡਾ ਸਾਧੂ ਜਿੰਨਾ ਚਿਰ ਵੱਡਾ ਹੈ ਨਾ ਓਨਾ ਚਿਰ

ਅਗਾਂਹ ਨਹੀਂ ਜਾਇਆ ਜਾਣਾ।

ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੀਆਂ ਵਾਰਾਂ ਵਿਚ ਇਕ ਦ੍ਰਿਸ਼ਟਾਂਤ ਆਉਂਦਾ ਹੈ ਬਹੁਤ ਸੁੰਦਰ। ਇਕ ਦਿਨ ਚੂਹਿਆਂ ਨੇ ਮੀਟਿੰਗ ਕੀਤੀ ਕਿ ਬਿੱਲੀ ਮਾਸੀ ਬੜਾ ਤੰਗ ਕਰਦੀ ਹੈ, ਆਪਾਂ ਬਿੱਲੀ ਤੋਂ ਬਚੀਏ। ਉਹਨਾਂ ਸਰਬ-ਸੰਮਤੀ ਨਾਲ ਮਤਾ ਪਾਸ ਕੀਤਾ ਕਿ ਆਪਣਾ ਇਕ ਮੁੱਖੀਆ ਚੁਣੀਏ, ਇਕ ਚੇਅਰਮੈਨ ਬਣਾਈਏ ਜਿਹੜਾ ਬਿੱਲੀ ਦੇ ਵਿਰੁੱਧ ਐਕਸ਼ਨ ਲਏ। ਇਕ ਚੰਗਾ ਪੜ੍ਹਿਆ ਹੋਇਆ ਚੂਹਾ ਸੀ, ਉਸ ਨੂੰ ਕਹਿੰਦੇ ਹਨ ਕਿ ਅਸੀਂ ਤੁਹਾਨੂੰ ਆਪਣਾ ਆਗੂ ਚੁਣਦੇ ਹਾਂ। ਉਹ ਕਹਿੰਦਾ ਹੈ ਕਿ ਸੁੱਕਾ ਆਗੂ ਮੈਂ ਨਹੀਂ ਬਣਨਾ, ਜਿੰਨਾ ਚਿਰ ਮੈਨੂੰ ਸਰਟੀਫਿਕੇਟ ਨਾ ਦਿਉਗੇ ਲੋਕਾਂ ਨੂੰ ਕਿਵੇਂ ਪਤਾ ਲੱਗੇਗਾ ਕਿ ਇਹ ਚੂਹਿਆਂ ਦਾ ਮੁਖੀ ਲੀਡਰ ਹੈ। ਉਹ ਕਹਿੰਦੇ ਹਨ, ਭਾਈਆ ਜੀ ਸਾਡੇ ਕੋਲ ਅਰੇਂਜਮੇਂਟ ਹੋ ਨਹੀਂ ਸਕਿਆ, ਕੋਈ ਤੁਹਾਡੇ ਲਈ ਤਗਮਾ ਲਿਆ ਨਹੀਂ ਸਕੇ ਤੇ ਕਾਹਲੇ ਨਾ ਪਉ। ਕਹਿਣ ਲੱਗਾ ਇਹ ਨਹੀਂ ਜੇ ਗੱਲ ਬਣਨੀ। ਬਿੱਲੀ ਮਾਸੀ ਨਾਲ ਲੜਾਂ ਮੈਂ ਤੇ ਬਿਨਾਂ ਤਗਮੇ ਤੋਂ। ਉਹਨਾਂ ਦੋ ਚਹੁੰ ਚੂਹਿਆਂ ਨੇ ਪਾਸੇ ਹੋ ਕੇ ਸਲਾਹ ਕੀਤੀ ਕਿ ਇਹ ਬੇਬੇ ਦਾ ਛੱਜ ਪਿਆ ਹੈ, ਛੱਜ ਆਪਾਂ ਇਹਦੀ ਪੂਛ ਨਾਲ ਬੰਨ੍ਹ ਦੇਈਏ। ਉਹਨਾਂ ਚੂਹਿਆਂ ਵਿਚਾਰਿਆਂ ਨੇ ਕੀ ਕੀਤਾ ਗੁਰਮੁਖੋ ਜਿਹੜੀ ਬੋਰੀ ਪਈ ਸੀ ਦਾਣਿਆਂ ਵਾਲੀ, ਪਹਿਲਾਂ ਉਹਨਾਂ ਤਾਂ ਉਹਦਾ ਸੇਬਾ ਉਧੇੜਿਆ, ਔਖੇ ਸੌਖੇ ਹੋ ਕੇ ਛੱਜ ਨਾਲ ਬੱਧਾ ਤੇ ਕਹਿੰਦੇ ਬਾਬਾ ਚੇਅਰਮੈਨ ਅੱਜ ਤੈਨੂੰ ਛੱਡਣਾ ਚੇਅਰਮੈਨ ਬਣਾ ਕੇ। ਚਲੋ ਹੈ ਤਾਂ ਸਾਨੂੰ ਵੀ ਤਕਲੀਫ਼ ਪਰ ਤੈਨੂੰ ਕਸਰ ਰਹਿਣ ਨਹੀਂ ਦੇਣੀ। ਇਹ ਬਾਣੀ ਵਿਚ ਲਿਖੀ ਜੇ ਗੱਲ। ਤੁਸੀਂ ਕਹਿਣਾ ਕਿ ਗਿਆਨੀ ਨੇ ਚੁਟਕਲਾ ਕੋਲੋਂ ਬਣਾ ਲਿਆ। ਉਹ ਗੁਰਮੁਖੋ ਜਿਹੜਾ ਉਹ ਛੱਜ ਸੀ ਨਾ ਉਹ ਸੇਬਾ ਪਾ ਕੇ ਚੂਹੇ ਦੀ ਪੂਛ ਨਾਲ ਬੰਨ੍ਹਿਆ ਗਿਆ। ਉਨੇ ਚਿਰ ਨੂੰ ਬਿੱਲੀ ਮਾਸੀ ਆ ਗਈ, ਬਾਕੀ ਦੇ ਭੱਜ ਗਏ, ਚੂਹਾ ਜਿਹੜਾ ਚੇਅਰਮੈਨ ਮੁਖੀ ਬਣਿਆ ਸੀ ਛੱਜ ਕਰਕੇ ਕਾਬੂ ਆ ਗਿਆ। ਉਹ ਛੱਜ ਨਾ ਤੇ ਛੁੱਟੇ ਨਾ ਉਹਦੀ ਪੂਛ ਨਾਲੋਂ ਲਵ੍ਹੇ। ਬਿੱਲੀ ਨੇ ਮਾਰਿਆ ਪਿਛੋਂ ਆਪਣਾ ਪੰਜਾ ਤੇ ਉਹਨੂੰ ਬਾਹਰ ਕੱਢ ਲਿਆ। ਉਹ ਕਹਿਣ ਲੱਗਾ ਕਿ ਮੈਨੂੰ ਚੇਅਰਮੈਂਨੀ ਨੇ ਮਾਰਿਆ, 'ਮੈਂ' ਨੇ। ਇਹ ਪੰਗਤੀ ਚੇਤੇ ਕਰ ਲੈਣੀ, 'ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥' ਆਪਣੀ ਕਲਿਆਣ ਹੋ ਸਕਦੀ ਹੈ ਪਰ 'ਮੈਂ' ਦਾ ਛੱਜ ਸਾਨੂੰ ਕਿਸੇ ਪਾਸੇ ਨਹੀਂ ਲੱਗਣ ਦੇਂਦਾ। 'ਮੈਂ' ਦਾ ਛੱਜ ਬੜਾ ਔਂਤਰਾ ਜੇ, ਇਹਦਾ ਜਵਾਬ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰਮੁਖਾ ਜਿਹੜਾ ਰੋਗ ਹੈ ਨਾ ਇਹਦੀ ਦਵਾਈ ਖਾਹ ਤੇ ਦਵਾਈ ਕਿਹੜੀ ਵਾਹਿਗੁਰੂ ਮੰਤਰ ਦੀ, 'ਵਾਹਿਗੁਰੂ ਗੁਰਮੰਤਰ ਹੈ ਜਪੁ ਹਉਮੈ ਖੋਈ।' 'ਸਤਿਗੁਰੂ ਪੁਰਖੁ ਦਇਆਲ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਇਆ। ਨਿਰੰਕਾਰੁ ਆਕਾਰ ਕਰਿ ਜੋਤਿ ਸਰਪੂ ਅਨੂਪ ਦਿਖਾਇਆ। ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸ਼ਬਦ ਸੁਣਾਇਆ।'' ਵਾਹਿਗੁਰੂ ਗੁਰੂ ਸ਼ਬਦ ਲੈ, ਪ੍ਰੇਮ ਪਿਆਲਾ ਚੁਪ ਚਪੋਲਾ ਡੀਕ ਲਾ ਲਾ ਕੇ ਪੀ ਜਾ, ਡੀਕ ਲਾ ਕੇ ਪੀਣਾ ਗੁਰੂ ਗੁਰਸ਼ਬਦ ਹੈ ਵਾਹਿਗੁਰੂ ਗੁਰਸ਼ਬਦ ਸੁਣਾਇਆ॥

ਵੇਦ ਨਾ ਜਾਣੇ ਭੇਦੁ ਕਿਹੁ ਸੇਸਨਾਗ ਨ ਪਏ। ਵਾਹਿਗੁਰੂ ਸਾਲਾਹਣਾ ਗੁਰ ਸਬਦੁ ਅਲਾਏ। ਵਾਹਿਗੁਰੂ ਅੱਖਰ ਪੜ੍ਹਨ ਤੇ ਜਪਣ ਨੂੰ ਆਪਾਂ ਨੂੰ ਛੋਟਾ ਜਿਹਾ ਪ੍ਰਤੀਤ ਹੁੰਦਾ ਹੈ। ਨਿੱਕੀ ਜਿਹੀ ਮਿਸਾਲ ਦੇਵਾਂ ਸਾਦੀ ਜਿਹੀ, ਆਪਾਂ ਸਾਢੇ ਸੱਤ ਰੋਟੀਆਂ ਲੈ ਲਈਆਂ, ਕਹਿੰਦੇ ਨੇ ਪਤਾ ਨਹੀਂ ਥੱਕੇ ਬੜੇ ਹਾਂ ਤੇ ਲੱਤਾਂ ਮੇਰੀਆਂ ਫੇਰ ਵੀ ਕੰਬੀ ਜਾਂਦੀਆਂ ਨੇ। ਸਾਡਾ ਮਿੱਤਰ ਕਹਿੰਦਾ ਹੈ ਕਿ ਤੁਸੀਂ ਬੀਕਾਸੋਲ ਦਾ ਇਕ ਕੈਪਸੂਲ ਲੈ ਲਉ ਠੀਕ ਹੋ ਜਾਉਗੇ। ਹੁਣ ਗੁਰਮੁਖੋ ਸਾਢੇ ਸੱਤ ਰੋਟੀਆਂ ਜਾਂ ਦੱਸ ਪੰਦਰਾਂ ਰੋਟੀਆਂ ਕਿਥੇ ਇਕ ਨਿੱਕਾ ਜਿਹਾ ਕੈਪਸੂਲ, ਪਰ ਜਦੋਂ ਖਾਧਾ ਨੋਂ-ਬਰ-ਨੋਂ, ਕਿਤੇ ਕੈਪਸੂਲ ਦਾ ਅਰਥ ਗ਼ਲਤ ਨਾ ਕਰ ਲੈਣਾ, ਕਿਤੇ ਪ੍ਰੋਕਸੀਵੰਨ ਨਾ ਗਿਣ ਲੈਣਾ। ਮੈਂ ਉਹਨਾ ਨਸ਼ਿਆਂ ਵਾਲੇ ਕੈਪਸੂਲ ਦੀ ਗੱਲ ਨਹੀਂ ਕਰਦਾ। ਕਈਆਂ ਨੇ ਕਹਿਣਾ ਕੈਪਸੂਲ ਜੁ ਆਖ ਗਿਆ ਸਾਨੂੰ ਉਹ ਨਸ਼ਿਆਂ ਵਾਲਾ ਨਹੀਂ, ਤਾਕਤ ਵਾਲਾ ਜਿਹੜਾ ਇਹ ਗੁਰਮੰਤਰ ਹੈ ਨਾ ਇਹ ਵੇਖਣ ਨੂੰ ਤਾਂ ਨਿੱਕਾ ਜਿਹਾ ਜਾਪਦਾ ਹੈ, ਪਰ ਇਹਦੇ ਅੰਦਰ ਸ਼ਕਤੀ ਬੜੀ ਹੈ। ਜਿਹੜੇ ਬਾਕੀ ਦੇ ਮੰਤਰ ਨੇ, ਰਿੱਧੀਆਂ-ਸਿੱਧੀਆਂ ਨੇ, ਮੈਂ ਕਰਕੇ ਦੇਖੇ ਹਨ। ਜਵਾਨੀ ਦੇ ਟਾਇਮ ਵਿਚ ਪ੍ਰੋਕਸੀਵੰਨ ਵਰਗੇ ਉਹਨਾਂ ਨਾਲ ਬੰਦੇ ਨੂੰ ਨਸ਼ਾ ਆ ਜਾਂਦਾ ਹੈ, ਰਿੱਧੀਆਂ ਸਿੱਧੀਆਂ ਦਾ, ਲੋਕੀਂ ਮੱਥਾ ਟੇਕਣ ਲੱਗ ਪੈਂਦੇ ਨੇ ਜਦੋਂ ਨਸ਼ੇ ਵਾਲੀ ਕੋਈ ਚੀਜ਼ ਖਾ ਲਈ ਘੜੀ ਦੀ ਘੜੀ ਸਰੀਰ ਆਕੜ ਗਿਆ, ਮੁੜ ਕੇ ਮਰਿਆਂ ਵਾਂਗੂ ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਤਾਂ ਕਰ ਲਈ ਪੁੱਠੇ ਮੰਤਰ ਨਾਲ, ਪਰ ਕਲਿਆਣ ਨਹੀਂ, ਕਲਿਆਣ ਤਾਂ ਕਰਨੀ ਉਸ ਵਾਹਿਗੁਰੂ ਮੰਤਰ ਨੇ ਜੋ ਸਾਰਿਆਂ ਤੋਂ ਸ਼੍ਰੋਮਣੀ ਹੈ ਤੇ ਸਰਬ ਕਾਮਨਾ ਨੂੰ ਪੂਰਾ ਕਰਕੇ ਨਿਸ਼ਕਾਮੀ ਬਣਾ ਕੇ ਵਿਕਾਰ ਮੇਟ ਕੇ ਤੇ ਪ੍ਰਮੇਸ਼ਰ ਦੀ ਪ੍ਰਾਪਤੀ ਕਰਾਉਣ ਵਾਲਾ ਹੈ। ਇਹਦੇ ਸਿਮਰਨ ਦਾ ਜਦੋਂ ਫਲ ਮਿਲਿਆ ਤਾਂ ਫੇਰ ਪਤਾ ਲੱਗਾ ਕਿ ਕਿੰਨੀ ਕੁ ਕੀਮਤ ਹੈ। ਉਸ ਤਰ੍ਹਾਂ ਨਹੀਂ ਪਤਾ 'ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥ ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗ ਮਾਣਦੋ॥'

ਆਪਾਂ ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੀ ਕਦਰ ਨਹੀਂ ਜਾਣਦੇ, ਜੇ ਪੁਛਣੀ ਏ ਕਿਤੇ ਮਤੀ ਦਾਸ ਨੂੰ ਪੁੱਛੋ। ਮਤੀਦਾਸ ਨੂੰ ਗੁਰੂ ਦੀ ਕੀਮਤ ਗੁਰੂ ਕੇ ਦਰਸ਼ਨਾਂ ਦਾ ਫਲ। ਮਤੀਦਾਸ ਕਹਿੰਦਾ ਹੈ ਕਿ ਜਦੋਂ ਤੁਸੀਂ ਆਰੇ ਨਾਲ ਚੀਰੋਗੇ ਤਾਂ ਮੇਰਾ ਮੂੰਹ ਮਹਾਰਾਜ ਦੇ ਪਿੰਜਰੇ ਵਲ ਰੱਖਿਆ ਜੇ, ਮੈਨੂੰ ਗੁਰੂ ਕੇ ਦਰਸ਼ਨ ਹੁੰਦੇ ਰਹਿਣ, ਉਹਨੂੰ ਕੀਮਤ ਹੈ ਗੁਰੂ ਦੇ ਦਰਸ਼ਨਾਂ ਦੀ ਸਾਨੂੰ ਨਹੀਂ ਕੀਮਤ। ਗੁਰੂ ਕਿਰਪਾ ਕਰੇ ਸਾਨੂੰ ਸਮਝ ਪੈ ਜਾਵੇ, 'ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥ ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥' 'ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ।' ਤਨਕ ਦੇ ਅਰਥ ਹਨ ਥੋੜਾ ਜਿਹਾ। ਹੀਰਾ ਟਨਾਂ ਵਿਚ ਨਹੀਂ ਹੁੰਦਾ, ਇਹ ਕਿਲੋਗ੍ਰਾਮਾਂ ਵਿਚ ਨਹੀਂ ਹੁੰਦਾ, ਇਹ ਗੁਰਮੁਖੋ ਰੱਤੀਆ ਤੇ ਮਾਸ਼ਿਆਂ ਦੇ ਹਿਸਾਬ ਵਿਚ ਹੁੰਦਾ ਹੈ। ਹੀਰਾ ਪੰਨਾ, ਕੋਹੇ ਨੂਰ ਹੀਰਾ ਜਾਂ ਹੋਰ ਕੀਮਤੀ ਹੀਰਾ ਇਹ ਪਾਈਏ ਦੇ ਵੱਟੇ ਦੇ ਵਜ਼ਨ ਬਰਾਬਰ ਨਹੀਂ ਹੁੰਦਾ, ਇਹ ਪਾਈਏ ਦੇ ਛਟਾਂਕੀ ਦਾ ਵੀ ਨਹੀਂ ਹੁੰਦਾ। ਬੱਸ ਰੱਤੀਆਂ

# ਮਨ ਨੂੰ ਕਾਬੂ ਕਰਨਾ

## ਰਾਗੁ ਸੋਰਠਿ ਵਾਰ ਮਹਲੇ ੪ ਕੀ

ੴ ਸਤਿਗੁਰ ਪ੍ਰਸਾਦਿ ॥

ਸਲੋਕੁ ਮਃ ੩ ॥ ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥
ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥ ੧ ॥
ਮਃ ੩ ॥ ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥
ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥ ੨ ॥
ਪਉੜੀ ॥ ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥
ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥
ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥
ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥
ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ ॥ ੧੪ ॥

(ਪੰਨਾ ੬੪੭-੬੪੮)

ਗੁਰੂ ਕੀ ਸਾਜੀ ਨਿਵਾਜੀ ਗੁਰੂ ਰੂਪ ਗੁਰੂ ਖਾਲਸਾ ਸਾਧਸੰਗਤਿ ਜੀ! ਆਪਾਂ ਜੋ ਇਹ ਪਾਵਨ ਪਵਿੱਤਰ ਸਤਿਗੁਰੂ ਪਾਤਿਸ਼ਾਹ ਮਹਾਰਾਜ ਦਾ ਹੁਕਮਨਾਮਾ ਸਰਵਣ ਕੀਤਾ ਹੈ, ਇਹ ਸੋਰਠਿ ਦੀ ਵਾਰ ਵਿਚ ਅੰਕਿਤ ਹੈ ਅਤੇ ਇਸ ਵਾਰ ਵਿਚ ਪਉੜੀਆਂ ਸੋਢੀ ਸੁਲਤਾਨ ਗੁਰੂ ਰਾਮਦਾਸ ਪਾਤਿਸ਼ਾਹ ਮਹਾਰਾਜ ਦੀਆਂ ਉਚਾਰਣ ਕੀਤੀਆਂ ਹਨ ਅਤੇ ਜਿਹੜੇ ਸਲੋਕ ਹਨ, ਉਹ ਤੀਸਰੇ ਪਾਤਿਸ਼ਾਹ ਸਤਿਗੁਰ ਅਮਰਦਾਸ ਜੀ ਨਾਲ ਸੰਬੰਧਿਤ ਹਨ। ਇਕ ਜਗਿਆਸੂ ਨੇ ਸਤਿਗੁਰੂ ਅਮਰਦਾਸ ਪਾਤਿਸ਼ਾਹ ਨੂੰ ਬੇਨਤੀ ਕੀਤੀ ਕਿ ਮਹਾਰਾਜ, ਕਿਸੇ ਢੰਗ ਨਾਲ ਮਨ ਸਥਿਰ ਨਹੀਂ ਹੁੰਦਾ, ਆਪ ਕ੍ਰਿਪਾ ਕਰਕੇ ਕੋਈ ਢੰਗ ਤਰੀਕਾ ਦੱਸੋ ਜਿਸ ਢੰਗ ਦੇ ਨਾਲ ਇਹ ਅਵਾਰਾ ਮਨ ਕਾਬੂ ਵਿਚ ਆ ਜਾਏ, ਪਰ ਗੁਰੂ ਮਹਾਰਾਜ ਨੇ ਪਹਿਲੇ ਸਲੋਕ ਵਿਚ ਮਨ ਨੂੰ ਕਾਬੂ ਕਰਨ ਵਾਸਤੇ ਉਦਾਹਰਣਾਂ ਦਿੱਤੀਆਂ ਹਨ, ਭਾਵੇਂ ਕੋਈ ਅਮੀਰ ਹੈ, ਭਾਵੇਂ ਕੋਈ

ਦੇ ਮੰਤਰ ਬਿਨ ਜਪੇ ਔਰ ਕੋਈ ਜਾਪ, ਸੋ ਸਾਕਤ ਉਹਨੂੰ ਸਾਕਤ ਆਖਿਆ। ਅਰਥ ਆਪ ਪੜ੍ਹ ਲੈਣਾ ਬੜੇ ਕਰੜੇ ਨੇ ਨਾ, ਕਈਆਂ ਨੂੰ ਬੜੇ ਚੁਭਣਗੇ। ਸਾਗਤ ਦਾ ਅਰਥ ਸੋ ਸਾਗਤ ਸਿਖ ਮੂਲ ਏ, .ਕਹਿੰਦੇ ਨੇ ਸਾਗਤ ਨੂੰ ਮੂਲੋਂ ਹੀ ਸਿੱਖ ਉਹਨੂੰ ਸਿੱਖ ਨਾ ਸਮਝੋ। ਵਾਕ ਸੀ ਮੁਖ ਆਪ ਅਕਾਲ ਪੁਰਖ ਦਾ ਬਚਨ ਸਿਉ ਪ੍ਰਗਟ ਚਲਾਇਉ ਪੰਥ, ਸਭ ਸਿਖਨ ਕੋ ਬਚਨ ਹੈ ਗੁਰੂ ਮਾਨਉ ਗ੍ਰੰਥ। ਥਾਪ ਚਲਿਉ ਜੋ ਜਗਤ ਮੇਂ ਤਿਨੇ ਨਵਾਵੋ ਮਾਥਾ। ਵਾਹਿਗੁਰੂ ਕੇ ਮੰਤਰ ਬਿਨ ਮਿਥਿਆ ਸਾਰੀ ਗਾਥਾ। ਵਾਹਿਗੁਰੂ ਦੇ ਮੰਤਰ ਤੋਂ ਬਿਨਾਂ ਸਾਰੀਆਂ ਕਥਾਵਾਂ ਝੂਠੀਆਂ ਕਥਾਵਾਂ ਹਨ। ਜਿਹੜੇ ਘਰ ਵਿਚ ਸਵੇਰੇ ਅੰਮ੍ਰਿਤ ਵੇਲੇ ਲੋਕ ਸੁੱਤੇ ਹੋਣ ਨਾ ਘਰ ਮੈਨੂੰ ਮੜ੍ਹੀਆਂ ਜਾਪਦਾ ਹੈ। ਉਹ ਮੜ੍ਹੀਆਂ ਨੇ ਜਿਥੇ ਅੰਮ੍ਰਿਤ ਵੇਲੇ ਨਲਕਾ ਨਹੀਂ ਖੜਕਦਾ, ਬਾਲਟੀ ਦੀ ਆਵਾਜ਼ ਨਹੀਂ ਆਉਂਦੀ, ਇਹ ਸਮਝਿਆ ਕਰੋ ਸ਼ਮਸ਼ਾਨ ਹੈ ਸ਼ਮਸ਼ਾਨ। ਗੁਰਮੁਖੋ, ਜੇ ਤੂੰ ਗੁਰੂ ਕਾ ਸਿੱਖ ਹੈਂ ਨਾ, ਤੈਨੂੰ ਬਿਸਤਰਾ ਚੂੰਡੀਆਂ ਵੱਢ ਕੇ ਉਠਾਵੇ। ਜੇ ਚਾਦਰਾ ਤਾਣ ਕੇ ਸੌਂਦਾ ਏਂ ਤਾਂ ਤੂੰ ਸਿੱਖ ਨਹੀਂ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ' ਇਹ ਪ੍ਰਮੇਸ਼ਰ ਦੀ ਸਿਫਤੋ-ਸਲਾਹ ਕਰਨ ਦਾ ਸਮਾਂ ਹੈ, ਇਹ ਨੀਂਦ ਵਿਚ ਬਰਬਾਦ ਕਰਨ ਦਾ ਸਮਾਂ ਨਹੀਂ।

ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥

ਬੱਚਾ ਕਈ ਵਾਰ ਰੋਂਦਾ ਹੈ ਤਾਂ ਸਾਡੀਆਂ ਬੀਬੀਆਂ ਭੈਣਾਂ ਪੰਗੂੜੇ ਵਿਚ ਪਾ ਕੇ ਹਿਲਾਉਂਦੀਆਂ ਹਨ। ਬੱਚੇ ਨੂੰ ਨੀਂਦ ਆ ਜਾਂਦੀ ਏ। ਅਸੀਂ ਗ਼ਰੀਬ ਪਿੰਡਾਂ ਦੇ ਹਾਂ, ਅਸੀਂ ਗਰੀਬ ਲੋਕ ਹਾਂ। ਸਾਡੀਆਂ ਮਾਵਾਂ ਨਾ ਸਾਨੂੰ ਪੰਘੂੜੇ ਵਿਚ ਕਦੇ ਪਾਉਂਦੀਆਂ ਤੇ ਨਾ ਅਸੀਂ ਪੰਗੂੜੇ ਵਿਚ ਸੁੱਤੇ ਹਾਂ। ਸਾਡੀਆਂ ਮਾਵਾਂ ਨੇ ਕੀ ਕਰਨਾ ਮੰਜੇ ਦੇ ਥੱਲੇ ਰੱਖ ਕੇ ਪਾਵਿਆਂ ਥੱਲੇ ਦੋ ਇੱਟਾਂ ਤੇ ਮੰਜਾ ਉਚਾ ਕਰ ਦੇਣਾ, ਕਈਆਂ ਨੂੰ ਬੜੀਆਂ ਫੜ੍ਹਾਂ ਹੁੰਦੀਆਂ ਨੇ ਮੈਂ ਜ਼ੈਲਦਾਰ ਦਾ ਪੋਤਰਾ, ਮੈਂ ਨਹੀਂ ਕਦੀ ਫੜ੍ਹ ਮਾਰੀ। ਗ਼ਰੀਬ ਹਾਂ ਬਿਲਕੁਲ। ਇਹ ਤਾਂ ਗੁਰੂ ਰਾਮਦਾਸ ਨੇ ਕ੍ਰਿਪਾ ਕੀਤੀ ਨਹਾਉਣ ਧੋਣ ਲੱਗ ਪਏ ਹਾਂ।

ਗੁਰਮੁਖੋ ! ਪਿੰਡਾਂ ਵਿਚ ਸਾਬਣ ਨਹੀਂ ਸੀ ਮਿਲਦਾ, ਜਿਥੇ ਆਪਾਂ ਜੰਮੇ ਸਾਂ ਲੋਕੀਂ ਵਡਿਆਈ ਬੜੀ ਮਾਰਦੇ ਨੇ ਲਾਈਫਬੁਆਏ ਦੀ ਚੱਕੀ ਕਿਤੇ ਆਉਣੀ ਤੇ ਤਿੰਨ ਤਿੰਨ ਮਹੀਨੇ ਇਕੋ ਲਾਈਫਬੁਆਏ, ਪ੍ਰਾਹੁਣਿਆਂ ਆਉਣਾ ਤੇ ਨਹਾ ਲੈਣਾ ਤੇ ਕਹਿਣਾ ਪ੍ਰਾਹੁਣਿਆ ਅੰਗਰੇਜ਼ੀ ਸਾਬਣ ਨਾਲ ਨਹਾ ਲਿਆ। ਅੰਗਰੇਜ਼ੀ ਸਾਬਣ ਲਾਈਫਬੁਆਏ ਨੂੰ ਸਮਝਦੇ ਸਨ, ਬਾਕੀ ਕੀ ਹੁੰਦੇ ਨੇ ਗੁਰੂ ਕਿਰਪਾ ਕਰੇ, ਅਸੀਂ ਮੂਲ ਨੂੰ ਨਾ ਭੁੱਲੀਏ। ਅਸੀਂ ਭੁੱਲ ਜਾਂਦੇ ਹਾਂ, ਪਾਸੇ ਨਾ ਜਾਵਾਂ ਉਸ ਪਾਵੇ ਦੇ ਹੀ ਨਾਲ ਇਕ ਕਪੜੇ ਨੂੰ ਬੰਨ੍ਹ ਕੇ ਬੱਚੇ ਨੂੰ ਪਾਇਆ ਜਾਂਦਾ ਸੀ। ਉਸ ਨੂੰ ਕਹਿੰਦੇ ਨੇ ਝਲਾਗੀ, ਕਿਉਂਕਿ ਗੁਰਦੇਵ ਇਸ ਇਲਾਕੇ ਵਿਚ ਰਹੇ ਸਨ। ਇਲਾਕੇ ਦੀ ਬੋਲੀ ਟਕਸਾਲੀ ਪੰਜਾਬੀ ਤਰਨਤਾਰਨ ਦੀ ਟਕਸਾਲੀ ਪੰਜਾਬੀ। ਤੁਸੀ ਕਿਤੇ ਪੰਜਾਬੀ ਸਾਹਿਤ ਦਾ ਇਤਿਹਾਸ ਪੜ੍ਹੋ ਉਹ ਕਹਿੰਦੇ ਨੇ ਉਹ ਬੱਚੇ ਨੂੰ ਪਾਇਆ ਜਾਂਦਾ ਨਾ ਕਪੜੇ 'ਚ

ਉਹਨੂੰ ਝਲਾਗੀ ਕਹਿੰਦੇ। ਜਦੋਂ ਮਾਂ ਹਿਲਾਉਂਦੀ ਦੋ ਚਾਰ ਵਾਰੀ ਬੱਚਾ ਸੌਂ ਜਾਂਦਾ, ਗੁਰਦੇਵ ਨੇ ਝਲਾਘੇ ਨੂੰ ਦ੍ਰਿਸ਼ਟਾਂਤ ਰੂਪ ਵਿਚ ਵਰਤਿਆ ਕਿ ਮਿੱਤਰਾ ਜਿਵੇਂ ਝਾਲਾਘੇ ਵਿਚ ਬੱਚਾ ਸੌਂ ਜਾਂਦਾ ਹੈ ਅੰਮ੍ਰਿਤ ਵੇਲੇ ਰੱਬ ਵੀ ਝੂਟੇ ਦੇਂਦਾ ਹੈ, ਤੂੰ ਸੌਂ ਨਾ ਜਾਈਂ। ਝਾਲਾਗੇ ਉਠ ਨਾਮ ਜਪ। ਤੁਸੀਂ ਕਿਤੇ ਆਪਣਾ ਤਜਰਬਾ ਕਰਨਾ ਸਾਰੇ, ਕਈ ਵਾਰ ਸਰੀਰ ਢਿੱਲਾ-ਮੱਠਾ ਹੁੰਦਾ ਹੈ ਤੇ ਸਾਰੀ ਰਾਤ ਪ੍ਰੇਸ਼ਾਨ ਰਹਿੰਦੇ ਹਾਂ ਪਰ ਪਤਾ ਨਹੀਂ ਚਾਰ ਵਜੇ ਨੀਂਦ ਕਿਥੋਂ ਆ ਜਾਂਦੀ ਹੈ, ਪਤਾ ਨਹੀਂ ਕਿਥੇ ਖਲੋਤੀ ਹੁੰਦੀ ਹੈ ਸਾਰੀ ਰਾਤ ਪਾਸੇ ਵੱਟਦਿਆਂ ਲੱਗ ਜਾਂਦੀ ਹੈ ਬੜੇ ਪ੍ਰੇਸ਼ਾਨ, ਦਵਾਈ ਵੀ ਖਾਂਦੇ ਹਾਂ, ਪਰਿਵਾਰ ਦੇ ਮੈਂਬਰ ਮੁੱਠੀਆਂ ਚਾਪੀਆਂ ਕਰਦੇ ਨੇ ਕਿ ਟਿਕ ਜਾਵੇ, ਨੀਂਦ ਨਹੀਂ ਆਉਂਦੀ ਪਰ ਚਾਰ ਵਜੇ ਆਪਣੇ ਆਪ ਢਾਹ ਲੈਂਦੀ ਹੈ। ਗੁਰੂ ਬਾਬਾ ਕਹਿੰਦਾ ਹੈ ਨੀਂਦ ਨਾ ਸਮਝ ਮੌਤ ਈ ਮੌਤ, ਪਰਲੋ ਇਹਨੂੰ ਕਹਿੰਦੇ ਨੇ ਨਿਤ ਪਰਲੋ ਜਿਹੜੀ ਪਰਲੋ ਦੀਆਂ ਚਾਰ ਤਰ੍ਹਾਂ ਦੀਆਂ ਕਿਸਮਾਂ ਦੱਸੀਆਂ ਨਿਤ ਪਰਲੋ, ਨਵਿਤ ਪਰਲੋ, ਮਹਾਂ ਪਰਲੋ, ਗਿਆਨ ਪਰਲੋ, ਉਹਨਾਂ ਵਿਚ ਇਕ ਪਰਲੋ ਹੈ ਨੀਂਦ, ਇਸ ਨੂੰ ਕਹਿੰਦੇ ਨੇ ਨਿਤ ਪਰਲੋ।

'ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥'
(ਪੰਨਾ ੨੫੫)

'ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥
(ਪੰਨਾ ੧੩੮੩)

ਆਪਾ ਗੁਰੂ ਰਾਮਦਾਸ ਪਾਤਿਸ਼ਾਹ ਦੇ ਬਚਨ ਪੜ੍ਹਦੇ ਹਾਂ,
ਸਤਿਗੁਰੂ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥

ਭਾਈ ਸਾਹਿਬ ਭਾਈ ਪ੍ਰਹਿਲਾਦ ਸਿੰਘ ਨੇ ਰਹਿਤਨਾਮੇ ਵਿਚ ਲਿਖਿਆ ਹੈ। 'ਭਗਤੇ ਕਾਲ ਗੁਰੂ ਗੀਤ ਨਾ ਗਾਵੇ। ਰਹਿਰਾਸ ਬਿਨਾ ਪ੍ਰਸਾਦ ਜੋ ਪਾਵੇ। ਬਾਰ ਮੁਖੀ ਸਿਖ ਤੇ ਜਾਨੋ। ਸਾਂ ਬਰਤਨ ਮਿਥਿਆ ਤਿਸ ਮਾਨੋ।' ਕਹਿੰਦੇ ਰਾਤ ਦੀ ਰੋਟੀ ਰਹਿਰਾਸ ਦੇ ਪਾਠ ਤੋਂ ਬਿਨਾਂ ਖਾਧੀ, ਸਵੇਰੇ ਗੁਰਬਾਣੀ ਨਹੀਂ ਪੜ੍ਹੀ ਤੇ ਤੂੰ ਬਿਲਕੁਲ ਝੂਠਾ ਹੈਂ ਝੂਠਾ।

ਕੁਰਬਾਨੀ ਤਿਨ੍ਹਾਂ ਗੁਰਸਿਖਾ ਪਿਛਲ ਰਾਤੀ ਉਠਿ ਬਹੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿਖਾ ਅੰਮ੍ਰਿਤ ਵੇਲੇ ਸਰਿ ਨਾਵੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿਖਾ ਗੁਰਬਾਣੀ ਨਿਤਿ ਗਾਇ ਸੁਣੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿੱਖਾ ਮਨਿ ਮੇਲੀ ਕਰਿ ਮੇਲਿ ਮਿਲੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿਖਾ ਭਾਇ ਭਗਤਿ ਗੁਰਪੁਰਬ ਕਰੰਦੇ॥
ਗੁਰ ਸੇਵਾ ਫਲ ਸੁਫਲ ਫਲੰਦੇ॥੩॥ (ਪੰਨਾ ੧੨)

ਅਕਾਲ ਸ੍ਰੀ ਵਾਹਿਗੁਰੂ ਪਰਮ ਬੀਜੀਏ ਮੰਤਰ ਸਰਬ ਜਾਪ ਕੋ ਜਪਾਏ ਕਏਉ॥ ਆਦਿ ਅਰ ਅੰਤ ਕਿਥੇ ਲਿਖਿਆ। ਸਰਬ ਲੋਹ ਗ੍ਰੰਥ ਵਿਚ ਵਾਹਿਗੁਰੂ ਮੰਤਰ ਮਹਾਨਤਾ ਦੀ ਗੱਲ ਕਰ ਰਹੇ ਹਾਂ। ਆਪਾਂ ਸਰਬ ਲੋਹ ਗ੍ਰੰਥ ਦੇ ਤਾਂ ਪੇਜ 'ਤੇ ਲਿਖਿਆ ਹੈ 'ਸਤਿ ਅਕਾਲ ਸ੍ਰੀ ਵਾਹਿਗੁਰੂ ਪਰਮ ਬੀਜਿਆ ਮੰਤਰ ਸਰਬ ਜਾਪ ਕੋ ਜਪਾਏ ਕਏਉ ਆਦਿ ਅਰ ਅੰਤ॥' ਹਜ਼ੂਰ ਦਸਮ ਪਾਤਿਸ਼ਾਹ ਨੇ ਇਹ ਵੀ ਫੁਰਮਾਇਆ– 'ਸਾਹਿਬ ਗੋਬਿੰਦ ਸਿੰਘ ਫਤਿਹ ਸਤਿਗੁਰੂ ਕੀ, ਵਾਹਿਗੁਰੂ ਸਚ ਮੰਤਰ ਅਖਹਿ।' ਵਾਹਿਗੁਰੂ ਸਿਮਰਨ ਕਰਨ ਵਾਲਾ ਸੰਸਾਰ ਸਮੁੰਦਰ ਤੇ ਪ੍ਰਤੱਖ ਸਮੁੰਦਰ ਵਿਚ ਨਹੀਂ ਡੁੱਬਦਾ। ਚਾਹੀਦਾ ਇਹ ਹੈ ਕਿ ਗੁਰੂ ਕਿਹਾ 'ਸਾਕਾਰ ਕਮਾਣ ਹੋ' ਗੁਰੂ ਕੀ ਕਰਨੀ ਕਾਹੇ ਧਾਵਾ। ਜੋ ਗੁਰੂ ਨੇ ਆਖਿਆ ਉਹਦੇ 'ਤੇ ਚਲਣ ਦਾ ਯਤਨ ਕਰੀਏ, ਨਿਤ ਵਾਹਿਗੁਰੂ ਮੁਖ ਨਾਮ ਜਪੋ, ਅਰਦਾਸ ਧਿਆਵਲ ਕੀ ਕਰੀਏ, ਮਨ ਕਾਮਨਾ ਪੂਰਨ ਹੋਵੇਗੀ। 'ਹਰ ਤੀਰਥ ਪ੍ਰੀਤ ਰਿਧੇ ਧਰੀਏ'

ਗੁਰੂ ਨਾਨਕ ਪਾਤਿਸ਼ਾਹ ਇਕ ਇਲਾਕੇ 'ਚ ਗਏ ਨੇ, ਉਹਨੂੰ ਇਤਿਹਾਸਕਾਰ ਵੀਰਾਂ ਨੇ ਤ੍ਰੀਆ ਰਾਜ ਲਿਖਿਆ ਹੈ। ਜਿਵੇਂ ਇੰਗਲੈਂਡ ਵਿਚ ਉਥੋਂ ਦੇ ਮਰਦਾਂ ਨੇ, ਉਥੋਂ ਦੀ ਮਹਾਰਾਣੀ ਨੂੰ ਮੁਖੀ ਮੰਨਿਆ ਹੈ। ਸਾਡੇ ਵਿਚ ਇਕ ਹਿਮਾਚਲ ਪ੍ਰਦੇਸ਼ ਹੈ, ਭਾਰਤ ਵਿਚ ਉਥੇ ਬੀਬੀ ਨੂੰ ਘਰ ਦਾ ਮੁਖੀ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਪ੍ਰਤੀਕ ਹੁੰਦਾ ਹੈ ਉਹਨਾਂ ਇਲਾਕਿਆਂ ਵਿਚ ਜਿਹੜੀਆਂ ਔਰਤਾਂ ਹੋਣਗੀਆਂ ਘਰ ਦੀਆਂ ਮੁਖੀ ਹੋਣਗੀਆਂ। ਇਸ ਕਰਕੇ ਇਤਿਹਾਸਕਾਰ ਵੀਰਾਂ ਨੇ ਉਸ ਇਲਾਕੇ ਨੂੰ ਲਿਖਿਆ ਤ੍ਰੀਆ ਰਾਜ। ਜਦੋਂ ਗੁਰੂ ਪਾਤਿਸ਼ਾਹ ਤ੍ਰੀਆ ਰਾਜ ਵਿਚ ਗਏ ਤਾਂ ਉਥੇ ਮਹਾਰਾਜ ਨੇ ਬੀਬੀਆਂ ਨੂੰ ਉਪਦੇਸ਼ ਦਿੱਤਾ। ਨਾ ਚਲਾਏ ਤਾਂ ਆਪਣੇ ਮਨ ਨੂੰ ਚਲਾਏਮਾਨ ਨਾ ਕਰਿਆ ਜੇ। ਕਿਸੇ ਦੀ ਚਮੜੀ ਨੂੰ ਵੇਖ ਕੇ ਬੀਬੀਆਂ ਕਹਿੰਦੀਆਂ ਮਹਾਰਾਜ ਜੀ ਕੀ ਕਰੀਏ ? ਗੁਰੂ ਨਾਨਕ ਪਾਤਿਸ਼ਾਹ ਫ਼ੁਰਮਾਉਂਦੇ 'ਧੀਉ ਟਹਿਲ ਬਣਾਏ ਕੀਜੇ ਸੋ ਦੀਪ ਮਾਣ ਕੇ ਬੇਟਾ ਮਾਣ।' ਹੰਕਾਰ ਛੱਡ ਕੇ ਉਹਨੂੰ ਆਪਣਾ ਵੀਰ ਜਾਣ ਕੇ ਗੁਰਮੁਖ ਜਾਣ ਕੇ ਉਹਦੀ ਸੇਵਾ ਕਰਨੀ, ਵਾਹਿਗੁਰੂ ਜਪੋ ਮੁਖ ਜਾਏ ਭਵ ਜਾਣੇ ਦੁਖ ਦੇਖ ਸੋ ਖਰੀਦ ਸਿਉ ਸੰਤੋਖ ਸਿੰਘ ਭਾਨ ਕੇ। ਜਿਵੇਂ ਕਹਿੰਦੇ ਹਨ ਭਾਨ ਸੂਰਜ ਪ੍ਰਕਾਸ਼ ਦੇਂਦਾ ਹੈ, ਇਸੇ ਤਰ੍ਹਾਂ ਵਾਹਿਗੁਰੂ ਮੰਤਰ ਦੇ ਜਾਪ ਨਾਲ ਤੁਹਾਡੇ ਅੰਦਰ ਚਾਨਣ ਹੋਵੇਗਾ। ਵਾਹਿਗੁਰੂ ਅਗਰ ਅਗੋਚਰ ਅਗਾਧ ਜੋਏ ਕਾਏ ਕੋ ਬਖਾਨੇ ਗੁਰ ਸਿੰਘ ਵਾਏ ਵਾਏ ਹੈ।

ਸੋ ਇਸ ਕਰਕੇ ਹੁਣ ਆਪਾਂ ਪੰਗਤੀਆਂ ਸਰਵਣ ਕੀਤੀਆਂ ਗੁਰੂ ਹੁਕਮਨਾਮੇ ਦੀਆਂ ਇਹ ਸਰਵਨ ਕੀਤਾ ਹੈ :

ਗੁਰ ਕੇ ਚਰਨ ਜੀਅ ਕਾ ਨਿਸਤਾਰਾ॥

ਗੁਰੂ ਕੇ ਚਰਨ ਗੁਰੂ ਕਾ ਉਪਦੇਸ਼ ਹੈ, ਅਸੀਂ ਹੁਣੇ ਉਚਾਰਿਆ। ਵਾਹਿਗੁਰੂ ਮੰਤਰ, ਮੂਲ-ਮੰਤਰ ਮਿਲੇਗਾ ਸਾਨੂੰ ਅੰਮ੍ਰਿਤ ਰਾਹੀ। ਜਿਹੜੇ ਗੁਰਮੁਖ ਪਿਆਰੇ ਇਸ ਉਪਦੇਸ਼ ਨਾਲ ਜੁੜ

ਗਏ ਹਨ, ਉਹ ਸੰਸਾਰ ਪ੍ਰਪੰਚ ਤੋਂ ਤਰ ਗਏ ਹਨ, ਕਿੰਨਾ ਕੁ ਟਾਇਮ ਲੱਗਾ, ਭਲਾ ਕਿੰਨੀ ਕੁ ਇੰਤਜ਼ਾਰ ਕਰਨੀ ਪਈ ?

ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ॥੧॥ਰਹਾਉ॥

ਇਹ ਸੰਸਾਰ ਜਿਹੜਾ ਗੁਰਮੁਖੋ ਸਮੁੰਦਰ ਵਰਗਾ, ਸਮੁੰਦਰ ਕਿਉਂ ਆਖਿਆ? ਸਮੁੰਦਰ ਵਿਚ ਛੱਲਾਂ ਹੁੰਦੀਆਂ ਨੇ। ਮੱਸਿਆ ਦੀ ਰਾਤ ਨੂੰ ਬਿਲਕੁਲ ਸਮੁੰਦਰ ਸ਼ਾਤ ਹੁੰਦਾ ਹੈ ਤੇ ਪੂਰਨਮਾਸ਼ੀ ਦੀ ਰਾਤ ਨੂੰ ਉਹ ਉਛਾਲੇ ਮਾਰਦਾ ਹੈ, ਇਸੇ ਤਰ੍ਹਾਂ ਜਦੋਂ ਮਨੁੱਖ ਅਗਿਆਨ ਦੇ ਵੱਸ ਹੁੰਦਾ ਹੈ, ਉਹ ਰੋਟੀ ਖਾ ਕੇ ਗੁਰਮੁਖੋ ਘੁਰਾੜੇ ਮਾਰਦਾ ਹੈ। ਉਹਨੂੰ ਨਹੀਂ ਪਤਾ ਰੱਬ ਕੀ ਚੀਜ਼ ਹੁੰਦੀ ਹੈ, ਬੜਾ ਸ਼ਾਂਤ ਹੁੰਦਾ ਹੈ, ਗਿਆਨੀ ਬੰਦਾ ਅਗਿਆਨੀ ਹੁੰਦਾ ਹੈ, ਸੁੱਤੇ ਸਮੇਂ ਕੱਖ ਦਾ ਨਹੀਂ। ਗੁਰੂ ਗ੍ਰੰਥ ਸੱਚੇ ਪਾਤਿਸ਼ਾਹ ਦੀ ਬਾਣੀ ਵਿਚ ਭਗਤਾਂ ਦਾ ਸ਼ਬਦ ਆਉਂਦਾ ਹੈ।

ਕਬੀਰ ਜਿਨਹੁ ਕਿਛੁ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ॥

ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥ ੧੮੧॥

(ਪੰਨਾ ੧੩੭੪)

ਮੈਨੂੰ ਇਹ ਗੱਲ ਉਦੋਂ ਬੜੀ ਮਨ ਨੂੰ ਅਸਰ ਕਰਦੀ ਹੈ, ਕਈ ਵਾਰ ਸਰੀਰ ਢਿੱਲਾ ਹੁੰਦਾ ਹੈ ਤੇ ਨਿਤਨੇਮ ਦਾ ਫ਼ਰਕ ਪੈ ਜਾਵੇ ਤਾਂ ਬੜੀ ਤਕਲੀਫ਼ ਹੁੰਦੀ ਏ, ਨਿਤਨੇਮ ਨਾ ਰਹਿ ਜਾਵੇ। ਅੱਜ ਜਦੋਂ ਨਾਲ ਦੇ ਪਰਿਵਾਰ ਦੇ ਮੈਂਬਰਾਂ ਨੂੰ ਘੁਰਾੜੇ ਮਾਰਦੇ ਤੇ ਮੌਜਾਂ ਕਰਦੇ ਵੇਖੀਦਾ ਹੈ; ਉਹਨਾਂ ਨੂੰ ਕੋਈ ਚਿੰਤਾ ਨਹੀਂ। ਨਾ ਉਹਨਾਂ ਨੇ ਗੁਰ-ਮੰਤਰ ਲਿਆ, ਨਾ ਅੰਮ੍ਰਿਤ ਛੱਕਿਆ ਤੇ ਨਾ ਉਹਨਾਂ ਨੂੰ ਪਤਾ ਹੈ। ਉਹ ਕਹਿੰਦੇ ਕਿਉਂ ਮਗਜ਼ ਮਾਰਦੇ ਹੋ, ਪੈ ਜਾਉ ਦਸ ਮਿੰਟ ਅਰਾਮ ਨਾਲ। ਤੁਹਾਡਾ ਗਲਾ ਠੀਕ ਹੋ ਜਾਊ ਅਸੀਂ ਜਾਣ ਤਾਂ ਲਿਆ।

ਬਾਬਾ ਕਬੀਰ ਕਹਿੰਦੇ ਹਨ ਕਿ ਬਲਾ ਗੱਲ ਪਾ ਲਈ। ਜਾਨਣ ਵਿਚ ਵੀ ਇਸ ਤਰ੍ਹਾਂ ਦੇ ਜੇ ਪੂਰਾ ਚਾਨਣ ਹੋ ਜਾਵੇ ਤਾਂ ਰਹਿਮਤਾਂ ਹੀ ਰਹਿਮਤਾਂ। ਮੈਂ ਪੂਰਨਮਾਸ਼ੀ ਦੀ ਰਾਤ ਤੋਂ ਦ੍ਰਿਸ਼ਟਾਂਤ ਇਹ ਲਿਆ ਕਿ ਪੂਰਨਮਾਸ਼ੀ ਦੀ ਰਾਤ ਚਿੱਟੀ ਹੁੰਦੀ ਹੈ। ਮੈਂ ਦਸਮ ਗ੍ਰੰਥ ਪੜ੍ਹਿਆ। ਮੈਨੂੰ ਪੰਗਤੀਆਂ ਕੰਠ ਹਨ। ਜਦੋਂ ਅਸੀਂ ਚਵੀ ਅਵਤਾਰਾਂ ਦਾ ਜ਼ਿਕਰ ਪੜ੍ਹਦੇ ਹਾਂ ਤਾਂ ਉਥੇ ਚੰਦਰਮਾ ਦਾ ਜ਼ਿਕਰ ਆਉਂਦਾ ਹੈ, ਜਿਹੜਾ ਚੰਦਰਮਾ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਕਹਿੰਦੇ ਹਨ ਕਾਮ ਦੀ ਉਤਪਤੀ ਕਰਦਾ ਹੈ। ਮੈਂ ਪੰਗਤੀਆਂ ਤੁਹਾਨੂੰ ਸੁਣਾ ਦੇਵਾਂ, ਮੈਂ ਬਰੀ ਹੋ ਜਾਵਾਂਗਾ। ਚੰਦਰਮਾ ਅਵਤਾਰ ਤੁਸੀਂ ਟੈਲੀ ਕਰ ਲੈਣੀ ਜੇ ਅੱਧੀ ਵੀ ਗ਼ਲਤੀ ਹੋ ਜਾਵੇ ਤਾਂ ਤੁਸੀਂ ਮੈਨੂੰ ਘੇਰ ਲੈਣਾ, ਤੁਸੀਂ ਗਿਆਨੀ ਜੀ ਕੋਲੋਂ ਕੱਢੀ ਏ ਮੈਂ ਘੋਟਾ ਲਾਇਆ, ਇਸ ਕਰਕੇ ਇਹਨੂੰ ਚੰਦਰਮਾ ਵਿਕਾਰ ਪੈਦਾ ਕਰਦਾ। ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਲਿਖਦੇ ਨੇ ਦਸਮ ਗ੍ਰੰਥ ਵਿਚ 'ਨਾਰ ਨਾ ਸੇਵ ਕਰੇ ਨਿਜ ਨਾਥੈਂ। ਲੀਨੇ ਹੀ ਰੋਸ ਫਿਰੇ ਜੀ ਸਾਥੈਂ। ਕਾਮਨ ਕਾਮ ਨਾ ਕਹੂੰ ਸੰਤਾਵੇ। ਕਾਮ ਬਿਨਾ ਕੋ ਕਾਮ ਨਾ ਆਵੇ।' ਮੈਂ ਅਰਥ ਨਹੀਂ ਕਰ ਸਕਦਾ। ਜੇ ਕੋਈ ਬਹੁਤ ਚਾਹਵਾਨ ਹੋਵੇ ਤਾਂ ਪਰਦੇ ਨਾਲ ਮੈਂ ਦੱਸ ਦੇਵਾਂਗਾ ਪਰ ਮੈਂ ਖੁਲਾਸਾ ਨਹੀਂ ਕਰਨਾ।

ਇਸੇ ਤਰ੍ਹਾਂ ਚੰਦਰਮਾ ਜਿਵੇਂ ਵਿਕਾਰ ਪੈਦਾ ਕਰਦਾ ਹੈ ਚਿੱਟੀ ਰਾਤ ਨੂੰ। ਅਸੀਂ ਜਦੋਂ ਵੀ ਚਿੱਟੀ ਚਮੜੀ ਦੇ ਨੇੜੇ ਹੁੰਦੇ ਹਾਂ ਤਾਂ ਸਾਡੇ ਅੰਦਰ ਜਵਾਰਭਾਟਾ ਦੀ ਤਰ੍ਹਾਂ ਕਾਮ ਦੀਆਂ ਛੱਲਾਂ ਪੈਦਾ ਹੁੰਦੀਆਂ ਨੇ, ਚਿੱਟੀ ਚਮੜੀ ਵੇਖਕੇ ਕਾਮ ਉਛਲਦਾ ਹੈ। ਗੁਰੂ ਕ੍ਰਿਪਾ ਕਰੇ ਜਿਹੜੇ ਨਾਮ ਨਾਲ ਜੁੜੇ ਹਨ। ਮੇਰੇ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਫ਼ੁਰਮਾਉਂਦੇ ਹਨ-ਗੁਰਮੁਖਾ ਉਹਨਾਂ ਦੇ ਉਪਰ ਇੰਨ੍ਹਾਂ ਛੱਲਾਂ ਦਾ ਕੋਈ ਅਸਰ ਨਹੀਂ, ਸੰਸਾਰ ਸਮੁੰਦਰ ਹੈ। ਬਾਣੀ ਦੀਆਂ ਪੰਗਤੀਆਂ ਹਨ। 'ਸੰਸਾਰ ਸਮੁੰਦੇ ਤਾਰ ਗੋਬਿੰਦੇ।' ਜਿਹੜੇ ਇਸ ਸੰਕਲਪ ਦੇ ਵਿਕਲਪ ਹਨ, ਇਹ ਜਿਹੜੇ ਗੁਰਮੁਖ ਪਿਆਰੇ ਗੁਰੂ ਦੇ ਮੰਤਰ ਨਾਲ ਜੁੜ ਗਏ ਹਨ, ਉਹ ਪਲ ਦੇ ਵਿਚ, ਅੱਖ ਦੇ ਝਮਕਣ ਦੇ ਵਿਚ ਤਰ ਗਏ ਹਨ।

ਕੋਈ ਹੋਆ ਕ੍ਰਮ ਰਤੁ

ਕੋਈ ਭਾਈ ਕਰਮਕਾਂਡੀ ਬਣ ਗਿਆ, ਕਰਮਕਾਂਡੀ ਤਿੰਨਾਂ ਕਰਮਾਂ ਦੇ ਅਧੀਨ ਕਰਮ ਕਾਂਡ। ਗੁਰਦੇਵ ਫ਼ੁਰਮਾਉਂਦੇ ਹਨ- 'ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥' ਕੋਈ ਕਰਮਕਾਂਡ ਨਾਲ ਪ੍ਰੇਮ ਕਰਦਾ ਹੈ।

ਕੋਈ ਤੀਰਥ ਨਾਇਆ॥

ਕੋਈ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਦੇ ਹਨ,

ਤੀਰਥ ਨਾਨੁ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ॥
ਬੇਦ ਪੁਰਾਨ ਕਤੇਬ ਕੁਰਾਨ ਜਿਮੀਨ ਜਮਾਨ ਸਬਾਨ ਕੇ ਪੇਖੈ॥
ਪਉਨ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜਾਰਕ ਦੇਖੈ॥
ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ॥

ਦਾਸੀ ਹਰਿ ਕਾ ਨਾਮੁ ਧਿਆਇਆ॥੧॥

ਜਿਹੜੇ ਦਾਸੀ ਨੇ, ਦਾਸੀ ਇਥੇ ਤੁਕ ਦਾ ਬਚਨ ਹੈ ਬਹੁ ਵਚਨ। ਪੰਗਤੀ ਭਾਈ ਸਾਹਿਬ ਨੇ ਠੀਕ ਪੜ੍ਹੀ ਹੈ, ਇਸ ਦਾ ਅਰਥ ਹੈ ਕਿ ਜਿਹੜੇ ਉਹਦੇ ਦਾਸ ਬਹੁਤੇ ਸਾਰੇ ਜਣੇ ਆਪਣੇ ਸਮੁੱਚ ਨਾਲ ਮਿਲ ਕੇ ਇਕ ਪ੍ਰਮਾਤਮਾ ਦੇ ਨਾਮ ਨਾਲ ਜੁੜਦੇ ਨੇ, ਧਿਆਨ ਕਰਦੇ ਨੇ।

ਬੰਧਨ ਕਾਟਨਹਾਰੁ ਸੁਆਮੀ॥

ਜਿਹੜਾ ਭਾਈ ਉਹ ਮਾਲਕ ਹੈ ਨਾ, ਬੰਧਨਾਂ ਨੂੰ ਕੱਟ ਦੇਂਦਾ ਹੈ, ਬੰਧਨਾਂ ਨੂੰ ਕੱਟਣ ਦੀ ਸਮੱਰਥਾ ਰੱਖਦਾ ਹੈ।

ਜਨ ਨਾਨਕੁ ਸਿਮਰੈ ਅੰਤਰਜਾਮੀ॥੨॥

ਗੁਰਦੇਵ ਫ਼ੁਰਮਾਉਂਦੇ ਹਨ— ਸਿਖਾ ਦਾਸ ਬਣ ਕੇ ਤੂੰ ਵੀ ਅੰਦਰ ਦੀ ਜਾਣਨ ਵਾਲੇ ਪ੍ਰਮਾਤਮਾ ਦਾ ਸਿਮਰਨ ਕਰ, ਉਹਦੇ ਨਾਲ ਜੁੜ। ਗੁਰਦੇਵ ਸਾਡੇ 'ਤੇ ਕ੍ਰਿਪਾ ਕਰਨ ਅਸੀਂ

ਵੀ ਕਰਮ ਤੋਂ, ਕਾਂਡ ਤੋਂ, ਤੀਰਥਾਂ ਦੇ ਚੱਕਰ ਤੋਂ ਛੁੱਟ ਕੇ ਉਸ ਪ੍ਰਮਾਤਮਾ ਦੇ ਨਾਮ ਨਾਲ ਜੁੜੀਏ, ਤਾਂਕਿ ਸੰਸਾਰ ਦੀਆਂ ਇਸ ਸੰਕਲਪਾਂ ਤੇ ਵਿਕਲਪਾਂ ਦੀਆਂ ਲਹਿਰਾਂ ਸਾਨੂੰ ਡੋਬ ਨਾ ਦੇਣ। ਇਹ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਬੇਨਤੀ ਹੈ, ਸਤਿਗੁਰੂ ਪਾਤਿਸ਼ਾਹ ਸਾਡੇ ਸਾਰਿਆਂ 'ਤੇ ਦਇਆ ਕਰਨ।

ਬੰਧਨ ਕਾਟਨਹਾਰੁ ਸੁਆਮੀ॥
ਜਨ ਨਾਨਕ ਸਿਮਰੈ ਅੰਤਰਜਾਮੀ॥੨॥੩॥੫੭॥

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ॥**

☆☆☆